# ਸਮਾਜਿਕ ਵਿਗਿਆਨ

## (ਛੇਵੀਂ ਸ਼੍ਰੇਣੀ ਲਈ)

T5N6P4


### ਭੂਗੋਲ ਭਾਗ

**ਲੇਖਕ**

ਸੁਰਜੀਤ ਕੌਰ ਗਿੱਲ/ਸੰਧੂ
ਡਿਪਟੀ ਡਾਇਰੈਕਟਰ (ਰਿਟਾ.) ਪੰ.ਸ.ਸਿੱ.ਬੋਰਡ

**ਵਿਸ਼ਾ ਸੰਪਾਦਕ**

ਰਾਮਿੰਦਰ ਜੀਤ ਸਿੰਘ ਵਾਸੂ (ਵਿਸ਼ਾ-ਮਾਹਿਰ, ਪੰ.ਸ.ਸਿੱ. ਬੋਰਡ)

**ਸੋਧਕ**

ਸ਼੍ਰੀਮਤੀ ਅਰੁਣਾ ਡੋਗਰਾ ਸ਼ਰਮਾ

### ਇਤਿਹਾਸ ਭਾਗ

**ਲੇਖਕ**

ਡਾ. ਅਸ਼ਵਨੀ ਅਗਰਵਾਲ
(ਪ੍ਰੋ: ਇਤਿਹਾਸ ਵਿਭਾਗ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ)

**ਵਿਸ਼ਾ ਕੋਆਰਡੀਨੇਟਰ**

ਸੀਮਾ ਚਾਵਲਾ, ਵਿਸ਼ਾ ਮਾਹਿਰ (ਇਤਿਹਾਸ)

**ਸੋਧਕ**

1. ਡਾ. ਹਰੀ ਸਿੰਘ ਬੋਪਾਰਾਇ
(ਰੀਡਰ, ਪੱਤਰ-ਵਿਹਾਰ ਇਤਿਹਾਸ ਵਿਭਾਗ, ਪੰਜਾਬੀ ਯੂਨੀ. ਪਟਿਆਲਾ)
2. ਸ. ਬਲਜਿੰਦਰ ਸਿੰਘ ਭੁੱਲਰ
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੋਟਬੁੱਢਾ (ਤਰਨਤਾਰਨ)

**ਨਕਸ਼ਾ ਕਾਰਜ**

ਤਜਿੰਦਰ ਸਿੰਘ, ਲੈਕਚਰਾਰ ਜੌਗਰਫ਼ੀ
ਸ੍ਰੀ ਗੁਰੂ ਅਰਜਨ ਦੇਵ ਸਰਕਾਰੀ (ਕੰ) ਸੀ. ਸੈ. ਸਕੂਲ, ਤਰਨ ਤਾਰਨ

### ਨਾਗਰਿਕ ਸ਼ਾਸਤਰ ਭਾਗ

**ਲੇਖਕ**

ਕੰਵਲਜੀਤ ਕੌਰ ਹੁੰਦਲ
ਵਿਸ਼ਾ ਮਾਹਿਰ (ਰਿਟਾ.) ਪੋਲ. ਸਾਇੰਸ ਪੰ.ਸ.ਸਿੱ.ਬੋਰਡ

**ਸੋਧਕ**

1. ਸ. ਕੇਹਰ ਸਿੰਘ ਜੋਸ਼ਨ (ਰਿਟਾ. ਲੈਕਚਰਾਰ)
2. ਸ. ਮੇਵਾ ਸਿੰਘ (ਰਿਟਾ. ਲੈਕਚਰਾਰ)



## ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ

© ਪੰਜਾਬ ਸਰਕਾਰ

ਰੀ-ਐਡੀਸ਼ਨ 2022 .................... 2,27,200 ਕਾਪੀਆਂ

All rights, including those of translation, reproduction
and annotation etc., are reserved by the
Punjab Government.

## ਚੇਤਾਵਨੀ

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ਼ ਪਾਠ-ਪੁਸਤਕਾਂ ਤੇ ਜਿਲਦ-ਸਾਜ਼ੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਵਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਅਲੀ ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮ੍ਹਾਂ-ਖੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ ਪ੍ਰਣਾਲੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।

   (ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਦੇ 'ਵਾਟਰ-ਮਾਰਕ' ਵਾਲੇ ਕਾਗਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।)

ਸਮੱਗਰ ਸਿੱਖਿਆ ਅਭਿਆਨ

ਪੜ੍ਹੋ ਸਾਰੇ ਵਧੋ ਸਾਰੇ

ਸਿੱਖਿਆ ਅਤੇ ਭਲਾਈ ਵਿਭਾਗ, ਪੰਜਾਬ ਦਾ ਸਾਂਝਾ ਉਪਰਾਲਾ

ਇਹ ਪੁਸਤਕ ਵਿਕਰੀ ਲਈ ਨਹੀਂ ਹੈ।

ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062
ਰਾਹੀਂ ਪ੍ਰਕਾਸ਼ਿਤ ਅਤੇ ਚੋਵਾਇਸ ਬੁੱਕਸ ਐਂਡ ਪ੍ਰਿੰਟਜ਼ ਪ੍ਰਾ. ਲਿਮਿਟਿਡ, ਜਲੰਧਰ ਦੁਆਰਾ ਛਾਪੀ ਗਈ।

© ਪੰਜਾਬ ਸਰਕਾਰ

ਰੀ-ਐਡੀਸ਼ਨ 2022 ..................... 2,27,200 ਕਾਪੀਆਂ

All rights, including those of translation, reproduction and annotation etc., are reserved by the Punjab Government.

## ਚੇਤਾਵਨੀ

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ਼ ਪਾਠ-ਪੁਸਤਕਾਂ ਤੇ ਜਿਲਦ-ਸਾਜ਼ੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਵਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਅਲੀ ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮ੍ਹਾਂ-ਖੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ ਪ੍ਰਣਾਲੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।

(ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਦੇ 'ਵਾਟਰ-ਮਾਰਕ' ਵਾਲੇ ਕਾਗਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।)

ਮੁੱਲ : ₹ 122/-

ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062
ਰਾਹੀਂ ਪ੍ਰਕਾਸ਼ਿਤ ਅਤੇ ਚੋਵਾਇਸ ਬੁੱਕਸ ਐਂਡ ਪ੍ਰਿੰਟਜ਼ ਪ੍ਰਾ. ਲਿਮਿਟਿਡ, ਜਲੰਧਰ ਦੁਆਰਾ ਛਾਪੀ ਗਈ।

# ਮੁੱਖ-ਬੰਧ

ਪੰਜਾਬ ਸਕੂਲ ਸਿੱਖਿਆ ਬੋਰਡ ਨਵੀਂ ਸਿੱਖਿਆ ਨੀਤੀ ਅਧੀਨ ਨਵੇਂ ਪਾਠ-ਕ੍ਰਮ ਅਤੇ ਉਹਨਾਂ 'ਤੇ ਆਧਾਰਤ ਨਵੀਆਂ ਪਾਠ-ਪੁਸਤਕਾਂ ਤਿਆਰ ਕਰਨ ਲਈ ਨਿਰੰਤਰ ਯਤਨਸ਼ੀਲ ਹੈ। ਸਮਾਜਿਕ ਵਿਗਿਆਨ ਦੀ ਇਹ ਪੁਸਤਕ, ਮਨੁੱਖੀ ਸ੍ਰੋਤ ਵਿਕਾਸ ਮੰਤਰਾਲੇ ਦੀਆਂ ਸਿਫ਼ਾਰਸ਼ਾਂ 2005 'ਤੇ ਆਧਾਰਤ ਰਾਸ਼ਟਰੀ ਪਾਠ-ਕ੍ਰਮ ਢਾਂਚੇ ਨੂੰ ਮੁੱਖ ਰੱਖਦਿਆਂ ਤਿਆਰ ਕੀਤੀ ਗਈ ਹੈ। ਇਸ ਪੁਸਤਕ ਦਾ ਵਿਸ਼ਾ-ਵਸਤੂ PCF-2013 ਦੀਆਂ ਸੇਧਾਂ ਦੀ ਲੋਅ ਵਿੱਚ ਵਿਚਾਰ-ਕੇ ਇਸ ਨੂੰ ਸੰਖੇਪ, ਵਧੇਰੇ, ਅਰਥ-ਭਰਪੂਰ, ਵਿਦਿਆਰਥੀ ਕੇਂਦਰਿਤ ਅਤੇ ਸੂਬਾਈ ਲੋੜਾਂ ਦੇ ਅਨੁਸਾਰ ਬਣਾਇਆ ਗਿਆ ਹੈ। ਪੰਜਾਬ ਦਾ ਵਿਦਿਆਰਥੀ, ਰਾਸ਼ਟਰੀ ਪਾਠ-ਕ੍ਰਮ ਦੇ ਪੱਧਰ ਤੋਂ ਕਿਤੇ ਵਾਂਝਾ ਨਾ ਰਹੇ, ਇਸ ਤੱਥ ਨੂੰ ਧਿਆਨ ਵਿੱਚ ਰੱਖਦਿਆਂ, ਇਹ ਪੁਸਤਕ ਲਿਖੀ ਗਈ ਹੈ। ਇਸ ਵਿੱਚ ਅਜੋਕੀਆਂ ਰਾਸ਼ਟਰੀ, ਸਮਾਜਿਕ ਅਤੇ ਮਨੁੱਖੀ ਚੁਣੌਤੀਆਂ ਨੂੰ ਗੰਭੀਰਤਾ ਪੂਰਬਕ ਵਿਚਾਰ ਕਰਨ ਮਗਰੋਂ, ਵਿਦਿਆਰਥੀਆਂ ਦੇ ਮਾਨਸਿਕ ਪੱਧਰ ਅਨੁਸਾਰ ਢਾਲਕੇ, ਉਹਨਾਂ ਨੂੰ ਪਾਠ-ਪੁਸਤਕ ਦਾ ਹਿੱਸਾ ਬਣਾਇਆ ਗਿਆ ਹੈ ਮਨੋਰਥ ਇਹ ਵੀ ਹੈ ਕਿ ਵਿਦਿਆਰਥੀ ਇੱਕ ਚੰਗਾ ਨਾਗਰਿਕ ਬਣੇ। ਉਹ ਆਪਣੇ ਅਧਿਕਾਰਾਂ ਦੀ ਵਰਤੋਂ ਦੇ ਨਾਲ਼-ਨਾਲ਼, ਆਪਣੇ ਦੇਸ਼ ਅਤੇ ਸਮਾਜ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਨੂੰ ਵੀ ਠੀਕ ਤਰ੍ਹਾਂ ਨਿਭਾਏ ਅਤੇ ਆਪਣੇ ਚੌਗਿਰਦੇ ਵਿੱਚ ਵਿਚਰਦੇ ਹੋਇਆਂ, ਇਸ ਦੇ ਸੰਤੁਲਨ ਨੂੰ ਬਣਾਈ ਰੱਖਣ ਲਈ ਉਪਰਾਲੇ ਕਰੇ।

ਹੱਥਲੀ ਪੁਸਤਕ ਉਪਰੋਕਤ ਸੋਚ ਦੀ ਲੋਅ ਦੀ ਕੜੀ ਹੈ। ਇਹ ਛੇਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਲਈ ਨਵੀਂ ਤਿਆਰ ਕੀਤੀ ਗਈ ਹੈ। "ਭਾਰਤ ਅਤੇ ਸੰਸਾਰ" ਇਸ ਪੁਸਤਕ ਦਾ ਮੁੱਖ ਧੁਰਾ ਹੈ। ਇਸ ਉਦੇਸ਼ ਅਧੀਨ ਇਸ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਹੈ : I. ਧਰਤੀ ਸਾਡਾ ਆਵਾਸ, II. ਸਾਡੇ ਅਤੀਤ ਵਿੱਚ ਲੋਕ ਅਤੇ ਸਮਾਜ ਅਤੇ III. ਸਮੁਦਾਇ ਅਤੇ ਇਸ ਦਾ ਵਿਕਾਸ।

ਇਸ ਪੁਸਤਕ ਨੂੰ ਲਿਖਣ ਦਾ ਕੰਮ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਏ. ਪੀ. ਸ਼ਾਖਾ ਵਿੱਚ ਕੰਮ ਕਰਦੇ ਵਿਸ਼ਾ-ਮਾਹਰਾਂ ਅਤੇ ਖੇਤਰ ਦੇ ਵਿੱਦਿਅਕ ਮਾਹਰਾਂ ਵੱਲੋਂ ਕੀਤਾ ਗਿਆ ਹੈ। ਪੁਸਤਕ ਨੂੰ ਰੌਚਕ ਬਣਾਉਣ ਲਈ ਇਸ ਦੇ ਨਕਸ਼ੇ, ਡਿਜ਼ਾਈਨ ਅਤੇ ਚਿੱਤਰ ਬਣਾਉਣ ਦਾ ਕੰਮ ਬੋਰਡ ਦੇ ਆਰਟ ਸੈੱਲ ਵੱਲੋਂ ਕੀਤਾ ਗਿਆ ਹੈ। ਪੁਸਤਕ ਦੇ ਉਦੇਸ਼ਾਂ ਦੀ ਪੂਰਤੀ ਲਈ ਹਰ ਸੰਭਵ ਯਤਨ ਕੀਤਾ ਗਿਆ ਹੈ। ਖੇਤਰ ਵਿੱਚੋਂ ਆਏ ਯੋਗ ਸੁਝਾਅ, ਧੰਨਵਾਦ ਸਹਿਤ ਪ੍ਰਵਾਨ ਕੀਤੇ ਜਾਣਗੇ।

ਚੇਅਰਮੈਨ
ਪੰਜਾਬ ਸਕੂਲ ਸਿੱਖਿਆ ਬੋਰਡ

# ਵਿਸ਼ਾ-ਸੂਚੀ


| ਲੜੀ ਨੰ: | ਪਾਠ | ਪੰਨਾ ਨੰ: |
|---|---|---|
| | **ਭਾਗ -I. ਸਾਡਾ ਆਵਾਸ** | |
| 1. | ਪ੍ਰਿਥਵੀ : ਸੂਰਜ ਪਰਿਵਾਰ ਦਾ ਅੰਗ | 3 |
| 2. | ਧਰਤੀ ਦੀਆਂ ਗਤੀਆਂ | 15 |
| 3. | ਗਲੋਬ : ਧਰਤੀ ਦਾ ਮਾਡਲ | 24 |
| 4. | ਨਕਸ਼ੇ : ਸਾਡੇ ਕਿਵੇਂ ਮਦਦਗਾਰ | 38 |
| 5. | ਧਰਤੀ ਦੇ ਪਰਿਮੰਡਲ | 45 |
| 6. | ਸਾਡਾ ਭਾਰਤ : ਸੰਸਾਰ ਵਿੱਚ | 60 |
| | **ਭਾਗ -II. ਪ੍ਰਾਚੀਨ ਕਾਲ ਵਿੱਚ ਲੋਕ ਅਤੇ ਸਮਾਜ** | |
| 7. | ਪ੍ਰਾਚੀਨ ਇਤਿਹਾਸ ਦਾ ਅਧਿਐਨ – ਸ੍ਰੋਤ | 77 |
| 8. | ਆਦਿ ਮਨੁੱਖ : ਪੱਥਰ ਯੁਗ | 84 |
| 9. | ਹੜੱਪਾ ਸਭਿਅਤਾ | 92 |
| 10. | ਵੈਦਿਕ ਕਾਲ | 103 |
| 11. | ਭਾਰਤ 600 ਈ. ਪੂ. ਤੋਂ 400 ਈ. ਪੂ. ਤੱਕ | 109 |
| 12. | ਮੌਰੀਆ ਅਤੇ ਸ਼ੁੰਗ ਕਾਲ | 121 |
| 13. | ਭਾਰਤ 200 ਈ. ਪੂ. ਤੋਂ 300 ਈ. ਤੱਕ | 132 |
| 14. | ਗੁਪਤ ਸਾਮਰਾਜ | 143 |
| 15. | ਹਰਸ਼ਵਰਧਨ ਕਾਲ (600 ਤੋਂ 650 ਈ:) | 153 |
| 16. | ਚਾਲੂਕਿਆ ਅਤੇ ਪੱਲਵ | 160 |
| 17. | ਭਾਰਤ ਅਤੇ ਸੰਸਾਰ | 168 |
| | **ਭਾਗ -III. ਸਮੁਦਾਇ ਅਤੇ ਇਸਦਾ ਵਿਕਾਸ** | |
| 18. | ਸਮੁਦਾਇ ਅਤੇ ਮਨੁੱਖੀ ਲੋੜਾਂ | 177 |
| 19. | ਪੇਂਡੂ ਵਿਕਾਸ ਅਤੇ ਸਥਾਨਕ ਸਰਕਾਰ | 186 |
| 20. | ਸ਼ਹਿਰੀ ਵਿਕਾਸ ਅਤੇ ਸਥਾਨਕ ਸਰਕਾਰ | 197 |
| 21. | ਸਰਵਜਨਕ ਸੰਪਤੀ ਦੀ ਸੰਭਾਲ | 213 |

# ਯੂਨਿਟ-1

# ਭੂਗੋਲ

## ਸਾਡਾ ਆਵਾਸ



# ਪ੍ਰਿਥਵੀ – ਸਾਡਾ ਆਵਾਸ (ਰਹਿਣ ਸਥਾਨ)

ਪੁਸਤਕ ਦੇ ਇਸ ਭਾਗ ਵਿੱਚ ਅਸੀਂ 'ਧਰਤੀ-ਸਾਡਾ ਆਵਾਸ' ਬਾਰੇ ਮੁੱਢਲੀ ਜਾਣਕਾਰੀ ਪ੍ਰਾਪਤ ਕਰਾਂਗੇ। ਇਸ ਭਾਗ ਨੂੰ ਪੜ੍ਹਨ ਉਪਰੰਤ ਅਸੀਂ ਜਾਣ ਲਵਾਂਗੇ ਕਿ ਸੂਰਜ-ਪਰਿਵਾਰ ਵਿੱਚ ਧਰਤੀ ਦੀ ਸਥਿਤੀ ਕੀ ਹੈ। ਧਰਤੀ ਦੇ ਚਾਰ ਮੰਡਲਾਂ : ਥਲ ਮੰਡਲ, ਜਲ ਮੰਡਲ, ਵਾਯੂ ਮੰਡਲ ਅਤੇ ਜੀਵ ਮੰਡਲ ਬਾਰੇ ਜਾਣਕਾਰੀ ਪ੍ਰਾਪਤ ਹੋਵੇਗੀ। ਉਨ੍ਹਾਂ ਕਾਰਨਾਂ ਅਤੇ ਪ੍ਰਸਥਿਤੀਆਂ ਦੀ ਜਾਣਕਾਰੀ ਹੋ ਜਾਵੇਗੀ, ਜਿਨ੍ਹਾਂ ਕਰਕੇ ਧਰਤੀ ਉੱਤੇ ਜੀਵਨ ਸੰਭਵ ਹੋ ਸਕਿਆ ਹੈ, ਵਿਸ਼ੇਸ਼ ਕਰਕੇ ਮਨੁੱਖ ਦੀ ਹੋਂਦ ਵਿੱਚ ਸਹਾਈ ਪ੍ਰਸਥਿਤੀਆਂ।

ਸਿੱਖਿਆਰਥੀ ਇਹ ਜਾਣ ਲੈਣਗੇ ਕਿ ਧਰਤੀ ਤੇ ਦਿਨ, ਰਾਤ ਅਤੇ ਮੌਸਮਾਂ ਦੀ ਤਬਦੀਲੀ, ਧਰਤੀ ਦੀਆਂ ਦੋ ਗਤੀਆਂ ਸਦਕਾ ਹੁੰਦੇ ਹਨ। ਨਕਸ਼ਾ ਪੜ੍ਹਨ ਦੀ ਮੁਹਾਰਤ ਪੈਦਾ ਹੋਵੇਗੀ। ਧਰਤੀ ਦੇ ਪਰਿਮੰਡਲਾਂ, ਇਹਨਾਂ ਦਾ ਆਪਸ ਵਿੱਚ ਸੰਬੰਧ ਅਤੇ ਮਨੁੱਖ ਉੱਤੇ ਇਨ੍ਹਾਂ ਦੇ ਪ੍ਰਭਾਵਾਂ ਬਾਰੇ ਜਾਣਕਾਰੀ ਪ੍ਰਾਪਤ ਹੋਵੇਗੀ। ਧਰਤੀ ਦੇ ਮੁੱਖ ਭੂ-ਰੂਪਾਂ ਦੀ ਅਤੇ ਭਾਰਤ ਦੀ ਧਰਾਤਲ ਅਨੁਸਾਰ ਵੰਡ ਬਾਰੇ ਜਾਣਕਾਰੀ ਵੀ ਪ੍ਰਾਪਤ ਹੋਵੇਗੀ। ਇਸ ਭਾਗ ਨੂੰ ਪੜ੍ਹਨ ਉਪਰੰਤ ਸਿੱਖਿਆਰਥੀ ਧਰਤੀ (ਮਿੱਟੀ), ਜਲਵਾਯੂ, ਬਨਸਪਤੀ ਅਤੇ ਜੰਗਲੀ ਜੀਵਾਂ ਆਦਿ ਦਾ ਮਨੁੱਖ ਉੱਤੇ ਪ੍ਰਭਾਵ ਬਾਰੇ ਜਾਣੂ ਹੋ ਜਾਵੇਗਾ ਅਤੇ ਕੁਦਰਤੀ ਬਨਸਪਤੀ ਅਤੇ ਜੰਗਲੀ ਜੀਵਾਂ ਦੀ ਸਾਂਭ-ਸੰਭਾਲ ਦੀ ਲੋੜ ਪ੍ਰਤੀ ਵੀ ਜਾਗਰੂਕ ਹੋ ਸਕੇਗਾ।

ਵਿਸ਼ਾ ਮਾਹਿਰ (ਭੂਗੋਲ)

ਪਾਠ 1

# ਪ੍ਰਿਥਵੀ : ਸੂਰਜ ਪਰਿਵਾਰ ਦਾ ਅੰਗ

ਰਾਤ ਨੂੰ ਜਦੋਂ ਨਿਖਰੇ ਆਕਾਸ਼ ਵਲ ਝਾਤੀ ਮਾਰੋ, ਤੁਹਾਨੂੰ ਚੰਨ ਅਤੇ ਕਈ, ਨਿੱਕੇ-ਵੱਡੇ ਚਮਕੀਲੇ ਤਾਰੇ ਨਜ਼ਰ ਆਉਣਗੇ। ਨੀਝ ਲਾ ਕੇ ਵੇਖਦਿਆਂ ਚੰਨ ਅਤੇ ਕਈ ਤਾਰੇ ਤੁਰਦੇ ਫਿਰਦੇ ਵੀ ਨਜ਼ਰੀਂ ਪੈਂਦੇ ਹਨ। ਇਸੇ ਤਰ੍ਹਾਂ ਜਦੋਂ ਵਿਗਿਆਨੀਆਂ ਨੇ ਪੁਲਾੜ ਵਿੱਚ ਜਾ ਕੇ ਧਰਤੀ ਨੂੰ ਵੇਖਿਆ ਤਾਂ ਉਹ ਵੀ ਚਮਕਦੀ ਨਜ਼ਰ ਆਈ। ਤੁਸੀਂ ਹਰ ਰੋਜ਼ ਸੂਰਜ ਚੜ੍ਹਦਾ ਅਤੇ ਛੁੱਪਦਾ ਦੇਖਦੇ ਹੋ, ਤੁਹਾਨੂੰ ਸਭ ਬਾਰੇ ਹੈਰਾਨੀ ਵੀ ਹੁੰਦੀ ਹੋਵੇਗੀ ਅਤੇ ਕਈ ਤਰ੍ਹਾਂ ਦੇ ਪ੍ਰਸ਼ਨ ਤੁਹਾਡੇ ਦਿਮਾਗ 'ਚੋਂ ਉੱਠਦੇ ਹੋਣਗੇ ਅਤੇ ਇਨ੍ਹਾਂ ਬਾਰੇ ਜਾਨਣ ਦੀ ਇੱਛਾ ਵੀ ਹੁੰਦੀ ਹੋਵੇਗੀ। ਇਸ ਪਾਠ ਵਿੱਚ ਤੁਹਾਨੂੰ ਇਹਨਾਂ ਬਾਰੇ ਸੰਖੇਪ ਜਾਣਕਾਰੀ ਪ੍ਰਾਪਤ ਹੋਵੇਗੀ।

## ਬ੍ਰਹਿਮੰਡ (Universe) :

ਸੂਰਜ, ਗ੍ਰਹਿ, ਧਰਤੀ, ਚੰਨ ਅਤੇ ਨਿੱਕੇ-ਵੱਡੇ ਤਾਰੇ, ਧੂੜ ਅਤੇ ਗੈਸਾਂ ਆਦਿ ਬ੍ਰਹਿਮੰਡ ਵਿੱਚ ਮੌਜੂਦ ਹਨ । ਇਹ ਬ੍ਰਹਿਮੰਡ ਐਨਾ ਵੱਡਾ ਹੈ ਕਿ ਇਸ ਦੇ ਆਕਾਰ ਬਾਰੇ ਆਮ ਜਿਹਾ ਅੰਦਾਜ਼ਾ ਵੀ ਨਹੀਂ ਲਗਾਇਆ ਜਾ ਸਕਦਾ।

ਬ੍ਰਹਿਮੰਡ
↓
ਗਲੈਕਸੀ-ਆਕਾਸ਼ ਗੰਗਾ
↓
ਸੂਰਜੀ ਪਰਿਵਾਰ
↓
ਗ੍ਰਹਿ ਅਤੇ ਉਪ ਗ੍ਰਹਿ | ਛੋਟੇ ਗ੍ਰਹਿ | ਪੂਛਲ ਤਾਰੇ (ਧੂਮ ਕੇਤੂ) | ਉਲਕਾ, ਉਲਕਾ ਪਿੰਡ

ਆਕਾਸ਼ ਵਿੱਚ ਸਥਿਤ ਉੱਪਰ ਲਿਖੇ ਪ੍ਰਤੀਰੂਪ ਸੂਰਜ, ਗ੍ਰਹਿ, ਚੰਨ, ਨਿੱਕੇ ਵੱਡੇ ਅਣਗਿਣਤ ਚਮਕਦੇ ਤਾਰਿਆਂ ਆਦਿ ਨੂੰ ਰਲਵੇਂ ਤੌਰ 'ਤੇ ਖਗੋਲ-ਪਿੰਡ ਆਖਦੇ ਹਨ।

***ਖਗੋਲ,*** *ਆਕਾਸ਼ ਜਾਂ ਪੁਲਾੜ ਨਾਲ ਸੰਬੰਧਤ ਹੈ ਜਿਸ ਦਾ ਅਧਿਐਨ ਕਰਨ ਵਾਲੇ ਮਨੁੱਖਾਂ ਨੂੰ ਖਗੋਲ ਵਿਗਿਆਨੀ ਆਖਦੇ ਹਨ। ਤੁਸੀਂ ਅਮਰੀਕਾ ਵਿੱਚ ਵਸਦੀ ਰਹੀ ਭਾਰਤ ਦੀ ਧੀ, ਸਵਰਗੀ ਕਲਪਨਾ ਚਾਵਲਾ ਦਾ ਨਾਂ ਤਾਂ ਸੁਣਿਆ ਹੀ ਹੋਵੇਗਾ। ਉਹ ਖਗੋਲ ਵਿਗਿਆਨੀ ਸੀ ਤੇ ਪੁਲਾੜ ਯਾਤਰੀ ਵੀ।*

ਪਹਿਲੀ ਨਜ਼ਰੇ ਇੰਜ ਲੱਗਦਾ ਹੈ ਕਿ ਸਾਰੇ ਖਗੋਲ-ਪਿੰਡ ਆਪਣੀ ਰੋਸ਼ਨੀ ਨਾਲ ਚਮਕਦੇ ਹਨ, ਅਜਿਹਾ ਨਹੀਂ ਹੈ। ਕੁਝ ਪਿੰਡ ਦੂਸਰੇ ਤਾਰਿਆਂ ਦੀ ਰੌਸ਼ਨੀ ਕਰਕੇ ਚਮਕਦੇ ਹਨ। ਸੂਰਜ, ਧਰਤੀ ਦੇ ਸਭ ਤੋਂ ਨੇੜੇ ਦਾ ਤਾਰਾ ਹੈ। ਇਸ ਲਈ ਇਹ ਆਕਾਰ ਵਿੱਚ ਵੱਡਾ ਦਿਖਾਈ ਦਿੰਦਾ ਹੈ। ਪੁਲਾੜ ਵਿੱਚੋਂ ਧਰਤੀ 'ਤੇ ਝਾਤ ਮਾਰੋ ਤਾਂ ਇਹ ਚਮਕਦੀ ਨਜ਼ਰ ਆਉਂਦੀ ਹੈ। ਇਹ ਸੂਰਜ ਦੀ ਰੋਸ਼ਨੀ ਦੇ ਪ੍ਰਭਾਵ ਕਰਕੇ ਚਮਕਦੀ ਨਜ਼ਰ ਆਉਂਦੀ ਹੈ। ਇਸ ਲਈ ਅਸੀਂ ਵਿਗਿਆਨਿਕ ਭਾਸ਼ਾ ਵਿੱਚ ਇਹ ਆਖ ਸਕਦੇ ਹਾਂ ਕਿ ਜਿਹੜੇ ਖਗੋਲੀ ਜਾਂ ਆਕਾਸ਼ੀ ਪਿੰਡ ਆਪਣੀ ਰੋਸ਼ਨੀ ਕਰਕੇ ਚਮਕਦੇ ਹਨ, ਉਨ੍ਹਾਂ ਨੂੰ ਤਾਰੇ ਆਖਿਆ ਜਾਂਦਾ ਹੈ। ਸੂਰਜ ਉਨ੍ਹਾਂ ਵਿੱਚੋਂ ਇੱਕ ਹੈ।

ਰਾਤ ਨੂੰ ਤਾਰਿਆਂ ਭਰੇ ਆਕਾਸ਼ ਨੂੰ ਨੀਝ ਲਾ ਕੇ ਵੇਖਣ ਤੇ ਤੁਹਾਨੂੰ ਤਾਰਿਆਂ ਦੇ ਸਮੂਹਾਂ ਦੇ ਰੂਪ ਵਿੱਚੋਂ ਕਈ ਸ਼ਕਲਾਂ ਦਿਖਾਈ ਦਿੰਦੀਆਂ ਹਨ। ਅਰਥਾਤ ਕਈ ਮਨੁੱਖੀ ਆਕ੍ਰਿਤੀਆਂ ਅਤੇ ਕਈ ਪਸ਼ੂ ਆਕ੍ਰਿਤੀਆਂ ਦੇ ਰੂਪ ਵਿੱਚ ਤਾਰਾ ਸਮੂਹ ਦਿਖਾਈ ਦੇਣਗੇ। ਇਨ੍ਹਾਂ ਸਮੂਹਾਂ ਨੂੰ ਹੀ **ਤਾਰਾ ਮੰਡਲ** ਆਖਦੇ ਹਨ। ਤਾਰਾ ਮੰਡਲਾਂ ਵਿੱਚੋਂ ਸਪਤ ਰਿਸ਼ੀ-ਤਾਰਾ ਮੰਡਲ ਪੁਰਾਣੇ ਸਮਿਆਂ ਤੋਂ ਪ੍ਰਚੱਲਤ ਹੈ। ਇਹ ਸੱਤ ਤਾਰਿਆਂ ਦਾ ਸਮੂਹ ਹੁੰਦਾ ਹੈ ਜੋ ਕਿ ਵੱਡੇ ਪ੍ਰਸ਼ਨ ਚਿੰਨ੍ਹ ਦੀ ਆਕ੍ਰਿਤੀ ਵਾਂਗ ਹੀ ਜਾਪਦਾ ਹੈ।

ਇਹ ਤਾਰੇ ਧਰਤੀ ਤੋਂ ਬਹੁਤ ਹੀ ਦੂਰ ਹਨ। ਇਨ੍ਹਾਂ ਦੀ ਰੌਸ਼ਨੀ ਨੂੰ ਧਰਤੀ ਦੇ ਆਲੇ-ਦੁਆਲੇ ਦੇ ਹਵਾ ਦੇ ਗਿਲਾਫ ਦੀਆਂ ਕਈ ਤਹਿਆਂ ਵਿੱਚੋਂ ਲੰਘਣਾ ਪੈਂਦਾ ਹੈ। ਇਸ ਕਰਕੇ ਇਹ ਟਿਮਟਮਾਉਂਦੇ ਵਿਖਾਈ ਦਿੰਦੇ ਹਨ। ਇਨ੍ਹਾਂ ਦੀ ਦੂਰੀ ਆਮ ਕਰਕੇ ਕਿਲੋਮੀਟਰਾਂ ਵਿੱਚ ਦੱਸਣੀ ਔਖੀ ਹੈ ਇਸ ਲਈ ਇਸ ਦੀ ਦੂਰੀ ਨੂੰ ਦੱਸਣ ਲਈ ਪ੍ਰਕਾਸ਼ ਸਾਲਾਂ ਦੀ ਵਰਤੋਂ ਕੀਤੀ ਜਾਂਦੀ ਹੈ।

***ਪ੍ਰਕਾਸ਼ ਸਾਲ (Light Year)***—*ਪ੍ਰਕਾਸ਼ ਇੱਕ ਸੈਕਿੰਟ ਵਿੱਚ ਲਗਪਗ ਤਿੰਨ ਲੱਖ ਕਿਲੋਮੀਟਰ ਸਫ਼ਰ ਤੈਅ ਕਰ ਲੈਂਦਾ ਹੈ। ਪ੍ਰਕਾਸ਼ ਦੀ ਇੱਕ ਕਿਰਨ ਇੱਕ ਸਾਲ ਵਿੱਚ ਲਗਾਤਾਰ ਚਲਦਿਆਂ ਜਿੰਨਾ ਸਫ਼ਰ ਤੈਅ ਕਰਦੀ ਹੈ, ਉਸ ਦੂਰੀ ਨੂੰ ਪ੍ਰਕਾਸ਼ ਸਾਲ ਆਖਿਆ ਜਾਂਦਾ ਹੈ।*

ਪ੍ਰਕਾਸ਼ ਸਾਲ ਦੀ ਉਪਰੋਕਤ ਪਰਿਭਾਸ਼ਾ ਤੋਂ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਇਹ ਤਾਰੇ ਧਰਤੀ ਤੋਂ ਕਿੰਨੀ ਦੂਰ ਹਨ। ਕੁਝ ਅਜਿਹੇ ਤਾਰੇ ਵੀ ਹਨ ਜਿਨ੍ਹਾਂ ਦਾ ਪ੍ਰਕਾਸ਼ ਧਰਤੀ 'ਤੇ ਪਹੁੰਚਣ ਲਈ ਲੱਖਾਂ ਸਾਲ ਲੱਗ ਜਾਂਦੇ ਹਨ ਜਦ ਕਿ ਸੂਰਜ ਦੀ ਰੌਸ਼ਨੀ ਧਰਤੀ ਤੇ ਅੱਠ (8) ਮਿੰਟ ਵਿੱਚ ਪਹੁੰਚਦੀ ਹੈ।

### ਸੂਰਜ :

ਤਾਰਿਆਂ ਦੇ ਮੁਕਾਬਲੇ ਵਿੱਚ ਭਾਵੇਂ ਸੂਰਜ ਧਰਤੀ ਦੇ ਬਹੁਤ ਨਜ਼ਦੀਕ ਦਿਖਾਈ ਦਿੰਦਾ ਹੈ ਅਤੇ ਇਸ ਦੀ ਦੂਰੀ ਕਿਲੋਮੀਟਰਾਂ ਵਿੱਚ ਮਿੱਥੀ ਗਈ ਹੈ, ਫੇਰ ਵੀ ਸੂਰਜ ਧਰਤੀ ਤੋਂ 15 ਕਰੋੜ ਕਿਲੋਮੀਟਰ ਦੀ ਦੂਰੀ 'ਤੇ ਪੈਂਦਾ ਹੈ। ਸਾਇੰਸਦਾਨਾਂ ਨੇ ਕੁਝ ਅਜਿਹੇ ਤਾਰਾ-ਸਮੂਹ ਵੀ

ਦੱਸੇ ਹਨ ਜਿਹੜੇ ਧਰਤੀ ਤੋਂ 200 ਕਰੋੜ ਪ੍ਰਕਾਸ਼ ਸਾਲ (Light year) ਦੂਰ ਹਨ। ਇਹਨਾਂ ਸਾਰੇ ਤਾਰਾ ਸਮੂਹਾਂ ਨੂੰ ਗਲੈਕਸੀ ਵੀ ਆਖਦੇ ਹਨ। ਬ੍ਰਹਿਮੰਡ ਵਿੱਚ ਇਹੋ ਜਿਹੀਆਂ 6 ਹਜ਼ਾਰ ਮਿਲੀਅਨ (6 ਅਰਬ) ਗਲੈਕਸੀਆਂ ਹਨ। ਇੱਕ ਗਲੈਕਸੀ ਵਿੱਚ ਲਗਪਗ ਕਈ ਲੱਖ (ਮਿਲੀਅਨ) ਤਾਰੇ ਹਨ।

ਇਸ ਤੋਂ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਕਿੰਨੇ ਤਾਰੇ ਹਨ! ਇਨਾਂ ਗਲੈਕਸੀਆਂ ਵਿੱਚੋਂ ਇੱਕ ਗਲੈਕਸੀ ਜਿਸ ਵਿੱਚ ਲਗਪਗ ਇੱਕ ਖਰਬ (100 ਬਿਲੀਅਨ) ਤਾਰੇ ਅਤੇ ਗ੍ਰਹਿ ਹਨ, ਅਕਾਸ਼ ਗੰਗਾ (Milky way) ਆਖਦੇ ਹਨ। ਅਕਾਸ਼ ਗੰਗਾ ਦਾ ਇੱਕ ਹਿੱਸਾ ਜਿਹੜਾ ਅੱਠ ਗ੍ਰਹਿਆਂ ਅਤੇ ਸੂਰਜ ਤੋਂ ਬਣਿਆ ਹੈ ਉਸਨੂੰ ਸੌਰ ਮੰਡਲ ਜਾਂ ਸੂਰਜੀ ਪਰਿਵਾਰ (Solar System) ਆਖਦੇ ਹਨ।

ਆਓ ਹੁਣ "ਸੂਰਜੀ ਪਰਿਵਾਰ" (Solar System) ਬਾਰੇ ਅਧਿਐਨ ਕਰੀਏ। ਸਭ ਤੋਂ ਪਹਿਲਾਂ ਅਸੀਂ ਪੜ੍ਹਾਂਗੇ ਕਿ ਗ੍ਰਹਿ (Planet) ਕਿਸਨੂੰ ਆਖਦੇ ਹਨ। ਗ੍ਰਹਿ (Planet) ਸ਼ਬਦ ਯੂਨਾਨੀ ਭਾਸ਼ਾ ਵਿੱਚ ਘੁੰਮਣ ਵਾਲੀਆਂ ਚੀਜ਼ਾਂ ਤੋਂ ਲਿਆ ਗਿਆ ਹੈ। ਗ੍ਰਹਿ ਪੁਲਾੜ ਵਿੱਚ ਇੱਕ ਨਿਸਚਤ ਮਾਰਗ ਵਿੱਚ ਸੂਰਜ ਦੁਆਲੇ ਘੁੰਮਦੇ ਠੋਸ ਜਾਂ ਗੈਸੀ ਗੋਲੇ ਹਨ। ਗ੍ਰਹਿਆਂ ਉਤੇ ਸੂਰਜ ਦੀ ਰੋਸ਼ਨੀ ਪੈਣ ਕਾਰਨ ਹੀ ਗ੍ਰਹਿ ਚਮਕਦੇ ਨਜ਼ਰ ਆਉਂਦੇ ਹਨ।

ਸਾਡੇ ਸੂਰਜ ਪਰਿਵਾਰ ਵਿੱਚ ਅੱਠ ਗ੍ਰਹਿ ਹਨ। ਸੂਰਜ ਤੋਂ ਦੂਰੀ ਅਨੁਸਾਰ ਗ੍ਰਹਿਆਂ ਦੇ ਨਾਮ ਕ੍ਰਮ ਵਿਚ ਯਾਦ ਰੱਖਣ ਦਾ ਇਕ ਸਰਲ ਤਰੀਕਾ ਹੈ :- My Very Efficient Mother Just Served Us Nuts. ਇਸ ਵਾਕ ਦੇ ਸ਼ਬਦਾਂ ਦੇ ਪ੍ਰਥਮ ਅੱਖਰ ਤੋਂ ਗ੍ਰਹਿਆਂ ਦੇ ਅੰਗਰੇਜ਼ੀ ਨਾਮ ਅਰੰਭ ਹੁੰਦੇ ਹਨ। ਸੂਰਜ ਇਹਨਾਂ ਦਾ ਜਨਮ ਦਾਤਾ ਹੈ। ਇਹਨਾਂ ਗ੍ਰਹਿਆਂ ਦੇ ਨਾਂ ਯੂਨਾਨੀ ਦੇਵੀ ਦੇਵਤਿਆਂ ਦੇ ਨਾਂ ਨਾਲ ਰੱਖੇ ਗਏ ਹਨ। ਇਹਨਾਂ ਦੇ ਆਕਾਰ ਭਿੰਨ-ਭਿੰਨ ਹਨ ਜੋ ਹੇਠ ਲਿਖੇ ਅਨੁਸਾਰ ਹਨ :

***ਵਿਆਸ (Diameter)***—*ਕਿਸੇ ਗੋਲੇ ਦੇ ਕੇਂਦਰੀ ਧੁਰੇ ਵਿੱਚ ਦੀ ਹੋ ਕੇ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਜਾਣਵਾਲੀ ਸਿੱਧੀ ਰੇਖਾ ਨੂੰ, ਵਿਆਸ ਆਖਦੇ ਹਨ।*

**ਸਾਰਣੀ 1.1**


| ਨੰ. | ਗ੍ਰਹਿਆਂ ਦੇ ਨਾਂ | ਆਕਾਰ, ਵਿਆਸ (ਡਾਇਆਮੀਟਰ) ਦੇ ਆਧਾਰ 'ਤੇ | ਸੂਰਜ ਤੋਂ ਦੂਰੀ ਦਸ ਲੱਖ (ਮਿਲੀਅਨ) ਕਿ.ਮੀ. | ਉਪ-ਗ੍ਰਹਿਆਂ ਦੀ ਗਿਣਤੀ |
|---|---|---|---|---|
| 1. | ਬੁੱਧ (Mercury) | 4,878 ਕਿ. ਮੀ. | 58 | ਕੋਈ ਨਹੀਂ |
| 2. | ਸ਼ੁੱਕਰ (Venus) | 12,103 ਕਿ. ਮੀ. | 108 | ਕੋਈ ਨਹੀਂ |
| 3. | ਧਰਤੀ (Earth) | 12,756 ਕਿ. ਮੀ. | 149 | 1 |
| 4. | ਮੰਗਲ (Mars) | 6,786 ਕਿ. ਮੀ. | 227 | 2 |
| 5. | ਬ੍ਰਹਿਸਪਤੀ (Jupiter) | 142,984 ਕਿ. ਮੀ. | 778 | 63 |
| 6. | ਸ਼ਨੀ (Saturn) | 120,536 ਕਿ. ਮੀ. | 1426 | 47 |
| 7. | ਅਰੁਣ ਜਾਂ ਯੂਰੇਨਸ (Uranus) | 51,118 ਕਿ. ਮੀ. | 2870 | 27 |
| 8. | ਵਰੁਣ ਜਾਂ ਨੈਪਚੂਨ (Neptune) | 49,528 ਕਿ. ਮੀ. | 4497 | 13 |

ਉੱਪਰ ਦਿੱਤੀ ਸੂਚੀ ਤੋਂ ਤੁਸੀਂ ਸਹਿਜੇ ਹੀ ਅਨੁਮਾਨ ਲਗਾ ਸਕਦੇ ਹੋ ਕਿ ਸੌਰ ਮੰਡਲ ਦਾ ਸੱਭ ਤੋਂ ਵੱਡਾ ਗ੍ਰਹਿ ਬ੍ਰਹਿਸਪਤੀ ਹੈ ਦੂਸਰੇ ਨੰਬਰ ਤੇ ਸ਼ਨੀ, ਤੀਸਰੇ ਤੇ ਚੌਥੇ ਨੰਬਰ 'ਤੇ ਯੂਰੇਨਸ ਅਤੇ ਨੈਪਚੂਨ ਹਨ ਜਦੋਂ ਕਿ ਪੰਜਵੇਂ ਨੰਬਰ 'ਤੇ ਸਾਡੀ ਧਰਤੀ ਹੈ।

*ਗ੍ਰਹਿਆਂ ਦੀ ਆਪਣੀ ਕੋਈ ਰੌਸ਼ਨੀ ਅਤੇ ਗਰਮੀ ਨਹੀਂ ਹੁੰਦੀ। ਇਹ ਸਾਰੇ ਆਪਣੀ ਰੌਸ਼ਨੀ ਅਤੇ ਗਰਮੀ ਸੂਰਜ ਤੋਂ ਪ੍ਰਾਪਤ ਕਰਦੇ ਹਨ।*

ਸੂਰਜ ਬਹੁਤ ਵੱਡਾ ਅਤੇ ਅਤਿਅੰਤ ਗਰਮ ਹੈ। ਪ੍ਰੰਤੂ ਇਸ ਦੀ ਅਤਿਅੰਤ ਗਰਮੀ ਧਰਤੀ ਤੋਂ ਬਹੁਤ ਜ਼ਿਆਦਾ ਦੂਰੀ ਕਰਕੇ ਮਹਿਸੂਸ ਨਹੀਂ ਹੁੰਦੀ। ਧਰਤੀ ਸੂਰਜ ਤੋਂ ਲਗਪਗ 150 ਮਿਲੀਅਨ (15 ਕਰੋੜ) ਕਿਲੋਮੀਟਰ ਦੀ ਦੂਰੀ 'ਤੇ ਹੈ।

ਤੁਸੀਂ ਸੋਚਦੇ ਹੋਵੋਗੇ, ਸੂਰਜ ਆਇਆ ਕਿੱਥੋਂ ? ਵਿਗਿਆਨੀਆਂ ਦਾ ਵਿਸ਼ਵਾਸ ਹੈ ਕਿ ਸੂਰਜ ਘੁੰਮਦੇ ਗੈਸੀ ਬੱਦਲ ਜਿਸ ਨੂੰ ਨੈਬੁਲਾ (Nebula) ਆਖਦੇ ਹਨ, ਤੋਂ ਬਣਿਆ ਹੈ। ਸੂਰਜ ਅਤੇ ਬਾਕੀ ਸਾਰੇ ਗ੍ਰਹਿ ਵੀ ਇਸ ਗੈਸੀ ਬੱਦਲ ਤੋਂ ਹੀ ਬਣੇ ਹਨ। ਗੁਰੂਤਾ ਸ਼ਕਤੀ ਕਰਕੇ ਇਹਨਾਂ ਸਾਰਿਆਂ ਦੀ ਉਤਪਤੀ ਹੋਈ ਮੰਨੀ ਜਾਂਦੀ ਹੈ। ਕਈ ਮਿਲੀਅਨ ਸਾਲਾਂ ਤੋਂ ਇਹ ਧੂੜ ਅਤੇ ਗੈਸ ਦੇ ਗੋਲੇ ਸੂਰਜ ਦੁਆਲੇ ਘੁੰਮ ਰਹੇ ਹਨ। ਸੂਰਜ ਜ਼ਿਆਦਾ ਭਾਰੀ ਅਤੇ ਵੱਡਾ ਹੋਣ ਕਰਕੇ ਆਪਣੀ ਵੱਡੀ ਤਾਕਤ ਨਾਲ ਇਨ੍ਹਾਂ ਸਾਰਿਆਂ ਗ੍ਰਹਿਆਂ ਦੀ ਹਿਲਜੁਲ ਨੂੰ ਦੂਰੋਂ ਹੀ ਕੰਟਰੋਲ ਕਰਦਾ ਹੈ। ਸੂਰਜ ਦੀ ਇਸੇ ਸ਼ਕਤੀ ਨੂੰ ਗਰੂਤਾ ਸ਼ਕਤੀ (Gravity) ਆਖਦੇ ਹਨ। ਤੁਸੀਂ ਲਾਟੂ




**ਚਿੱਤਰ 1.1** *ਸੂਰਜੀ ਪਰਿਵਾਰ (ਗ੍ਰਹਿਆਂ ਦੇ ਨਾਮ ਸੂਚੀ 1.1 ਦੇ ਕ੍ਰਮ ਅਨੁਸਾਰ)*

ਤਾਂ ਘੁੰਮਦਾ ਵੇਖਿਆ ਹੀ ਹੋਵੇਗਾ। ਇਸੇ ਤਰ੍ਹਾਂ ਸਾਰੇ ਹੀ ਗ੍ਰਹਿ ਪੁਲਾੜ ਵਿੱਚ ਸੂਰਜ ਦੁਆਲੇ ਘੁੰਮਦੇ ਹਨ। ਇਨ੍ਹਾਂ ਸਾਰਿਆਂ ਦਾ ਆਪੋ-ਆਪਣਾ ਰਸਤਾ ਹੈ ਜਿਸ ਨੂੰ ਗ੍ਰਹਿ ਪੰਧ ਆਖਦੇ ਹਨ। ਗ੍ਰਹਿਾਂ ਦੀ ਆਪਣੀ ਆਪਣੀ ਗਤੀ ਹੈ ਜਿਸ ਕਰਕੇ ਹਰੇਕ ਗ੍ਰਹਿ ਸੂਰਜ ਦੁਆਲੇ ਆਪਣਾ ਚੱਕਰ ਪੂਰਾ ਕਰਨ ਲਈ ਵੱਖੋ-ਵਖਰਾ ਸਮਾਂ ਲੈਂਦਾ ਹੈ।

ਸੂਰਜੀ ਪਰਿਵਾਰ ਦੇ ਚਿੱਤਰ ਵਿੱਚ ਸੂਰਜ ਅਤੇ ਗ੍ਰਹਿਆਂ ਨੂੰ ਵੇਖੋ ਕਿ ਕਿਵੇਂ ਹਰੇਕ ਗ੍ਰਹਿ ਆਪਣੇ ਗ੍ਰਹਿ ਪੰਧ ਉੱਤੇ ਆਪਣੇ ਦੁਆਲੇ ਵੀ ਇੱਕੋ ਹੀ ਦਿਸ਼ਾ (ਪੱਛਮ ਤੋਂ ਪੂਰਬ) ਵਿੱਚ ਘੁੰਮਦਾ ਹੋਇਆ ਸੂਰਜ ਦੀ ਪਰਿਕਰਮਾ ਕਰਦਾ ਹੈ, ਕੇਵਲ ਸ਼ੁੱਕਰ ਗ੍ਰਹਿ (Venus) ਹੀ ਆਪਣੇ ਦੁਆਲੇ ਪੂਰਬ ਤੋਂ ਪੱਛਮ ਵੱਲ ਘੁੰਮਦਾ ਹੈ। ਹਰੇਕ ਗ੍ਰਹਿ ਸੂਰਜ ਦੁਆਲੇ ਪਰਿਕਰਮਾ ਪੂਰੀ ਕਰਨ ਲਈ ਵੱਖ-ਵੱਖ ਸਮਾਂ ਲੈਂਦਾ ਹੈ, ਜਿਵੇਂ ਕਿ ਧਰਤੀ ਨੂੰ ਸੂਰਜ ਦੁਆਲੇ ਪਰਿਕਰਮਾ ਕਰਨ ਵਿੱਚ 365¼ ਦਿਨ ਲੱਗਦੇ ਹਨ। ਬੁੱਧ, ਸੂਰਜ ਤੋਂ ਸਭ ਤੋਂ ਨੇੜਲਾ ਗ੍ਰਹਿ ਹੈ, ਜਿਹੜਾ ਆਪਣੀ ਪਰਿਕਰਮਾ 88 ਦਿਨਾਂ ਵਿੱਚ ਪੂਰੀ ਕਰਦਾ ਹੈ।

ਪਹਿਲਾਂ ਲੋਕ ਧਰਤੀ ਨੂੰ ਸੂਰਜੀ ਪਰਿਵਾਰ ਦਾ ਕੇਂਦਰ ਮੰਨਦੇ ਸਨ ਤੇ ਉਨ੍ਹਾਂ ਦਾ ਵਿਚਾਰ ਸੀ ਕਿ ਸੂਰਜ ਧਰਤੀ ਦੇ ਦੁਆਲੇ ਪਰਿਕਰਮਾ ਕਰਦਾ ਹੈ। ਪ੍ਰਿਥਵੀ ਦੇ ਵਾਸੀਆਂ ਨੂੰ ਤਾਂ ਸਿੱਧੀ ਜਿਹੀ ਨਜ਼ਰੇ ਲਗਦਾ ਵੀ ਇੰਜ ਹੀ ਹੈ, ਪਰ ਕੌਪਰਨਿਕਸ ਅਤੇ ਗੈਲੀਲੀਓ ਵਰਗੇ ਵਿਗਿਆਨੀਆਂ ਨੇ ਇਸ ਵਿਚਾਰ ਦਾ ਖੰਡਨ ਕੀਤਾ ਅਤੇ ਦੱਸਿਆ ਕਿ ਸੂਰਜ ਕੇਂਦਰ ਹੈ ਤੇ ਧਰਤੀ ਅਤੇ ਹੋਰ ਗ੍ਰਹਿ ਉਸਦੇ ਦੁਆਲੇ ਘੁੰਮਦੇ ਹਨ।

## ਉਪਗ੍ਰਹਿ (Satellites) :

ਉਪਗ੍ਰਹਿ ਉਹਨਾਂ ਅਕਾਸ਼ੀ ਗੋਲਿਆਂ ਜਾਂ ਖਗੋਲੀ ਪਿੰਡਾਂ ਨੂੰ ਆਖਦੇ ਹਨ ਜਿਹੜੇ ਗ੍ਰਹਿਆਂ ਦੁਆਲ਼ੇ ਘੁੰਮਦੇ ਹਨ। ਜਿਵੇਂ ਕਿ ਚੰਨ ਧਰਤੀ ਦਾ ਉਪਗ੍ਰਹਿ ਹੈ, ਇਸੇ ਤਰ੍ਹਾਂ ਸੂਰਜ ਮੰਡਲ ਵਿੱਚ



ਚਿੱਤਰ 1.2 ਉਪ ਗ੍ਰਹਿ ਚੰਨ ਧਰਤੀ ਦੇ ਦੁਆਲੇ ਘੁੰਮਦਾ ਹੋਇਆ

ਚੰਨ ਸਮੇਤ ਵੱਖੋ-ਵੱਖ ਗ੍ਰਹਿਆਂ ਦੇ ਕੁਲ ਮਿਲਾ ਕੇ ਲਗਭਗ 150 ਉਪਗ੍ਰਹਿ ਹਨ। ਪਿੱਛੇ ਦਿੱਤੀ ਸੂਚੀ ਨੰ: 1.1 ਨੂੰ ਧਿਆਨ ਨਾਲ ਪੜ੍ਹੋ, ਤੁਸੀਂ ਵੇਖੋਗੇ ਕਿ ਬੁੱਧ ਅਤੇ ਸ਼ੁੱਕਰ ਦਾ ਕੋਈ ਉਪ-ਗ੍ਰਹਿ ਨਹੀਂ ਹੈ। ਇਹ ਉਪ-ਗ੍ਰਹਿ ਆਪਣੇ-ਆਪਣੇ ਗ੍ਰਹਿਆਂ ਦੇ ਦੁਆਲੇ ਘੁੰਮਦੇ ਹੋਏ ਸੂਰਜ ਦੀ ਪਰਿਕਰਮਾ ਵੀ ਨਾਲ ਹੀ ਕਰਦੇ ਹਨ। 'ਆਰਿਆ ਭੱਟ' ਪਹਿਲਾ ਭਾਰਤੀ ਉਪਗ੍ਰਹਿ ਸੀ ਜੋ 1975 ਵਿਚ ਪੁਲਾੜ ਵਿਚ ਛੱਡਿਆ ਗਿਆ। ਕੀ ਤੁਸੀ ਹਾਲ ਹੀ ਵਿਚ ਛੱਡੇ ਗਏ ਭਾਰਤੀ ਉਪਗ੍ਰਹਿ ਦਾ ਨਾਂ ਦਸ ਸਕਦੇ ਹੋ ?

### ਚੰਨ (Moon) :

ਚੰਨ ਧਰਤੀ ਦਾ ਉਪਗ੍ਰਹਿ ਹੈ। ਇਹ ਧਰਤੀ ਦੀ ਗਰੁਤਾ ਸ਼ਕਤੀ ਕਰਕੇ ਧਰਤੀ ਦੇ ਆਲ਼ੇ-ਦੁਆਲ਼ੇ ਘੁੰਮਦਾ ਹੈ। ਚੰਨ ਆਪਣੇ ਧੁਰੇ ਦੁਆਲ਼ੇ ਵੀ ਘੁੰਮਦਾ ਹੈ। ਇਹ ਧਰਤੀ ਦੀ ਪਰਿਕਰਮਾ 27 ਦਿਨ 5 ਘੰਟੇ ਵਿੱਚ ਅਤੇ ਆਪਣੇ ਧੁਰੇ ਦੁਆਲ਼ੇ ਚੱਕਰ 27 ਦਿਨਾਂ ਵਿੱਚ ਪੂਰਾ ਕਰਦਾ ਹੈ।


ਚੰਨ ਧਰਤੀ ਤੋਂ ਲਗਪਗ 3,84,400 ਕਿਲੋਮੀਟਰ ਦੂਰ ਹੈ ਅਤੇ ਇਸੇ ਦੂਰੀ ਕਾਰਨ ਇਹ ਬਹੁਤ ਛੋਟਾ ਨਜ਼ਰ ਆਉਂਦਾ ਹੈ। ਚੰਨ ਦੀ ਉਤਪਤੀ ਬਾਰੇ ਖੋਜੀ ਇਕਮੱਤ ਨਹੀਂ ਹਨ। ਪਹਿਲਾਂ-ਪਹਿਲ ਲੋਕ ਇਹ ਮੰਨਦੇ ਸਨ ਕਿ ਇਹ ਧਰਤੀ ਦਾ ਹੀ ਹਿੱਸਾ ਹੈ। ਜਦੋਂ ਖਗ਼ੋਲ ਵਿਗਿਆਨੀਆਂ ਨੇ ਚੰਨ 'ਤੇ ਪਹੁੰਚ ਕੇ ਇਸ ਦੀ ਮਿੱਟੀ ਦੇ ਨਮੂਨੇ ਲਿਆਂਦੇ ਤਾਂ ਉਹ ਧਰਤੀ ਦੇ ਨਾਲ਼ ਮੇਲ ਨਹੀਂ ਖਾਂਦੇ ਸਨ। ਸੋ ਇਸ ਤਰ੍ਹਾਂ ਇਹ ਗਲਤ ਸਿੱਧ ਹੋਇਆ ਕਿ ਚੰਨ ਧਰਤੀ ਦਾ ਹਿੱਸਾ ਹੈ। ਹਾਲਾਂਕਿ ਧਰਤੀ ਅਤੇ ਚੰਨ ਇੱਕੋ ਸਮੇਂ ਹੋਂਦ ਵਿੱਚ ਆਏ ਜਾਪਦੇ ਹਨ।

ਅਪੋਲੋ ਪਰੋਜੈਕਟ ਅਧੀਨ ਹੋਈਆਂ ਆਕਾਸ਼ੀ ਯਾਤਰਾਵਾਂ ਕਾਰਨ, ਅਸੀਂ ਬਾਕੀ ਹੋਰ ਖਗੋਲੀ ਪਿੰਡਾਂ ਨਾਲ਼ੋਂ ਚੰਨ ਬਾਰੇ ਜ਼ਿਆਦਾ ਜਾਨਣ ਲੱਗ ਗਏ ਹਾਂ। ਪੁਲਾੜ ਯਾਤਰੀਆਂ ਨੀਲ ਆਰਮ ਸਟਰੌਂਗ ਅਤੇ ਐਡਵਿਨ ਐਲਡਰਿਨ ਨੇ 21 ਜੁਲਾਈ 1969 ਨੂੰ ਸਭ ਤੋਂ ਪਹਿਲਾਂ ਚੰਨ ਦੀ ਸਤਹ 'ਤੇ ਕਦਮ ਰੱਖੇ। ਉਨ੍ਹਾਂ ਨੂੰ ਉੱਥੇ ਪਹਾੜ ਅਤੇ ਘਾਟੀਆਂ ਮਿਲੀਆਂ।



ਚਿੱਤਰ 1.3 ਅਕਾਸ਼ ਵਿੱਚੋਂ ਲਿਆ ਗਿਆ ਚੰਨ ਦਾ ਚਿੱਤਰ

ਸਾਡੀ ਧਰਤੀ ਵਾਂਗ, ਚੰਨ ਦੀ ਵੀ ਆਪਣੀ ਰੌਸ਼ਨੀ ਨਹੀਂ ਸਗੋਂ ਇਹ ਵੀ ਸੂਰਜ ਦੀ ਹੀ ਪਰਿਵਰਤਿਤ ਰੌਸ਼ਨੀ ਹੈ ਜਿਸ ਕਰਕੇ ਸਾਨੂੰ ਚੰਨ ਚਮਕਦਾ ਦਿਖਾਈ ਦਿੰਦਾ ਹੈ। ਚੰਨ ਧਰਤੀ ਦੁਆਲ਼ੇ ਘੁੰਮਦਾ ਹੈ, ਇਸ ਲਈ ਇਸ ਦੀ ਸੂਰਜ ਦੇ ਸਾਹਮਣੇ ਸਥਿਤੀ ਹਰ ਰੋਜ਼ ਬਦਲਦੀ ਰਹਿੰਦੀ ਹੈ। ਉਹ ਆਪ ਨਾ ਵੱਡਾ ਹੁੰਦਾ ਹੈ ਨਾ ਛੋਟਾ ਪਰ ਇਸ ਦੀ ਸੂਰਜ ਦੇ ਸਾਹਮਣੇ ਦੀ ਸਥਿਤੀ ਵਿੱਚ ਤਬਦੀਲੀ ਕਾਰਨ ਇਸ ਉੱਤੇ ਪੈਂਦੀ ਪਰਿਵਰਤਿਤ ਰੌਸ਼ਨੀ ਹੀ ਇਸ ਨੂੰ ਛੋਟਾ ਜਾਂ ਵੱਡਾ ਦਿਖਾਉਂਦੀ ਹੈ। ਧਰਤੀ ਤੋਂ ਦਿਸਣ ਵਾਲਾ ਚੰਨ ਦਾ ਦੁਰੇਡਾ ਪਾਸਾ ਵੀ ਜਦੋਂ ਸੂਰਜ ਦੇ ਸਾਹਮਣੇ ਹੁੰਦਾ ਹੈ, ਤਾਂ ਉਹ ਵੀ ਚਮਕਦਾ ਹੈ ਪਰ ਧਰਤੀ ਤੋਂ ਅਸੀਂ ਚੰਨ ਦੇ ਉਸ ਪਾਸੇ ਨੂੰ ਨਹੀਂ ਦੇਖ ਸਕਦੇ। ਇਸ ਸਥਿਤੀ ਨੂੰ ਮੱਸਿਆ ਆਖਿਆ ਜਾਂਦਾ ਹੈ। ਹੌਲ਼ੀ-ਹੌਲ਼ੀ ਇਹ ਚੰਨ ਦਾਤਰੀਨੁਮਾ ਵੱਧਦਾ ਹੈ ਤੇ ਥੋੜ੍ਹਾ-ਥੋੜ੍ਹਾ ਕਰ ਕੇ ਧਰਤੀ ਤੋਂ ਦਿਸਣਾ ਸ਼ੁਰੂ ਹੋ ਜਾਂਦਾ ਹੈ ਅਤੇ 15 ਦਿਨ ਵਿੱਚ ਪੂਰਾ ਚੰਨ ਦਿਖਾਈ ਦੇਣ ਲੱਗ ਪੈਂਦਾ ਹੈ ਜਿਸ ਨੂੰ ਪੂਰਨਮਾਸ਼ੀ ਆਖਦੇ ਹਨ। ਇਸੇ ਤਰ੍ਹਾਂ ਇਹ ਘੱਟਦਾ-ਘੱਟਦਾ ਲਗਭਗ 15 ਦਿਨ ਬਾਅਦ ਫਿਰ ਅਲੋਪ ਹੋ ਜਾਂਦਾ ਹੈ ਫਿਰ ਮੱਸਿਆ ਆ ਜਾਂਦੀ ਹੈ। ਇਹ ਪੂਰੀ ਪ੍ਰਕਿਰਿਆ 29 ਦਿਨਾਂ ਅਤੇ 12 ਘੰਟਿਆਂ ਦੀ ਹੁੰਦੀ ਹੈ।



ਚਿੱਤਰ 1.4 ਚੰਨ ਦੀਆਂ ਵੱਖੋ-ਵਖਰੀਆਂ ਅਵਸਥਾਵਾਂ

## ਪੂਛਲ ਤਾਰੇ (Comets) :

ਪੂਛਲ ਤਾਰੇ ਬੜੇ ਅਦਭੁੱਤ ਅਕਾਸ਼ੀ ਪਿੰਡ ਹਨ ਅਤੇ ਇਹ ਗ੍ਰਹਿਆਂ ਤੋਂ ਭਿੰਨ ਹਨ। ਇਹ ਨੈਬੂਲੀ ਤੱਤਾਂ, ਗੈਸਾਂ, ਧੂੜ, ਮਿੱਟੀ ਆਦਿ ਦਾ ਸਮੂਹ ਹੁੰਦੇ ਹਨ। ਇਹ ਤਾਰੇ ਦੀ ਤਰ੍ਹਾਂ ਹੀ ਦਿਖਾਈ ਦਿੰਦੇ ਹਨ। ਇਹ ਕਦੀ-ਕਦਾਈਂ ਅਚਾਨਕ ਹੀ ਵੇਖਣ ਵਿੱਚ ਆਉਂਦੇ ਹਨ। ਇਹਨਾਂ ਦੇ ਪਿੱਛੇ ਰੌਸ਼ਨੀ ਦੀ ਲੰਬੀ ਪੂਛ ਨਜ਼ਰ ਆਉਂਦੀ ਹੈ ਇਸ ਕਰਕੇ ਹੀ ਇਸ ਨੂੰ 'ਪੂਛਲ ਤਾਰਾ (Tailed Star)'



ਚਿੱਤਰ 1.5 ਪੂਛਲ ਤਾਰਾ (Comet)

ਆਖਦੇ ਹਨ। ਸੂਰਜ ਦੁਆਲੇ ਘੁੰਮਦਾ ਹੋਇਆ ਕਦੀ ਤਾਂ ਇਹ ਸੂਰਜ ਦੇ ਬਹੁਤ ਨੇੜੇ ਆ ਜਾਂਦਾ ਹੈ, ਕਦੇ ਬਹੁਤ ਦੂਰ ਹੋ ਜਾਂਦਾ ਹੈ। ਇਸ ਦਾ ਪੱਥ ਲੰਬਾ ਅਤੇ ਘੱਟ ਘੇਰੇ ਵਿੱਚ ਫੈਲੇ ਘੁੰਡੀ-ਨੁਮਾ ਆਕਾਰ ਵਿੱਚ ਮੁੜਿਆ ਹੋਇਆ ਹੁੰਦਾ ਹੈ। ਪਿਛਲੇ ਕੁਝ ਸਾਲਾਂ ਦੌਰਾਨ 'ਹੈਲੇ ਦਾ ਪੂਛਲ ਤਾਰਾ' ਜਿਸਦਾ ਨਾਮ ਇੰਗਲੈਂਡ ਦੇ ਤਾਰਾ ਵਿਗਿਆਨੀ ਐਡਮੰਡ ਹੈਲੇ ਦੇ ਨਾਂ 'ਤੇ ਪਿਆ, ਸਾਨੂੰ ਧਰਤੀ ਤੋਂ ਵਿਖਾਈ ਦਿੰਦਾ ਰਿਹਾ ਹੈ। ਇਹ ਤਾਰਾ 75-76 ਸਾਲਾਂ ਪਿੱਛੋਂ ਦਿਖਾਈ ਦਿੰਦਾ ਹੈ।

### ਛੋਟੇ ਗ੍ਰਹਿ (Asteroids) :

ਗ੍ਰਹਿਆਂ ਤੋਂ ਇਲਾਵਾ ਬ੍ਰਹਿਮੰਡ ਵਿੱਚ ਕਈ ਛੋਟੇ ਗ੍ਰਹਿ ਵੀ ਹਨ ਜਿਹੜੇ ਸੂਰਜ ਦੁਆਲ਼ੇ ਘੁੰਮਦੇ ਹਨ। ਸੂਰਜ ਦੁਆਲ਼ੇ ਪਰਿਕਰਮਾ ਕਰਨ ਕਰਕੇ ਇਹ ਗ੍ਰਹਿ ਦੀ ਕਿਸਮ ਹੀ ਅਖਵਾਉਂਦੇ ਹਨ ਹਾਲਾਂਕਿ ਇਨ੍ਹਾਂ ਦਾ ਆਕਾਰ ਗ੍ਰਹਿ ਦੇ ਮੁਕਾਬਲੇ ਬਹੁਤ ਛੋਟਾ ਹੁੰਦਾ ਹੈ ਜੋ ਕਈ ਵਾਰ ਧੂੜ-ਮਿੱਟੀ ਦੇ ਕਣਾਂ ਦਾ ਗੋਲਾ ਵੀ ਹੋ ਸਕਦਾ ਹੈ।

### ਉਲਕਾ ਤੇ ਉਲਕਾ ਪਿੰਡ (Meteors & Meteorites) :

ਉਲਕਾ ਪਿੰਡਾਂ ਨੂੰ Shooting Stars ਵੀ ਆਖਦੇ ਹਨ। ਤੁਸੀਂ ਅਕਾਸ਼ ਵਿੱਚ ਕਦੀ ਤੇਜ਼ੀ ਨਾਲ ਟੁੱਟਦੇ ਤਾਰਿਆਂ ਨੂੰ ਦੇਖਿਆ ਹੈ, ਅਸਲ ਵਿੱਚ ਇਹ ਤਾਰੇ ਨਹੀਂ ਹੁੰਦੇ। ਸੂਰਜ ਮੰਡਲ ਵਿੱਚ ਛੋਟੇ-ਛੋਟੇ ਪਦਾਰਥ ਖਿਲਰੇ ਪਏ ਹਨ। ਪ੍ਰਿਥਵੀ ਪਰਿਕਰਮਾ ਕਰਦੇ ਸਮੇਂ ਜਦ ਕਦੀ ਕਿਸੇ ਅਜਿਹੇ ਪਦਾਰਥ ਦੇ ਨੇੜੇ ਆ ਜਾਂਦੀ ਹੈ ਤਾਂ ਉਹ ਪਦਾਰਥ ਤੀਬਰ ਗਤੀ ਨਾਲ ਧਰਤੀ ਦੇ ਵਾਯੂ ਮੰਡਲ ਵਿੱਚ ਦਾਖਲ ਹੋ ਜਾਂਦਾ ਹੈ ਤੇ ਵਾਯੂਮੰਡਲੀ ਹਵਾ ਨਾਲ ਰਗੜਨ ਕਰਕੇ, ਉਸ ਪਦਾਰਥ ਨੂੰ ਅੱਗ ਲੱਗ ਜਾਂਦੀ ਹੈ ਜਿਸ ਕਰਕੇ ਉਸਦੇ ਪਿੱਛੇ ਰੌਸ਼ਨੀ ਦੀ ਲਕੀਰ ਜਿਹੀ ਬਣ ਜਾਂਦੀ ਹੈ ਜਿਸ ਨੂੰ ਉਲਕਾ ਆਖਦੇ ਹਨ।



ਚਿੱਤਰ 1.6 ਉਲਕਾ ਪਿੰਡ

**ਉਲਕਾ ਪਿੰਡ** : ਉਹ ਉਲਕਾ ਜਿਹੜੇ ਪੂਰੇ ਸੜਦੇ ਨਹੀਂ ਅਤੇ ਧਰਤੀ ਤੇ ਠੋਸ ਹਾਲਤ ਵਿੱਚ ਗਰਮ ਗੋਲੇ ਦੇ ਰੂਪ ਵਿੱਚ ਡਿਗ ਪੈਂਦੇ ਹਨ, ਨੂੰ ਉਲਕਾ ਪਿੰਡ ਆਖਦੇ ਹਨ। ਇਹਨਾਂ ਉਲਕਾ ਪਿੰਡਾਂ ਕਰਕੇ ਧਰਤੀ ਤੇ ਬਹੁਤ ਵੱਡੇ ਮੋਘੇ (ਟੋਏ) ਬਣ ਜਾਂਦੇ ਹਨ। ਜਿਵੇਂ ਅਮਰੀਕਾ ਦੇ ਮਾਰੂਥਲੀ ਇਲਾਕੇ ਐਰੀਜ਼ੋਨਾ ਦਾ *ਮੋਘਾ* (*Crater*) ਕਿਸੇ ਉਲਕਾ ਪਿੰਡ ਦੇ ਡਿੱਗਣ ਕਰਕੇ ਬਣਿਆ ਮੰਨਿਆ ਜਾਂਦਾ ਹੈ।

**ਧਰਤੀ– ਨੁਹਾਰ ਅਤੇ ਅਕਾਰ (The Earth – Its Shape and Size) :** ਧਰਤੀ, ਜਿਸ ਉੱਤੇ ਅਸੀਂ ਰਹਿ ਰਹੇ ਹਾਂ, ਬਹੁਤ ਵੱਡੀ ਹੈ। ਅਸਲ ਵਿੱਚ ਅਸੀਂ ਇਸ ਦਾ ਕੁਝ ਕੁ ਹਿੱਸਾ ਹੀ ਵੇਖ ਸਕਦੇ ਹਾਂ। ਵਿਗਿਆਨੀਆਂ ਨੇ ਅਕਾਸ਼ ਵਿੱਚ ਕਾਫੀ ਉਚਾਈ ਉੱਤੇ ਜਾ ਕੇ ਇਸ ਦੀਆਂ ਤਸਵੀਰਾਂ ਖਿੱਚੀਆਂ ਹਨ।



*ਚਿੱਤਰ 1.7 ਪੁਲਾੜ ਵਿੱਚੋਂ ਲਈ ਗਈ ਧਰਤੀ ਦੀ ਤਸਵੀਰ*

ਉਪਰਲੀ ਤਸਵੀਰ ਵੀ ਅਜਿਹੀ ਹੀ ਇੱਕ ਤਸਵੀਰ ਹੈ, ਤੁਸੀਂ ਦੇਖ ਸਕਦੇ ਹੋ ਧਰਤੀ ਚਪਟੀ ਨਹੀਂ ਸਗੋਂ ਗੋਲ ਦਿਖਾਈ ਦਿੰਦੀ ਹੈ। ਧਰਤੀ ਸੂਰਜ ਦੁਆਲ਼ੇ ਘੁੰਮਦੀ ਹੈ ਅਤੇ ਚੰਨ ਧਰਤੀ ਦੁਆਲ਼ੇ ਘੁੰਮਦਾ ਹੈ। ਘੁੰਮਦਿਆਂ ਹੋਇਆਂ ਇੱਕ ਸਮਾਂ ਅਜਿਹਾ ਆਉਂਦਾ ਹੈ ਕਿ ਧਰਤੀ, ਸੂਰਜ ਅਤੇ ਚੰਨ ਦੇ ਵਿਚਕਾਰ ਆ ਜਾਂਦੀ ਹੈ। ਸਾਡੀ ਧਰਤੀ ਦਾ ਪਰਛਾਵਾਂ, ਚੰਨ ਉੱਤੇ ਪੈਂਦਾ ਹੈ ਤੇ ਚੰਨ ਲੁਕਿਆ ਪ੍ਰਤੀਤ ਹੁੰਦਾ ਹੈ ਜਿਸਨੂੰ 'ਚੰਨ ਗ੍ਰਹਿਣ' ਆਖਦੇ ਹਨ। ਅਸੀਂ ਦੇਖਦੇ ਹਾਂ ਕਿ ਧਰਤੀ ਦਾ ਪਰਛਾਵਾਂ ਚਕਰੀ ਆਕਾਰ ਜਾਂ ਗੋਲ ਹੁੰਦਾ ਹੈ ਜੋ ਸਿੱਧ ਕਰਦਾ ਹੈ ਕਿ ਧਰਤੀ ਗੋਲ ਹੈ।

ਭਾਵੇਂ ਉਪਰੋਕਤ ਪ੍ਰਮਾਣਾਂ ਤੋਂ ਮੋਟੇ ਤੌਰ 'ਤੇ ਤਾਂ ਸਿੱਧ ਹੁੰਦਾ ਹੈ ਕਿ ਧਰਤੀ ਇਕ ਬਹੁਤ ਵੱਡੀ ਗੇਂਦ ਵਾਂਗ ਹੈ। ਉਂਝ ਅਸਲ ਵਿੱਚ ਇਹ ਇੰਨ-ਬਿੰਨ ਗੇਂਦ ਦੀ ਤਰ੍ਹਾਂ ਨਹੀਂ ਹੈ ਬਲਕਿ ਇਸ ਦੇ ਉੱਤਰੀ ਅਤੇ ਦੱਖਣੀ ਸਿਰੇ ਚਪਟੇ ਹਨ। ਅਜਿਹੇ ਗੋਲੇ, ਜੋ ਸਿਰਿਆਂ ਤੋਂ ਚਪਟੇ ਹੁੰਦੇ ਹਨ, ਨੂੰ ਗੋਲਾਨੁਮਾ (spheroid) ਆਖਦੇ ਹਨ। ਸਾਡੀ ਧਰਤੀ ਚਪਟਾ ਗੋਲਾ (oblate spheroid) ਹੈ ਜਿਸਨੂੰ **ਧਰਤ ਗੋਲਾ (Geoid)** ਆਖਿਆ ਜਾਂਦਾ ਹੈ।

ਉੱਤਰੀ ਅਤੇ ਦੱਖਣੀ ਸਿਰਿਆਂ, ਜਿੱਥੋਂ ਧਰਤੀ ਚਪਟੀ ਹੈ, ਨੂੰ ਧਰੁਵ ਆਖਦੇ ਹਨ। ਉੱਤਰੀ ਸਿਰੇ ਨੂੰ ਉੱਤਰੀ ਧਰੁਵ ਅਤੇ ਦੱਖਣੀ ਸਿਰੇ ਨੂੰ ਦੱਖਣੀ ਧਰੁਵ ਆਖਦੇ ਹਨ। ਇੱਕ ਕਲਪਿਤ ਰੇਖਾ

ਜੋ ਕਿ ਇੱਕ ਧਰੁਵ ਤੋਂ ਦੂਸਰੇ ਧਰੁਵ ਤੱਕ ਧਰਤੀ ਦੇ ਮੱਧ ਵਿੱਚੋਂ ਲੰਘਦੀ ਹੋਵੇ, ਨੂੰ ਧਰਤੀ ਦਾ ਧੁਰਾ ਆਖਦੇ ਹਨ। ਧਰਤੀ ਦਾ ਇਹ ਧੁਰਾ ਬਿਲਕੁਲ ਸਿੱਧਾ (90° ਦਾ ਕੋਣ) ਨਹੀਂ ਬਲਕਿ ਗ੍ਰਹਿ ਪੰਧ ਨਾਲ 66½° ਦਾ ਕੋਣ ਬਣਾਉਂਦਾ ਹੈ ਅਤੇ ਧਰਤੀ ਇਸੇ ਧੁਰੇ ਦੁਆਲੇ ਘੁੰਮਦੀ ਹੈ ਜਿਸ ਕਰਕੇ ਰਾਤ ਅਤੇ ਦਿਨ ਬਣਦੇ ਹਨ।

***ਧੁਰਾ*** : *ਅਸਲ ਵਿੱਚ ਕਲਪਿਤ ਰੇਖਾ ਹੈ ਜੋ ਧਰਤੀ ਦੇ ਇੱਕ ਧਰੁਵ ਤੋਂ ਦੂਸਰੇ ਧਰੁਵ ਤੱਕ ਧਰਤੀ ਦੇ ਮੱਧ ਵਿੱਚੋਂ ਲੰਘਦੀ ਮੰਨੀ ਜਾਂਦੀ ਹੈ।*

***ਭੂ-ਮੱਧ ਰੇਖਾ*** : *ਧਰਤੀ ਦੇ ਮੱਧ ਵਿੱਚ ਪੂਰਬ ਤੋਂ ਪੱਛਮ ਵੱਲ ਦੇ ਸਿਰਿਆਂ ਨੂੰ ਮਿਲਾਉਣ ਵਾਲੀ ਕਲਪਿਤ ਰੇਖਾ, ਨੂੰ ਭੂ-ਮੱਧ ਰੇਖਾ ਆਖਦੇ ਹਨ। ਇਹ ਧਰਤੀ ਨੂੰ ਦੋ ਬਰਾਬਰ ਹਿੱਸਿਆਂ ਵਿੱਚ ਵੰਡਦੀ ਹੈ।*

**ਆਕਾਰ** : ਆਕਾਰ ਅਨੁਸਾਰ ਗ੍ਰਹਿਆਂ ਵਿੱਚ ਸਾਡੀ ਧਰਤੀ ਦਾ ਪੰਜਵਾਂ ਸਥਾਨ ਹੈ। ਇਹ ਬ੍ਰਹਿਸਪਤੀ, ਸ਼ਨੀ, ਯੂਰੇਨਸ ਤੇ ਨੈਪਚੂਨ ਨਾਲੋਂ ਛੋਟੀ ਹੈ। ਇਸ ਦਾ ਵਿਆਸ ਲਗਪਗ 12,756 ਕਿਲੋਮੀਟਰ ਹੈ। ਧਰਤੀ ਦਾ ਘੇਰਾ ਲਗਪਗ 40,000 ਕਿਲੋਮੀਟਰ ਹੈ। ਧਰੁਵਾਂ ਵੱਲੋਂ ਇਸਦਾ ਵਿਆਸ 12,712 ਕਿਲੋਮੀਟਰ ਹੈ ਅਰਥਾਤ ਭੂ-ਮੱਧ ਰੇਖਾ ਨਾਲੋਂ ਧਰੁਵਾਂ ਵੱਲੋਂ ਇਸਦਾ ਵਿਆਸ 44 ਕਿਲੋਮੀਟਰ ਘੱਟ ਹੈ।

### ਯਾਦ ਰੱਖਣ ਯੋਗ ਨੁਕਤੇ

1. ਬ੍ਰਹਿਮੰਡ ਦੇ ਵਿਸਥਾਰ ਦਾ ਅੰਦਾਜ਼ਾ ਲਗਾਉਣਾ ਸੌਖਾ ਨਹੀਂ ਕਿਉਂਕਿ ਇਹ ਇੰਨਾ ਵੱਡਾ ਹੈ ਕਿ ਸੂਰਜ, ਗ੍ਰਹਿ, ਉਪਗ੍ਰਹਿ, ਤਾਰੇ, ਧੂੜ ਤੇ ਗੈਸਾਂ ਇਸਦਾ ਹਿੱਸਾ ਹਨ।
2. ਰਾਤ ਵੇਲੇ ਧਰਤੀ ਤੋਂ ਨਜ਼ਰ ਆਉਂਦੇ ਚਮਕਦੇ ਖਗੋਲ ਪਿੰਡਾਂ ਨੂੰ ਤਾਰੇ ਆਖਦੇ ਹਨ ਤੇ ਤਾਰਿਆਂ ਦੇ ਸਮੂਹ ਨੂੰ ਤਾਰਾ-ਮੰਡਲ।
3. ਪ੍ਰਕਾਸ਼ ਸਾਲ ਦੂਰੀ ਮਾਪਣ ਦੀ ਇਕਾਈ ਹੈ ਜੋ ਖਗੋਲੀ ਪਿੰਡਾਂ ਵਿਚਾਲੇ ਦੂਰੀ ਵਰਗੀਆਂ ਵੱਡੀਆਂ ਦੂਰੀਆਂ ਨਾਪਣ ਲਈ ਵਰਤੀ ਜਾਂਦੀ ਹੈ।
4. ਅੰਗਰੇਜ਼ੀ ਵਾਕ, My Very Efficient Mother Just Served Us Nuts, ਵਿਚਲੇ ਸ਼ਬਦਾਂ ਦੇ ਪ੍ਰਥਮ ਅੱਖਰ ਗ੍ਰਹਿਆਂ ਦੇ ਕ੍ਰਮ ਅਨੁਸਾਰ ਨਾਮ ਯਾਦ ਕਰਵਾਉਂਦੇ ਹਨ।
5. ਸੂਰਜ, ਗ੍ਰਹਿਆਂ ਤੇ ਉਪਗ੍ਰਹਿਆਂ ਦੀ ਖਿੱਚ ਸ਼ਕਤੀ ਨੂੰ ਗਰੂਤਾ ਸ਼ਕਤੀ (Gravity) ਆਖਦੇ ਹਨ।
6. ਪੁਲਾੜ ਯਾਤਰੀਆਂ ਨੀਲ ਆਰਮਸਟਰੌਂਗ ਤੇ ਐਡਵਿਨ ਐਲਡਰਿਨ ਨੇ 21 ਜੁਲਾਈ 1969 ਨੂੰ ਪਹਿਲੀ ਵਾਰ ਚੰਨ ਉਤੇ ਪੈਰ ਧਰਿਆ ਸੀ।
7. ਧਰਤੀ ਦੇ ਸੂਰਜ ਦੁਆਲੇ ਤੇ ਚੰਨ ਦੇ ਧਰਤੀ ਦੁਆਲੇ ਘੁੰਮਦੇ ਹੋਏ ਜਦੋਂ, ਚੰਨ, ਧਰਤੀ ਤੇ ਸੂਰਜ ਦੇ ਵਿਚਾਲੇ ਆ ਜਾਵੇ ਤੇ ਧਰਤੀ ਤੋਂ ਸੂਰਜ ਨੂੰ ਵੇਖਦਿਆਂ ਅੜਿੱਕਾ ਬਣੇ ਤਾਂ ਇਸਨੂੰ ਸੂਰਜ ਗ੍ਰਹਿਣ ਆਖਦੇ ਹਨ। ਇਵੇਂ ਹੀ ਜਦੋਂ ਧਰਤੀ, ਸੂਰਜ ਤੇ ਚੰਨ ਵਿਚਾਲੇ ਆ ਜਾਵੇ ਤੇ ਧਰਤੀ ਦਾ ਪਰਛਾਵਾਂ ਚੰਨ ਉਤੇ ਪਵੇ ਤਾਂ ਉਸਨੂੰ ਚੰਨ ਗ੍ਰਹਿਣ ਆਖਦੇ ਹਨ।

# ਅਭਿਆਸ

## I. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :

(1) ਬ੍ਰਹਿਮੰਡ ਤੋਂ ਕੀ ਭਾਵ ਹੈ। ਬ੍ਰਹਿਮੰਡ ਵਿੱਚਲੇ ਪ੍ਰਤੀਰੂਪਾਂ ਦੀ ਸੂਚੀ ਤਿਆਰ ਕਰੋ ।

(2) ਗ੍ਰਹਿ ਤੇ ਉਪਗ੍ਰਹਿ ਵਿੱਚ ਕੀ ਅੰਤਰ ਹੈ ?

(3) 'ਸੂਰਜੀ ਪਰਿਵਾਰ' ਬਾਰੇ ਤੁਸੀਂ ਕੀ ਜਾਣਦੇ ਹੋ ?

(4) ਸੂਰਜ ਤੋਂ ਵੱਖ-ਵੱਖ ਗ੍ਰਹਿਆਂ ਦੀ ਦੂਰੀ ਦੀ ਸੂਚੀ ਤਿਆਰ ਕਰੋ। ਦੱਸੋ ਕਿ ਕਿਹੜਾ ਗ੍ਰਹਿ ਸਭ ਤੋਂ ਦੂਰ ਹੈ ਅਤੇ ਕਿਹੜਾ ਸਭ ਤੋਂ ਨੇੜੇ ।

(5) ਗ੍ਰਹਿਆਂ ਦੇ ਆਕਾਰ-ਅਨੁਸਾਰ ਸੂਚੀ ਤਿਆਰ ਕਰੋ ਅਤੇ ਦੱਸੋ ਕਿ ਕਿਹੜਾ ਗ੍ਰਹਿ ਸਭ ਤੋਂ ਵੱਡਾ ਹੈ।

(6) **ਹੇਠ ਲਿਖਿਆਂ ਤੇ ਨੋਟ ਲਿਖੋ :**

ਉਪਗ੍ਰਹਿ, ਉਲਕਾ, ਧਰਤ ਗੋਲਾ, ਭੂ-ਮੱਧ ਰੇਖਾ, ਪੂਛਲ-ਤਾਰਾ, ਧੁਰਾ, ਛੋਟੇ ਗ੍ਰਹਿ, ਚੰਨ-ਗ੍ਰਹਿਣ।

## II. ਹੇਠ ਲਿਖੇ ਵਾਕਾਂ ਵਿੱਚ ਖਾਲੀ ਥਾਵਾਂ ਭਰੋ :

(1) ਸਾਡੀ ਧਰਤੀ ਚਪਟਾ ਗੋਲਾ ਹੈ, ਇਸਨੂੰ .................... ਆਖਦੇ ਹਨ।

(2) ਧਰਤੀ ਦਾ ਘੇਰਾ ਲਗਪਗ .................... ਕਿਲੋਮੀਟਰ ਹੈ।

(3) ਧਰਤੀ ਦਾ ਭੂ-ਮੱਧ ਰੇਖਾ ਤੇ ਵਿਆਸ .................... ਕਿਲੋਮੀਟਰ ਹੈ ਅਤੇ ਧਰੂਵਾਂ ਵੱਲੋਂ ਧਰਤੀ ਦਾ ਵਿਆਸ .................... ਕਿਲੋਮੀਟਰ ਹੈ।

# ਗਤੀਵਿਧੀ

1. **ਹੇਠ ਲਿਖਿਆਂ ਦੇ ਚਿੱਤਰ ਬਣਾਓ :**

   (1) ਸੂਰਜ ਤੋਂ ਦੂਰੀ ਅਨੁਸਾਰ ਗ੍ਰਹਿਆਂ ਨੂੰ ਦਰਸਾਓ।

   (2) ਗ੍ਰਹਿਆਂ ਨੂੰ ਆਕਾਰ ਅਨੁਸਾਰ ਦਰਸਾਓ।

2. ਜੇ ਤੁਹਾਡੇ ਨੇੜੇ ਕਿਤੇ ਕੋਈ ਤਾਰਾ-ਘਰ (Planetarium) ਹੈ ਤਾਂ ਆਪਣੀ ਜਮਾਤ ਜਾਂ ਮਾਪਿਆਂ ਨਾਲ ਉਸਨੂੰ ਵੇਖਣ ਲਈ ਜਾਓ।

3. ਕੀ ਤੁਸੀਂ ਪੁਸ਼ਪਾ ਗੁਜਰਾਲ ਸਾਇੰਸ ਸਿਟੀ ਗਏ ਹੋ ? ਉੱਥੇ ਸਥਿਤ ਜਾਂ ਕਿਸ ਵੀ ਤਾਰਾ ਘਰ ਬਾਰੇ ਰਿਪੋਰਟ ਲਿਖੋ।
4. ਸੂਰਜ ਪਰਿਵਾਰ ਦੇ ਬਾਰੇ ਵੱਧ ਤੋਂ ਵੱਧ ਜਾਣਕਾਰੀ ਇਕੱਠੀ ਕਰਨ ਲਈ ਕਿਹਾ ਜਾਵੇ ਅਤੇ ਅਧਿਆਪਕ, ਵਿੱਦਿਆਰਥੀਆਂ ਦੀ ਕੁਇਜ਼ ਮੁਕਾਬਲਾ ਕਰਵਾਉਣ।

ਪਾਠ 2

# ਧਰਤੀ ਦੀਆਂ ਗਤੀਆਂ

ਸਵੇਰੇ ਸੂਰਜ ਪੂਰਬ ਦਿਸ਼ਾ ਵਿੱਚ ਨਿਕਲਦਾ ਦਿਸਦਾ ਹੈ ਅਤੇ ਸ਼ਾਮ ਨੂੰ ਪੱਛਮ ਦਿਸ਼ਾ ਵਿੱਚ ਡੁੱਬਦਾ ਦਿਸਦਾ ਹੈ। ਇਵੇਂ ਲੱਗਦਾ ਹੈ ਕਿ ਜਿਵੇਂ ਸੂਰਜ ਧਰਤੀ ਦੇ ਦੁਆਲੇ ਚੱਕਰ ਕਟਦਾ ਹੈ, ਪਰੰਤੂ ਸਚਾਈ ਇਸ ਤੋਂ ਉਲਟ ਹੈ, ਅਰਥਾਤ ਧਰਤੀ ਸੂਰਜ ਦੇ ਦੁਆਲੇ ਚੱਕਰ ਕੱਟਦੀ ਹੈ। ਇਹ ਇਸੇ ਤਰ੍ਹਾਂ ਹੀ ਹੈ ਜਿਵੇਂ ਤੁਸੀਂ ਬਸ ਜਾਂ ਗੱਡੀ ਵਿੱਚ ਸਫ਼ਰ ਕਰਦਿਆਂ ਮਹਿਸੂਸ ਕੀਤਾ ਹੋਵੇਗਾ ਕਿ ਬਾਹਰ ਵਾਲੇ ਦਰੱਖਤ, ਇਮਾਰਤਾਂ ਤੁਹਾਨੂੰ ਭੱਜਦੀਆਂ ਨਜ਼ਰ ਆਉਂਦੀਆਂ ਹਨ ਅਤੇ ਬਸ ਸਥਿਰ ਮਹਿਸੂਸ ਹੁੰਦੀ ਹੈ। ਅਸਲ ਵਿੱਚ ਬਾਹਰ ਵਾਲੇ ਦਰਖ਼ਤ ਇਮਾਰਤਾਂ ਅਤੇ ਖੰਭੇ ਸਥਿਰ ਹੁੰਦੇ ਹਨ ਤੇ ਤੁਹਾਡੀ ਬਸ ਹੀ ਦੌੜ ਰਹੀ ਹੁੰਦੀ ਹੈ। ਸੂਰਜ ਦੇ ਚੱਕਰ ਕੱਟਣ ਦੇ ਮਿੱਥ ਨੇ ਸਾਇੰਸਦਾਨਾਂ ਨੂੰ ਬੜੇ ਭੰਬਲਭੂਸੇ ਵਿੱਚ ਪਾਇਆ ਅਤੇ ਅੰਤ ਵਿੱਚ ਗੈਲੀਲੀਓ, ਕੌਪਰਨਿਕਸ ਨਾਂ ਦੇ ਵਿਗਿਆਨੀਆਂ ਨੇ ਖੋਜ ਕੀਤੀ ਕਿ ਸੂਰਜ ਖੜਾ ਹੈ ਧਰਤੀ ਘੁੰਮਦੀ ਹੈ। ਅਜੋਕੇ ਸਮੇਂ ਇਹ ਮੰਨਿਆ ਜਾ ਚੁੱਕਿਆ ਹੈ ਕਿ ਸੂਰਜ ਆਪਣੀ ਧੁਰੀ ਦੁਆਲੇ ਘੁੰਮ ਰਿਹਾ ਹੈ। ਬ੍ਰਹਿਮੰਡ ਵਿਚ ਕੁਝ ਵੀ ਸਥਿਰ ਨਹੀਂ ਹੈ।


**ACTIVITY**

ਗੈਲੀਲਿਓ ਅਤੇ ਕੌਪਰਨਿਕਸ ਕਿਹੜੇ ਦੇਸ਼ਾਂ ਦੇ ਸਨ ? ਉਨ੍ਹਾਂ ਦੀਆਂ ਤਸਵੀਰਾਂ ਪ੍ਰਾਪਤ ਕਰੋ।

ਸਾਡੀ ਧਰਤੀ ਸੂਰਜ ਦੇ ਆਲ਼ੇ ਦੁਆਲ਼ੇ ਘੁੰਮਣ ਦੇ ਨਾਲ ਆਪਣੇ ਧੁਰੇ ਦੁਆਲੇ ਵੀ ਘੁੰਮਦੀ ਹੈ। ਇਸ ਤਰ੍ਹਾਂ ਧਰਤੀ ਦੀਆਂ ਦੋ ਗਤੀਆਂ, ਦੈਨਿਕ ਗਤੀ ਅਤੇ ਵਾਰਸ਼ਿਕ ਗਤੀ ਹਨ।

## ਦੈਨਿਕ ਗਤੀ :

ਹੱਥ ਨਾਲ ਗਲੋਬ ਨੂੰ ਘੁੰਮਾਓ, ਇਹ ਆਪਣੇ ਧੁਰੇ ਦੁਆਲੇ ਘੁੰਮਦਾ ਹੈ। ਇਸੇ ਤਰ੍ਹਾਂ ਧਰਤੀ ਆਪਣੇ ਧੁਰੇ ਦੁਆਲੇ




*2.1 ਧਰਤੀ ਦੇ ਧੁਰੇ ਦਾ ਝੁਕਾਓ*

ਘੁੰਮਦੀ ਹੈ। ਇਹ ਆਪਣੇ ਧੁਰੇ ਦੁਆਲੇ ਪੱਛਮ ਤੋਂ ਪੂਰਬ ਵੱਲ 24 ਘੰਟਿਆਂ ਵਿੱਚ ਪੂਰਾ ਚੱਕਰ ਕੱਟਦੀ ਹੈ। ਇੱਕ ਦਿਨ ਵਿੱਚ ਮੁਕੰਮਲ ਹੋਣ ਵਾਲੀ ਇਸ ਗਤੀ ਨੂੰ ਧਰਤੀ ਦੀ ਦੈਨਿਕ ਗਤੀ ਆਖਦੇ ਹਨ। ਧਰਤੀ ਦਾ ਧੁਰਾ ਇੱਕ ਕਲਪਿਤ ਰੇਖਾ ਹੈ ਜੋ ਕਿ ਧਰਤੀ ਦੇ ਵਿੱਚੋਂ ਦੀ ਲੰਘਦਾ ਹੈ। ਇਸ ਦੇ ਦੋ ਸਿਰੇ ਉੱਤਰੀ ਧਰੁਵ ਅਤੇ ਦੱਖਣੀ ਧਰੁਵ ਹਨ। ਇਹ ਧੁਰਾ ਆਪਣੇ ਸਮਕੋਨੀ ਧੁਰੇ ਤੱਲ (Plane of axis) ਨਾਲ 23½° ਦਾ ਕੋਣ ਅਤੇ ਗ੍ਰਹਿਪੰਧ ਨਾਲ 66½° ਦਾ ਕੋਣ ਬਣਾਉਂਦਾ ਹੈ ਜਿਵੇਂ ਕਿ ਗਲੋਬ ਵਿੱਚ ਵਿਖਾਇਆ ਗਿਆ ਹੈ।

ਇਹ ਧਰਤੀ ਦੀ ਪੱਛਮ ਤੋਂ ਪੂਰਬ ਵੱਲ ਦੈਨਿਕ ਗਤੀ ਸਦਕਾ ਹੀ ਹੈ ਕਿ ਸਵੇਰੇ ਸੂਰਜ ਪੂਰਬ ਦਿਸ਼ਾ ਵਿੱਚ ਨਿਕਲਦਾ ਦਿਖਾਈ ਦਿੰਦਾ ਹੈ ਅਤੇ ਸ਼ਾਮ ਨੂੰ ਪੱਛਮ ਵਿੱਚ ਡੁੱਬਦਾ ਦਿਖਾਈ ਦਿੰਦਾ ਹੈ। ਧੁਰੇ ਦੁਆਲ਼ੇ ਘੁੰਮਦਿਆਂ ਧਰਤੀ ਦਾ ਅੱਧਾ ਹਿੱਸਾ ਸੂਰਜ ਦੇ ਸਾਹਮਣੇ ਹੁੰਦਾ ਹੈ ਅੱਧਾ ਸੂਰਜ ਤੋਂ ਪਰ੍ਹੇ ਹੁੰਦਾ ਹੈ ਜਿਸ ਕਰਕੇ ਧਰਤੀ ਦਾ ਜਿਹੜਾ ਪਾਸਾ ਸੂਰਜ ਦੇ ਸਾਹਮਣੇ ਹੁੰਦਾ ਹੈ ਉੱਥੇ ਸੂਰਜ ਦੀ ਰੌਸ਼ਨੀ ਪੈਂਦੀ ਹੈ ਅਤੇ ਉੱਥੇ ਦਿਨ ਹੁੰਦਾ ਹੈ। ਜਿਹੜਾ ਪਰ੍ਹੇ ਹੁੰਦਾ ਹੈ, ਉੱਥੇ ਰਾਤ ਹੁੰਦੀ ਹੈ। ਧਰਤੀ ਦੇ ਘੁੰਮਣ ਕਰਕੇ ਵਾਰੀ-ਵਾਰੀ ਧਰਤੀ ਦਾ ਹਰੇਕ ਹਿੱਸਾ ਸੂਰਜ ਦੇ ਸਾਹਮਣੇ ਆਉਂਦਾ ਹੈ। ਦਿਨ ਤੋਂ ਬਾਅਦ ਰਾਤ, ਰਾਤ ਤੋਂ ਬਾਅਦ ਦਿਨ ਦਾ ਸਿਲਸਿਲਾ ਬਣਿਆ ਰਹਿੰਦਾ ਹੈ :



*ਧਰਤੀ ਲਾਟੂ ਦੀ ਤਰ੍ਹਾਂ ਧੁਰੇ ਦੁਆਲੇ ਘੁੰਮਦੀ ਹੈ।*



*ਚਿੱਤਰ **2.2** ਧਰਤੀ ਦੀ ਦੈਨਿਕ ਗਤੀ*

## ਧਰਤੀ ਦੀ ਦੈਨਿਕ ਗਤੀ ਦੇ ਪ੍ਰਭਾਵ :

1. ਮੰਨ ਲਓ ਕਿ ਜੇਕਰ ਧਰਤੀ ਸਥਿਰ ਹੁੰਦੀ ਤਾਂ ਫਿਰ ਧਰਤੀ ਦਾ ਅੱਧਾ ਹਿੱਸਾ, ਸੂਰਜ ਦੇ ਸਾਹਮਣੇ ਰਹਿੰਦਾ ਅਤੇ ਅੱਧਾ ਹਿੱਸਾ ਸੂਰਜ ਤੋਂ ਪਰ੍ਹੇ ਰਹਿਣਾ ਸੀ। ਨਤੀਜੇ ਵਜੋਂ ਜਿਹੜਾ ਸਾਹਮਣੇ ਹੁੰਦਾ ਉੱਥੇ ਹਮੇਸ਼ਾ ਹੀ ਦਿਨ ਰਹਿੰਦਾ, ਜਿਹੜਾ ਪਰ੍ਹੇ ਹੁੰਦਾ ਉੱਥੇ ਹਮੇਸ਼ਾ ਹੀ ਰਾਤ ਰਹਿੰਦੀ, ਪਰੰਤੂ ਅਜਿਹਾ ਨਹੀਂ ਹੈ। ਇਸ ਲਈ ਧਰਤੀ ਦੀ

ਦੈਨਿਕ ਗਤੀ ਕਰਕੇ ਕਦੀ ਦਿਨ ਅਤੇ ਕਦੀ ਰਾਤ ਹੁੰਦੇ ਹਨ। ਧਰਤੀ ਦੇ ਸਾਰੇ ਭਾਗਾਂ ਤੇ ਕਦੀ ਦਿਨ ਅਤੇ ਕਦੀ ਰਾਤ ਹੁੰਦੀ ਹੈ।

2. ਧਰਤੀ ਪੱਛਮ ਤੋਂ ਪੂਰਬ ਵਲ ਘੁੰਮਦੀ ਹੈ। ਧਰਤੀ ਦੀ ਇਸ ਗਤੀ ਕਰਕੇ ਹੀ ਸਾਨੂੰ ਸੂਰਜ, ਚੰਨ ਅਤੇ ਤਾਰੇ ਪੂਰਬ ਤੋਂ ਪੱਛਮ ਵਲ ਘੁੰਮਦੇ ਨਜ਼ਰ ਆਉਂਦੇ ਹਨ।

3. ਸਵੇਰੇ ਅਤੇ ਸ਼ਾਮ ਨੂੰ ਸੂਰਜ ਦੀਆਂ ਕਿਰਨਾਂ ਤਿਰਛੀਆਂ ਪੈਂਦੀਆਂ ਹਨ। ਇਹ ਜ਼ਿਆਦਾ ਜਗ੍ਹਾਂ ਘੇਰਦੀਆਂ ਹਨ ਜਿਨ੍ਹਾਂ ਕਰਕੇ ਇਸ ਸਮੇਂ ਦੌਰਾਨ ਸੂਰਜ ਦੀ ਗਰਮੀ ਘੱਟ ਪੈਂਦੀ ਹੈ। ਪਰੰਤੂ ਦੁਪਹਿਰ ਵੇਲੇ ਇਹ ਕਿਰਨਾਂ ਸਿੱਧੀਆਂ ਪੈਂਦੀਆਂ ਹਨ ਜਿਸ ਕਰਕੇ ਬਹੁਤ ਗਰਮੀ ਪੈਂਦੀ ਹੈ। ਅਰਥਾਤ ਸਵੇਰ ਅਤੇ ਸ਼ਾਮ ਵੇਲੇ ਗਰਮੀ ਘੱਟ ਪੈਂਦੀ ਹੈ। ਯਾਦ ਰੱਖਣ ਵਾਲੀ ਗੱਲ ਹੈ ਕਿ ਭੂ-ਮੱਧ ਰੇਖਾ ਤੇ ਦਿਨ ਅਤੇ ਰਾਤ ਬਰਾਬਰ ਹੁੰਦੇ ਹਨ। ਜਿਉਂ-ਜਿਉਂ ਭੂ-ਮੱਧ ਰੇਖਾ ਤੋਂ ਦੂਰ ਉੱਤਰ ਜਾਂ ਦੱਖਣ ਵਲ ਜਾਈਏ ਤਾਂ ਦਿਨ ਅਤੇ ਰਾਤ ਵੱਡੇ ਛੋਟੇ ਹੁੰਦੇ ਰਹਿੰਦੇ ਹਨ।

4. ਧਰਤੀ ਦੀ ਦੈਨਿਕ ਗਤੀ ਕਰਕੇ, ਸਾਰੀਆਂ ਹਵਾਵਾਂ, (ਜਲ ਸਮੀਰ, ਥਲ ਸਮੀਰ, ਸਥਾਨਕ ਹਵਾਵਾਂ) ਚੱਲਣ ਵੇਲੇ ਆਪਣੇ ਖੱਬੇ ਜਾਂ ਸੱਜੇ ਪਾਸੇ ਵੱਲ ਝੁਕਦੀਆਂ ਹਨ। ਅਰਥਾਤ ਇਹ ਸਿੱਧੀਆਂ ਨਹੀਂ ਵਗਦੀਆਂ, ਇਸ ਪ੍ਰਕਿਰਿਆ ਦੀ ਫੈਰਲ ਨਾਂ ਦੇ ਵਿਗਿਆਨੀ ਨੇ ਖੋਜ ਕੀਤੀ ਕਿ ਉੱਤਰੀ ਅਰਧ ਗੋਲੇ ਵਿੱਚ ਨੂੰ ਚਲਦੀ ਹਵਾ ਸੱਜੇ ਪਾਸੇ ਮੁੜਦੀ ਹੈ ਅਤੇ ਦੱਖਣੀ ਅਰਧ ਗੋਲੇ ਵਿੱਚ ਚਲਦੀ ਹਵਾ ਖੱਬੇ ਪਾਸੇ ਮੁੜਦੀ ਹੈ। ਅਰਥਾਤ ਹਵਾਵਾਂ ਸਿੱਧੀਆਂ ਨਹੀਂ ਚਲਦੀਆਂ।

## ਧਰਤੀ ਦੀ ਵਾਰਸ਼ਿਕ ਗਤੀ :


ਧਰਤੀ, ਸੂਰਜ ਦੁਆਲ਼ੇ ਘੁੰਮਦੀ ਹੈ ਅਤੇ ਇਹ ਆਪਣਾ ਇੱਕ ਚੱਕਰ 365¼ ਦਿਨਾਂ ਵਿੱਚ ਪੂਰਾ ਕਰਦੀ ਹੈ। (365 ਦਿਨ ਅਤੇ 6 ਘੰਟੇ) ਇਸ ਤਰ੍ਹਾਂ ਅਸੀਂ ਚੌਥੇ ਸਾਲ ਵਿੱਚ ਇਕ ਦਿਨ ($4 \times 6 = 24$ ਘੰਟੇ) ਵਧਾ ਦਿੰਦੇ ਹਾਂ ਜਿਸ ਨੂੰ ਲੀਪ ਸਾਲ ਆਖਦੇ ਹਨ। ਇਸ ਤਰ੍ਹਾਂ ਹਰੇਕ ਚੌਥੇ ਸਾਲ ਵਿੱਚ ਸਾਲ ਦੇ ਕੁਲ ਦਿਨ 366 ਹੋ ਜਾਂਦੇ ਹਨ, ਇਕ ਦਿਨ ਜੋ ਵੱਧਦਾ ਹੈ ਉਸ ਨਾਲ ਫ਼ਰਵਰੀ ਮਹੀਨਾ 29 ਦਿਨਾਂ ਦਾ ਹੋ ਜਾਂਦਾ ਹੈ।

ਬਾਕੀ ਸਾਲਾਂ ਵਿੱਚ ਫ਼ਰਵਰੀ ਮਹੀਨਾ 28 ਦਿਨਾਂ ਦਾ ਹੁੰਦਾ ਹੈ। ਯਾਦ ਰੱਖੋ ਜਿਹੜੇ ਸਾਲ ਦਾ ਸੰਨ 4 ਨਾਲ ਪੂਰਾ ਵੰਡਿਆ ਜਾ ਸਕਦਾ ਹੈ ਉਹ ਲੀਪ ਸਾਲ ਹੁੰਦਾ ਹੈ ਜਿਵੇਂ 1988, 1992, 1996, 2000, 2004, 2008, 2012 ਆਦਿ ਲੀਪ ਸਾਲ ਹਨ।

**ACTIVITY**

ਪਤਾ ਲਗਾਓ ਕਿ ਲੀਪ ਦਾ ਅਗਲਾ ਸਾਲ ਕਿਹੜਾ ਹੋਵੇਗਾ।

ਸੂਰਜ ਦੇ ਦੁਆਲ਼ੇ ਘੁੰਮਦਿਆਂ ਧਰਤੀ ਦਾ ਪੰਧ ਬਿਲਕੁਲ ਗੋਲ ਨਹੀਂ ਹੁੰਦਾ ਸਗੋਂ ਇਹ ਅੰਡਾਕਾਰ ਹੁੰਦਾ ਹੈ ਤੇ ਇਸ ਪੰਧ ਨੂੰ ਗ੍ਰਹਿ ਪੰਧ ਵੀ ਆਖਦੇ ਹਨ। ਧਰਤੀ ਸੂਰਜ ਦੇ ਦੁਆਲੇ ਬਹੁਤ ਤੇਜ਼ ਰਫ਼ਤਾਰ ਨਾਲ ਘੁੰਮਦੀ ਹੈ ਅਰਥਾਤ ਇੱਕ ਲੱਖ ਤੋਂ ਵੱਧ ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਹੁੰਦੀ ਹੈ। ਸੂਰਜ ਹਮੇਸ਼ਾ ਹੀ ਮੱਧ ਵਿੱਚ ਹੁੰਦਾ ਹੈ। ਸੂਰਜ ਧਰਤੀ ਤੋਂ ਲਗਪਗ 15 ਕਰੋੜ ਕਿਲੋਮੀਟਰ ਦੂਰ ਹੈ।




*ਚਿੱਤਰ 2.3 ਧਰਤੀ ਦੀ ਵਾਰਸ਼ਿਕ ਗਤੀ*


ਧਰਤੀ ਦੇ ਸੂਰਜ ਦੁਆਲੇ ਪਰਿਕਰਮਾ ਦੌਰਾਨ ਆਪਣੇ ਧੁਰੇ ਉੱਤੇ 66½° ਦੇ ਕੋਣ 'ਤੇ ਝੁਕੇ ਹੋਣ ਕਰਕੇ ਉੱਤਰੀ ਅਰਧ ਗੋਲੇ ਦਾ ਅੱਧੇ ਤੋਂ ਵੱਧ ਹਿੱਸਾ 21 ਮਾਰਚ ਤੋਂ 23 ਸਤੰਬਰ ਤੱਕ ਸੂਰਜ ਦੇ ਸਾਹਮਣੇ ਰਹਿੰਦਾ ਹੈ। ਇਸੇ ਦੌਰਾਨ ਉੱਤਰੀ ਧਰੁਵ ਜੋ ਕਿ ਰਕਬੇ ਵਜੋਂ ਸਿਰਫ ਇੱਕ ਬਿੰਦੂ ਹੈ, ਸਾਰਾ ਸਮਾਂ (ਦੈਨਿਕ ਗਤੀ ਸਮੇਂ) ਸੂਰਜ ਦੇ ਸਾਹਮਣੇ ਹੁੰਦਾ ਹੈ ਜਿਸ ਕਰਕੇ ਉੱਤਰੀ ਧਰੁਵ 'ਤੇ ਛੇ ਮਹੀਨਿਆਂ ਦਾ ਦਿਨ ਹੁੰਦਾ ਹੈ। ਧਰਤੀ ਦੀ ਇਹ ਸਥਿਤੀ ਵਾਰਸ਼ਿਕ ਗਤੀ ਨਾਲ ਤਬਦੀਲ ਹੋਣ ਮਗਰੋਂ ਹੀ 23 ਸਤੰਬਰ ਤੋਂ 21 ਮਾਰਚ ਤੱਕ ਦੱਖਣੀ ਧਰੁਵ ਨੂੰ ਅਗਲੇ ਛੇ ਮਹੀਨੇ ਲਗਾਤਾਰ ਸੂਰਜ ਦੀ ਰੌਸ਼ਨੀ ਪ੍ਰਾਪਤ ਹੁੰਦੀ ਹੈ ਜਿਸ ਕਰਕੇ ਇੱਥੇ ਛੇ ਮਹੀਨੇ ਦਿਨ ਚੜ੍ਹਿਆ ਰਹਿੰਦਾ ਹੈ, ਇਸ ਤਰ੍ਹਾਂ ਧਰੁਵਾਂ 'ਤੇ 6 ਮਹੀਨਿਆਂ ਦਾ ਦਿਨ ਅਤੇ 6 ਮਹੀਨਿਆਂ ਦੀ ਰਾਤ ਹੁੰਦੀ ਹੈ। ਇਸ ਦੌਰਾਨ ਭੂਗੋਲਿਕ ਤੌਰ 'ਤੇ 21 ਜੂਨ ਨੂੰ ਸੂਰਜ ਦੀਆਂ ਕਿਰਨਾਂ ਕਰਕ ਰੇਖਾ ਉੱਤੇ ਸਿੱਧੀਆਂ ਪੈਂਦੀਆਂ ਹਨ ਅਤੇ 22 ਦਸੰਬਰ ਨੂੰ ਮਕਰ ਰੇਖਾ ਉੱਤੇ। ਇੰਜ ਜੂਨ ਵਿੱਚ ਉੱਤਰੀ ਅਰਧ-ਗੋਲੇ ਵਿੱਚ ਗਰਮੀਆਂ ਦੀ ਰੁੱਤ ਹੁੰਦੀ ਹੈ ਤੇ ਦਸੰਬਰ ਵਿੱਚ ਦੱਖਣੀ ਅਰਧ ਗੋਲੇ ਵਿੱਚ।

ਸਾਰੇ ਸੰਸਾਰ ਵਿੱਚ 21 ਮਾਰਚ ਅਤੇ 23 ਸਤੰਬਰ ਨੂੰ ਦਿਨ ਅਤੇ ਰਾਤ ਦੀ ਲੰਬਾਈ ਲਗਪਗ ਬਰਾਬਰ ਹੁੰਦੀ ਹੈ। ਕਿਉਂਕਿ ਇਨ੍ਹਾਂ ਦੋਹਾਂ ਦਿਨਾਂ ਨੂੰ ਕੋਈ ਵੀ ਧਰੁਵ ਸੂਰਜ ਵਲ ਝੁਕਿਆ ਨਹੀਂ ਹੁੰਦਾ ਤੇ ਸੂਰਜ ਦੀਆਂ ਕਿਰਨਾਂ ਭੂ-ਮੱਧ ਰੇਖਾ ਉੱਤੇ ਹੀ ਸਿੱਧੀਆਂ ਪੈ ਰਹੀਆਂ ਹੁੰਦੀਆਂ ਹਨ। ਇਸ ਅਵਸਥਾ ਨੂੰ ਵਿਸੂਵੀ (Equinoxes) ਆਖਦੇ ਹਨ।

***ਵਿਸੂਵੀ ਜਾਂ ਸਮਰਾਤਰੀ (Equinox)*** : *ਉਹ ਸਮਾਂ ਜਦੋਂ ਸੂਰਜ ਦੀਆਂ ਕਿਰਨਾਂ ਭੂ-ਮੱਧ ਰੇਖਾ ਤੇ ਸਿੱਧੀਆਂ ਪੈਂਦੀਆਂ ਹਨ ਤੇ ਦਿਨ ਰਾਤ ਦੀ ਲੰਬਾਈ ਬਰਾਬਰ ਹੁੰਦੇ ਹਨ।*

## ਰੁੱਤ-ਤਬਦੀਲੀ (ਪਰਿਵਰਤਨ) :

ਰੁੱਤ-ਤਬਦੀਲੀ ਵੀ ਵਿਸ਼ੇਸ਼ ਕਰਕੇ ਵਾਰਸ਼ਿਕ ਗਤੀ ਕਰਕੇ ਹੁੰਦੀ ਹੈ। ਦੂਸਰਾ ਕਾਰਨ ਧਰਤੀ 66½° ਦੇ ਝੁਕਾਓ ਕੋਣ ਕਰਕੇ ਹੈ ਜੋ ਧਰਤੀ ਦਾ ਧੁਰਾ ਆਪਣੇ ਗ੍ਰਹਿ ਪੰਧ ਨਾਲ ਬਣਾਉਂਦਾ ਹੈ। ਅਰਥਾਤ ਧਰਤੀ ਸਿੱਧੀ ਨਹੀਂ ਘੁੰਮਦੀ ਸਗੋਂ ਝੁਕ ਕੇ (66½° ਦਾ ਕੋਣ ਬਣਾ ਕੇ) ਘੁੰਮਦੀ ਹੈ। ਇਸ ਸਭ ਬਾਰੇ ਜਾਣਕਾਰੀ ਤੁਸੀਂ ਚਿੱਤਰ 3.4 ਨੂੰ ਵੇਖਣ ਉਪਰੰਤ ਪ੍ਰਾਪਤ ਕਰ ਲਵੋਗੇ। ਚਿੱਤਰ ਤੋਂ ਪਤਾ ਲੱਗਦਾ ਹੈ ਕਿ ਸੂਰਜ ਦੁਆਲੇ ਘੁੰਮਦਿਆਂ ਧਰਤੀ ਨੂੰ ਚਾਰ ਹਾਲਤਾਂ ਵਿੱਚੋਂ ਨਿਕਲਣਾ ਪੈਂਦਾ ਹੈ।




***ਚਿੱਤਰ 2.4*** *ਵਾਰਸ਼ਿਕ ਗਤੀ ਸਮੇਂ ਰੁੱਤ-ਪਰਿਵਰਤਨ ਚੱਕਰ*

ਉੱਪਰ ਦਿੱਤੇ ਚਿੱਤਰ ਵੱਲ ਧਿਆਨ ਦਿਓ :-

### 21 ਜੂਨ ਦੀ ਸਥਿਤੀ :

1. ਉੱਤਰੀ ਧਰੁਵ ਸੂਰਜ ਵੱਲ ਝੁਕਿਆ ਹੋਇਆ ਅਤੇ ਦੱਖਣੀ ਧਰੁਵ ਸੂਰਜ ਤੋਂ ਪਰ੍ਹਾਂ ਦਿਖਾਈ ਦਿੰਦਾ ਹੈ। ਇਸ ਲਈ ਉੱਤਰੀ ਧਰੁਵ ਤੇ ਲਗਾਤਾਰ ਦਿਨ ਅਤੇ ਦੱਖਣੀ ਧਰੁਵ ਤੇ ਲਗਾਤਾਰ ਹਨੇਰਾ (ਰਾਤ) ਹੋਵੇਗਾ।
2. ਸੂਰਜ ਦੀਆਂ ਕਿਰਨਾਂ ਕਰਕ ਰੇਖਾ ਅਤੇ ਊਸ਼ਣ ਖੰਡੀ ਖੇਤਰ ਵਿੱਚ ਸਿੱਧੀਆਂ ਪੈਂਦੀਆਂ ਹਨ।
3. ਉੱਤਰੀ-ਗੋਲਾਰਧ ਦੇ ਬਹੁਤੇ ਭਾਗ ਤੇ ਸੂਰਜ ਦੀਆਂ ਕਿਰਨਾਂ ਪੈਂਦੀਆਂ ਹਨ ਜਿਸ ਦੇ ਨਤੀਜੇ ਵਜੋਂ ਉਥੇ ਦਿਨ ਵੱਡੇ ਅਤੇ ਰਾਤਾਂ ਛੋਟੀਆਂ ਹੁੰਦੀਆਂ ਹਨ ਇਸ ਤਰ੍ਹਾਂ ਉਸ ਸਮੇਂ ਉੱਤਰੀ ਅਰਧ ਗੋਲੇ ਵਿੱਚ ਗਰਮੀਆਂ ਦਾ ਮੌਸਮ ਹੁੰਦਾ ਹੈ। ਅਜਿਹਾ 21 ਜੂਨ ਨੂੰ ਹੁੰਦਾ ਹੈ ਜਦੋਂ ਸੂਰਜ ਕਰਕ ਰੇਖਾ ਤੇ ਸਿੱਧਾ ਚਮਕਦਾ ਹੈ। ਜਿਸ ਨੂੰ ਕਰਕ ਸਕ੍ਰਾਂਤੀ/ਊਸ਼ਣ-ਅਯਨਾਂਤ *(Summer Solstice)* ਆਖਦੇ ਹਨ। ਇਸ ਦਿਨ ਕਰਕ ਰੇਖਾ ਦੇ ਇਲਾਕੇ ਵਿੱਚ ਦਿਨ ਦੀ ਲੰਬਾਈ ਸਭ ਤੋਂ ਵੱਧ ਤੇ ਰਾਤ ਛੋਟੀ ਹੁੰਦੀ ਹੈ।

### 22 ਦਸੰਬਰ ਦੀ ਸਥਿਤੀ :

1. ਇਸ ਸਥਿਤੀ ਵੇਲੇ ਦੱਖਣੀ ਧਰੁਵ ਸੂਰਜ ਵੱਲ ਝੁਕਿਆ ਹੁੰਦਾ ਹੈ ਅਤੇ ਉੱਤਰੀ ਧਰੁਵ ਸੂਰਜ ਤੋਂ ਪਰ੍ਹੇ ਹੁੰਦਾ ਹੈ।
2. ਸੂਰਜ ਦੀਆਂ ਕਿਰਨਾਂ ਮਕਰ ਰੇਖਾ (23½° ਦੱਖਣ) ਤੇ ਸਿੱਧੀਆਂ ਪੈਂਦੀਆਂ ਹਨ ਜਿਸ ਕਰਕੇ ਇੱਥੇ ਦਿਨ ਲੰਬੇ ਅਤੇ ਰਾਤਾਂ ਛੋਟੀਆਂ ਹੁੰਦੀਆਂ ਹਨ। ਦੱਖਣੀ ਅਰਧ ਗੋਲੇ ਵਿੱਚ ਗਰਮੀ ਦੀ ਰੁੱਤ ਹੁੰਦੀ ਹੈ। 25 ਦਸੰਬਰ ਨੂੰ ਜਦੋਂ ਕਰਿਸਮਸ ਮਨਾਈ ਜਾਂਦੀ ਹੈ ਤਾਂ ਉੱਦੋਂ ਉੱਤਰੀ ਅਰਧ ਗੋਲੇ ਵਿੱਚ ਸ਼ੀਤ ਰੁੱਤ (ਜਿਵੇਂ ਕਿ ਇੰਗਲੈਂਡ, ਯੂ.ਐੱਸ.ਏ., ਭਾਰਤ ਆਦਿ) ਹੁੰਦੀ ਹੈ। ਦੱਖਣੀ ਅਰਧ ਗੋਲੇ ਵਿੱਚ ਗਰਮੀਆਂ ਦੀ ਰੁੱਤ (ਜਿਵੇਂ ਆਸਟਰੇਲੀਆ, ਦੱਖਣੀ ਅਮਰੀਕਾ ਆਦਿ) ਹੁੰਦੀ ਹੈ। ਯਾਦ ਰੱਖਣ ਵਾਲੀ ਗੱਲ ਹੈ ਕਿ ਜਦੋਂ ਸੂਰਜ ਮਕਰ ਰੇਖਾ ਤੇ ਚਮਕਦਾ ਹੈ ਤਾਂ ਇਸ ਨੂੰ ਸ਼ੀਤ-ਅਯਨਾਂਤ/ਮਕਰ ਸਕ੍ਰਾਂਤੀ *(Winter Solstice)* ਆਖਦੇ ਹਨ। ਇਸ ਦਿਨ ਉੱਤਰੀ ਅਰਧ ਗੋਲੇ ਵਿੱਚ ਰਾਤ ਸਭ ਤੋਂ ਲੰਬੀ ਤੇ ਦਿਨ ਛੋਟਾ ਹੁੰਦਾ ਹੈ ਪਰ ਦੱਖਣੀ ਅਰਧ ਗੋਲੇ ਵਿੱਚ ਸਥਿਤੀ ਇਸ ਤੋਂ ਬਿਲਕੁਲ ਉਲਟ ਹੁੰਦੀ ਹੈ।

## 21 ਮਾਰਚ ਅਤੇ 23 ਸਤੰਬਰ ਦੀ ਸਥਿਤੀ :

1. ਇਨ੍ਹਾਂ ਦਿਨਾਂ ਵਿੱਚ ਨਾ ਤਾਂ ਉੱਤਰੀ ਧਰੁਵ ਝੁਕਿਆ ਹੁੰਦਾ ਹੈ ਅਤੇ ਨਾ ਹੀ ਦੱਖਣੀ ਧਰੁਵ ਪਰ੍ਹੇ ਹੁੰਦਾ ਹੈ। ਭਾਵ ਸੂਰਜ ਕਾਫ਼ੀ ਹੱਦ ਤੱਕ ਧਰਤੀ ਦੇ ਮੱਧ ਉੱਤੇ ਸਿੱਧਾ ਚਮਕਦਾ ਹੈ।

2. ਇਨ੍ਹਾਂ ਦੋਹਾਂ ਦਿਨਾਂ ਵਿੱਚ ਸੂਰਜ ਦੀਆਂ ਕਿਰਨਾਂ ਭੂ-ਮੱਧ ਰੇਖਾ ਤੇ ਸਿੱਧੀਆਂ ਪੈਂਦੀਆਂ ਹਨ। ਨਤੀਜੇ ਵਜੋਂ ਸਾਰੇ ਸੰਸਾਰ ਵਿੱਚ ਦਿਨ ਅਤੇ ਰਾਤ ਬਰਾਬਰ ਹੁੰਦੇ ਹਨ। 21 ਮਾਰਚ ਨੂੰ ਉੱਤਰੀ ਅਰਧ ਗੋਲੇ ਵਿੱਚ ਬਸੰਤ ਰੁੱਤ ਸ਼ੁਰੂ ਹੁੰਦੀ ਹੈ। ਇਸ ਲਈ ਇਸ ਦਿਨ ਨੂੰ ਬਸੰਤ-ਵਿਸੂਵੀ ਜਾਂ ਸਮਰਾਤਰੀ *(Spring Equinox)* ਆਖਦੇ ਹਨ। 23 ਸਤੰਬਰ ਨੂੰ ਉੱਤਰੀ ਅਰਧ ਗੋਲੇ ਵਿੱਚ ਪਤਝੜ ਹੁੰਦੀ ਹੈ। ਇਸ ਕਰਕੇ ਇਸਨੂੰ ਪਤਝੜ ਵਿਸੂਵੀ ਜਾਂ ਸਮਰਾਤਰੀ *(Autumn Equinox)* ਆਖਦੇ ਹਨ। ਦੱਖਣੀ ਅਰਧ ਗੋਲੇ ਵਿੱਚ ਉੱਤਰੀ ਅਰਧ ਗੋਲੇ ਨਾਲੋਂ ਮੌਸਮ ਦੀ ਦਸ਼ਾ ਉਲਟ ਹੁੰਦੀ ਹੈ। ਭੂ-ਮੱਧ ਰੇਖਾ ਤੇ ਸੂਰਜ ਦੀਆਂ ਕਿਰਨਾਂ ਹਮੇਸ਼ਾਂ ਸਿੱਧੀਆਂ ਪੈਂਦੀਆਂ ਹਨ ਜਿਸ ਕਰਕੇ ਇੱਥੇ ਇੱਕੋ ਹੀ ਮੌਸਮ ਹੁੰਦਾ ਹੈ ਇਸਨੂੰ ਲੰਬੀ ਗਰਮੀ ਰੁੱਤ ਆਖਦੇ ਹਨ।

### ਯਾਦ ਰੱਖਣ ਯੋਗ ਨੁਕਤੇ

1. ਧਰਤੀ ਹਰ ਵੇਲੇ ਦੋ ਗਤੀਆਂ ਕਰਦੀ ਰਹਿੰਦੀ ਹੈ। ਇਕ ਆਪਣੇ ਧੁਰੇ ਦੁਆਲੇ ਘੁੰਮਣ ਵਾਲੀ ਗਤੀ ਭਾਵ ਦੈਨਿਕ ਗਤੀ, ਦੂਸਰਾ ਸੂਰਜ ਦੁਆਲੇ ਘੁੰਮਣ ਵਾਲੀ ਗਤੀ ਭਾਵ ਵਾਰਸ਼ਿਕ ਗਤੀ।
2. ਧਰਤੀ ਦੀ ਵਾਰਸ਼ਿਕ ਗਤੀ 365(1/4) ਦਿਨਾਂ ਵਿਚ ਪੂਰੀ ਹੁੰਦੀ ਹੈ ਤੇ ਕੈਲੰਡਰ ਦਾ ਸਾਲ 365 ਦਿਨਾਂ ਦਾ ਹੁੰਦਾ ਹੈ ਜਦੋਂ ਕਿ ਹਰ ਚੌਥਾ ਸਾਲ 366 ਦਿਨਾਂ ਦਾ ਹੁੰਦਾ ਹੈ ਤੇ ਲੀਪ ਦਾ ਸਾਲ ਕਹਾਉਂਦਾ ਹੈ।
3. ਦੈਨਿਕ ਗਤੀ ਦਾ ਸਿੱਧਾ ਅਸਰ ਦਿਨ ਤੇ ਰਾਤ ਦਾ ਪੈਣਾ ਹੈ ਜਦੋਂ ਕਿ ਵਾਰਸ਼ਿਕ ਗਤੀ ਦਾ ਸਿੱਧਾ ਅਸਰ ਦਿਨ ਤੇ ਰਾਤ ਦੀ ਲੰਬਾਈ ਵਿਚ ਤਬਦੀਲੀ ਤੇ ਰੁੱਤਾਂ ਦਾ ਬਦਲਣਾ ਹੈ।
4. ਉੱਤਰੀ ਦੇ ਦੱਖਣੀ ਅਰਧ ਗੋਲੇ ਵਿੱਚ ਰੁੱਤਾਂ ਇੱਕ ਦੂਸਰੇ ਤੋਂ ਬਿਲਕੁਲ ਉਲਟ ਹੁੰਦੀਆਂ ਹਨ।

## ਅਭਿਆਸ

### I. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :

(1) ਧਰਤੀ ਦੀ ਦੈਨਿਕ ਗਤੀ ਕੀ ਹੁੰਦੀ ਹੈ ?

(2) ਰੁੱਤਾਂ ਬਣਨ ਦੇ ਕੀ ਕਾਰਨ ਹਨ ?

(3) 21 ਜੂਨ ਨੂੰ ਸੂਰਜ ਦੀਆਂ ਕਿਰਨਾਂ ਕਿੱਥੇ ਸਿੱਧੀਆਂ ਪੈਂਦੀਆਂ ਹਨ ?

(4) ਉੱਤਰੀ ਅਰਧ ਗੋਲੇ ਵਿੱਚ 23 ਸਤੰਬਰ ਨੂੰ ਕਿਹੜਾ ਮੌਸਮ ਹੁੰਦਾ ਹੈ ?

(5) ਦੱਖਣੀ ਅਰਧ ਗੋਲੇ ਵਿੱਚ 23 ਸਤੰਬਰ ਨੂੰ ਕਿਹੜਾ ਮੌਸਮ ਹੁੰਦਾ ਹੈ ?

**II. ਹੇਠ ਲਿਖਿਆਂ ਵਿੱਚ ਅੰਤਰ ਦੱਸੋ :**

(1) ਦੈਨਿਕ ਗਤੀ ਅਤੇ ਵਾਰਸ਼ਿਕ ਗਤੀ।

**III. ਕਾਰਨ ਦੱਸੋ :**

(1) ਸੂਰਜ ਪੂਰਬ ਵਿੱਚੋਂ ਨਿਕਲਦਾ ਹੈ ਅਤੇ ਪੱਛਮ ਵਿੱਚ ਛੁਪਦਾ ਹੈ।

(2) ਦਿਨ ਅਤੇ ਰਾਤ ਹਮੇਸ਼ਾ ਬਰਾਬਰ ਨਹੀਂ ਹੁੰਦੇ।

(3) 21 ਜੂਨ ਨੂੰ ਦੱਖਣੀ ਧਰੁਵ ਤੇ ਲਗਾਤਾਰ ਹਨੇਰਾ ਹੁੰਦਾ ਹੈ।

(4) ਸੂਰਜ, ਚੰਨ ਅਤੇ ਤਾਰੇ ਪ੍ਰਿਥਵੀ ਦੁਆਲੇ ਪੂਰਬ ਤੋਂ ਪੱਛਮ ਵਲ ਘੁੰਮਦੇ ਕਿਉਂ ਨਜ਼ਰ ਆਉਂਦੇ ਹਨ ?

(5) ਲੀਪ ਦੇ ਸਾਲ ਦਾ ਕੀ ਅਰਥ ਹੈ ? ਇੱਕ ਆਮ ਸਾਲ ਨਾਲੋਂ ਲੀਪ ਦੇ ਸਾਲ ਵਿੱਚ ਇਕ ਦਿਨ ਵੱਧ ਕਿਉਂ ਹੁੰਦਾ ਹੈ ?

**IV. ਖਾਲੀ ਥਾਵਾਂ ਭਰੋ :**

(1) ਧਰਤੀ .............................. ਦਿਸ਼ਾ ਤੋਂ .............................. ਦਿਸ਼ਾ ਵਲ ਘੁੰਮਦੀ ਹੈ।

(2) .............................. ਇੱਕ ਕਲਪਿਤ ਕਿੱਲੀ ਹੈ ਜਿਸ ਦੇ ਦੁਆਲੇ ਧਰਤੀ ਘੁੰਮਦੀ ਹੈ।

(3) ਧਰਤੀ ਜਿਸ ਪੱਥ ਰਾਹੀਂ ਸੂਰਜ ਦੁਆਲੇ ਚੱਕਰ ਕੱਟਦੀ ਹੈ, ਨੂੰ .............................. ਆਖਦੇ ਹਨ।

(4) .............................. ਖੇਤਰਾਂ ਵਿੱਚ ਛੇ ਮਹੀਨੇ ਦਾ ਦਿਨ ਅਤੇ ਛੇ ਮਹੀਨੇ ਦੀ ਰਾਤ ਹੁੰਦੀ ਹੈ।

## ਗਤੀਵਿਧੀ

1. ਇੱਕ ਸਿੱਧੀ ਸੋਟੀ ਲੈ ਕੇ ਇਸ ਨੂੰ ਧਰਤੀ ਵਿੱਚ ਗੱਡੋ, ਫਿਰ ਇਸ ਦਾ ਪਰਛਾਵਾਂ ਨੋਟ ਕਰੋ। ਜਦੋਂ ਪਰਛਾਵਾਂ ਬਿਲਕੁਲ ਛੋਟਾ ਹੋਵੇਗਾ ਤਾਂ ਸੂਰਜ ਬਿਲਕੁੱਲ ਸਿਰ ਉੱਤੇ ਹੋਵੇਗਾ ਤਾਂ ਸਥਾਨਕ ਸਮੇਂ ਅਨੁਸਾਰ ਉਦੋਂ 12 ਵੱਜੇ ਹੋਣਗੇ। ਆਪਣੀ ਘੜੀ ਤੇ ਇਹ ਸਮਾਂ ਨੋਟ ਕਰ ਲਓ। ਫਿਰ ਭਾਰਤੀ ਪ੍ਰਮਾਣਿਕ ਸਮਾਂ ਅਤੇ ਇੱਕ ਸਥਾਨਕ ਸਮੇਂ ਦਾ ਅੰਤਰ ਕੱਢੋ।

2. ਅਖ਼ਬਾਰ ਵਿੱਚੋਂ ਦੇਸ਼ ਦੀਆਂ ਵੱਖ-ਵੱਖ ਥਾਵਾਂ ਤੇ ਸੂਰਜ ਚੜ੍ਹਨ ਅਤੇ ਛੁਪਣ ਦੇ ਸਮਿਆਂ ਦੀ ਸੂਚੀ ਬਣਾਓ। ਆਪਣੇ ਕਸਬੇ ਦੇ ਸਥਾਨਕ ਸਮੇਂ ਅਤੇ ਦੇਸ਼ ਦੀਆਂ ਧੁੱਰ ਪੂਰਬ ਅਤੇ ਧੁੱਰ ਪੱਛਮ ਵਾਲੀਆਂ ਥਾਵਾਂ ਦੇ ਸਮਿਆਂ ਦਾ ਅੰਤਰ ਪਤਾ ਕਰੋ।
3. ਹਰੇਕ ਮਹੀਨੇ ਦੇ ਪਹਿਲੇ ਦਿਨ ਦੀ ਲੰਬਾਈ ਪਤਾ ਕਰੋ ਅਤੇ ਦੱਸੋ ਕਿ ਸਾਲ ਦੇ ਕਿਹੜੇ ਮਹੀਨੇ ਦਾ ਦਿਨ ਸੱਭ ਤੋਂ ਲੰਬਾ ਹੁੰਦਾ ਹੈ ਅਤੇ ਕਿਉਂ ?
4. 'ਧਰਤੀ ਦੀਆਂ ਗਤੀਆਂ' ਵਿਸ਼ੇ ਉਤੇ ਜਮਾਤ ਵਿੱਚ ਕੁਇਜ਼ ਮੁਕਾਬਲਾ ਕਰਵਾਇਆ ਜਾਵੇ।

ਪਾਠ 3

# ਗਲੋਬ : ਧਰਤੀ ਦਾ ਮਾਡਲ

ਧਰਤੀ ਦਾ ਆਕਾਰ ਬਹੁਤ ਵੱਡੇ ਗੋਲੇ ਵਾਂਗ ਹੈ। ਅਸੀਂ ਪੂਰੀ ਧਰਤੀ ਨੂੰ ਇੱਕੋ ਸਮੇਂ ਨਹੀਂ ਦੇਖ ਸਕਦੇ, ਇਸ ਲਈ ਧਰਤੀ ਨੂੰ ਪੂਰਾ ਦੇਖਣ ਅਤੇ ਪਰਖਣ ਲਈ, ਇਸ ਦਾ ਮਾਡਲ ਬਣਾਇਆ ਗਿਆ, ਜਿਸ ਨੂੰ ਗਲੋਬ ਆਖਦੇ ਹਨ। ਪਿਛਲੇ ਪਾਠ ਵਿੱਚ ਤੁਸੀਂ ਧਰਤੀ ਦੀਆਂ ਪੁਲਾੜ ਵਿੱਚੋਂ ਲਈਆਂ ਤਸਵੀਰਾਂ ਵੇਖੀਆਂ ਹਨ। ਧਰਤੀ ਦੀ ਨੁਹਾਰ ਕਿਵੇਂ ਦੀ ਹੈ ? ਤਸਵੀਰ ਵੇਖਣ ਤੋਂ ਪਤਾ ਲਗਦਾ ਹੈ ਕਿ ਧਰਤੀ ਗੋਲ ਹੈ, ਇਸ ਨੂੰ ਗੋਲਾਕਾਰ ਸ਼ਕਲ ਦੀ ਆਖਦੇ ਹਨ, ਇਸ ਨੂੰ ਧਰਤ-ਗੋਲਾ ਵੀ ਆਖਿਆ ਜਾਂਦਾ ਹੈ। ਅਸਲ ਵਿੱਚ ਧਰਤੀ ਬਿਲਕੁਲ ਗੇਂਦ ਵਾਂਗ ਗੋਲ ਨਹੀਂ ਬਲਕਿ ਸਿਰਿਆਂ ਤੋਂ ਕੁਝ ਚਪਟੀ ਹੈ। ਇਸ ਲਈ ਗਲੋਬ ਧਰਤੀ ਦਾ ਬਿਲਕੁਲ ਸਹੀ ਮਾਡਲ ਹੈ ਇਹ ਇੱਕ ਤ੍ਰੈ-ਪਾਸੀ (Three Dimensional) ਮਾਡਲ ਹੈ। ਇਸ ਲਈ ਧਰਤੀ ਦੀ ਸਹੀ ਸ਼ਕਲ ਦਾ ਪ੍ਰਤੀਕ ਹੈ।



**3.1** *ਗਲੋਬ*

ਗਲੋਬ ਨੂੰ ਗਹੁ ਨਾਲ਼ ਦੇਖੋ, ਇਸ ਉੱਤੇ ਮਹਾਂਦੀਪਾਂ, ਮਹਾਂਸਾਗਰਾਂ ਦੇ ਆਕਾਰ, ਦੂਰੀਆਂ ਅਤੇ ਇਨ੍ਹਾਂ ਦੀਆਂ ਦਿਸ਼ਾਵਾਂ ਬਿਲਕੁਲ ਠੀਕ ਦਿਖਾਈਆਂ ਗਈਆਂ ਹਨ। ਦੂਸਰੇ ਸ਼ਬਦਾਂ ਵਿੱਚ ਗਲੋਬ ਹੀ ਧਰਤੀ ਦਾ ਪ੍ਰਤੀਰੂਪ ਹੈ। ਧਰਤੀ ਦੇ ਭੂ-ਰੂਪਾਂ ਦਾ ਕਿਸੇ ਪ੍ਰਤੀਨਿਧ ਨਾਪ ਅਨੁਸਾਰ ਆਕਾਰ ਅਤੇ ਅਸਲ ਵਰਗੀ ਨੁਹਾਰ, ਗਲੋਬ ਉੱਤੇ ਦਿਖਾਇਆ ਜਾਂਦਾ ਹੈ, ਜਿਵੇਂ ਕਿ ਮਹਾਂਦੀਪ ਅਤੇ ਮਹਾਂਸਾਗਰ।

ਗਲੋਬ ਦੇ ਚਿੱਤਰ ਵੱਲ ਦੇਖਿਆਂ ਉੱਪਰਲੇ ਸਿਰੇ ਅਤੇ ਹੇਠਲੇ ਸਿਰੇ ਤੇ ਪੇਚ ਦਿਖਾਈ ਦੇਣਗੇ। ਉੱਪਰਲੇ ਸਿਰੇ ਨੂੰ ਉੱਤਰੀ ਧਰੁਵ ਅਤੇ ਹੇਠਲੇ ਸਿਰੇ ਨੂੰ ਦੱਖਣੀ ਧਰੁਵ ਮੰਨਿਆ ਜਾਂਦਾ ਹੈ। ਅੱਗੇ ਗਲੋਬ ਦੇ ਅੱਧ-ਵਿਚਕਾਰੋਂ ਪੂਰਬ ਤੋਂ ਪੱਛਮ ਦਿਸ਼ਾ ਵੱਲ ਨੂੰ ਇੱਕ ਰੇਖਾ ਦਿਖਾਈ ਦਿੰਦੀ ਹੈ। ਇਸ ਨੂੰ ਭੂ-ਮੱਧ ਰੇਖਾ ਮੰਨਿਆ ਜਾਂਦਾ ਹੈ ਇਹ ਕੇਵਲ ਕਲਪਿਤ ਰੇਖਾ ਹੈ ਜੋ ਕਿ ਵਿਗਿਆਨੀਆਂ ਨੇ ਧਰਤੀ ਦਾ ਅਧਿਐਨ ਕਰਨ ਲਈ ਖਿੱਚੀ ਹੈ। ਇਹ ਰੇਖਾ ਧਰਤ-ਗੋਲੇ ਨੂੰ ਦੋ ਅਰਧ ਭਾਗਾਂ ਵਿੱਚ ਵੰਡਦੀ ਹੈ।

***ਭੂ-ਮੱਧ ਰੇਖਾ :*** *ਇਹ ਇੱਕ ਕਲਪਿਤ ਰੇਖਾ ਹੈ ਜੋ ਧਰਤੀ ਨੂੰ ਦੋ ਇੱਕ ਸਮਾਨ ਅਰਧ ਭਾਗਾਂ ਵਿੱਚ ਵੰਡਦੀ ਹੈ ਜਿਨ੍ਹਾਂ ਨੂੰ ਅਰਧ-ਗੋਲਾ ਆਖਦੇ ਹਨ।*


ਉੱਪਰਲੇ ਅਰਧ ਗੋਲੇ ਨੂੰ ਉੱਤਰੀ ਅਰਧ ਗੋਲਾ ਆਖਦੇ ਹਨ ਅਤੇ ਹੇਠਲੇ ਅਰਧ ਗੋਲੇ ਨੂੰ ਦੱਖਣੀ ਅਰਧ ਗੋਲਾ ਆਖਦੇ ਹਨ।

***ਅਰਧ ਗੋਲਾ :*** *ਗੋਲੇ ਦੇ ਅੱਧੇ ਭਾਗ ਨੂੰ ਅਰਧ ਗੋਲਾ ਆਖਦੇ ਹਨ।*

## ਅਕਸ਼ਾਂਸ਼ (ਵਿਥਕਾਰ) :

ਵਿਗਿਆਨਕਾਂ ਨੇ ਗਲੋਬ ਨੂੰ ਧਰਤੀ ਦਾ ਪ੍ਰਤੀਰੂਪ ਮੰਨਦਿਆਂ ਧਰਤੀ ਦਾ ਅਧਿਐਨ ਕਰਨ ਲਈ ਪੂਰਬ-ਪੱਛਮ ਦਿਸ਼ਾ ਵਿੱਚ ਕਲਪਿਤ ਰੇਖਾਵਾਂ ਖਿੱਚੀਆਂ ਹਨ। ਇਹ ਸਾਰੀਆਂ ਰੇਖਾਵਾਂ ਗੋਲਾਕਾਰ ਰੂਪ ਹਨ। ਇਹ ਭੂ-ਮੱਧ ਰੇਖਾ ਦੇ ਸਮਾਨੰਤਰ ਹਨ। ਇਹਨਾਂ ਨੂੰ ਅਕਸ਼ਾਂਸ਼/ਵਿਥਕਾਰ ਰੇਖਾਵਾਂ ਆਖਦੇ ਹਨ।

***ਸਮਾਨੰਤਰ ਰੇਖਾਵਾਂ :*** *ਉਹ ਰੇਖਾਵਾਂ ਹਨ ਜਿਹੜੀਆਂ ਇੱਕ ਦੂਜੇ ਨਾਲੋਂ ਇੱਕੋ ਹੀ ਵਿੱਥ ਨਾਲ ਖਿੱਚੀਆਂ ਜਾਂਦੀਆਂ ਹਨ ਤੇ ਇਹ ਰੇਖਾਵਾਂ ਇੱਕ ਦੂਜੇ ਨੂੰ ਕਿਸੇ ਵੀ ਬਿੰਦੂ ਉੱਤੇ ਨਹੀਂ ਕਟਦੀਆਂ। ਇਹ ਸਿੱਧੀਆਂ ਜਾਂ ਗੋਲਾਕਾਰ ਕਿਸੇ ਤਰ੍ਹਾਂ ਦੀਆਂ ਹੋ ਸਕਦੀਆਂ ਹਨ।*




**ਚਿੱਤਰ 3.2** *ਅਕਸ਼ਾਂਸ਼ ਰੇਖਾਵਾਂ (ਵਿਥਕਾਰ)*


ਉੱਪਰਲੇ ਚਿੱਤਰ ਵੱਲ ਦੇਖੋ, 0° ਅਕਸ਼ਾਂਸ਼ ਵਿੱਚੋਂ ਖਿਚੀ ਰੇਖਾ ਨੂੰ ਭੂ-ਮੱਧ ਰੇਖਾ ਆਖਦੇ ਹਨ, ਇਸ ਰੇਖਾ ਤੋਂ ਉੱਤਰ ਵੱਲ ਅਕਸ਼ਾਸ਼ਾਂ 'ਚੋਂ ਖਿੱਚੀਆਂ ਰੇਖਾਵਾਂ ਨਾਲ N. ਜਾਂ ਉੱਤਰ ਲਿਖਿਆ ਜਾਂਦਾ ਹੈ ਅਤੇ ਦੱਖਣ ਵੱਲ ਦੇ ਅਕਸ਼ਾਂਸ਼ਾਂ 'ਚ ਖਿੱਚੀਆਂ ਰੇਖਾਵਾਂ ਨਾਲ S. ਜਾਂ ਦੱਖਣ ਲਿਖਿਆ ਜਾਂਦਾ ਹੈ। ਇਸ ਤਰ੍ਹਾਂ ਉੱਤਰ ਵਾਲੀਆਂ ਰੇਖਾਵਾਂ ਨੂੰ ਉੱਤਰੀ ਅਕਸ਼ਾਂਸ਼ ਅਤੇ ਦੱਖਣ ਵਾਲੀਆਂ ਨੂੰ ਦੱਖਣੀ ਅਕਸ਼ਾਂਸ਼ ਰੇਖਾਵਾਂ ਆਖਦੇ ਹਨ। ਭੂ-ਮੱਧ ਰੇਖਾ ਤੋਂ ਉੱਤਰ ਵੱਲ 90 ਅਕਸ਼ਾਂਸ਼ ਰੇਖਾਵਾਂ ਅਤੇ ਦੱਖਣ ਵੱਲ ਵੀ 90 ਅਕਸ਼ਾਂਸ਼ ਰੇਖਾਵਾਂ ਖਿੱਚੀਆਂ ਗਈਆਂ ਮੰਨੀਆਂ ਜਾਂਦੀਆਂ ਹਨ। ਇਸ ਤਰ੍ਹਾਂ ਭੂ-ਮੱਧ ਰੇਖਾ ਸਮੇਤ ਵਿਥਕਾਰਾਂ ਦੀ ਕੁਲ ਗਿਣਤੀ 181 ਬਣਦੀ ਹੈ।

ਤੁਹਾਨੂੰ ਪਹਿਲਾਂ ਹੀ ਪਤਾ ਹੈ ਕਿ ਵਿਥਕਾਰ ਜਾਂ ਅਕਸ਼ਾਂਸ਼ ਗੋਲਾਕਾਰ ਰੇਖਾਵਾਂ ਹਨ ਤੇ ਭੂ-ਮੱਧ ਰੇਖਾ ਦਾ ਵਿਥਕਾਰੀ ਗੋਲਾ ਸੱਭ ਤੋਂ ਵੱਡਾ ਹੈ। ਜਿਉਂ-ਜਿਉਂ ਭੂਮੱਧ ਰੇਖਾ ਦੇ ਉੱਤਰ ਜਾਂ ਦੱਖਣ ਵਲ ਜਾਈਏ ਤਾਂ ਅਕਸ਼ਾਂਸ਼ਾਂ ਤੋਂ ਖਿੱਚੇ ਗੋਲਿਆਂ ਦਾ ਆਕਾਰ ਛੋਟਾ ਹੁੰਦਾ ਜਾਂਦਾ ਹੈ ਅਤੇ ਅੰਤ ਉੱਤਰੀ ਧਰੁਵ (90° ਉੱਤਰ) ਦੱਖਣੀ ਧਰੁਵ (90° ਦੱਖਣ) ਇੱਕ ਬਿੰਦੂ ਹੀ ਰਹਿ ਜਾਂਦੇ ਹਨ।

ਭੂ-ਮੱਧ ਰੇਖਾ ਤੋਂ ਦੂਸਰੇ ਅਕਸ਼ਾਂਸ਼ ਦੀ ਦੂਰੀ ਕੋਣ ਦੂਰੀ ਹੁੰਦੀ ਹੈ ਜਿਸਨੂੰ ਡਿਗਰੀ ਦੀ ਇਕਾਈ ਵਿੱਚ ਦਰਸਾਇਆ ਜਾਂਦਾ ਹੈ। ਅੱਗੇ ਇੱਕ ਡਿਗਰੀ 60 ਮਿੰਟਾਂ ਵਿੱਚ ਅਤੇ ਇੱਕ ਮਿੰਟ ਅੱਗੇ 60 ਸੈਕਿੰਟਾਂ ਵਿੱਚ ਵੰਡਿਆ ਜਾਂਦਾ ਹੈ।

### ਪ੍ਰਮੁੱਖ ਵਿਥਕਾਰ :

ਭੂ-ਮੱਧ ਰੇਖਾ ਇੱਕ ਮਹੱਤਵਪੂਰਨ ਅਕਸ਼ਾਂਸ਼ ਹੈ ਜੋ ਧਰਤੀ (ਗਲੋਬ) ਨੂੰ ਦੋ ਬਰਾਬਰ ਹਿੱਸਿਆਂ ਵਿੱਚ ਵੰਡਦਾ ਮੰਨਿਆ ਗਿਆ ਹੈ। ਇਸ ਤੋਂ ਇਲਾਵਾ ਹੋਰ ਵੀ ਪ੍ਰਮੁੱਖ ਵਿਥਕਾਰ (ਅਕਸ਼ਾਂਸ਼) ਰੇਖਾਵਾਂ ਹਨ। 0 ਤੋਂ 23½° ਉੱਤਰ ਵਿੱਚ ਖਿੱਚੇ ਅਕਸ਼ਾਂਸ਼ (ਵਿਥਕਾਰ) ਨੂੰ **ਕਰਕ ਰੇਖਾ** ਆਖਦੇ




*ਚਿੱਤਰ 3.3 ਪ੍ਰਮੁੱਖ ਵਿਥਕਾਰ*

ਹਨ। 0 ਤੋਂ 23½° ਦੱਖਣੀ ਅਕਸ਼ਾਂਸ਼ ਵਿੱਚ ਖਿੱਚੀ ਰੇਖਾ ਨੂੰ ਮੱਕਰ ਰੇਖਾ ਆਖਦੇ ਹਨ। ਇਸ ਤਰ੍ਹਾਂ **ਕਰਕ ਰੇਖਾ** ਉੱਤਰੀ ਅਰਧ ਗੋਲੇ ਅਤੇ **ਮਕਰ ਰੇਖਾ** ਦੱਖਣੀ ਅਰਧ ਗੋਲੇ ਵਿੱਚ ਹਨ। ਕਰਕ ਰੇਖਾ ਭਾਰਤ ਦੇ ਲਗਪਗ ਮੱਧ ਵਿੱਚੋਂ ਲੰਘਦੀ ਹੈ।

ਆਰਕਟਿਕ ਵ੍ਰਿਤ ਜਾਂ ਚੱਕਰ ਅਤੇ ਅੰਟਾਰਕਟਿਕ ਵ੍ਰਿਤ ਜਾਂ ਚੱਕਰ ਅਕਸ਼ਾਂਸ਼ ਗੋਲਾਕਾਰ ਰੇਖਾਵਾਂ ਕਰਮਵਾਰ 66½° ਉੱਤਰ ਅਤੇ 66½° ਦੱਖਣ ਵਿੱਚ ਹਨ।

### ਅਕਸ਼ਾਂਸ਼ਾਂ ਦਾ ਮਹੱਤਵ :

ਅਕਸ਼ਾਂਸ਼ਾਂ ਦਾ ਸਾਡੇ ਲਈ ਬਹੁਤ ਮਹੱਤਵ ਹੈ। ਜੇ ਸਾਨੂੰ ਇਕ ਜਗ੍ਹਾਂ ਦੀ ਅਕਸ਼ਾਂਸ਼ੀ ਜਾਂ ਵਿੱਥਕਾਰੀ ਸਥਿਤੀ ਪਤਾ ਹੋਵੇਗੀ ਤਾਂ ਅਸੀਂ ਸਹਿਜੇ ਹੀ ਪਤਾ ਲਗਾ ਸਕਦੇ ਹਾਂ ਕਿ ਉੱਥੋਂ ਦੇ ਤਾਪਮਾਨ ਦੀ ਹਾਲਤ ਕੀ ਹੈ। ਧਰਤੀ ਗੋਲ ਹੋਣ ਕਾਰਨ ਸੂਰਜ ਦੀ ਗਰਮੀ ਧਰਤੀ ਦੇ ਹਰੇਕ ਸਥਾਨ ਉੱਤੇ ਇੱਕੋ ਜਿਹੀ ਨਹੀਂ ਪੈਂਦੀ। ਭੂ-ਮੱਧ ਰੇਖਾ ਤੇ ਸੂਰਜ ਦੀਆਂ ਕਿਰਨਾਂ ਸਿੱਧੀਆਂ ਪੈਣ ਕਾਰਨ ਗਰਮੀ ਜ਼ਿਆਦਾ ਅਤੇ ਜਿਉਂ ਹੀ ਉੱਤਰ ਜਾਂ ਦੱਖਣ ਵੱਲ ਜਾਣ 'ਤੇ ਇਹ ਤਿਰਛੀਆਂ ਹੁੰਦੀਆਂ ਜਾਂਦੀਆਂ ਹਨ ਜਿਸ ਕਰਕੇ ਗਰਮੀ ਘੱਟਦੀ ਹੈ।


ਅਕਸ਼ਾਂਸ਼ਾਂ ਦੀ ਮਦਦ ਨਾਲ ਹੀ ਧਰਤੀ ਨੂੰ ਵੱਖ-ਵੱਖ ਤਾਪਖੰਡਾਂ ਵਿੱਚ ਵੰਡਿਆ ਗਿਆ ਹੈ। ਜਿਵੇਂ 0° ਤੋਂ 10° ਉੱਤਰ ਅਤੇ 0° ਤੋਂ 10° ਦੱਖਣੀ ਅਕਸ਼ਾਂਸ਼ ਵਿੱਚ ਸਭ ਤੋਂ ਵੱਧ ਗਰਮ ਖੇਤਰ ਆਉਂਦੇ ਹਨ ਅਤੇ ਉਹ ਖੇਤਰ ਜੋ 50° ਉੱਤਰ ਅਤੇ 50° ਦੱਖਣ ਦੇ ਆਸ ਪਾਸ ਸਥਿਤ ਹਨ, ਨੂੰ ਠੰਢੇ ਖੇਤਰ ਆਖਦੇ ਹਨ ਇਸ ਬਾਰੇ ਅਸੀਂ ਅੱਗੇ ਪੜ੍ਹਾਂਗੇ।

ਅਕਸ਼ਾਂਸ਼ਾਂ ਦੀ ਮਦਦ ਨਾਲ ਅਸੀਂ ਭੂ-ਮੱਧ ਰੇਖਾ ਤੋਂ ਕਿਸੇ ਥਾਂ ਦੀ ਦੂਰੀ ਦਾ ਪਤਾ ਲਗਾ ਸਕਦੇ ਹਾਂ। ਭੂ-ਮੱਧ ਰੇਖਾ ਤੋਂ ਇੱਕ ਡਿਗਰੀ ਅਕਸ਼ਾਂਸ਼ ਦੀ ਦੂਰੀ 111 ਕਿਲੋਮੀਟਰ ਵਿੱਚ ਦਰਸਾਈ ਜਾਂਦੀ ਹੈ। ਅਰਥਾਤ ਜੇਕਰ ਕੋਈ ਥਾਂ ਭੂ-ਮੱਧ ਰੇਖਾ ਤੋਂ 5° ਉੱਤਰ ਜਾਂ ਦੱਖਣੀ ਅਕਸ਼ਾਂਸ਼ ਤੇ ਸਥਿਤ ਹੈ ਤਾਂ ਉਹ ਭੂ-ਮੱਧ ਰੇਖਾ ਤੋਂ 555 ਕਿਲੋਮੀਟਰ ਉੱਤਰ ਜਾਂ ਦੱਖਣ ਵਿੱਚ ਹੋਣਗੇ।

### ਦਿਸ਼ਾਂਤਰ (ਲੰਬਕਾਰ) :

ਧਰਤੀ ਦੀ ਪ੍ਰਤੀਨਿਧ ਅਕ੍ਰਿਤੀ ਜਾਂ ਮਾਡਲ ਉੱਤੇ ਉੱਤਰ ਤੋਂ ਦੱਖਣ ਵੱਲ ਹੋਰ ਲਾਈਨਾਂ ਵੀ ਖਿੱਚੀਆਂ ਜਾਂਦੀਆਂ ਹਨ ਇਹ ਰੇਖਾਵਾਂ ਸਮਾਨੰਤਰ ਨਹੀਂ ਹੁੰਦੀਆਂ ਪਰ ਕਾਫੀ ਹੱਦ ਤੱਕ ਗੋਲਾਕਾਰ ਹੁੰਦੀਆਂ ਹਨ। ਇਨ੍ਹਾਂ ਨੂੰ ਅਸੀਂ ਅਰਧ-ਗੋਲਾਕਾਰ ਰੇਖਾਵਾਂ ਵਜੋਂ ਹੀ ਪੜ੍ਹਦੇ ਹਾਂ। ਇਹਨਾਂ ਰੇਖਾਵਾਂ ਨੂੰ ਲੰਬਕਾਰ ਜਾਂ ਦਿਸ਼ਾਂਤਰ ਰੇਖਾਵਾਂ ਆਖਦੇ ਹਨ। ਪੜ੍ਹਨ ਵਿੱਚ ਸੌਖ ਲਈ ਇਕਸਾਰ ਮਿਆਰ

ਅਨੁਸਾਰ ਜਿਹੜਾ ਦਿਸ਼ਾਂਤਰ ਇੰਗਲੈਂਡ ਦੇ ਗ੍ਰੀਨਵਿੱਚ ਵਿੱਚੋਂ ਲੰਘਦਾ ਹੈ ਉਸ ਨੂੰ ਮੁੱਖ ਮਧਿਆਨ ਰੇਖਾ ਜਾਂ 0 ਡਿਗਰੀ ਲੰਬਕਾਰ ਦਾ ਨਾਂ ਦਿੱਤਾ ਗਿਆ ਹੈ। ਬਾਕੀ ਦਿਸ਼ਾਂਤਰਾਂ ਦੀ ਇਸ ਰੇਖਾ ਤੋਂ ਪੂਰਬ ਅਤੇ ਪੱਛਮ ਵੱਲ ਵੱਖ-ਵੱਖ ਗਿਣਤੀ ਕੀਤੀ ਜਾਂਦੀ ਹੈ।




*ਚਿੱਤਰ 3.4 ਦਿਸ਼ਾਂਤਰ*

ਉੱਪਰ ਦਿੱਤੇ ਚਿੱਤਰ ਵਲ ਦੇਖੋ, ਮੁੱਖ ਮਧਿਆਨ ਰੇਖਾ 0° ਦਿਸ਼ਾਂਤਰ ਹੁੰਦਾ ਹੈ ਤੇ ਸਾਰੀ ਧਰਤੀ ਉੱਤੇ ਕੁਲ 360° ਦਿਸ਼ਾਂਤਰ ਹੁੰਦੇ ਹਨ। 180 ਦਿਸ਼ਾਂਤਰ 1° ਦੇ ਫਰਕ ਨਾਲ ਮੁੱਖ ਮਧਿਆਨ ਰੇਖਾ ਦੇ ਪੂਰਬ ਅਤੇ ਪੱਛਮ ਦਿਸ਼ਾ ਵਿੱਚ ਵੱਖੋ-ਵੱਖ ਖਿੱਚੇ ਗਏ ਹਨ। ਪੂਰਬ ਵੱਲ ਦੇ ਦਿਸ਼ਾਂਤਰਾਂ ਦੇ ਨਾਲ ਪੂਰਬ (E) ਅਤੇ ਪੱਛਮ ਵੱਲ ਦੇ ਦਿਸ਼ਾਂਤਰਾਂ ਦੇ ਨਾਲ ਪੱਛਮ (W) ਲਿਖਿਆ ਜਾਂਦਾ ਹੈ। 180° ਦਿਸ਼ਾਂਤਰ ਸਾਂਝਾ ਦੇਸ਼ਾਂਤਰ ਹੁੰਦਾ ਹੈ ਇਸ ਲਈ ਇਸ ਦੇ ਨਾਲ E ਜਾਂ W ਨਹੀਂ ਲਿਖਿਆ ਜਾਂਦਾ ਹੈ।

ਦੋ ਦਿਸ਼ਾਂਤਰਾਂ ਵਿਚਲਾ ਫ਼ਾਸਲਾ ਵੀ ਡਿਗਰੀ ਦੀ ਇਕਾਈ ਵਿੱਚ ਨਾਪਿਆ ਜਾਂਦਾ ਹੈ, ਡਿਗਰੀ ਅੱਗੇ ਮਿੰਟਾਂ ਅਤੇ ਮਿੰਟ, ਸੈਕਿੰਟਾਂ ਵਿੱਚ ਵੰਡੇ ਜਾਂਦੇ ਹਨ।

## ਦਿਸ਼ਾਂਤਰਾਂ ਦਾ ਮਹੱਤਵ :


ਵਿਥਕਾਰਾਂ (ਅਕਸ਼ਾਂਸ਼ਾਂ) ਦੀ ਤਰ੍ਹਾਂ ਲੰਬਕਾਰਾਂ (ਦਿਸ਼ਾਂਤਰਾਂ) ਦਾ ਵੀ ਵਿਸ਼ੇਸ਼ ਮਹੱਤਵ ਹੈ।

ਪਹਿਲਾ, ਇਹਨਾਂ ਦਿਸ਼ਾਂਤਰਾਂ ਦੀ ਮਦਦ ਨਾਲ ਅਸੀਂ ਕਿਸੇ ਸਥਾਨ ਦੀ ਪੂਰਬ ਤੋਂ ਪੱਛਮ ਵੱਲ ਦੂਰੀ ਪਤਾ ਕਰ ਸਕਦੇ ਹਾਂ। ਜਿਵੇਂ ਕਿ ਜਦੋਂ ਅਸੀਂ ਆਖਦੇ ਹਾਂ ਕਿ ਲੁਧਿਆਣਾ 76° ਪੂਰਬ ਦਿਸ਼ਾਂਤਰ ਤੇ ਸਥਿਤ ਹੈ, ਇਸ ਦਾ ਅਰਥ ਹੈ ਕਿ ਮੁੱਖ ਮਧਿਆਨ ਰੇਖਾ ਤੋਂ 76° ਪੂਰਬ ਵਿੱਚ ਲੁਧਿਆਣਾ ਹੈ।

ਦੂਸਰਾ, ਦਿਸ਼ਾਂਤਰਾਂ ਦੀ ਮਦਦ ਨਾਲ ਅਸੀਂ ਕਿਸੇ ਸਥਾਨ ਦਾ ਸਥਾਨਕ ਸਮਾਂ ਕੱਢ ਸਕਦੇ ਹਾਂ। ਗ੍ਰੀਨਵਿੱਚ ਦੇ ਪੂਰਬ ਵਿੱਚ ਸਥਿਤ ਦੇਸ਼ਾਂ ਦਾ ਸਮਾਂ ਹਰ ਇੱਕ ਡਿਗਰੀ ਦਿਸ਼ਾਂਤਰ ਦੇ ਹਿਸਾਬ ਨਾਲ ਗ੍ਰੀਨਵਿੱਚ ਨਾਲੋਂ 4 ਮਿੰਟ ਅੱਗੇ ਹੁੰਦਾ ਹੈ। ਇਸੇ ਤਰ੍ਹਾਂ ਪੱਛਮ ਵਿੱਚ ਸਥਿਤ ਸਥਾਨਾਂ ਦਾ ਸਮਾਂ 4 ਮਿੰਟ ਪ੍ਰਤੀ 1 ਡਿਗਰੀ ਦਿਸ਼ਾਂਤਰ ਨਾਲ ਗ੍ਰੀਨਵਿੱਚ ਨਾਲੋਂ ਪਿੱਛੇ ਹੁੰਦਾ ਹੈ। ਜਿੰਨੇ ਵੀ ਦੇਸ਼ ਜਾਂ ਸਥਾਨ ਮੁੱਖ ਮਧਿਆਨ ਰੇਖਾ ਜਾਂ ਗ੍ਰੀਨਵਿਚ ਦੇ ਪੂਰਬ ਵਿੱਚ ਹਨ ਉਨ੍ਹਾਂ ਸਾਰਿਆਂ ਦਾ ਸਮਾਂ ਅੱਗੇ ਹੁੰਦਾ ਹੈ ਕਿਉਂਕਿ ਧਰਤੀ ਪੱਛਮ ਤੋਂ ਪੂਰਬ ਦਿਸ਼ਾ ਵਲ ਘੁੰਮਦੀ ਹੈ, ਇਸ ਲਈ ਪੂਰਬੀ ਦੇਸ਼ਾਂ ਵਿੱਚ ਸੂਰਜ, ਪੱਛਮੀ ਦੇਸ਼ਾਂ ਨਾਲੋਂ ਪਹਿਲਾਂ ਨਿਕਲਦਾ ਹੈ। ਧਰਤੀ ਦੇ ਆਪਣੇ ਧੁਰੇ ਦੁਆਲੇ ਘੁੰਮਦੇ ਹੋਏ ਇਸਦਾ ਹਰ ਦਿਸ਼ਾਂਤਰ 24 ਘੰਟਿਆਂ ਵਿੱਚ ਸੂਰਜ ਅੱਗੋਂ ਲੰਘਦਾ ਹੈ। ਸਾਰੇ ਦੇਸ਼ ਆਪਣੇ ਕਿਸੇ ਦਿਸ਼ਾਂਤਰ ਦੇ ਐਨ ਉੱਤੇ ਦੁਪਹਿਰ ਵੇਲੇ ਸੂਰਜ ਦੀ ਹੋਂਦ ਨੂੰ ਮਿੱਥ ਕੇ ਆਪਣਾ ਸਥਾਨਕ ਸਮਾਂ ਉਵੇਂ ਹੀ ਮਿੱਥ ਲੈਂਦੇ ਹਨ। ਭਾਰਤ ਦਾ ਸਥਾਨਕ ਸਮਾਂ 82½° ਪੂਰਬ ਦਿਸ਼ਾਂਤਰ ਮੁਤਾਬਕ ਹੈ ਜੋ ਮੁੱਖ ਮਧਿਆਨ ਤੋਂ 5.30 ਘੰਟੇ ਅੱਗੇ ਹੈ।

## ਗਰਿਡ ਜਾਂ ਜਾਲ :

ਨਕਸ਼ਿਆਂ ਅਤੇ ਗਲੋਬ ਉੱਤੇ ਅਕਸ਼ਾਂਸ਼ਾਂ ਤੇ ਦਿਸ਼ਾਂਤਰਾਂ ਦਾ ਜਾਲ ਬਣਿਆ ਹੁੰਦਾ ਹੈ, ਇਸ ਨੂੰ ਗਰਿਡ ਆਖਦੇ ਹਨ।




ਚਿੱਤਰ 3.5 ਅਕਸ਼ਾਂਸ਼ਾਂ ਤੇ ਦਿਸ਼ਾਂਤਰਾਂ ਦਾ ਜਾਲ

## ਜਾਲ ਦਾ ਮਹੱਤਵ :

ਪਹਿਲਾ, ਇਹ ਜਾਲ ਨਕਸ਼ੇ ਅਤੇ ਐਟਲੈਸ ਬਣਾਉਣ ਵਿੱਚ ਬਹੁਤ ਮਦਦ ਕਰਦਾ ਹੈ। ਇਸ ਜਾਲ ਦੀ ਸਹਾਇਤਾ ਨਾਲ ਅਸੀਂ ਨਕਸ਼ੇ ਪੜ੍ਹਦੇ ਹਾਂ। ਜੇ ਅਸੀਂ ਕਿਸੇ ਸਥਾਨ ਦੀ ਅਕਸ਼ਾਂਸ਼ੀ

ਅਤੇ ਦਿਸ਼ਾਂਤਰੀ ਸਥਿਤੀ ਜਾਣਦੇ ਹਾਂ ਤਾਂ ਅਸੀਂ ਉਸ ਸਥਾਨ ਨੂੰ ਨਕਸ਼ੇ ਉੱਤੇ ਆਸਾਨੀ ਨਾਲ ਲੱਭ ਸਕਦੇ ਹਾਂ।

ਦੂਸਰਾ, ਇਸ ਦੀ ਸਹਾਇਤਾ ਨਾਲ ਦੋ ਦੇਸ਼ਾਂ ਵਿਚਲੀ ਸਰਹੱਦ ਦਾ ਪਤਾ ਲੱਗਦਾ ਹੈ। ਜਿਵੇਂ ਕੋਈ ਦੇਸ਼ ਕਿੰਨੇ ਦਿਸ਼ਾਂਤਰ ਅਤੇ ਅਕਸ਼ਾਂਸ਼ ਤੱਕ ਸਥਿਤ ਹੈ।

ਹੇਠਾਂ ਕੁਝ ਕੁ ਸਥਾਨਾਂ ਦੇ ਅਕਸ਼ਾਂਸ਼ ਅਤੇ ਦਿਸ਼ਾਂਤਰ ਦਿੱਤੇ ਹਨ, ਇਨ੍ਹਾਂ ਦੀ ਮਦਦ ਨਾਲ ਭਾਰਤ ਦੇ ਨਕਸ਼ੇ ਤੇ ਇਨ੍ਹਾਂ ਸਥਾਨਾਂ ਨੂੰ ਲੱਭੋ।

| ਨੰ: | ਸਥਾਨ ਦਾ ਨਾਂ | ਅਕਸ਼ਾਂਸ਼ | ਦੇਸ਼ਾਂਤਰ |
|---|---|---|---|
| 1. | ਗੁਰਦਾਸਪੁਰ | 32° ਉ. | 75°25′ ਪੂ. |
| 2. | ਜਲੰਧਰ | 31°20′ ਉ. | 75°34′ ਪੂ. |
| 3. | ਪਟਿਆਲਾ | 30°23′ ਉ. | 76°21′ ਪੂ. |
| 4. | ਲੁਧਿਆਣਾ | 30°52′ ਉ. | 76°54′ ਪੂ. |
| 5. | ਚੰਡੀਗੜ੍ਹ | 30°42′ ਉ. | 77° ਪੂ. |
| 6. | ਦਿੱਲੀ | 28°38′ ਉ. | 77°12′ ਪੂ. |
| 7. | ਕੋਲਕਾਤਾ | 22°34′ ਉ. | 88°20′ ਪੂ. |

## ਸਥਾਨਕ ਸਮਾਂ ਅਤੇ ਪ੍ਰਮਾਣਿਕ ਸਮਾਂ :

ਕਿਸੇ ਦੇਸ਼ ਦੇ ਇੱਕ ਸਥਾਨ ਦੇ ਸਥਾਨਕ ਸਮੇਂ ਵਿੱਚ ਅਤੇ ਦੂਸਰੇ ਸਥਾਨ ਦੇ ਸਥਾਨਕ ਸਮੇਂ ਦੇ ਫਰਕ ਹੋਣ ਕਰਕੇ ਕਈ ਮੁਸ਼ਕਲਾਂ ਆਉਂਦੀਆਂ ਹਨ। ਇਸ ਲਈ ਕਿਸੇ ਦੇਸ਼ ਦਾ ਇੱਕ ਪ੍ਰਮਾਣਿਕ ਸਮਾਂ ਨਿਸਚਤ ਕੀਤਾ ਜਾਂਦਾ ਹੈ। ਇਹ ਪ੍ਰਮਾਣਿਕ ਸਮਾਂ ਜਾਂ ਸਟੈਂਡਰਡ ਸਮਾਂ ਕਿਸੇ ਦੇਸ਼ ਦੇ ਮੱਧ ਵਰਤੀ ਸਥਿਤੀ ਵਾਲੇ ਸਥਾਨ ਦੇ ਅਨੁਸਾਰ ਨਿਸਚਤ ਕੀਤਾ ਜਾਂਦਾ ਹੈ। ਇਸ ਨਾਲ ਇੱਕ ਦੇਸ਼ ਵਿੱਚ ਸਾਰੀਆਂ ਥਾਂਵਾਂ ਦਾ ਸਮਾਂ ਇੱਕ ਹੀ ਮੰਨਿਆ ਜਾਂਦਾ ਹੈ। ਜਿਵੇਂ ਕਿ ਭਾਰਤ ਵਿੱਚ 82½° ਪੂਰਬੀ ਦਿਸ਼ਾਂਤਰ ਦਾ ਸਮਾਂ ਭਾਰਤੀ ਸਟੈਂਡਰਡ ਟਾਈਮ (IST) ਮੰਨਿਆ ਗਿਆ ਹੈ। ਇਸ ਤਰ੍ਹਾਂ 82½° ਨੂੰ ਪ੍ਰਮਾਣਿਕ ਦਿਸ਼ਾਤਰ (ਸਟੈਂਡਰਡ ਮੈਰੇਡੀਅਨ) ਦਾ ਨਾਂ ਦਿੱਤਾ ਗਿਆ ਹੈ।


ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਭਾਰਤੀ ਸਟੈਂਡਰਡ ਸਮਾਂ 82½ ×4 ਮਿੰਟ = 330 ਮਿੰਟ = 5 ਘੰਟੇ 30 ਮਿੰਟ ਗ੍ਰੀਨਵਿੱਚ ਦੇ ਸਮੇਂ ਤੋਂ ਅੱਗੇ ਹੈ। ਇਸ ਤਰ੍ਹਾਂ ਭਾਰਤ ਦੀਆਂ ਘੜੀਆਂ ਤੇ ਸ਼ਾਮ 5.30 ਵੱਜੇ ਹੋਣਗੇ ਜਦੋਂ ਕਿ ਇੰਗਲੈਂਡ ਵਿੱਚ ਅਜੇ ਦੁਪਹਿਰ ਦੇ 12 ਹੀ ਵੱਜੇ ਹੋਣਗੇ। ਕੌਮਾਂਤਰੀ ਪ੍ਰਮਾਣਿਕ ਸਮੇਂ ਨੂੰ ਗ੍ਰੀਨਵਿੱਚ ਮੈਰੇਡੀਅਨ ਟਾਈਮ (GMT) ਮੰਨਿਆ ਜਾਂਦਾ ਹੈ।

## ਧਰਤੀ ਦੇ ਤਾਪ-ਖੰਡ :

ਅਕਸ਼ਾਂਸ਼ ਧਰਤੀ ਨੂੰ ਵੱਖ-ਵੱਖ ਤਾਪ ਖੰਡਾਂ ਵਿੱਚ ਵੰਡਦੇ ਹਨ। ਇਸ ਦੇ ਹੇਠ ਲਿਖੇ ਕਾਰਨ ਹਨ :

ਸੂਰਜ ਦੀਆਂ ਜਿਹੜੀਆਂ ਕਿਰਨਾਂ ਧਰਤੀ ਤੇ ਸਿੱਧੀਆਂ ਪੈਂਦੀਆਂ ਹਨ ਉਹ ਘੱਟ ਜਗ੍ਹਾਂ ਘੇਰਦੀਆਂ ਹਨ ਜਿਸ ਕਰਕੇ ਉਨ੍ਹਾਂ ਦੀ ਗਰਮ ਕਰਨ ਦੀ ਸ਼ਕਤੀ ਜ਼ਿਆਦਾ ਹੁੰਦੀ ਹੈ। ਜਿਹੜੀਆਂ ਕਿਰਨਾਂ ਤ੍ਰਿੱਛੀਆਂ ਪੈਂਦੀਆਂ ਹਨ ਉਹ ਜ਼ਿਆਦਾ ਜਗ੍ਹਾਂ ਘੇਰਦੀਆਂ ਹਨ ਜਿਸ ਕਰਕੇ ਉਨ੍ਹਾਂ ਦੀ ਗਰਮ ਕਰਨ ਦੀ ਸ਼ਕਤੀ ਘੱਟ ਹੁੰਦੀ ਹੈ।

ਤਾਪ ਖੰਡ ਬਣਨ ਦਾ ਦੂਸਰਾ ਕਾਰਨ ਧਰਤੀ ਦੇ ਗੋਲਾਕਾਰ ਆਕਾਰ ਕਰਕੇ ਹੈ। ਧਰਤੀ ਦਾ ਮੱਧ ਵਿੱਚੋਂ ਉਭਰਿਆ ਹੋਇਆ ਭਾਗ ਵੱਧ ਤੋਂ ਵੱਧ ਸੂਰਜੀ ਤਾਪ ਪ੍ਰਾਪਤ ਕਰਦਾ ਹੈ।




*ਚਿੱਤਰ **3.6** ਧਰਤੀ ਦੇ ਤਾਪਖੰਡ*

ਜਿਉਂ-ਜਿਉਂ ਅਸੀਂ ਧਰੁਵਾਂ (ਉੱਤਰੀ ਜਾਂ ਦੱਖਣੀ) ਵਲ ਜਾਂਦੇ ਹਾਂ ਤਾਂ ਸੂਰਜੀ ਤਾਪ ਦੀ ਤੀਖਣਤਾ ਘੱਟਦੀ ਜਾਂਦੀ ਹੈ। ਇਸ ਅਧਾਰ ਤੇ ਧਰਤੀ ਨੂੰ ਤਾਪ ਖੰਡਾਂ ਵਿੱਚ ਵੰਡਿਆ ਗਿਆ ਹੈ।

1. **ਊਸ਼ਣ ਤਾਪ ਖੰਡ :** ਇਹ ਤਾਪ-ਖੰਡ ਪੱਟੀ ਕਰਕ ਰੇਖਾ ਤੋਂ ਮਕਰ ਰੇਖਾ ਦੇ ਵਿਚਾਲੇ ਦਾ ਖੇਤਰ ਹੈ। ਇਹ ਸੰਸਾਰ ਦੀ ਸਭ ਤੋਂ ਗਰਮ ਪੱਟੀ ਹੈ। ਸਾਰਾ ਸਾਲ ਦੁਪਹਿਰ ਵੇਲੇ ਇਸ ਪੱਟੀ ਉੱਤੇ ਸੂਰਜ ਦੀਆਂ ਕਿਰਨਾਂ ਸਿੱਧੀਆਂ ਪੈਂਦੀਆਂ ਹਨ।

2. **ਉਪ-ਊਸ਼ਣ (ਸਮਸ਼ੀਤ) ਖੰਡ :** ਇਹ ਤਾਪ-ਖੰਡ ਪੱਟੀ ਉੱਤਰੀ ਅਰਧ ਗੋਲੇ ਵਿੱਚ ਕਰਕ ਰੇਖਾ ਅਤੇ ਆਰਕਟਿਕ ਚੱਕਰ ਤੱਕ ਅਤੇ ਦੱਖਣੀ ਅਰਧ ਗੋਲੇ ਵਿੱਚ ਮਕਰ ਰੇਖਾ ਅਤੇ ਅੰਟਾਰਕਟਿਕ ਚੱਕਰ ਤੱਕ ਹੁੰਦੀ ਹੈ। ਇਸ ਪੱਟੀ ਵਿਚਲੇ ਖੇਤਰਾਂ ਵਿੱਚ ਕਦੇ ਵੀ ਸੂਰਜ ਦੀਆਂ ਕਿਰਨਾਂ ਸਿੱਧੀਆਂ ਨਹੀਂ ਪੈਂਦੀਆਂ। ਇੱਥੇ ਗਰਮੀਆਂ ਵਿੱਚ ਬਹੁਤੀ ਗਰਮੀ ਨਹੀਂ ਪੈਂਦੀ ਹੈ ਅਤੇ ਸਰਦੀਆਂ ਵਿੱਚ ਵੀ ਬਹੁਤੀ ਠੰਢ ਨਹੀਂ ਹੁੰਦੀ। ਇਸ ਕਰਕੇ ਇਸ ਖੰਡ ਨੂੰ ਉਪ-ਊਸ਼ਣ (ਸਮਸ਼ੀਤ) ਖੰਡ ਕਹਿੰਦੇ ਹਨ।

**3. ਸ਼ੀਤ ਖੰਡ :** ਇਹ ਤਾਪ-ਖੰਡ ਪੱਟੀ ਉੱਤਰੀ ਅਰਧ ਗੋਲੇ ਵਿੱਚ ਆਰਕਟਿਕ ਚੱਕਰ ਅਤੇ ਉੱਤਰੀ ਧਰੁਵ ਵਿਚਾਲੇ ਹੁੰਦੀ ਹੈ। ਦੱਖਣੀ ਅਰਧ ਗੋਲੇ ਵਿੱਚ ਅੰਟਾਰਕਟਿਕ ਚੱਕਰ ਅਤੇ ਦੱਖਣੀ ਧਰੁਵ ਵਿਚਾਲੇ ਹੁੰਦੀ ਹੈ। ਇਹ ਇਲਾਕਾ ਸੂਰਜ ਦੀ ਦਿਸ਼ਾ ਤੋਂ ਇੰਨਾ ਕੁ ਤਿਰਛਾ ਹੁੰਦਾ ਹੈ ਕਿ ਇੱਥੇ ਸਾਰਾ ਸਾਲ ਠੰਢ ਹੁੰਦੀ ਹੈ।

### ਯਾਦ ਰੱਖਣ ਯੋਗ ਨੁਕਤੇ

1. ਭੂ-ਮੱਧ ਰੇਖਾ ਪੱਛਮ ਤੋਂ ਪੂਰਬ ਵੱਲ ਵਾਹੀ ਜਾਂਦੀ ਕਲਪਿਤ ਰੇਖਾ ਹੈ ਜੋ ਧਰਤੀ ਨੂੰ ਦੋ ਸਮਾਨ ਭਾਗਾਂ ਵਿਚ ਵੰਡਦੀ ਮੰਨੀ ਜਾਂਦੀ ਹੈ।
2. ਭੂ-ਮੱਧ ਰੇਖਾ ਦੇ ਉੱਤਰ ਵਾਲੇ ਭਾਗ ਨੂੰ ਉੱਤਰੀ ਅਰਧ ਗੋਲਾ ਤੇ ਦੱਖਣ ਵਾਲੇ ਭਾਗ ਨੂੰ ਦੱਖਣੀ ਅਰਧ ਗੋਲਾ ਆਖਦੇ ਹਨ।
3. ਭੂ-ਮੱਧ ਰੇਖਾ ਵਾਂਗ ਹੀ 23½° ਉੱਤਰ ਵਿਚ ਕਰਕ ਰੇਖਾ, 23½° ਦੱਖਣ ਵਿਚ ਮੱਕਰ ਰੇਖਾ, 66½° ਉੱਤਰ ਵਿੱਚ ਆਰਕਟਿਕ ਵ੍ਰਿਤ ਅਤੇ 66½° ਦੱਖਣ ਵਿੱਚ ਅੰਟਾਰਕਟਿਕ ਵ੍ਰਿਤ ਵੀ ਮਹੱਤਵਪੂਰਨ ਵਿਥਕਾਰ (ਅਕਸ਼ਾਂਸ਼) ਹਨ।
4. ਧਰਤੀ ਦਾ ਧੁਰ ਉੱਤਰੀ ਸਿਰਾ 90° ਉੱਤਰੀ ਵਿਥਕਾਰੀ ਬਿੰਦੂ ਉੱਤਰੀ ਧਰੁੱਵ ਤੇ ਧੁੱਰ ਦੱਖਣੀ ਸਿਰਾ 90° ਦੱਖਣੀ ਵਿਥਕਾਰੀ ਬਿੰਦੂ ਦੱਖਣੀ ਧਰੁੱਵ ਹੈ।
5. ਧਰਤੀ ਦੇ ਮਾਡਲ ਉਤੇ ਉੱਤਰ ਤੇ ਦੱਖਣ ਵੱਲ ਵਾਹੀਆਂ ਜਾਂਦੀਆਂ ਦਿਸ਼ਾਂਤਰ (ਲੰਬਕਾਰ) ਰੇਖਾਵਾਂ ਵਿਚੋਂ 0° ਲੰਬਕਾਰ ਜਾਂ ਗ੍ਰੀਨਵਿੱਚ ਮੈਰੇਡੀਅਨ ਅਤੇ ਸਾਂਝੀ 180° ਪੂਰਬ ਜਾਂ ਪੱਛਮ ਲੰਬਕਾਰ ਨੂੰ ਇੰਟਰਨੈਸ਼ਨਲ ਡੇਟ ਲਾਈਨ ਵੀ ਕਿਹਾ ਜਾਂਦਾ ਹੈ।
6. ਵਿਥਕਾਰਾਂ (ਅਕਸ਼ਾਂਸ਼ਾਂ) ਦੀ ਸਹਾਇਤਾ ਨਾਲ ਧਰਤੀ ਨੂੰ ਤਿੰਨ ਤਾਪ-ਖੰਡਾਂ ਵਿੱਚ ਵੰਡਿਆ ਜਾ ਸਕਦਾ ਹੈ-ਊਸ਼ਣ ਤਾਪ ਖੰਡ, ਸਮ ਸ਼ੀਤ-ਊਸ਼ਣ ਤਾਪ ਖੰਡ ਅਤੇ ਸ਼ੀਤ ਖੰਡ।

***ਆਓ ਕੁਝ ਸਿੱਖੀਏ (Activity) :*** *ਰਬੜ ਦੀਆਂ ਦੋ ਗੇਂਦਾ ਲਓ। ਇੱਕ ਗੇਂਦ ਉਪਰ ਮਹੱਤਵਪੂਰਨ ਅਕਸ਼ਾਂਸ਼ ਜਿਵੇਂ; ਭੂ-ਮੱਧ ਰੇਖਾ, ਕਰਕ ਰੇਖਾ, ਮਕਰ ਰੇਖਾ, ਆਰਕਟਿਕ ਵ੍ਰਿਤ ਤੇ ਅੰਟਾਰਕਟਿਕ ਵ੍ਰਿਤ ਬਣਾਓ। ਦੂਸਰੀ ਗੇਂਦ ਉਪਰ ਪੂਰਬੀ ਤੇ ਪੱਛਮੀ ਗੋਲਾਕਾਰ ਨੂੰ ਵੱਖੋ-ਵਖਰੇ ਰੰਗ ਕਰੋ ਅਤੇ ਮੁੱਖ ਮਧਿਆਨ ਰੇਖਾ ਵੀ ਅੰਕਿਤ ਕਰੋ।*

## ਅਭਿਆਸ

**I. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :**

(1) ਗਲੋਬ ਨੂੰ ਧਰਤੀ ਦਾ ਮਾਡਲ ਕਿਉਂ ਕਿਹਾ ਜਾਂਦਾ ਹੈ ?

(2) ਗਲੋਬ ਦੇ ਉਪਰਲੇ ਤੇ ਹੇਠਲੇ ਚਪਟੇ ਜਿਹੇ ਸਿਰਿਆਂ ਨੂੰ ਕੀ ਨਾਂ ਦਿੱਤੇ ਜਾਂਦੇ ਹਨ ?

(3) ਦੋਨਾਂ ਧਰੁਵਾਂ ਨੂੰ ਮਿਲਾਉਣ ਵਾਲੀ ਅਰਧ ਗੋਲਾਕਾਰ ਨੂੰ ਕਿਸ ਨਾਂ ਨਾਲ ਜਾਣਿਆ ਜਾਂਦਾ ਹੈ।

(4) ਗੋਲਾ-ਅਰਧ ਦਾ ਕੀ ਅਰਥ ਹੈ? ਉਸ ਰੇਖਾ ਦਾ ਨਾਂ ਦੱਸੋ ਜਿਹੜੀ ਧਰਤੀ ਨੂੰ ਦੋ ਬਰਾਬਰ ਹਿੱਸਿਆਂ ਵਿੱਚ ਵੰਡਦੀ ਹੈ ?

(5) ਮੁੱਖ ਮਧਿਆਨ ਰੇਖਾ ਕਿਸ ਨੂੰ ਆਖਦੇ ਹਨ ਅਤੇ ਕਿੱਥੋਂ ਲੰਘਦੀ ਹੈ ?

(6) ਧਰਤੀ ਜਾਂ ਗਲੋਬ ਨੂੰ ਕਿੰਨੇ ਦਿਸ਼ਾਂਤਰਾਂ ਵਿੱਚ ਵੰਡਿਆ ਗਿਆ ਹੈ ।

(7) ਗਲੋਬ ਦਾ ਸੱਭ ਤੋਂ ਵੱਡਾ ਚੱਕਰ ਕਿਹੜਾ ਹੈ? ਨਾਂ ਦੱਸੋ।

(8) ਅਕਸ਼ਾਂਸ਼ ਰੇਖਾਵਾਂ ਅਤੇ ਦਿਸ਼ਾਂਤਰ ਰੇਖਾਵਾਂ ਵਿੱਚ ਅੰਤਰ ਦੱਸੋ ।

(9) ਦਿਸ਼ਾਂਤਰ ਦਾ ਕੀ ਮਹੱਤਵ ਹੈ ?

(10) ਕਿਹੜੀਆਂ ਰੇਖਾਵਾਂ ਤਾਪ ਖੰਡ ਬਣਾਉਣ ਵਿੱਚ ਸਹਾਇਤਾ ਕਰਦੀਆਂ ਹਨ? ਕਾਰਨ ਦੱਸੋ ਕਿ ਤਾਪ-ਖੰਡ ਕਿਉਂ ਬਣਾਏ ਜਾਂਦੇ ਹਨ ?

**II. ਹੇਠ ਲਿਖਿਆਂ ਵਿੱਚ ਖਾਲੀ ਥਾਵਾਂ ਭਰੋ :**

(1) ਊਸ਼ਣ-ਖੰਡ ਅਤੇ ਕਰਕ ਰੇਖਾ .................. ਰੇਖਾਵਾਂ ਨਾਲ ਦਰਸਾਇਆ ਜਾਂਦਾ ਹੈ ।

(2) ਮੱਕਰ ਰੇਖਾ .................. ਅਕਸ਼ਾਂਸ਼ ਰੇਖਾ ਦੁਆਰਾ ਦਰਸਾਈ ਜਾਂਦੀ ਹੈ ।

(3) ਅਕਸ਼ਾਂਸ਼ ਅਤੇ ਦਿਸ਼ਾਂਤਰ ਗਲੋਬ ਤੇ .................. ਬਣਾਉਂਦੀਆਂ ਹਨ ।

(4) ਦੋ ਸਮਾਨੰਤਰ ਰੇਖਾਵਾਂ ਵਿੱਚ ਦੂਰੀ ਹਮੇਸ਼ਾਂ .................. ਹੁੰਦੀ ਹੈ ।

(5) .................. ਨੂੰ ਸਿਫਰ ਦਿਸ਼ਾਂਤਰ ਆਖਦੇ ਹਨ ।

(6) ਭਾਰਤ ਵਿੱਚ .................. ਦਿਸ਼ਾਂਤਰ ਨੂੰ ਪ੍ਰਮਾਣਿਕ ਦਿਸ਼ਾਂਤਰ ਮੰਨਿਆ ਗਿਆ ਹੈ ।

(7) ਗ੍ਰੀਨਵਿੱਚ ਦੇ ਔਸਤ ਸਮੇਂ ਅਤੇ ਭਾਰਤੀ ਪ੍ਰਮਾਣਿਕ ਸਮੇਂ ਵਿੱਚ .................. ਅੰਤਰ ਹੈ ।

**III. ਹੇਠ ਲਿਖੇ ਤੱਥ ਸਹੀ ਹਨ ਜਾਂ ਗ਼ਲਤ :**

(1) ਹਰੇਕ ਵਿਥਕਾਰ ਅਰਧ ਗੋਲਾ ਹੁੰਦਾ ਹੈ । ☐

(2) ਜਿਉਂ-ਜਿਉਂ ਭੂ-ਮੱਧ ਰੇਖਾ ਤੋਂ ਦੂਰ ਜਾਈਏ ਤਾਂ ਤਾਪਮਾਨ ਵੱਧਦਾ ਜਾਂਦਾ ਹੈ । ☐

(3) ਊਸ਼ਣ-ਤਾਪ ਖੰਡ, ਕਰਕ ਰੇਖਾ ਅਤੇ ਮਕਰ ਰੇਖਾ ਦੇ ਵਿਚਕਾਰ ਹੁੰਦਾ ਹੈ । ☐


(4) ਧਰਤੀ ਪੱਛਮ ਤੋਂ ਪੂਰਬ ਵੱਲ ਘੁੰਮਦੀ ਹੈ । ☐

## ਗਤੀਵਿਧੀ

1. ਐਟਲਸ ਦੀ ਸਹਾਇਤਾ ਨਾਲ ਆਪਣੇ ਜ਼ਿਲ੍ਹੇ ਦਾ ਅਕਸ਼ਾਂਸ਼ ਅਤੇ ਦਿਸ਼ਾਂਤਰ ਪਤਾ ਕਰੋ ।
2. ਗਲੋਬ ਤੇ ਜਾਂ ਸੰਸਾਰ ਦੇ ਨਕਸ਼ੇ ਤੇ ਭੂ-ਮੱਧ ਰੇਖਾ, ਕਰਕ ਰੇਖਾ, ਮਕਰ ਰੇਖਾ, ਆਰਕਟਿਕ ਚੱਕਰ ਅਤੇ ਅੰਟਾਰਕਟਿਕ ਚੱਕਰ ਅੰਕਿਤ ਕਰੋ ।
3. ਭਾਰਤ ਦੇ ਨਕਸ਼ੇ ਉੱਤੇ ਸਟੈਂਡਰਡ ਮੈਰੇਡੀਅਨ ਅੰਕਿਤ ਕਰੋ।

# WORLD – PHYSICAL

ਸੰਸਾਰ





1. Based upon Survey of India Map with the permission of the Surveyor General of India.
2. The territorial waters of India extend into the sea to a distance of twelve nautical miles measured from the appropriate baseline.
3. The interstate boundaries between Uttar Pradesh & Uttarakhand, Bihar & Jharkhand, Madhya Pradesh & Chhattisgarh have not been verified by the Governments concerned.
4. The boundary of Meghalaya shown on this map is as interpreted from the North-Eastern Areas (Reorganisation) Act, 1971, but has yet to be verified.
5. The External Boundary and coast line of India shown on this map agree with the Record/Master copy certified by the Survey of India, Dehradun.
6. The administrative Headquarters of Chandigarh, Haryana and Punjab are at Chandigarh. (Letter No. 1.8. 991/62-A-3/213 Dated 5/5/2003)

© Government of India, Copyright 2002

Name .................................... Class ........................ Roll No........................ Teacher Signature ....................................

# WORLD – OUTLINE

ਸੰਸਾਰ





1. Based upon Survey of India Map with the permission of the Surveyor General of India.
2. The territorial waters of India extend into the sea to a distance of twelve nautical miles measured from the appropriate baseline.
3. The interstate boundaries between Uttar Pradesh & Uttarakhand, Bihar & Jharkhand, Madhya Pradesh & Chhattisgarh have not been verified by the Governments concerned.
4. The boundary of Meghalaya shown on this map is as interpreted from the North-Eastern Areas (Reorganisation) Act, 1971, but has yet to be verified.
5. The External Boundary and coast-line of India shown on this map agree with the Record/Master copy certified by the Survey of India, Dehradun.
6. The administrative Headquarters of Chandigarh, Haryana and Punjab are at Chandigarh. (Letter No. TB. 991/62-A-3/213 Dated 5/5/2004)

© Government of India, Copyright 2002

Name .................................... Class ........................ Roll No...................... Teacher Signature ......................................

# INDIA – OUTLINE AND ADJACENT COUNTRIES

# ਭਾਰਤ - ਤੇ ਗੁਆਂਢੀ ਦੇਸ਼




1. Based upon Survey of India Map with the permission of the Surveyor General of India
2. The territorial waters of India extend into the sea to a distance of twelve nautical miles measured from the appropriate baseline.
3. The interstate boundaries between Uttar Pradesh & Uttarakhand, Bihar & Jharkhand, Madhya Pradesh & Chhattisgarh have not been verified by the Governments concerned.
4. The boundary of Meghalaya shown on this map is as interpreted from the North-Eastern Areas (Reorganisation) Act, 1971, but has yet to be verified.
5. The External Boundary and coast-line of India shown on this map agree with the Record/Master copy certified by the Survey of India, Dehradun.
6. The administrative Headquarters of Chandigarh, Haryana and Punjab are at Chandigarh. (Letter No. T.B. 39162-A-3/213 Dated 6/5/2003)

© Government of India, Copyright 2002

Name .............................. Class .................... Roll No.................... Teacher Signature ..............................


ਪਾਠ 4

# ਨਕਸ਼ੇ : ਸਾਡੇ ਕਿਵੇਂ ਮਦਦਗਾਰ


ਭੂਗੋਲ ਉਹ ਵਿਗਿਆਨ ਹੈ ਜੋ ਧਰਤੀ, ਇਸ ਦੇ ਆਲ਼ੇ-ਦੁਆਲ਼ੇ ਅਤੇ ਲੋਕ ਜਿਹੜੇ ਇਸ ਤੇ ਰਹਿੰਦੇ ਹਨ, ਸੰਬੰਧੀ ਗਿਆਨ ਦਿੰਦਾ ਹੈ। ਕਿਸੇ ਖੇਤਰ ਦਾ ਗਿਆਨ ਪ੍ਰਾਪਤ ਕਰਨ ਲਈ ਉਥੋਂ ਦਾ ਨਕਸ਼ਾ ਜ਼ਰੂਰੀ ਹੈ। ਨਕਸ਼ੇ ਸਾਨੂੰ ਕਿਸੇ ਸਥਾਨ, ਦੇਸ਼ ਅਤੇ ਮਹਾਂਦੀਪ ਬਾਰੇ ਜਾਣਕਾਰੀ ਦਿੰਦੇ ਹਨ।

ਹੁਣ ਵੀ, ਰੋਜ਼ਾਨਾ ਜ਼ਿੰਦਗੀ ਜਦੋਂ ਕਦੇ ਅਸੀਂ ਕੋਈ ਪਤਾ ਲੱਭਣਾ ਹੁੰਦਾ ਹੈ ਤਾਂ ਪਹਿਲਾਂ ਅਸੀਂ ਉਸ ਥਾਂ ਦਾ ਕੱਚਾ-ਪੱਕਾ ਨਕਸ਼ਾ ਤਿਆਰ ਕਰਦੇ ਹਾਂ। ਕਈ ਵੱਡਿਆਂ ਸ਼ਹਿਰਾਂ ਨੇ ਮਹੱਤਵਪੂਰਨ ਥਾਂਵਾਂ ਤੇ ਗਾਈਡ ਨਕਸ਼ੇ ਤਿਆਰ ਕਰਕੇ ਲਗਾਏ ਹੁੰਦੇ ਹਨ। ਉਹ ਲੋਕਾਂ ਨੂੰ ਕਿਸੇ ਥਾਂ ਨੂੰ ਲੱਭਣ ਵਿੱਚ ਸਹੀ ਦਿਸ਼ਾ ਦੱਸਦੇ ਹਨ। ਇਸ ਤਰ੍ਹਾਂ ਨਕਸ਼ਿਆਂ ਨੇ ਭੂਗੋਲ ਦੇ ਅਧਿਐਨ ਨੂੰ ਆਸਾਨ ਕਰ ਦਿੱਤਾ ਹੈ।

ਅਸੀਂ ਜਾਣਦੇ ਹਾਂ ਕਿ ਧਰਤੀ ਗੇਂਦ ਵਾਂਗ ਗੋਲ ਹੈ। ਧਰਤੀ ਦਾ ਹੂਬ-ਹੂ ਪ੍ਰਤੀਕ ਜਾਂ ਮਾਡਲ ਨੂੰ ਗਲੋਬ ਆਖਦੇ ਹਨ। ਨਕਸ਼ੇ, ਅਧਿਐਨ ਕਰਨ ਅਤੇ ਪੜ੍ਹਾਉਣ ਲਈ ਬਹੁਤ ਮਹੱਤਵਪੂਰਨ ਹਨ ਕਿਉਂਕਿ ਇਨ੍ਹਾਂ ਨੂੰ ਆਸਾਨੀ ਨਾਲ ਲਿਜਾਇਆ ਅਤੇ ਵਰਤਿਆ ਜਾ ਸਕਦਾ ਹੈ। ਇੱਕ ਨਕਸ਼ਾ, ਪੂਰੀ ਧਰਤੀ ਦਾ ਜਾਂ ਕੁਝ ਕੁ ਭਾਗ ਦਾ, ਪੈਮਾਨੇ ਅਨੁਸਾਰ, ਪੱਧਰ ਸਤ੍ਹਾ 'ਤੇ ਪ੍ਰਦਰਸ਼ਿਤ ਹੋਇਆ ਰੂਪ ਹੈ।




*ਦਿਸ਼ਾ ਸੂਚਕ ਯੰਤਰ-ਚੁੰਬਕੀ ਕੰਪਾਸ*
*ਉ - ਉੱਤਰ, ਦੱ - ਦੱਖਣ, ਪੂ - ਪੂਰਬ, ਪੱ - ਪੱਛਮ*




*ਮੁੱਖ ਦਿਸ਼ਾਵਾਂ*

**ਚਿੱਤਰ 4.1**

**ਨਕਸ਼ੇ ਸਾਡੀ ਮਦਦ ਕਿਵੇਂ ਕਰਦੇ ਹਨ :** ਸਾਡੇ ਆਧੁਨਿਕ ਜੀਵਨ ਲਈ ਨਕਸ਼ੇ, ਬਹੁਤ ਜ਼ਰੂਰੀ ਹਨ। ਇਹ ਸਾਨੂੰ ਵੱਖ-ਵੱਖ ਥਾਂਵਾਂ ਦੀ ਨਕਸ਼ੇ'ਤੇ ਖਿੱਚੇ ਗਏ ਅਕਸ਼ਾਂਸ਼ਾਂ ਅਤੇ ਦੇਸ਼ਾਂਤਰਾਂ ਅਨੁਸਾਰ ਸਥਿਤੀ ਦੱਸਦੇ ਹਨ। ਇਨ੍ਹਾਂ ਦੀ ਮਦਦ ਨਾਲ ਅਸੀਂ ਇੱਕ ਥਾਂ ਦੀ ਦੂਸਰੇ ਥਾਂ ਨਾਲੋਂ ਦੂਰੀ, ਸਮਾਂ ਅਤੇ ਸਥਿਤੀ ਬਾਰੇ ਅਸਾਨੀ ਨਾਲ ਪਤਾ ਕਰ ਸਕਦੇ ਹਾਂ, ਵਪਾਰਕ ਕੇਂਦਰ, ਸੜਕਾਂ ਅਤੇ ਰੇਲਾਂ ਦੇ ਰਸਤੇ, ਜ਼ਮੀਨ ਦੀ ਢਲਾਣ, ਦਰਿਆ ਅਤੇ ਭੌਤਿਕ ਲੱਛਣ ਅਸਾਨੀ ਨਾਲ਼ ਪਤਾ ਲਗਾ ਸਕਦੇ ਹਾਂ। ਸਰਕਾਰ ਨੂੰ ਰਾਜ-ਸ਼ਾਸਨ ਚਲਾਉਣ ਲਈ ਨਕਸ਼ਿਆਂ ਦੀ ਜ਼ਰੂਰਤ ਪੈਂਦੀ ਹੈ। ਨਕਸ਼ੇ ਰਾਹਗੀਰਾਂ ਅਤੇ ਸੈਨਾ ਲਈ ਬਹੁਤ ਜ਼ਰੂਰੀ ਹਨ। ਇਹ ਭੂਗੋਲ ਦੇ ਵੱਖ-ਵੱਖ ਪਹਿਲੂਆਂ ਨੂੰ ਅਧਿਐਨ ਕਰਨ ਲਈ ਜ਼ਰੂਰੀ ਤੱਤ ਹਨ।

## ਨਕਸ਼ਿਆਂ ਦੀਆਂ ਵੱਖ-ਵੱਖ ਕਿਸਮਾਂ :

ਨਕਸ਼ਿਆਂ ਦੀ ਵੱਖ-ਵੱਖ ਵਰਤੋਂ ਹੋਣ ਕਰਕੇ ਇਨ੍ਹਾਂ ਦੀਆਂ ਕਈ ਕਿਸਮਾਂ ਹਨ। ਕਈ ਨਕਸ਼ੇ ਭੂਗੋਲ ਦਾ ਅਧਿਐਨ ਕਰਨ ਦੇ ਪੱਖ ਤੋਂ ਤਿਆਰ ਕੀਤੇ ਜਾਂਦੇ ਹਨ। ਜਿਵੇਂ— ਭੌਤਿਕ ਨਕਸ਼ੇ, ਰਾਜਨੀਤਿਕ ਨਕਸ਼ੇ, ਵੰਡ-ਦਰਸਾਉਂਦੇ ਨਕਸ਼ੇ, ਧਰਾਤਲੀ ਨਕਸ਼ੇ, ਐਟਲਸ ਨਕਸ਼ੇ, ਦੀਵਾਰੀ ਨਕਸ਼ੇ।

**ਭੌਤਿਕ ਨਕਸ਼ੇ :** ਇਹ ਨਕਸ਼ੇ ਕਿਸੇ ਮਹਾਂਦੀਪ ਜਾਂ ਕਿਸੇ ਦੇਸ਼ ਦੇ ਭੌਤਿਕ ਲੱਛਣਾਂ ਦੀ, ਜਿਵੇਂ ਕਿ ਉੱਥੋਂ ਦੇ ਪਹਾੜ, ਪਠਾਰ, ਮੈਦਾਨ ਆਦਿ ਬਾਰੇ ਜਾਣਕਾਰੀ ਦੱਸਦੇ ਹਨ। ਇਹਨਾਂ ਵਿੱਚ ਵੱਖ-ਵੱਖ ਰੰਗਾਂ ਨਾਲ ਵੱਖ-ਵੱਖ ਧਰਾਤਲੀ ਰੂਪ ਦਿਖਾਏ ਜਾਂਦੇ ਹਨ। ਭੌਤਿਕ ਨਕਸ਼ਿਆਂ ਨੂੰ ਧਰਾਤਲੀ ਨਕਸ਼ੇ ਵੀ ਆਖਦੇ ਹਨ।

**ਇਤਿਹਾਸਕ ਨਕਸ਼ੇ :** ਇਹ ਨਕਸ਼ੇ ਇਤਿਹਾਸਕ ਘਟਨਾਵਾਂ ਜਿਵੇਂ— ਲੜਾਈਆਂ, ਸੱਭਿਆਤਾਵਾਂ ਦਾ ਵਿਸਥਾਰ, ਮਹੱਤਵਪੂਰਨ ਯਾਤਰਾਵਾਂ ਆਦਿ ਦਾ ਅਧਿਐਨ ਕਰਨ ਬਾਰੇ ਵਰਤੇ ਜਾਂਦੇ ਹਨ।

**ਵੰਡ ਸੰਬੰਧੀ ਨਕਸ਼ੇ :** ਇਨ੍ਹਾਂ ਨਕਸ਼ਿਆਂ ਦੁਆਰਾ ਵੱਖ-ਵੱਖ ਫਸਲਾਂ, ਖਣਿਜਾਂ, ਜਨ ਸੰਖਿਆ ਆਦਿ ਕਈ ਹੋਰ ਚੀਜ਼ਾਂ ਦੀ ਕਿਸੇ ਜਗ੍ਹਾਂ, ਦੇਸ਼ ਅਤੇ ਮਹਾਂਦੀਪਾਂ ਵਿੱਚ ਵੰਡ ਦਿਖਾਈ ਜਾਂਦੀ ਹੈ। ਇਹਨਾਂ ਨੂੰ ਵਸਤੂ-ਨਕਸ਼ੇ ਵੀ ਆਖਿਆ ਜਾਂਦਾ ਹੈ।

**ਸਥਲ-ਅਕ੍ਰਿਤੀ ਨਕਸ਼ੇ :** ਇਹਨਾਂ ਨਕਸ਼ਿਆਂ ਵਿੱਚ ਕੁਦਰਤੀ ਅਤੇ ਮਨੁੱਖ ਦੁਆਰਾ ਬਣਾਈਆਂ ਆਕ੍ਰਿਤੀਆਂ ਦਰਸਾਈਆਂ ਜਾਂਦੀਆਂ ਹਨ। ਮਨੁੱਖ ਦੁਆਰਾ ਬਣਾਈਆਂ ਆਕ੍ਰਿਤੀਆਂ ਜਿਵੇਂ ਸੜਕਾਂ, ਰੇਲ-ਮਾਰਗ ਆਦਿ। ਇਹ ਹਰੇਕ ਦੇਸ਼ ਦੇ ਸਰਵੇ ਵਿਭਾਗ ਵੱਲੋਂ ਤਿਆਰ ਕੀਤੇ ਜਾਂਦੇ ਹਨ। ਇਹ ਨਕਸ਼ੇ, ਨਗਰ ਯੋਜਨਾ, ਮਿਲਟਰੀ (ਫੌਜ) ਅਤੇ ਅਧਿਐਨ ਪੱਖੋਂ ਵਰਤੇ ਜਾਂਦੇ ਹਨ।

**ਐਟਲਸ-ਨਕਸ਼ੇ :** ਇਹ ਨਕਸ਼ੇ ਛੋਟੇ ਪੈਮਾਨੇ'ਤੇ ਆਧਾਰਤ, ਜਿਨ੍ਹਾਂ ਦਾ ਕਿਤਾਬ ਦੇ ਰੂਪ ਵਿੱਚ ਵਿਸਥਾਰ ਦਿੱਤਾ ਹੁੰਦਾ ਹੈ। ਇਹ ਲਿਜਾਣੇ ਸੌਖੇ ਹੁੰਦੇ ਹਨ ਅਤੇ ਵਿਦਿਆਰਥੀਆਂ ਲਈ ਲਾਹੇਵੰਦ ਹੁੰਦੇ ਹਨ।

**ਦੀਵਾਰ-ਨਕਸ਼ੇ** : ਇਹ ਐਟਲਸ ਨਕਸ਼ਿਆਂ ਨਾਲੋਂ ਵੱਡੇ ਹੁੰਦੇ ਹਨ। ਇਹ ਪ੍ਰਦਰਸ਼ਨ ਅਤੇ ਪੜ੍ਹਾਉਣ ਲਈ ਵਰਤੇ ਜਾਂਦੇ ਹਨ।

## ਨਕਸ਼ਿਆਂ ਦੇ ਜ਼ਰੂਰੀ ਤੱਤ :

ਦੂਰੀ, ਦਿਸ਼ਾ, ਪ੍ਰਮਾਣਿਕ ਚਿੰਨ੍ਹ, ਨਕਸ਼ਿਆਂ ਦੇ ਤਿੰਨ ਥੰਮ੍ਹ ਜਾਂ ਅਤਿ ਜ਼ਰੂਰੀ ਤੱਤ ਮੰਨੇ ਜਾਂਦੇ ਹਨ।

**ਦੂਰੀ** : ਨਕਸ਼ੇ ਤੇ ਦੂਰੀ ਪੈਮਾਨੇ ਦੇ ਆਧਾਰ 'ਤੇ ਵਿਖਾਈ ਜਾਂਦੀ ਹੈ।


**ਪੈਮਾਨਾ** : ਪੈਮਾਨੇ ਦਾ ਮਤਲਬ ਇੱਕ ਉਹ ਮਿਣਤੀ ਰੇਖਾ ਹੈ ਜੋ ਨਕਸ਼ੇ ਤੇ ਦੋ ਬਿੰਦੂ/ਸਥਾਨਾਂ ਦੀ ਆਪਸੀ ਅਸਲੀ ਦੂਰੀ ਦਰਸਾਉਂਦੀ ਹੈ। ਧਰਤੀ 'ਤੇ ਦਰਸਾਈਆਂ ਗਈਆਂ ਥਾਂਵਾਂ ਦਾ ਅਤੇ ਨਕਸ਼ੇ ਤੇ ਦਰਸਾਈਆਂ ਥਾਂਵਾਂ ਦੇ ਨਾਪ/ਅਕਾਰ ਵਿੱਚ ਇੱਕ ਅਨੁਪਾਤ ਹੁੰਦਾ ਹੈ। ਇਸ ਅਨੁਸਾਰ ਪੈਮਾਨਾ ਤਿਆਰ ਕੀਤਾ ਜਾਂਦਾ ਹੈ ਜਿਵੇਂ ਕਿ ਹੇਠਾਂ ਦਿੱਤੇ ਪੈਮਾਨੇ (ਚਿੱਤਰ-4.2). ਇੱਕ ਇੰਚ = 100 ਮੀਟਰ ਹੈ।




*ਚਿੱਤਰ 4.2* ਪੈਮਾਨਾ


ਇਸ ਦਾ ਅਰਥ ਹੈ ਕਿ ਧਰਤੀ ਤੇ ਅਸਲੀ ਨਾਪ 100 ਮੀਟਰ, ਪੈਮਾਨੇ ਦੇ 1 ਇੰਚ ਦੇ ਬਰਾਬਰ ਹੈ। ਨਕਸ਼ੇ, ਕਿਸੇ ਵੀ ਪੈਮਾਨੇ ਅਨੁਸਾਰ ਬਣਾਏ ਜਾ ਸਕਦੇ ਹਨ, ਜਿਵੇਂ ਕਿ ਇੱਕ ਮਿਲੀਮੀਟਰ ਜਾਂ ਇੱਕ ਸੈਂਟੀ ਮੀਟਰ ਜਾਂ ਇੱਕ ਹਜ਼ਾਰ ਕਿਲੋਮੀਟਰ ਜਾਂ ਇਸ ਤੋਂ ਵੀ ਵੱਧ।

**ਦਿਸ਼ਾ (Directions)** : ਦੂਰੀ/ਫ਼ਾਸਲੇ ਦੀ ਤਰ੍ਹਾਂ, ਦਿਸ਼ਾ ਵੀ ਨਕਸ਼ਿਆਂ ਵਿੱਚ ਮਹੱਤਵਪੂਰਨ ਸਥਾਨ ਰੱਖਦੀ ਹੈ। ਨਕਸ਼ਿਆਂ ਵਿੱਚ ਦਿਸ਼ਾਵਾਂ ਤੀਰ-ਨਿਸ਼ਾਨ ਨਾਲ ਵਿਖਾਈਆਂ ਜਾਂਦੀਆਂ ਹਨ।




*ਚਿੱਤਰ 4.3* ਦਿਸ਼ਾਵਾਂ

**ਪ੍ਰਮਾਣਿਕ ਚਿੰਨ੍ਹ :** ਨਕਸ਼ੇ ਨੂੰ ਪੜ੍ਹਨ ਲਈ ਸਾਨੂੰ ਚਿੰਨ੍ਹਾਂ ਦੀ ਜਾਣਕਾਰੀ ਹੋਣਾ ਬਹੁਤ ਜ਼ਰੂਰੀ ਹੈ। ਇਨ੍ਹਾਂ ਨੂੰ ਪ੍ਰਮਾਣਿਕ ਚਿੰਨ੍ਹ ਆਖਦੇ ਹਨ। ਇਹ ਚਿੱਤਰ-ਕਸ਼ੀ ਚਿੰਨ੍ਹ ਹੁੰਦੇ ਹਨ ਜਿਨ੍ਹਾਂ ਦੁਆਰਾ ਅਸੀਂ ਧਰਤੀ ਦੀਆਂ ਨਕਸ਼ੇ ਤੇ ਕੁਦਰਤੀ ਆਕ੍ਰਿਤੀਆਂ ਅਤੇ ਮਨੁੱਖ ਦੁਆਰਾ ਬਣਾਈਆਂ ਆਕ੍ਰਿਤੀਆਂ ਦਾ ਅਧਿਐਨ ਕਰ ਸਕਦੇ ਹਾਂ। ਇਹ ਦੇਸ਼ ਦੇ ਸਰਵੇਖਣ ਵਿਭਾਗ ਵੱਲੋਂ ਸਥਲ-ਅਕ੍ਰਿਤਕ ਨਕਸ਼ੇ ਬਣਾਉਣ ਲਈ ਵਰਤੇ ਜਾਂਦੇ ਹਨ। ਇਹ ਵਿਭਾਗ ਬਹੁਤ ਜਲਦੀ ਅਤੇ ਆਸਾਨੀ ਨਾਲ ਨਕਸ਼ਿਆਂ ਦੀਆਂ ਡਰਾਇੰਗ ਤਿਆਰ ਕਰਦੇ ਹਨ। ਇਹ ਚਿੰਨ੍ਹ ਅਜਿਹੇ ਹਨ ਜਿਨ੍ਹਾਂ ਦੀ ਸੰਸਾਰ ਭਰ ਵਿੱਚ ਇੱਕਸਾਰਤਾ ਹੁੰਦੀ ਹੈ।




*ਚਿੱਤਰ 4.4*

*ਨੋਟ : ਉਪਰੋਕਤ ਪ੍ਰਮਾਣਿਕ ਚਿੰਨ੍ਹ, ਭਾਰਤ ਦੇ ਸਰਵੇਖਣ ਵਿਭਾਗ ਵੱਲੋਂ ਪਰਵਾਨ ਕੀਤੇ ਗਏ ਹਨ।*

ਦੂਰੀ, ਦਿਸ਼ਾ ਅਤੇ ਪ੍ਰਮਾਣਿਕ ਚਿੰਨ੍ਹਾਂ ਤੋਂ ਇਲਾਵਾ ਨਕਸ਼ਿਆਂ ਦਾ, ਇੱਕ ਹੋਰ ਵੀ ਮਹੱਤਵਪੂਰਨ ਤੱਤ ਹੈ ਜਿਵੇਂ ਕਿ ਨਕਸ਼ੇ ਦਾ ਸਿਰਲੇਖ ਅਤੇ ਨਕਸ਼ਾ-ਸੰਕੇਤ ਆਦਿ।

ਕਈ ਵਾਰੀ ਨਕਸ਼ੇ ਬਣਾਉਣ ਲਈ ਖ਼ਾਸ ਭੌਤਿਕ ਸਥਾਨਾਂ ਨੂੰ ਦਰਸਾਉਣ ਲਈ ਰੰਗਾਂ ਦਾ ਪ੍ਰਯੋਗ ਵੀ ਕੀਤਾ ਜਾਂਦਾ ਹੈ ਜਿਵੇਂ ਕਿ ਮਹਾਂਸਾਗਰ/ਜਲ-ਪਿੰਡਾਂ ਨੂੰ ਨੀਲੇ ਰੰਗ, ਮੈਦਾਨਾਂ ਨੂੰ ਹਰੇ ਰੰਗ ਨਾਲ, ਉੱਚੀਆਂ ਥਾਂਵਾਂ ਨੂੰ ਪੀਲੇ ਰੰਗ, ਪਰਬਤਾਂ ਨੂੰ ਭੂਰੇ ਰੰਗ ਨਾਲ ਅਤੇ ਇਸੇ ਤਰ੍ਹਾਂ ਹੀ ਬਰਫ਼-ਢੱਕੇ ਪਹਾੜਾਂ ਨੂੰ ਚਿੱਟੇ ਰੰਗ ਨਾਲ ਦਰਸਾਇਆ ਜਾਂਦਾ ਹੈ।

**ਨਕਸ਼ਾ ਕਿਵੇਂ ਪੜ੍ਹਿਆ ਜਾਵੇ :** ਨਕਸ਼ਾ ਸਹੀ ਦੂਰੀ, ਦਿਸ਼ਾ ਅਤੇ ਹੋਰ ਲੱਛਣਾਂ ਅਨੁਸਾਰ ਤਿਆਰ ਕੀਤਾ ਜਾਂਦਾ ਹੈ।

ਨਕਸ਼ਾ ਘੋਖਣ ਉਪਰੰਤ ਤੁਸੀਂ ਵੇਖੋਗੇ ਕਿ ਇੱਕ ਤੀਰ-ਚਿੰਨ੍ਹ ਰੇਖਾ ਸੱਜੇ ਕੋਨੇ ਵਿੱਚ ਹੈ। ਜਿਵੇਂ ਕਿ ਤੁਸੀਂ ਜਾਣਦੇ ਹੋ ਕਿ ਇਹ ਚੁੰਝ N.'ਉ' ਉੱਤਰ ਦਿਸ਼ਾ ਅਖਵਾਉਂਦੀ ਹੈ। ਇਹ ਨਕਸ਼ੇ ਤੇ ਤੁਹਾਨੂੰ ਹੋਰ ਦਿਸ਼ਾਵਾਂ ਲੱਭਣ ਵਿੱਚ ਮਦਦ ਕਰਦੀ ਹੈ। ਕਈ ਵਾਰੀ ਇਹ ਰੇਖਾ ਦਿੱਤੀ ਨਹੀਂ ਹੁੰਦੀ ਅਤੇ ਨਾ ਹੀ ਇਸ ਬਾਰੇ ਕੋਈ ਉਲਝਣ ਹੁੰਦੀ ਹੈ। ਰੀਤੀ ਅਨੁਸਾਰ ਹੀ ਇਹ ਮੰਨਿਆ ਜਾਂਦਾ ਹੈ ਕਿ ਨਕਸ਼ੇ ਦਾ ਉੱਪਰਲਾ ਸਿਰਾ ਉੱਤਰ ਵੱਲ ਹੀ ਹੋਵੇਗਾ। ਇਸ ਉੱਤਰੀ ਰੇਖਾ ਰਾਹੀਂ ਤੁਸੀਂ ਆਪਣੇ ਰਾਜ (ਪੰਜਾਬ) ਦੀ, ਭਾਰਤ ਦੇ ਨਕਸ਼ੇ ਤੇ ਦਿਸ਼ਾ ਦੱਸ ਸਕਦੇ ਹੋ।

### ਯਾਦ ਰੱਖਣ ਯੋਗ ਨੁਕਤੇ

1. ਨਕਸ਼ਾ ਸਾਰੀ ਧਰਤੀ ਜਾਂ ਧਰਤੀ ਦੇ ਕਿਸੇ ਹਿੱਸੇ ਦੀ ਕਿਸੇ ਪੱਧਰ ਸਤ੍ਹਾ ਉਤੇ ਵਾਹੀ ਉਹ ਤਸਵੀਰ ਹੈ ਜੋ ਕਿਸੇ ਖਾਸ ਪੈਮਾਨੇ ਅਨੁਸਾਰ ਵਾਹੀ ਗਈ ਹੋਵੇ।
2. ਨਕਸ਼ੇ ਵਿੱਚ ਕਿਸੇ ਦੋ ਸਥਾਨਾਂ ਵਿਚਲੀ ਦੂਰੀ, ਦਿਸ਼ਾ ਤੇ ਸਰੂਪ (Shape) ਉਵੇਂ ਹੀ ਦਰੁਸਤ ਪੇਸ਼ ਕੀਤੇ ਹੁੰਦੇ ਹਨ ਜਿਵੇਂ ਉਹ ਅਸਲ ਵਿੱਚ ਧਰਤੀ ਉਤੇ ਹੁੰਦੇ ਹਨ।
3. ਹਰ ਨਕਸ਼ੇ ਵਿੱਚ ਉੱਤਰ ਦਿਸ਼ਾ ਉੱਪਰ ਵੱਲ ਦਿਖਾਈ ਜਾਂਦੀ ਹੈ।
4. ਨਕਸ਼ਿਆਂ ਦੀਆਂ ਮਨੋਰਥ ਅਨੁਸਾਰ ਕਈ ਕਿਸਮਾਂ ਹੋ ਸਕਦੀਆਂ ਹਨ।

## ਅਭਿਆਸ

### I. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :

(1) ਨਕਸ਼ਾ ਕੀ ਹੈ ?

(2) ਗਲੋਬ ਕੀ ਹੈ ?

(3) ਨਕਸ਼ੇ ਅਤੇ ਗਲੋਬ ਵਿੱਚ ਅੰਤਰ ਦੱਸੋ।

(4) ਨਕਸ਼ੇ ਕਿਉਂ ਬਣਾਏ ਗਏ ਹਨ ? ਇਨ੍ਹਾਂ ਦੀ ਮਹੱਤਤਾ ਦੱਸੋ ?

(5) ਵੱਖ-ਵੱਖ ਕਿਸਮਾਂ ਦੇ ਨਕਸ਼ਿਆਂ ਦੀ ਸੂਚੀ ਬਣਾਓ।

(6) ਪ੍ਰਮਾਣਿਕ ਚਿੰਨ੍ਹਾਂ ਬਾਰੇ ਤੁਸੀਂ ਕੀ ਜਾਣਦੇ ਹੋ, ਦੱਸੋ ?

(7) ਰੰਗਦਾਰ ਨਕਸ਼ਿਆਂ ਵਿੱਚ ਕਿਹੜੇ-ਕਿਹੜੇ ਰੰਗਾਂ ਨਾਲ ਹੇਠ ਲਿਖੀਆਂ ਭੌਤਿਕ ਅਕ੍ਰਿਤੀਆਂ ਦਿਖਾਈਆਂ ਜਾਂਦੀਆਂ ਹਨ :

ਪਹਾੜ, ਉੱਚੀਆਂ ਧਰਤੀਆਂ, ਮੈਦਾਨ, ਦਰਿਆ, ਜੰਗਲ ਅਤੇ ਬਰਫ ਨਾਲ ਢਕੀਆਂ ਪਹਾੜੀਆਂ।

(8) ਨਕਸ਼ੇ ਵਿੱਚ ਦਿਸ਼ਾ ਦੀ ਕੀ ਵਰਤੋਂ ਕੀਤੀ ਜਾਂਦੀ ਹੈ ?

(9) ਨਕਸ਼ੇ ਨੂੰ ਪੜ੍ਹਨ ਲਈ ਪੈਮਾਨਾ ਸਾਡੀ ਕੀ ਮਦਦ ਕਰਦਾ ਹੈ ?

(10) ਨਕਸ਼ੇ ਵਿੱਚ ਨਕਸ਼ਾ ਸੰਕੇਤ ਦਾ ਕੀ ਮਹੱਤਵ ਹੈ ?


## ਗਤੀਵਿਧੀ

## ACTIVITY

ਆਪਣੇ ਸਕੂਲ ਜਾਂ ਰਿਹਾਇਸ਼ੀ ਕਲੋਨੀ ਦਾ ਕੱਚਾ-ਪੱਕਾ ਨਕਸ਼ਾ ਬਣਾਓ। ਭੌਤਿਕ ਅਕ੍ਰਿਤੀਆਂ ਵਿਖਾਉਣ ਲਈ ਵੱਖੋ-ਵੱਖਰੇ ਰੰਗਾਂ ਦਾ ਪ੍ਰਯੋਗ ਕਰੋ।

# INDIA — OUTLINE AND ADJACENT COUNTRIES

ਭਾਰਤ - ਤੇ ਗੁਆਂਢੀ ਦੇਸ਼




1. Based upon Survey of India Map with the permission of the Surveyor General of India.
2. The territorial waters of India extend into the sea to a distance of twelve nautical miles measured from the appropriate baseline.
3. The interstate boundaries between Uttar Pradesh & Uttarakhand, Bihar & Jharkhand, Madhya Pradesh & Chhattisgarh have not been verified by the Governments concerned.
4. The boundary of Meghalaya shown on this map is as interpreted from the North-Eastern Areas (Reorganisation) Act, 1971, but has yet to be verified.
5. The External Boundary and coastline of India shown on this map agree with the Record/Master copy certified by the Survey of India, Dehradun.
6. The administrative Headquarters of Chandigarh, Haryana and Punjab are at Chandigarh. (Letter No. T.B. 991/62-A-3/213 Dated 5/5/2003)

© Government of India, Copyright 2002

Name .................................... Class ........................ Roll No........................ Teacher Signature ....................................

ਪਾਠ 5

# ਧਰਤੀ ਦੇ ਪਰਿਮੰਡਲ

ਸਮੁੱਚੇ ਸੂਰਜੀ-ਪਰਿਵਾਰ ਵਿੱਚ ਸਾਡੀ ਧਰਤੀ (Earth) ਇੱਕ ਵਿਸ਼ੇਸ਼ ਗ੍ਰਹਿ ਹੈ। ਇਹ ਇੱਕੋ ਹੀ ਅਜਿਹਾ ਗ੍ਰਹਿ ਹੈ ਜਿੱਥੇ ਜੀਵਨ ਸੰਭਵ ਹੋ ਸਕਿਆ ਹੈ ਅਤੇ ਜੀਵਨ ਨੂੰ ਚਲਾਉਣ ਲਈ ਸਹਾਇਤਾ ਮਿਲਦੀ ਹੈ। ਕਈ ਵਾਰੀ ਮੰਨਿਆ ਜਾਂਦਾ ਹੈ ਕਿ ਇਕ ਹੋਰ ਗ੍ਰਹਿ ਮੰਗਲ (Mars) ਵੀ ਅਜਿਹਾ ਹੈ ਜਿੱਥੇ ਇਹੋ ਜਿਹੇ ਹਾਲਾਤ ਹਨ ਜਿਸ ਤੇ ਜੀਵਨ ਸੰਭਵ ਹੋ ਸਕਦਾ ਹੈ। ਇਸ ਬਾਰੇ ਅਜੇ ਤੱਕ ਕੋਈ ਪ੍ਰਮਾਣ ਪ੍ਰਾਪਤ ਨਹੀਂ ਹੋਇਆ ਕਿ ਜਿਸ ਦੇ ਆਧਾਰ 'ਤੇ ਇਹ ਕਿਹਾ ਜਾਵੇ ਕਿ ਮੰਗਲ 'ਤੇ ਜੀਵਨ ਹੈ। ਧਰਤੀ ਦੇ ਤਿੰਨ ਪਰਿਮੰਡਲ-ਧਰਤੀ, ਪਾਣੀ ਅਤੇ ਹਵਾ ਹਨ, ਜਿਹੜੇ ਜਿਉਣ ਲਈ ਸਹਾਈ ਹੁੰਦੇ ਹਨ।

ਧਰਤੀ ਦੀ ਸਤਹ ਦਾ 71% ਹਿੱਸਾ ਪਾਣੀ ਨਾਲ ਢਕਿਆ ਹੋਇਆ ਹੈ ਜਿਸਨੂੰ ਜਲਮੰਡਲ ਆਖਦੇ ਹਨ ਅਤੇ ਬਾਕੀ 29% ਹਿੱਸਾ ਠੋਸ ਹੈ ਜਿਸਨੂੰ ਥਲਮੰਡਲ ਆਖਦੇ ਹਨ। ਹਵਾ ਦਾ ਪਰਿਮੰਡਲ ਜਿਸਨੇ ਧਰਤੀ ਨੂੰ ਚੁਫੇਰਿਓਂ ਵਲਿਆ ਹੋਇਆ ਹੈ, ਨੂੰ ਵਾਯੂਮੰਡਲ ਆਖਦੇ ਹਨ।

## ਥਲ ਮੰਡਲ (Lithosphere) :

ਥਲ ਤੋਂ ਮਤਲਬ, ਸਖ਼ਤ ਪੱਥਰ ਤੋਂ ਬਣੀ ਧਰਤੀ ਦੀ ਸਖ਼ਤ ਸਤਹ ਹੈ। ਇਸ ਵਿੱਚ ਸਭ ਤਰ੍ਹਾਂ ਦੇ ਥਲ ਰੂਪ ਵੱਡੇ-ਛੋਟੇ, ਉੱਘੜ-ਦੁਘੜ ਪੱਧਰੇ, ਉੱਚੇ ਪਰਬਤ ਅਤੇ ਡੂੰਘੀਆਂ ਘਾਟੀਆਂ, ਵਿਸ਼ਾਲ ਮੈਦਾਨ ਅਤੇ ਪਠਾਰਾਂ ਹਨ। ਇਨ੍ਹਾਂ ਥਲ ਰੂਪਾਂ ਦੀ ਉਚਾਈ ਸਮੁੰਦਰ ਦੀ ਸਤਹ ਤੋਂ ਨਾਪੀ ਜਾਂਦੀ ਹੈ ਜਿਵੇਂ ਕਿ ਸਾਰੇ ਸਮੁੰਦਰ ਥਲਿਓਂ ਇੱਕ ਦੂਜੇ ਨਾਲ ਜੁੜੇ ਹੋਣ ਕਰਕੇ ਇਹਨਾਂ ਦੀ ਸਮੁੰਦਰੀ ਸਤਹ ਲਗਪਗ ਹਰ ਥਾਂ ਤੋਂ ਬਰਾਬਰ ਮੰਨੀ ਜਾਂਦੀ ਹੈ। ਇੱਥੋਂ ਤੱਕ ਕਿ ਸੰਸਾਰ ਦੀ ਸੱਭ ਤੋਂ ਉੱਚੀ ਪਰਬਤ ਚੋਟੀ ਮਾਊਂਟ ਐਵਰੈਸਟ (8848 ਮੀ.) ਅਤੇ ਸੱਭ ਤੋਂ ਨੀਵੀਂ ਖਾਈ ਮੈਰੀਨਾ ਖੱਡ (10,911 ਮੀ. ਡੂੰਘੀ) ਵੀ ਸਮੁੰਦਰੀ ਪੱਧਰ ਤੋਂ ਹੀ ਨਾਪੀਆਂ ਗਈਆਂ ਹਨ।

## ਭੂ-ਰੂਪ :

ਆਓ, ਅਸੀਂ ਕੁਝ ਪ੍ਰਮੁੱਖ ਭੂ-ਰੂਪਾਂ ਬਾਰੇ ਜਾਣਕਾਰੀ ਪ੍ਰਾਪਤ ਕਰੀਏ, ਧਰਤੀ ਦੀ ਸਤਹ ਤੇ ਪਾਏ ਜਾਣ ਵਾਲੇ ਭੂ-ਰੂਪਾਂ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਜਾਂਦਾ ਹੈ :

1. ਪਹਾੜ 2. ਪਠਾਰ 3. ਮੈਦਾਨ

**1. ਪਹਾੜ :** ਪਹਾੜ ਉਹ ਥਲ ਰੂਪ ਹਨ ਜੋ ਆਪਣੇ ਆਲ਼ੇ-ਦੁਆਲ਼ੇ ਸਥਲ ਤੋਂ ਉੱਚੇ, ਵੱਖੀਆਂ ਤੋਂ ਢਲਾਣਦਾਰ ਅਤੇ ਉਪਰਲੇ ਸਿਰਿਆਂ ਤੋਂ ਤਿਕੋਨੇ ਹੁੰਦੇ ਹਨ। ਇਹ ਆਮ ਕਰਕੇ ਧਰਤੀ ਤੇ ਇੱਕ ਲੜੀ ਦੇ ਰੂਪ ਵਿੱਚ ਹੁੰਦੇ ਹਨ। ਇਸ ਲਈ ਇਨ੍ਹਾਂ ਦੇ ਇਕੱਠ ਨੂੰ ਪਰਬਤ ਲੜੀ ਜਾਂ ਪਰਬਤ ਸ਼੍ਰੇਣੀ ਆਖਦੇ ਹਨ। ਸੰਸਾਰ ਦੀਆਂ ਪ੍ਰਸਿੱਧ ਪਰਬਤ ਸ਼੍ਰੇਣੀਆਂ, ਤਹਿਦਾਰ ਚੱਟਾਨਾਂ ਦੀਆਂ ਬਣੀਆਂ ਹਨ। ਇਹ ਨਵੇਂ ਬਣੇ ਵਲਨ ਪਰਬਤ ਹਨ।

ਉੱਤਰੀ ਅਮਰੀਕਾ ਦੀ ਰੌਕੀ ਪਰਬਤ ਸ਼੍ਰੇਣੀ, ਦੱਖਣੀ ਅਮਰੀਕਾ ਦੀ ਐਂਡੀਜ਼, ਏਸ਼ੀਆ ਦੀ ਹਿਮਾਲਿਆ, ਅਫ਼ਰੀਕਾ ਦੀ ਐਟਲੈਸ ਪਰਬਤ ਸ਼੍ਰੇਣੀ, ਯੂਰਪ ਦੇ ਐਲਪਸ, ਆਸਟਰੇਲੀਆ ਦੀ ਮਹਾਨ ਵਿਭਾਜਨ ਸ਼੍ਰੇਣੀ ਆਦਿ ਕੁਝ ਕੁ ਸੰਸਾਰ ਦੀਆਂ ਪ੍ਰਸਿੱਧ ਪਰਬਤ ਸ਼੍ਰੇਣੀਆਂ ਹਨ।



ਚਿੱਤਰ 5.1 ਪਹਾੜ

**2. ਪਠਾਰ :** ਪਠਾਰ ਆਪਣੇ ਆਲ਼ੇ-ਦੁਆਲ਼ੇ ਦੇ ਖੇਤਰ ਤੋਂ ਇੱਕ ਦਮ ਉੱਚੇ ਅਤੇ ਪੱਧਰੇ ਸਿਖਰਾਂ ਵਾਲੇ ਭੂ-ਰੂਪ ਹਨ। ਮੇਜ਼ ਵਾਂਗ ਹੋਣ ਕਰਕੇ ਇਨ੍ਹਾਂ ਨੂੰ ਮੇਜ਼ ਭੂ-ਰੂਪ (Table land) ਆਖਦੇ ਹਨ।

ਸੰਸਾਰ ਦੀਆਂ ਕੁਝ ਕੁ ਮਹੱਤਵਪੂਰਨ ਪਠਾਰਾਂ ਜਿਵੇਂ ਭਾਰਤ ਦੀ ਦੱਖਣ ਦੀ ਪਠਾਰ, ਉੱਤਰੀ ਅਮਰੀਕਾ ਦੀ ਐਪਲੇਸ਼ੀਅਨ ਪਠਾਰ, ਮੱਧ ਅਫ਼ਰੀਕਾ ਦੀ ਪਠਾਰ, ਤਿੱਬਤ ਦੀ ਪਠਾਰ ਆਦਿ ਇਸਦੀ ਉਦਾਹਰਣ ਹਨ।

**3. ਮੈਦਾਨ :** ਮੈਦਾਨ ਧਰਤ ਦੇ ਪੱਧਰੇ ਵਿਸਥਾਰ ਹਨ ਜਿਹੜੇ ਸਮੁੰਦਰ ਤਲ ਤੋਂ ਜ਼ਿਆਦਾ ਉੱਚੇ ਨਹੀਂ ਹੁੰਦੇ। ਵਧੇਰੇ ਕਰਕੇ ਇਹ ਮੈਦਾਨ, ਪਹਾੜਾਂ ਤੋਂ ਦਰਿਆਵਾਂ ਦੁਆਰਾ ਲਿਆਂਦੀ ਮਿੱਟੀ ਦੇ ਜਮ੍ਹਾਂ ਹੋਣ ਕਾਰਨ ਬਣੇ ਹਨ। ਇਹ ਥਾਂ, ਜ਼ਿਆਦਾ ਕਰਕੇ ਸੰਘਣੀ ਆਬਾਦੀ ਵਾਲੇ ਹੁੰਦੇ ਹਨ

ਕਿਉਂਕਿ ਇਹ ਬਹੁਤ ਉਪਜਾਊ ਹੁੰਦੇ ਹਨ ਇਸਦੇ ਨਾਲ ਹੀ ਇੱਥੇ ਆਵਾਜਾਈ ਲਈ ਸੜਕਾਂ ਅਤੇ ਰੇਲ ਪਟੜੀਆਂ ਬਣਾਉਣੀਆਂ ਬਹੁਤ ਅਸਾਨ ਹਨ। ਇੱਥੋਂ ਹੀ ਬਹੁਤ ਸਾਰੀਆਂ ਸੱਭਿਅਤਾਵਾਂ ਪਨਪੀਆਂ ਹਨ। ਜਿਵੇਂ ਕਿ ਸਿੰਧ ਘਾਟੀ ਸੱਭਿਅਤਾ, ਮੈਸੋਪਟੇਮੀਆ, ਚੀਨੀ ਸੱਭਿਅਤਾ ਆਦਿ ਸਾਰੀਆਂ ਨਦੀ ਘਾਟੀ ਦੇ ਨਾਲ-ਨਾਲ ਪਨਪੀਆਂ ਹਨ।

ਗਲੋਬ ਵੱਲ ਗਹੁ ਨਾਲ ਦੇਖੋ, ਤੁਸੀਂ ਦੇਖੋਗੇ ਕਿ ਇਸ ਦਾ ਜ਼ਿਆਦਾ ਤਰ ਹਿੱਸਾ ਨੀਲਾ ਦਿਖਾਈ ਦਿੰਦਾ ਹੈ, ਇਹ ਪਾਣੀ ਦੀ ਹੋਂਦ ਨੂੰ ਦਰਸਾਉਂਦਾ ਹੈ। ਤੁਸੀਂ ਦੇਖੋਗੇ ਕਿ ਉੱਤਰੀ ਅਰਧ ਗੋਲੇ ਵਿੱਚ ਜਲ ਭਾਗ ਨਾਲੋਂ ਧਰਤ ਭਾਗ ਜ਼ਿਆਦਾ ਹੈ ਜਦੋਂ ਕਿ ਦੱਖਣੀ ਅਰਧ ਗੋਲੇ ਵਿੱਚ ਜਲ ਭਾਗ ਜ਼ਿਆਦਾ ਹੈ। ਵੱਡੇ ਧਰਤ ਭਾਗ ਨੂੰ ਮਹਾਂਦੀਪ ਕਿਹਾ ਜਾਂਦਾ ਹੈ ਜਦੋਂ ਕਿ ਛੋਟੇ ਧਰਤ ਭਾਗਾਂ ਨੂੰ, ਜੋ ਚਾਰੋ ਪਾਸਿਓਂ ਪਾਣੀ ਨਾਲ ਘਿਰੇ ਹੋਣ, ਦੀਪ (ਟਾਪੂ) ਕਿਹਾ ਜਾਂਦਾ ਹੈ।

### ਮਹਾਂਦੀਪ ਦੀ ਮਹੱਤਤਾ :

ਧਰਤੀ ਦਾ ਬਾਹਰਲਾ ਚਾਪੜ ਜਿਸ ਨੇ ਸਾਰੀ ਧਰਤੀ ਨੂੰ ਢਕਿਆ ਹੋਇਆ ਹੈ, ਸਾਡੇ ਲਈ ਬਹੁਤ ਮਹੱਤਤਾ ਰੱਖਦੀ ਹੈ। ਖੇਤੀਬਾੜੀ ਅਤੇ ਪੌਦੇ ਲਗਾਉਣ ਦੇ ਨਾਲ-ਨਾਲ ਬਹੁਤ ਸਾਰੇ ਵੱਡਮੁੱਲੇ ਖਣਿਜ ਪਦਾਰਥ ਵੀ ਇਸ ਵਿੱਚੋਂ ਕੱਢੇ ਜਾਂਦੇ ਹਨ। ਤੀਸਰਾ ਮਨੁੱਖੀ ਕਿਰਿਆਵਾਂ ਲਈ, ਇਹ ਥਲ ਮੰਡਲ ਅਧਾਰ ਹੈ। ਮਨੁੱਖਾਂ ਅਤੇ ਜੀਵ-ਜੰਤੂਆਂ ਲਈ ਥਲ ਮੰਡਲ ਰਹਿਣ ਸਥਾਨ ਪ੍ਰਦਾਨ ਕਰਦਾ ਹੈ।

***ਮਹਾਂਦੀਪ** : ਉਹ ਵੱਡੇ-ਵੱਡੇ ਧਰਤ ਟੁਕੜੇ ਹਨ ਜਿਹੜੇ ਮਹਾਂਸਾਗਰਾਂ ਅਤੇ ਸਾਗਰਾਂ ਰਾਹੀਂ ਅਲੱਗ ਹੁੰਦੇ ਹਨ।*

### ਕੁੱਲ 7 ਮਹਾਂਦੀਪ ਹਨ :

1. ਏਸ਼ੀਆ
2. ਅਫ਼ਰੀਕਾ
3. ਉੱਤਰੀ ਅਮਰੀਕਾ
4. ਦੱਖਣੀ ਅਮਰੀਕਾ
5. ਅੰਟਾਰਕਟਿਕਾ
6. ਯੂਰਪ
7. ਆਸਟਰੇਲੀਆ

**ਸਾਰਣੀ 5.1**

| ਨੰ: | ਮਹਾਦੀਪ ਦਾ ਨਾਂ | ਖੇਤਰਫਲ (ਵ.ਕਿ.ਵਿਚ) | ਕੁਲ ਧਰਤੀ ਦਾ ਪ੍ਰਤੀਸ਼ਤ |
|---|---|---|---|
| 1. | ਏਸ਼ੀਆ | 4,16,67,920 | 29.5 |
| 2. | ਅਫ਼ਰੀਕਾ | 2,98,00,540 | 20.0 |
| 3. | ਉੱਤਰੀ ਅਮਰੀਕਾ | 2,43,20,100 | 16.3 |
| 4. | ਦੱਖਣੀ ਅਮਰੀਕਾ | 1,75,99,050 | 11.3 |
| 5. | ਅੰਟਾਰਕਟਿਕਾ | 1,42,45,000 | 9.6 |
| 6. | ਯੂਰਪ | 96,99,550 | 6.5 |
| 7. | ਆਸਟਰੇਲੀਆ | 76,87,120 | 5.2 |

*ਟਾਪੂ ਜਾਂ ਦੀਪ (Island) : ਇੱਕ ਛੋਟਾ ਧਰਤ ਟੁਕੜਾ ਜੋ ਕਿ ਚੁਫੇਰਿਓਂ ਪਾਣੀ ਨਾਲ ਘਿਰਿਆ ਹੁੰਦਾ ਹੈ।*

ਭੂ-ਮੱਧ ਰੇਖਾ ਨੂੰ ਸੰਸਾਰ ਦੇ ਨਕਸ਼ੇ ਤੇ ਲੱਭੋ! ਭੂ-ਮੱਧ ਰੇਖਾ ਦੇ ਉੱਤਰ ਵਿੱਚ, ਏਸ਼ੀਆ, ਯੂਰਪ, ਉੱਤਰੀ ਅਮਰੀਕਾ ਹਨ। ਏਸ਼ੀਆ ਅਤੇ ਯੂਰਪ ਇੱਕੋ ਹੀ ਧਰਤ ਟੁਕੜੇ ਨਾਲ ਸੰਬੰਧਤ ਹਨ। ਇਹ ਸਾਗਰ ਦੁਆਰਾ ਵੱਖਰੇ ਨਹੀਂ ਹੋਏ। ਇਨ੍ਹਾਂ ਦੋਹਾਂ ਮਹਾਦੀਪਾਂ ਨੂੰ ਯੂਰਾਲ ਪਰਬਤ ਮਾਲਾ ਅਲੱਗ ਕਰਦੀ ਹੈ। ਯੂਰਪ ਅਤੇ ਏਸ਼ੀਆ ਦੋਹਾਂ ਨੂੰ ਇਕੱਠਿਆਂ ਯੂਰੇਸ਼ੀਆ ਆਖਦੇ ਹਨ। ਪਰੰਤੂ ਇਨ੍ਹਾਂ ਦੋਹਾਂ ਮਹਾਂਦੀਪਾਂ ਨੂੰ ਰਾਜਨੀਤਿਕ ਆਦਿ ਹੋਰ ਪੱਖਾਂ ਤੋਂ ਅਲੱਗ-ਅਲੱਗ ਹੀ ਜਾਣਿਆ ਜਾਂਦਾ ਹੈ। ਪਤਾ ਕਰੋ ਭਾਰਤ ਕਿਹੜੇ ਮਹਾਂਦੀਪ ਵਿਚ ਸਥਿਤ ਹੈ।

1. **ਏਸ਼ੀਆ** : ਸਭ ਤੋਂ ਵੱਡਾ ਮਹਾਂਦੀਪ ਹੈ ਤੇ ਕਰਕ ਰੇਖਾ ਇਸਦੇ ਵਿਚਾਲਿਓਂ ਲੰਘਦੀ ਹੈ। ਇਹ ਬਹੁਤਾ ਕਰਕੇ ਉਤਰੀ ਅਰਧ ਗੋਲੇ ਵਿੱਚ ਹੀ ਸਥਿਤ ਹੈ।

2. **ਅਫਰੀਕਾ** ਅਤੇ ਦੱਖਣੀ ਅਮਰੀਕਾ, ਦੱਖਣੀ ਅਤੇ ਉੱਤਰੀ ਦੋਹਾਂ ਅਰਧ ਗੋਲਿਆਂ ਵਿੱਚ ਸਥਿਤ ਹਨ। ਅਫਰੀਕਾ ਸੰਸਾਰ ਦਾ ਦੂਸਰੇ ਨੰਬਰ ਦਾ ਵੱਡਾ ਮਹਾਂਦੀਪ ਹੈ। ਇਹ ਮਹਾਂਦੀਪ ਯੂਰਪ ਨਾਲੋਂ ਰੋਮ ਸਾਗਰ ਦੁਆਰਾ ਅਤੇ ਏਸ਼ੀਆ ਨਾਲੋਂ ਲਾਲ ਸਾਗਰ ਦੁਆਰਾ ਅਲੱਗ ਹੁੰਦਾ ਹੈ। ਅਫਰੀਕਾ ਇੱਕ ਅਜਿਹਾ ਮਹਾਂਦੀਪ ਹੈ ਜਿਸ ਦੇ ਅੱਧ ਵਿਚਕਾਰੋਂ ਭੂ-ਮੱਧ ਰੇਖਾ ਲੰਘਦੀ ਹੈ।

3. **ਉੱਤਰੀ ਅਮਰੀਕਾ**, ਉੱਤਰੀ ਅਰਧ ਗੋਲੇ ਵਿੱਚ ਹੈ, ਬੇਰਿੰਗ ਸਟਰੇਟ, ਉੱਤਰੀ ਅਮਰੀਕਾ ਨੂੰ ਏਸ਼ੀਆ ਨਾਲੋਂ ਵੱਖ ਕਰਦੀ ਹੈ। ਇਸ ਵਿੱਚ ਸੰਸਾਰ ਦੇ ਦੂਸਰੇ ਨੰਬਰ ਤੇ ਚੌਥੇ ਨੰਬਰ ਤੇ ਵੱਡੇ ਹੋਣ ਵਾਲੇ ਦੇਸ਼, ਕ੍ਰਮਵਾਰ ਕੈਨੇਡਾ ਅਤੇ ਸੰਯੁਕਤ ਰਾਜ ਅਮਰੀਕਾ (ਯੂ. ਐਸ. ਏ.) ਸ਼ਾਮਲ ਹਨ।

4. **ਦੱਖਣੀ ਅਮਰੀਕਾ**, ਦੱਖਣੀ ਅਰਧ ਗੋਲੇ ਵਿੱਚ ਹੈ। ਇਹ ਲਗਪਗ ਸਾਰਾ ਮਹਾਂਸਾਗਰ ਦੁਆਰਾ ਘਿਰਿਆ ਹੋਇਆ ਸਿਵਾਏ ਉੱਤਰ ਵਿੱਚ, ਜਿਧਰੋਂ ਇਹ ਪਨਾਮਾ ਜਲ ਮਾਰਗ ਦੁਆਰਾ ਉੱਤਰੀ ਅਮਰੀਕਾ ਨਾਲ ਜੁੜਿਆ ਹੋਇਆ ਹੈ।

5. ਦੱਖਣੀ ਧਰੁਵ **ਅੰਟਾਰਕਟਿਕ ਮਹਾਂਦੀਪ** ਨਾਲ ਘਿਰਿਆ ਹੋਇਆ ਹੈ। ਇਹ ਸਾਰਾ ਬਰਫ਼ ਨਾਲ ਢੱਕਿਆ ਹੋਇਆ ਹੈ ਇਸ ਕਰਕੇ ਇਸ ਨੂੰ ਚਿੱਟਾ ਮਹਾਂਦੀਪ ਆਖਿਆ ਜਾਂਦਾ ਹੈ। ਕਹਿਰਾਂ ਦੀ ਠੰਢੀ ਜਲਵਾਯੂ ਹਾਲਤਾਂ ਹੋਣ ਕਰਕੇ ਇਸ ਮਹਾਂਦੀਪ ਤੇ ਜੀਵਨ ਸੰਭਵ ਨਹੀਂ ਹੈ।

6. **ਯੂਰਪ**, ਭਾਵੇਂ ਛੋਟਾ ਮਹਾਂਦੀਪ ਹੈ ਪਰ ਇਸ ਵਿਚ ਬਹੁਤ ਦੇਸ਼ ਸ਼ਾਮਲ ਹਨ। ਇਨ੍ਹਾਂ ਵਿੱਚ ਰੂਸ ਵਰਗੇ ਸਭ ਤੋਂ ਵੱਡੇ ਦੇਸ਼ ਅਤੇ ਵੈਟੀਕਨ ਸਿਟੀ ਜੋ ਕਿ ਸੰਸਾਰ ਦਾ ਸੱਭ ਤੋਂ ਛੋਟਾ ਦੇਸ਼ ਹੈ, ਸ਼ਾਮਲ ਹੈ। ਯੂਰਪ ਹੀ ਇੱਕ ਐਸਾ ਮਹਾਂਦੀਪ ਹੈ ਜੋ ਸੰਘਣੀ ਵਸੋਂ ਵਾਲਾ ਹੋਣ ਦੇ ਨਾਲ-ਨਾਲ ਵਿਕਸਤ ਵੀ ਹੈ।

7. ਆਸਟਰੇਲੀਆ ਨੂੰ ਸੱਭ ਤੋਂ ਛੋਟਾ ਮਹਾਂਦੀਪ ਹੋਣ ਕਰਕੇ, ਟਾਪੂ ਮਹਾਂਦੀਪ ਆਖਿਆ ਜਾਂਦਾ ਹੈ। ਇਹ ਚੁਫੇਰਿਓਂ ਤੋਂ ਪਾਣੀ ਨਾਲ ਘਿਰਿਆ ਹੋਇਆ ਵੀ ਹੈ।

> ਕੀ ਤੁਸੀ ਜਾਣਦੇ ਹੋ ਕਿ ਭਾਰਤ ਦਾ ਇਕ ਆਧੁਨਿਕ ਖੋਜ ਕੇਂਦਰ ਮੈਤਰੀ (Maitry) ਅੰਟਾਰਕਟਿਕਾ ਵਿੱਚ ਸਥਿਤ ਹੈ।

**ਜਲ ਮੰਡਲ (Hydrosphere)** : ਧਰਤੀ ਦਾ ਜਿਹੜਾ ਹਿੱਸਾ ਪਾਣੀ ਨਾਲ ਘਿਰਿਆ ਹੋਇਆ ਹੈ, ਉਸਨੂੰ ਜਲ-ਮੰਡਲ ਆਖਦੇ ਹਨ। ਧਰਤੀ ਦਾ 2/3 ਤੋਂ ਵੱਧ ਭਾਗ (71%) ਪਾਣੀ ਨੇ ਘੇਰਿਆ ਹੈ ਜਿਸ ਵਿੱਚ ਮਹਾਂਸਾਗਰ, ਸਾਗਰ, ਝੀਲਾਂ ਅਤੇ ਦਰਿਆ ਆਉਂਦੇ ਹਨ।


**ਮਹਾਂਸਾਗਰ** : ਮਹਾਂਸਾਗਰ, ਪਾਣੀ ਦੇ ਵੱਡੇ ਜਲ-ਸੰਗ੍ਰਹਿ ਹਨ, ਜਿਹੜੇ ਮਹਾਂਦੀਪਾਂ ਦੁਆਰਾ ਅਲੱਗ ਹੁੰਦੇ ਹਨ। ਧਰਤੀ ਤੇ 4 ਮਹਾਂਸਾਗਰ ਹਨ ਜੋ ਅਕਾਰ ਦੇ ਅਨੁਸਾਰ ਇੰਜ ਹਨ :

1. ਸ਼ਾਂਤ ਮਹਾਂਸਾਗਰ (Pacific Ocean)
2. ਅੰਧ ਮਹਾਂਸਾਗਰ (Atlantic Ocean)
3. ਹਿੰਦ ਮਹਾਂਸਾਗਰ (Indian Ocean)
4. ਆਰਕਟਿਕ ਮਹਾਂਸਾਗਰ (Arctic Ocean)

**1. ਸ਼ਾਂਤ ਮਹਾਂਸਾਗਰ** : ਇਹ ਏਸ਼ੀਆ ਅਤੇ ਆਸਟਰੇਲੀਆ ਨੂੰ ਉੱਤਰੀ ਅਮਰੀਕਾ ਨਾਲੋਂ ਵੱਖ ਕਰਦਾ ਹੈ। ਇਹ ਸਾਰੇ ਮਹਾਂਸਾਗਰਾਂ ਨਾਲੋਂ ਵੱਡਾ ਮਹਾਂਸਾਗਰ ਹੈ। ਇਹ ਧਰਤੀ ਦਾ ਲਗਪਗ 1/3 ਰਕਬੇ ਵਿਚ ਫੈਲਿਆ ਹੋਇਆ ਹੈ। ਜੇ ਸਾਰੇ ਮਹਾਂਦੀਪਾਂ ਨੂੰ ਇਕੱਠਾ ਕਰ ਦੇਈਏ ਤਾਂ ਵੀ ਇਸ ਮਹਾਂਸਾਗਰ ਦਾ ਖੇਤਰ ਵੱਡਾ ਹੈ। ਸੰਸਾਰ ਦੀ ਸੱਭ ਤੋਂ ਡੂੰਘੀ ਖਾਈ 'ਮੈਰੀਨਾ ਖਾਈ' ਇਸ ਸ਼ਾਂਤ ਮਹਾਂਸਗਰ ਵਿੱਚ ਹੈ। ਸ਼ਾਂਤ ਮਹਾਂਸਾਗਰ ਇੱਕ ਪਾਸੇ ਉੱਤਰੀ ਅਮਰੀਕਾ ਅਤੇ ਦੱਖਣੀ ਅਮਰੀਕਾ ਤੱਕ ਅਤੇ ਦੂਸਰੇ ਪਾਸੇ ਏਸ਼ੀਆ ਅਤੇ ਆਸਟਰੇਲੀਆ ਤੱਕ ਫੈਲਿਆ ਹੋਇਆ ਹੈ। ਨਕਸ਼ਾ 5.2 ਵੇਖਣ ਉਪਰੰਤ ਤੁਸੀਂ ਜਾਣ ਜਾਓਗੇ ਕਿ ਇਹ ਕਿੰਨਾ ਵੱਡਾ ਹੈ!

**2. ਅੰਧ ਮਹਾਂਸਾਗਰ** : ਅੰਧ ਮਹਾਂਸਾਗਰ, ਦੂਸਰਾ ਵੱਡਾ ਮਹਾਂਸਾਗਰ ਹੈ ਜਿਸਦੇ ਇੱਕ ਪਾਸੇ ਉੱਤਰੀ ਅਮਰੀਕਾ ਅਤੇ ਦੱਖਣੀ ਅਮਰੀਕਾ ਅਤੇ ਦੂਸਰੇ ਪਾਸੇ ਯੂਰਪ ਅਤੇ ਅਫ਼ਰੀਕਾ ਹਨ। ਸੰਸਾਰ ਦੀ ਸਭ ਤੋਂ ਵੱਧ ਸਾਗਰੀ ਆਵਾਜਾਈ ਇਸੇ ਮਹਾਂਸਾਗਰ ਰਾਹੀਂ ਹੁੰਦੀ ਹੈ ਕਿਉਂਕਿ ਸਾਰੇ ਮਹੱਤਵਪੂਰਨ ਜਲ-ਮਾਰਗ ਇਸ ਵਿੱਚੋਂ ਹੀ ਲੰਘਦੇ ਹਨ। ਇਸ ਦੀ ਤੱਟ ਰੇਖਾ ਤੇ ਬਹੁਤ ਸਾਰੀਆਂ ਪ੍ਰਮੁੱਖ ਬੰਦਰਗਾਹਾਂ ਹਨ। ਉੱਤਰੀ ਅਮਰੀਕਾ ਅਤੇ ਯੂਰਪ ਨੇ ਇਸ ਨੂੰ ਵਪਾਰ ਅਤੇ ਵਣਜ ਪੱਖੋਂ ਬਹੁਤ ਮਹੱਤਵਪੂਰਨ ਬਣਾ ਦਿੱਤਾ ਹੈ।

**3. ਹਿੰਦ ਮਹਾਂਸਾਗਰ** : ਇਹ ਇੱਕੋ ਇੱਕ ਮਹਾਂਸਾਗਰ ਹੈ ਜਿਸਦਾ ਨਾਂ ਕਿਸੇ ਦੇਸ਼ ਦੇ ਨਾਂ ਉੱਤੇ ਰੱਖਿਆ ਹੈ ਜਿਵੇਂ ਭਾਰਤ (ਹਿੰਦੁਸਤਾਨ)। ਹਿੰਦ ਮਹਾਂਸਾਗਰ, ਤਿੰਨ ਮਹਾਂਦੀਪਾਂ ਦੁਆਰਾ ਘਿਰਿਆ ਹੈ। ਇਸ ਦੇ ਉੱਤਰ ਵਿੱਚ ਏਸ਼ੀਆ, ਪੱਛਮ ਵਿੱਚ ਅਫ਼ਰੀਕਾ ਅਤੇ ਪੂਰਬ ਵਿੱਚ ਆਸਟਰੇਲੀਆ




**ਚਿੱਤਰ 5.2** ਸੰਸਾਰ — ਮਹਾਂਸਾਗਰ ਅਤੇ ਮਹਾਂਦੀਪ

ਮਹਾਂਦੀਪ ਹਨ। ਪੁਰਾਤਨ ਕਾਲ ਵਿੱਚ ਭਾਰਤ ਦਾ ਮੁੱਖ ਵਣਜ ਅਤੇ ਵਪਾਰ ਇਸੇ ਮਹਾਂਸਾਗਰ ਰਾਹੀਂ ਕੀਤਾ ਜਾਂਦਾ ਸੀ।

**4. ਆਰਕਟਿਕ ਮਹਾਂਸਾਗਰ :** ਇਹ ਸੰਸਾਰ ਦਾ ਸਭ ਤੋਂ ਛੋਟਾ ਮਹਾਂਸਾਗਰ ਹੈ। ਇਸ ਨੇ ਉੱਤਰੀ ਧਰੁਵ ਨੂੰ ਘੇਰਿਆ ਹੋਇਆ ਹੈ। ਇਹ ਆਰਕਟਿਕ ਚੱਕਰ ਵਿੱਚ ਹੈ। ਇੱਕ ਤੰਗ ਪਾਣੀ ਪੱਟੀ ਵਿਸਤਾਰ ਜਿਸ ਨੂੰ ਬੇਰਿੰਗ ਸਟਰੇਟ (ਬੇਰਿੰਗ ਜਲ-ਡਮਰੂ/ਜਲ ਸੰਧੀ) ਆਖਦੇ ਹਨ, ਰਾਹੀਂ ਸ਼ਾਂਤ ਮਹਾਂਸਾਗਰ ਨਾਲ ਜੁੜਿਆ ਹੋਇਆ ਹੈ। ਇਹ ਰੂਸ, ਸਕੈਂਡੇਨੇਵੀਆ, ਗ੍ਰੀਨਲੈਂਡ, ਕੈਨੇਡਾ ਆਦਿ ਦੇਸ਼ਾਂ ਨਾਲ ਘਿਰਿਆ ਹੋਇਆ ਹੈ। ਆਰਕਟਿਕ ਮਹਾਂਸਾਗਰ ਸਾਲ ਵਿੱਚ ਜ਼ਿਆਦਾ ਸਮੇਂ ਤੱਕ ਬਰਫ਼ ਨਾਲ ਢਕਿਆ ਰਹਿੰਦਾ ਹੈ।

ਅੰਧ ਮਹਾਂਸਾਗਰ, ਸ਼ਾਂਤ ਮਹਾਂਸਾਗਰ ਅਤੇ ਹਿੰਦ ਮਹਾਂਸਾਗਰ, ਦੱਖਣੀ ਅਰਧ ਗੋਲੇ ਵਿੱਚ ਇਹ ਤਿੰਨੋਂ ਇਕੱਠੇ ਮਿਲ ਜਾਂਦੇ ਹਨ। ਇਸ ਵਿਸ਼ਾਲ ਮਹਾਂਸਾਗਰ ਨੂੰ **ਦੱਖਣੀ ਮਹਾਂਸਾਗਰ** ਆਖਦੇ ਹਨ। ਇਸ ਦੱਖਣੀ ਮਹਾਂਸਾਗਰ ਨੇ ਅੰਟਾਰਕਟਿਕ ਮਹਾਂਦੀਪ ਨੂੰ ਚੁਫੇਰਿਓਂ ਘੇਰਿਆ ਹੋਇਆ ਹੈ। ਦੱਖਣੀ ਮਹਾਂਸਾਗਰ ਵੀ ਸਾਲ ਦਾ ਬਹੁਤਾ ਸਮਾਂ ਬਰਫ਼ ਨਾਲ ਢੱਕਿਆ ਰਹਿੰਦਾ ਹੈ।

ਇਹਨਾਂ ਮਹਾਂਸਾਗਰਾਂ ਦੇ ਨਾਲ-ਨਾਲ ਹੋਰ ਵੀ ਜਲ-ਸੰਗ੍ਰਹਿ ਹਨ ਜਿਵੇਂ ਖਾੜੀ ਆਦਿ। ਮਹਾਂਸਾਗਰ ਨਮਕੀਨ ਪਾਣੀ ਦੇ ਬਹੁਤ ਵੱਡੇ **ਵਿਸਥਾਰ** ਹਨ ਜਿਨ੍ਹਾਂ ਨੇ ਧਰਤੀ ਵੱਡੇ ਭਾਗ (2/3) ਨੂੰ ਘੇਰਿਆ ਹੋਇਆ ਹੈ। ਸਾਗਰ ਵੀ, ਕਾਫ਼ੀ ਵਿਸ਼ਾਲ ਹਨ ਪਰ ਮਹਾਂਸਾਗਰਾਂ ਨਾਲੋਂ ਛੋਟੇ ਆਕਾਰ ਦੇ ਹਨ। ਸਾਗਰ ਜ਼ਿਆਦਾਤਰ ਧਰਤ ਭਾਗ ਦੁਆਰਾ ਘਿਰੇ ਹੁੰਦੇ ਹਨ।

### ਜਲਮੰਡਲ ਦਾ ਮਹੱਤਵ :


ਜਲਮੰਡਲ ਵਿੱਚ ਮਹਾਂਸਾਗਰ, ਸਾਗਰ, ਝੀਲਾਂ, ਦਰਿਆ ਅਤੇ ਹੋਰ ਸਾਰੇ ਜਲ-ਪਿੰਡ ਆਉਂਦੇ ਹਨ, ਇਸ ਕਰਕੇ ਇਹਨਾਂ ਦਾ ਵਿਸ਼ੇਸ਼ ਮਹੱਤਵ ਹੈ। ਇਹਨਾਂ ਸਾਰੀਆਂ ਜਲ ਇਕਾਈਆਂ ਕਰਕੇ ਹੀ ਧਰਤੀ ਤੇ ਜੀਵਨ ਸੰਭਵ ਹੋ ਸਕਿਆ ਹੈ। ਪਾਣੀ ਤੋਂ ਬਿਨਾਂ ਜੀਵਨ ਅਸੰਭਵ ਹੈ। ਪਾਣੀ ਤੋਂ ਬਿਨਾਂ ਨਾ ਤਾਂ ਰੁੱਖ-ਪੌਦੇ, ਨਾ ਹੀ ਜੀਵ ਜੰਤੂ ਅਤੇ ਮਨੁੱਖ ਜਿਉਂਦੇ ਰਹਿ ਸਕਦੇ ਹਨ। ਇਹ ਵਰਖਾ ਕਰਨ ਵਿੱਚ ਬਹੁਤ ਸਹਾਈ ਹੁੰਦਾ ਹੈ ਅਤੇ ਵਾਯੂਮੰਡਲ ਨੂੰ **ਠੰਢਾ** ਕਰਨ ਵਿੱਚ ਵੀ ਸਹਾਈ ਹੁੰਦਾ ਹੈ। ਇਸ ਤੋਂ ਇਲਾਵਾ ਦਰਿਆ, ਝੀਲਾਂ ਅਤੇ ਸਾਗਰ, ਮੱਛੀਆਂ ਦੇ ਰੂਪ ਵਿੱਚ ਮਨੁੱਖ ਨੂੰ ਭੋਜਨ ਪ੍ਰਦਾਨ ਕਰਦੇ ਹਨ। ਇਹ ਸਾਰੀਆਂ ਪਾਣੀ ਦੀਆਂ ਆਕ੍ਰਿਤੀਆਂ, ਸਮੁੰਦਰੀ ਕਿਰਿਆਵਾਂ ਅਤੇ ਵਪਾਰ ਨੂੰ ਵਧਾਉਂਦੀਆਂ ਹਨ।

### ਵਾਯੂ ਮੰਡਲ (Atmosphere) :

ਅਸੀਂ ਸਾਹ ਲੈਣ ਲਈ ਜੋ ਹਵਾ ਵਰਤਦੇ ਹਾਂ, ਇਸੇ ਹਵਾ ਨੇ ਧਰਤੀ ਨੂੰ ਇੱਕ ਗ਼ਿਲਾਫ਼ ਵਾਂਗ ਚੁਫੇਰਿਓਂ ਲਪੇਟਿਆ ਹੋਇਆ ਹੈ। ਹਵਾ ਦੇ ਇਸ ਗ਼ਿਲਾਫ਼ ਨੂੰ ਵਾਯੂਮੰਡਲ ਆਖਦੇ ਹਨ। ਇਹ ਧਰਤੀ ਦੇ ਮਹੱਤਵਪੂਰਨ ਪਰਿਮੰਡਲ, ਜੀਵ-ਮੰਡਲ ਨੂੰ ਵਿਉਂਤਦਾ ਹੈ। ਇਹ ਵਾਯੂਮੰਡਲ ਧਰਤੀ

ਦੀ ਸਤਹ ਤੋਂ ਲਗਪਗ 1600 ਕਿ.ਮੀ. ਉਚਾਈ ਤੱਕ ਫੈਲਿਆ ਹੋਇਆ ਹੈ। ਭਾਵੇਂ ਕਿ ਜਿਹੜੀ ਹਵਾ ਅਸੀਂ ਸਾਹ ਰਾਹੀਂ ਅੰਦਰ ਲਿਜਾਂਦੇ ਹਾਂ ਉਹ ਧਰਤੀ ਦੀ ਸਤਹ ਤੋਂ ਬਿਲਕੁਲ ਨਜ਼ਦੀਕ ਹੈ।

ਇਹ ਹਵਾ ਕਈ ਗੈਸਾਂ ਦਾ ਮਿਸ਼ਰਨ ਹੈ। ਨਾਈਟਰੋਜਨ, ਆਕਸੀਜਨ ਅਤੇ ਕਾਰਬਨ-ਡਾਇ-ਆਕਸਾਈਡ ਹਵਾ ਦੇ ਪ੍ਰਮੁੱਖ ਤੱਤ ਹਨ। ਨਾਈਟਰੋਜਨ ਦੀ ਹਵਾ ਵਿੱਚ 78% ਜਦੋਂਕਿ ਆਕਸੀਜਨ ਦੀ 21% ਮਾਤਰਾ ਹੈ। ਬਾਕੀ 1% ਹੋਰ ਗੈਸਾਂ ਹਨ। ਉਂਞ ਤਾਂ ਹਵਾ ਦੇ ਸਾਰੇ ਤੱਤ ਹੀ ਸਾਡੇ ਲਈ ਮਹੱਤਤਾ ਰੱਖਦੇ ਹਨ।




*ਚਿੱਤਰ 5.3 ਵਾਯੂਮੰਡਲ : ਗੈਸਾਂ ਦਾ ਮਿਸ਼ਰਨ*

ਆਕਸੀਜਨ, ਸਾਹ ਜੀਵਨ ਹੈ ਕਿਉਂਕਿ ਸਾਰੇ ਜੀਵ-ਜੰਤੂ ਸਾਹ ਰਾਹੀਂ ਆਕਸੀਜਨ ਲੈਂਦੇ ਹਨ।

ਨਾਈਟਰੋਜਨ ਸਜੀਵਾਂ ਦੇ ਵੱਧਣ - ਫੁੱਲਣ ਵਿੱਚ ਸਹਾਇਤਾ ਕਰਦੀ ਹੈ। ਵਿਸ਼ੇਸ਼ ਕਰਕੇ ਪੌਦਿਆਂ ਲਈ, ਕਾਰਬਨ ਡਾਇਆਕਸਾਈਡ ਅਤੇ ਪਾਣੀ, ਪੌਦਿਆਂ ਦੇ ਵੱਧਣ ਲਈ ਬਹੁਤ ਸਹਾਈ ਹੁੰਦੇ ਹਨ। ਵਰਖਾ ਅਤੇ ਬਰਫ਼ਬਾਰੀ ਜੋ ਕਿ ਪੌਦਿਆਂ ਨੂੰ ਵਧੇਰੇ ਪਾਣੀ ਪ੍ਰਦਾਨ ਕਰਦੇ ਹਨ, ਵੀ ਵਾਯੂ ਮੰਡਲ ਦੀ ਸੱਭ ਤੋਂ ਹੇਠਲੀ ਤਹਿਆਂ ਵਿੱਚ ਜਲ ਕਣਾਂ ਦੀ ਹੋਂਦ ਕਰਕੇ ਹੀ ਹੁੰਦੀ ਹੈ।


ਵਾਯੂਮੰਡਲ, ਜੀਵਨ-ਪ੍ਰਣਾਲੀ ਨੂੰ ਜਾਰੀ ਰੱਖਣ ਵਿੱਚ ਇੱਕ ਖਾਸ ਭੂਮਿਕਾ ਨਿਭਾਉਂਦਾ ਹੈ। ਇਹ ਨਾ ਕੇਵਲ ਸਾਹ ਲੈਣ ਲਈ ਆਕਸੀਜਨ ਪ੍ਰਦਾਨ ਕਰਦਾ ਹੈ ਸਗੋਂ ਸੂਰਜ ਤੋਂ ਧਰਤੀ ਵੱਲ ਆਉਂਦੀਆਂ ਤਾਕਤਵਰ ਕਿਰਨਾਂ ਤੋਂ ਬਚਾਅ ਲਈ ਧਰਤੀ ਨੂੰ ਆਪਣੇ ਵਿੱਚ ਕੰਬਲ ਦੀ ਤਰ੍ਹਾਂ ਲਪੇਟੀ ਰੱਖਦਾ ਹੈ। ਧਰਤੀ ਦੇ ਚੁਫ਼ੇਰੇ ਵਾਯੂਮੰਡਲ ਦੀ ਹੋਂਦ ਕਰਕੇ ਧਰਤ ਤੇ ਤਾਪਮਾਨ ਇੱਕ ਸਾਰ ਅਤੇ ਸਹਿਣਯੋਗ ਰਹਿੰਦਾ ਹੈ। ਜੇਕਰ ਵਾਯੂਮੰਡਲ ਨਾ ਹੁੰਦਾ ਤਾਂ ਦਿਨ ਬਹੁਤ ਹੀ ਗਰਮ ਅਤੇ ਰਾਤਾਂ ਬਹੁਤ ਜ਼ਿਆਦਾ ਠੰਢੀਆਂ ਹੋਣੀਆਂ ਸਨ ਤੇ ਧਰਤੀ ਉੱਤੇ ਜੀਵਨ ਸੰਭਵ ਹੀ ਨਹੀਂ ਸੀ ਹੋਣਾ।

## ਜੀਵ ਮੰਡਲ :

ਧਰਤੀ ਦੇ ਤਿੰਨ ਪਰਿਮੰਡਲ ਥਲ, ਜਲ ਅਤੇ ਹਵਾ ਇੱਕ ਦੂਜੇ ਨਾਲ ਇੱਕ ਸੰਕੀਰਨ ਪੱਟੀ ਦੇ ਰੂਪ ਵਿੱਚ ਸੰਪਰਕ ਵਿੱਚ ਆਉਂਦੇ ਹਨ। ਇਸ ਸੰਕੀਰਨ ਸੰਪਰਕ ਪੱਟੀ ਨੂੰ 'ਜੀਵ-ਮੰਡਲ' ਆਖਦੇ ਹਨ ਸਾਰੇ ਜੀਵ-ਜੰਤੂ, ਰੁੱਖ-ਪੌਦੇ ਇਸ ਪੱਟੀ ਵਿੱਚ ਹੀ ਹੁੰਦੇ ਹਨ ਇਸ ਨੂੰ 'ਜੀਵਨ ਪੱਟੀ' ਵੀ ਆਖਿਆ ਜਾਂਦਾ ਹੈ। ਜੀਵ-ਮੰਡਲ ਧਰਤੀ ਦਾ ਇੱਕ ਵਿਸ਼ੇਸ਼ ਲੱਛਣ ਹੈ। ਇਹ ਧਰਤੀ ਦੀ ਤਹਿ ਤੋਂ ਕੁਝ ਹੇਠਾਂ ਪਾਣੀ ਵਿੱਚ ਅਤੇ ਧਰਤੀ ਦੀ ਤਹਿ ਤੋਂ ਕੁਝ-ਕੁ ਉੱਪਰ ਹਵਾ ਤੱਕ ਫ਼ੈਲਿਆ ਹੈ।

ਜੀਵ ਮੰਡਲ ਵਿੱਚ ਅਨੇਕਾਂ ਪ੍ਰਕਾਰ ਦੇ ਜੀਵ-ਜੰਤੂ ਰਹਿੰਦੇ ਹਨ। ਇਹਨਾਂ ਜੀਵ-ਜੰਤੂਆਂ ਦੇ ਆਕਾਰ ਵਿੱਚ ਵੀ ਬਹੁਤ ਭਿੰਨਤਾ ਹੈ। ਛੋਟੇ ਤੋਂ ਛੋਟੇ ਦਾ ਆਕਾਰ ਬੈਕਟੀਰੀਆ ਜਿੰਨਾ ਹੁੰਦਾ ਹੈ ਜਿਸਨੂੰ ਅੱਖ ਨਾਲ ਨਹੀਂ ਦੇਖਿਆ ਜਾ ਸਕਦਾ। ਵੱਡੇ ਤੋਂ ਵੱਡੇ ਜੀਵ, ਵੇਲ੍ਹ ਮੱਛੀ, ਹਾਥੀ ਆਦਿ ਦੇ ਆਕਾਰ ਦੇ ਹਨ। ਇਸ ਤਰ੍ਹਾਂ ਰੁੱਖਾਂ-ਪੌਦਿਆਂ ਵਿੱਚ ਵੀ ਆਕਾਰ ਦੀ ਬਹੁਤ ਭਿੰਨਤਾ ਹੈ ਜਿਵੇਂ ਕਿ ਉੱਲੀ ਤੋਂ ਲੈ ਕੇ ਵੱਡੇ ਰੁੱਖ ਤੱਕ ਹੈ। ਮਨੁੱਖ ਇਸ ਜੀਵ-ਮੰਡਲ ਦਾ ਪ੍ਰਮੁੱਖ ਵਾਸੀ ਹੈ।

ਧਰਤੀ ਦੇ ਸਾਰੇ ਪਰਿਮੰਡਲਾਂ ਦਾ ਇੱਕ ਦੂਸਰੇ ਨਾਲ ਆਪਸੀ ਸੰਬੰਧ ਹੈ। ਜਦੋਂ ਵੀ ਕਿਸੇ ਇੱਕ ਮੰਡਲ ਵਿੱਚ ਤਬਦੀਲੀ ਆਉਂਦੀ ਹੈ ਤਾਂ ਇਹ ਦੂਸਰੇ ਪਰਿਮੰਡਲ ਉੱਤੇ ਕੁਝ ਨਾ ਕੁਝ ਅਸਰ ਜ਼ਰੂਰ ਪਾਉਂਦੀ ਹੈ। ਜਿਵੇਂ ਜੰਗਲਾਂ ਵਿੱਚ ਦਰਖ਼ਤਾਂ ਨੂੰ ਕੱਟਣ ਨਾਲ ਭੌਂ-ਖੋਰ ਦੀ ਰਫ਼ਤਾਰ ਵੱਧਦੀ




*ਚਿੱਤਰ 5.4* ਜੀਵ-ਮੰਡਲ — ਵੱਧਦਾ ਪ੍ਰਦੂਸ਼ਣ

ਹੈ ਜਿਸ ਕਾਰਨ ਦਰਿਆਵਾਂ ਵਿੱਚ ਮਿੱਟੀ ਜ਼ਿਆਦਾ ਹੋ ਜਾਂਦੀ ਹੈ ਅਤੇ ਇਸ ਤਰ੍ਹਾਂ ਦਰਿਆਵਾਂ ਵਿੱਚ ਹੜ੍ਹ ਆ ਜਾਂਦੇ ਹਨ। ਜੀਵ-ਮੰਡਲ ਵਿੱਚ ਆਮ ਕਰਕੇ ਇੱਕਸਾਰਤਾ ਰਹਿੰਦੀ ਹੈ। ਪੁਰਾਣੇ ਦਰਖ਼ਤ ਦੀ ਥਾਂ ਨਵਾਂ ਦਰਖ਼ਤ ਲਗਾਇਆ ਜਾਂਦਾ ਹੈ। ਜੇ ਕਿਤੇ ਇੱਕ ਜਗ੍ਹਾਂ ਤੋਂ ਭੂਮੀ ਪਾਣੀ ਅੰਦਰ ਹੇਠ ਧੱਸਦੀ ਹੈ ਤਾਂ ਕਿਸੇ ਦੂਸਰੀ ਜਗ੍ਹਾਂ 'ਤੇ ਧਰਤੀ ਉਭਰ ਆਉਂਦੀ ਹੈ। ਇਸ ਤਰ੍ਹਾਂ ਕੁਦਰਤ ਸੰਤੁਲਨ ਦਾ ਨਿਯਮ ਅਪਣਾਉਂਦੀ ਹੈ।

ਜਿੱਥੋਂ ਤੱਕ ਜੀਵ-ਮੰਡਲ ਦਾ ਸਵਾਲ ਹੈ, ਸਾਰੇ ਜੀਵ-ਪ੍ਰਾਣੀ ਇੱਕ ਦੂਜੇ 'ਤੇ ਨਿਰਭਰ ਕਰਦੇ ਹਨ। ਜੀਵ-ਜੰਤੂ ਭੋਜਨ ਲਈ ਰੁੱਖਾਂ-ਪੌਦਿਆਂ ਤੇ ਨਿਰਭਰ ਕਰਦੇ ਹਨ ਕਿਉਂਕਿ ਇਹ ਧਰਤੀ, ਪਾਣੀ ਅਤੇ ਹਵਾ ਤੋਂ ਸਿੱਧਾ ਭੋਜਨ ਪ੍ਰਾਪਤ ਨਹੀਂ ਕਰਦੇ। ਇਹ ਰੁੱਖ-ਪੌਦੇ ਹੀ ਹਨ ਜੋ ਆਪਣਾ ਭੋਜਨ, ਧਰਤੀ, ਹਵਾ ਅਤੇ ਪਾਣੀ ਤੋਂ ਸਿੱਧਾ ਪ੍ਰਾਪਤ ਕਰਦੇ ਹਨ। ਇਸ ਤਰ੍ਹਾਂ ਕਿਸੇ ਤੱਤ ਵਿੱਚ ਕਿਸੇ ਤਰ੍ਹਾਂ ਦੇ ਬਦਲਾਅ ਕਰਨ ਨਾਲ ਦੂਸਰੇ ਤੱਤ 'ਤੇ ਵੀ ਅਸਰ ਹੁੰਦਾ ਹੈ।

ਮਨੁੱਖ, ਜੀਵ-ਮੰਡਲ ਦੇ ਸਾਰੇ ਤੱਤਾਂ ਦੀ ਵਰਤੋਂ ਕਰਦਾ ਹੈ। ਇਸ ਲਈ ਵੱਧਦੀ ਜਨਸੰਖਿਆ ਜੀਵ-ਮੰਡਲ ਦੇ ਤੱਤਾਂ 'ਤੇ ਭਾਰ ਵਧਾਉਂਦੀ ਹੈ। ਜਿਵੇਂ ਕਿ ਪੁਰਾਤਨ ਕਾਲ ਤੋਂ ਹੀ ਜੰਗਲਾਂ ਨੂੰ ਕੱਟਿਆ ਅਤੇ ਜੀਵਾਂ ਦਾ ਸ਼ਿਕਾਰ ਕੀਤਾ ਜਾ ਰਿਹਾ ਹੈ। ਇਸ ਕਰਕੇ ਰੁੱਖ-ਪੌਦਿਆਂ ਅਤੇ ਜੀਵ-ਜੰਤੂਆਂ ਦੀਆਂ ਕਈ ਜੀਵ-ਜਾਤੀਆਂ ਦੇ ਖਤਮ ਹੋ ਜਾਣ ਦਾ ਖ਼ਤਰਾ ਪੈਦਾ ਹੋ ਗਿਆ ਹੈ।

**ACTIVITY**

ਵਾਤਾਵਰਨ ਨੂੰ ਪ੍ਰਦੂਸ਼ਤ ਕਰਨ ਵਾਲੇ ਤੱਤਾਂ ਦੀ ਸੂਚੀ ਬਣਾਓ।

ਇਸੇ ਤਰ੍ਹਾਂ ਸਾਡੇ ਕੁਦਰਤੀ ਸਾਧਨਾਂ ਦੀ ਮਨੁੱਖ ਦੁਆਰਾ ਹੱਦੋਂ ਵੱਧ ਵਰਤੋਂ ਹੋ ਗਈ ਹੈ। ਇਸ ਕਰਕੇ ਇੱਕ ਤਾਂ ਇਹ ਖ਼ਤਮ ਹੋ ਰਹੇ ਹਨ, ਦੂਸਰਾ ਇਨ੍ਹਾਂ ਦੇ ਹੱਦੋਂ ਵੱਧ ਵਰਤੋਂ ਨੇ ਵਾਤਾਵਰਨ ਨੂੰ ਵੀ ਪ੍ਰਦੂਸ਼ਤ ਕਰ ਦਿੱਤਾ ਹੈ। ਊਰਜਾ ਦੇਣ ਵਾਲੇ ਪਦਾਰਥ, ਜਿਵੇਂ ਕੋਲਾ, ਪੈਟਰੋਲ ਦੀ ਵਰਤੋਂ ਉਪਰੰਤ, ਵਾਯੂਮੰਡਲ ਵਿੱਚ ਕਾਰਬਨ-ਡਾਈਆਕਸਾਈਡ ਅਤੇ ਕਾਰਬਨ ਮੋਨੋ-ਆਕਸਾਈਡ ਗੈਸਾਂ ਦੀ ਮਾਤਰਾ ਵੱਧ ਗਈ ਹੈ। ਇਹ ਗੈਸਾਂ ਜੀਵ-ਜੰਤੂਆਂ ਦੇ ਜੀਵਨ ਲਈ ਹਾਨੀਕਾਰਕ ਹਨ। ਸੜਕਾਂ ਤੇ ਵੱਧਦੀਆਂ ਮੋਟਰ-ਗੱਡੀਆਂ ਅਤੇ ਵੱਧਦੀਆਂ ਸਨਅਤਾਂ (ਫ਼ੈਕਟਰੀਆਂ) ਨੇ ਅਜਿਹੀਆਂ ਗੈਸਾਂ ਦੀ ਵਾਯੂਮੰਡਲ ਵਿੱਚ ਮਾਤਰਾ ਵਧਾ ਦਿੱਤੀ ਹੈ ਇਵੇਂ ਹੀ ਫ਼ੈਕਟਰੀ ਵਿੱਚੋਂ ਨਿਕਲੇ, ਕਈ ਨੁਕਸਾਨਦਾਇਕ ਪਦਾਰਥਾਂ ਨੂੰ ਪਾਣੀ ਨਾਲ ਰੋੜ੍ਹਿਆ ਜਾਂਦਾ ਹੈ ਜਿਸ ਕਰਕੇ ਹਵਾ, ਪਾਣੀ ਤੇ ਧਰਤੀ ਸਾਰੇ ਹੀ ਪ੍ਰਦੂਸ਼ਤ ਹੋ ਗਏ ਹਨ। ਜਿਸ ਕਰਕੇ ਜੀਵ ਮੰਡਲ ਉਤੇ ਬਹੁਤ ਬੁਰਾ ਅਸਰ ਪੈ ਰਿਹਾ ਹੈ।

ਕੁਦਰਤ ਦੀ ਪੁਨਰ-ਨਿਰਮਾਣ ਸ਼ਕਤੀ ਸੀਮਤ ਹੋਣ ਕਰਕੇ ਜੇਕਰ ਪ੍ਰਦੂਸ਼ਣ ਦੀ ਮਾਤਰਾ

ਜੀਵਨ-ਸਹਾਇਕ ਸਮਰੱਥਾ ਨਾਲੋਂ ਵੱਧ ਜਾਵੇਗੀ ਤਾਂ ਜੀਵ-ਮੰਡਲ ਖ਼ਤਮ ਹੋਣਾ ਸ਼ੁਰੂ ਹੋ ਜਾਵੇਗਾ। ਇਸ ਜੀਵ-ਮੰਡਲ ਨੂੰ ਵਰਤਣ ਵੇਲੇ ਸਾਵਧਾਨੀ ਦੀ ਲੋੜ ਹੈ ਤਾਂਕਿ ਬਹੁਤ ਨੁਕਸਾਨ ਨਾ ਪਹੁੰਚਾਇਆ ਜਾਵੇ। ਇਸ ਲਈ ਹੇਠ ਲਿਖੇ ਨੁਕਤੇ ਧਿਆਨ ਵਿੱਚ ਰੱਖਣੇ ਚਾਹੀਦੇ ਹਨ।

1. ਮਨੁੱਖੀ ਵਸੋਂ ਦੇ ਵਾਧੇ ਤੇ ਰੋਕ ਜ਼ਰੂਰੀ ਹੈ ਤਾਂਕਿ ਜੀਵ-ਮੰਡਲ ਤੇ ਇਸ ਦਾ ਭਾਰ ਘਟਾਇਆ ਜਾ ਸਕੇ।
2. ਸਾਵਧਾਨੀ ਨਾਲ ਕੁਦਰਤੀ ਸਾਧਨਾਂ ਦੀ ਵਰਤੋਂ ਕਰਕੇ ਅਸੀਂ ਜੀਵ-ਮੰਡਲ ਨੂੰ ਸਾਫ਼ ਸੁਥਰਾ ਰੱਖ ਸਕਦੇ ਹਾਂ।
3. ਮਨੁੱਖ ਨੂੰ 'ਜੀਓ ਅਤੇ ਜੀਣ ਦਿਓ' ਦਾ ਨਿਯਮ ਅਪਨਾਉਣਾ ਚਾਹੀਦਾ ਹੈ ਤਾਂ ਹੀ ਮਨੁੱਖ ਧਰਤੀ ਤੇ ਆਪਣੀ ਲਗਾਤਾਰ ਹੋਂਦ ਨੂੰ ਯਕੀਨੀ ਬਣਾ ਸਕਦਾ ਹੈ।

## ਯਾਦ ਰੱਖਣ ਯੋਗ ਤਕਨੀਕੀ ਸ਼ਬਦ

**ਥਲ ਮੰਡਲ** : ਧਰਤੀ ਦਾ ਪਰਿਮੰਡਲ ਜੋ ਸਖ਼ਤ, ਪੇਪੜੀ ਜਾਂ ਚਟਾਨ ਦਾ ਬਣਿਆ ਹੈ।

**ਜਲ ਮੰਡਲ** : ਸਮੁੱਚਾ ਪਾਣੀ, (ਦਰਿਆ, ਝੀਲਾਂ, ਸਾਗਰ ਅਤੇ ਮਹਾਂਸਾਗਰ) ਜੋ ਦ੍ਰਵ ਰੂਪ ਵਿੱਚ ਧਰਤੀ ਦਾ ਪਰਿਮੰਡਲ ਦਾ ਹਿੱਸਾ ਹੈ।

**ਵਾਯੂ ਮੰਡਲ** : ਹਵਾ ਜਿਸ ਨੇ ਧਰਤੀ ਨੂੰ ਚੁਫੇਰਿਓਂ ਲਪੇਟਿਆ ਹੈ।

## ਯਾਦ ਰੱਖਣ ਯੋਗ ਨੁਕਤੇ

1. ਧਰਤੀ ਦੀ ਸਤਾ ਦਾ 71% ਹਿੱਸਾ ਪਾਣੀ ਨਾਲ ਢਕਿਆ ਹੈ ਜਦੋਂ ਕਿ 29% ਹਿੱਸਾ ਠੋਸ ਹੈ। ਇਹ ਭਾਗ ਕ੍ਰਮਵਾਰ ਜਲ ਮੰਡਲ ਤੇ ਥਲ ਮੰਡਲ ਕਹਾਉਂਦੇ ਹਨ।
2. ਥਲ ਮੰਡਲ ਦੇ ਤਿੰਨ ਰੂਪ ਪਹਾੜ, ਪਠਾਰ ਤੇ ਮੈਦਾਨ ਹਨ।
3. ਧਰਤੀ ਦੇ ਥਲ ਮੰਡਲ ਨੂੰ ਸੱਤ ਮਹਾਂਦੀਪਾਂ, ਏਸ਼ੀਆ, ਅਫ਼ਰੀਕਾ, ਯੂਰਪ, ਉਤਰੀ ਅਮਰੀਕਾ, ਦੱਖਣੀ ਅਮਰੀਕਾ, ਅੰਟਾਰਟਿਕਾ ਤੇ ਆਸਟਰੇਲੀਆ ਵਿੱਚ ਵੰਡਿਆ ਜਾਂਦਾ ਹੈ।
4. ਧਰਤੀ ਉਤਲੇ ਜਲ ਮੰਡਲਾਂ ਨੂੰ ਚਾਰ ਮਹਾਂਸਾਗਰਾਂ, ਸ਼ਾਂਤ ਮਹਾਂਸਾਗਰ, ਅੰਧ ਮਹਾਂਸਾਗਰ, ਹਿੰਦ ਮਹਾਂਸਾਗਰ ਤੇ ਆਰਟਕਿਟ ਮਹਾਂਸਾਗਰ ਵਿਚ ਵੰਡਿਆ ਜਾਂਦਾ ਹੈ। ਥਲ ਮੰਡਲ ਵਿਚਲੇ ਦਰਿਆ ਝੀਲਾਂ ਆਦਿ ਵੀ ਜਲ ਮੰਡਲ ਦਾ ਹੀ ਹਿੱਸਾ ਹਨ।
5. ਧਰਤੀ ਦੁਆਲੇ ਲਿਪਟੇ ਹਵਾ ਦੇ ਗਿਲਾਫ਼ ਨੂੰ ਵਾਯੂ ਮੰਡਲ ਆਖਦੇ ਹਨ ਜਿਸ ਵਿਚ ਕਈ ਗੈਸਾਂ ਦਾ ਮਿਸ਼ਰਣ ਮਿਲਦਾ ਹੈ।
6. ਵਾਯੂ ਮੰਡਲ ਵਿਚ ਸਭ ਤੋਂ ਵੱਧ ਹਿੱਸਾ ਨਾਈਟਰੋਜਨ ਗੈਸ ਦਾ ਹੈ ਜੋ 78% ਹੈ, ਆਕਸੀਜਨ 21% ਤੇ ਬਾਕੀ ਗੈਸਾਂ ਮਹਿਜ਼ 1% ਹੀ ਹਨ।
7. ਧਰਤੀ ਉਤੇ ਵਸਦੇ ਜੀਵਨ ਨੂੰ ਅਸੀਂ ਜੀਵ ਮੰਡਲ ਦਾ ਨਾਮ ਦਿੰਦੇ ਹਾਂ।

# ਅਭਿਆਸ

## I. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :

(1) ਥਲ ਮੰਡਲ ਕਿਸ ਨੂੰ ਆਖਦੇ ਹਨ ?

(2) ਧਰਤੀ ਤੇ ਪ੍ਰਮੁੱਖ ਭੂ-ਰੂਪਾਂ ਦੇ ਨਾਂ ਦੱਸੋ ?

(3) ਪਰਬਤ ਲੜੀ ਕਿਸ ਨੂੰ ਆਖਦੇ ਹਨ ?

(4) ਵਾਯੂ-ਮੰਡਲ, ਜੀਵਨ-ਪ੍ਰਣਾਲੀ ਨੂੰ ਜਿਉਣ ਲਈ ਕਿਵੇਂ ਸਹਾਇਤਾ ਕਰਦਾ ਹੈ ?

(5) ਮੇਜ਼ ਭੂ-ਰੂਪ ਕਿਸ ਨੂੰ ਅਤੇ ਕਿਉਂ ਆਖਦੇ ਹਨ ?

(6) ਜਲ-ਮੰਡਲ ਦੀ ਮਨੁੱਖ ਲਈ ਕੀ ਮਹੱਤਤਾ ਹੈ ?

(7) ਮਹਾਂਦੀਪ ਕਿਸ ਨੂੰ ਆਖਦੇ ਹਨ ?

(8) ਧਰਤੀ ਤੇ ਕਿੰਨੇ ਮਹਾਂਦੀਪ ਹਨ ਅਤੇ ਇਨ੍ਹਾਂ ਦੇ ਨਾਮ ਲਿਖੋ। ਸੱਭ ਤੋਂ ਵੱਡਾ ਮਹਾਂਦੀਪ ਕਿਹੜਾ ਹੈ ?

(9) ਮਹਾਂਸਾਗਰਾਂ ਦੇ ਨਾਂ ਦੱਸੋ। ਇਹ ਵੀ ਦੱਸੋ ਕਿ ਗਲੋਬ ਤੇ ਮਹਾਂਸਾਗਰਾਂ ਨੂੰ ਕਿਹੜੇ ਰੰਗ ਨਾਲ ਦਰਸਾਇਆ ਜਾਂਦਾ ਹੈ ?

(10) ਜੀਵ ਮੰਡਲ ਕਿਸਨੂੰ ਆਖਦੇ ਹਨ ? ਇਸ ਬਾਰੇ ਸੰਖੇਪ ਜਾਣਕਾਰੀ ਦਿਓ।

(11) ਜੀਵ ਮੰਡਲ ਦਾ ਪ੍ਰਮੁੱਖ ਪ੍ਰਾਣੀ ਹੋਣ ਕਰਕੇ ਮਨੁੱਖ ਨੂੰ ਕਿਨ੍ਹਾਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ?

## II. ਖਾਲੀ ਥਾਵਾਂ ਭਰੋ :

(1) ............................ ਸੱਭ ਤੋਂ ਛੋਟਾ ਮਹਾਂਦੀਪ ਹੈ।

(2) ............................ ਦੂਸਰੇ ਨੰਬਰ 'ਤੇ ਵੱਡਾ ਮਹਾਂਦੀਪ ਹੈ।

(3) ਆਰਕਟਿਕ ਸਾਗਰ ਨੇ ............................ ਧਰੁਵ ਚੁਫੇਰਿਓਂ ਘੇਰਿਆ ਹੈ।

(4) ਦੱਖਣੀ ਮਹਾਂਸਾਗਰ ਨੇ ............................ ਮਹਾਂਦੀਪ ਨੂੰ ਘੇਰਿਆ ਹੋਇਆ ਹੈ।

(5) ਧਰਤੀ ਦਾ 2/3 ............................ ਨੇ ਘੇਰਿਆ ਹੋਇਆ ਹੈ।

(6) ............................ ਮਹਾਂਦੀਪ ਨੂੰ ਚਿੱਟਾ ਮਹਾਂਦੀਪ ਆਖਦੇ ਹਨ।

(7) ............................ ਪਰਿਮੰਡਲ ਨੂੰ ਤਿੰਨੋਂ ਪਰਿਮੰਡਲ ਪ੍ਰਭਾਵਿਤ ਕਰਦੇ ਹਨ।

**III. ਹੇਠ ਲਿਖੇ ਸ਼ਬਦਾ ਦਾ ਸਹੀ ਮਿਲਾਨ ਕਰੋ :**


| | | | |
|---|---|---|---|
| (1) | ਮਹਾਂਦੀਪ | (ੳ) | ਆਰਕਟਿਕ |
| (2) | ਭੂ-ਰੂਪ | (ਅ) | ਜੀਵ-ਮੰਡਲ |
| (3) | ਜੀਵਨ | (ੲ) | ਅੰਟਾਰਕਟਿਕ |
| (4) | ਮਹਾਂਸਾਗਰ | (ਸ) | ਪਠਾਰ |

## ਗਤੀਵਿਧੀ

- ਪਰਬਤ ਚੋਟੀਆਂ, ਦਰ੍ਹੇ ਅਤੇ ਘਾਟੀਆਂ ਦੀਆਂ ਤਸਵੀਰਾਂ ਇਕੱਠੀਆਂ ਕਰੋ।
- ਪਰਬਤ ਲੜੀਆਂ, ਪਠਾਰਾਂ ਅਤੇ ਮੈਦਾਨਾਂ ਦੇ ਮਿੱਟੀ ਦੇ ਮਾਡਲ ਬਣਾਓ।
- ਸੰਸਾਰ ਦੇ ਰਾਜਨੀਤਿਕ ਨਕਸ਼ੇ ਉੱਤੇ ਸਾਰੇ ਮਹਾਂਦੀਪਾਂ ਤੇ ਮਹਾਂਸਾਗਰਾਂ ਦੇ ਨਾਂ ਅੰਕਿਤ ਕਰੋ।

# WORLD – OUTLINE

ਸੰਸਾਰ





1. Based upon Survey of India Map with the permission of the Surveyor General of India.
2. The territorial waters of India extend into the sea to a distance of twelve nautical miles measured from the appropriate baseline.
3. The interstate boundaries between Uttar Pradesh & Uttarakhand, Bihar & Jharkhand, Madhya Pradesh & Chhattisgarh have not been verified by the Governments concerned.
4. The boundary of Meghalaya shown on this map is as interpreted from the North-Eastern Areas (Reorganisation) Act, 1971, but has yet to be verified.
5. The External Boundary and coast line of India shown on this map agree with the Record/Master copy certified by the Survey of India, Dehradun.
6. The administrative Headquarters of Chandigarh, Haryana and Punjab are at Chandigarh. (Letter No. T.B. 90163-A-3213 Dated 5/5/2003)

© Government of India, Copyright 2002

Name .................................... Class ........................ Roll No........................ Teacher Signature ....................................

# WORLD – OUTLINE

ਸੰਸਾਰ




1. Based upon Survey of India Map with the permission of the Surveyor General of India.
2. The territorial waters of India extend into the sea to a distance of twelve nautical miles measured from the appropriate baseline.
3. The interstate boundaries between Uttar Pradesh & Uttarakhand, Bihar & Jharkhand, Madhya Pradesh & Chhattisgarh have not been verified by the Governments concerned.
4. The boundary of Meghalaya shown on this map is as interpreted from the North-Eastern Areas (Reorganisation) Act, 1971, but has yet to be verified.
5. The External Boundary and coast line of India shown on this map agree with the Record/Master copy certified by the Survey of India, Dehradun.
6. The administrative Headquarters of Chandigarh, Haryana and Punjab are at Chandigarh. (Letter No. T.B. 90142-A-3213 Dated 5/5/2003)

© Government of India, Copyright 2002

Name .................................... Class ........................ Roll No........................ Teacher Signature ....................................

ਪਾਠ 6

# ਸਾਡਾ ਭਾਰਤ : ਸੰਸਾਰ ਵਿੱਚ

ਸਾਡਾ ਭਾਰਤ ਇੱਕ ਉਪ-ਮਹਾਦੀਪ ਹੈ ਇਹ ਸਾਡੀ ਮਾਤ-ਭੂਮੀ ਹੈ। ਸਾਡੇ ਦੇਸ਼ ਵਿੱਚ ਭੌਤਿਕ ਅਤੇ ਸੱਭਿਆਚਾਰਕ ਭਿੰਨਤਾ ਪਾਈ ਜਾਂਦੀ ਹੈ। ਇਹ ਉੱਚੇ-ਉੱਚੇ ਪਰਬਤਾਂ ਅਤੇ ਲੰਬੇ ਵਿਸ਼ਾਲ ਦਰਿਆਵਾਂ ਦੀ ਧਰਤੀ ਹੈ। ਇਥੇ ਉਪਜਾਊ ਮੈਦਾਨ, ਵਿਸਤਰਿਤ ਪਠਾਰਾਂ, ਜਿਨ੍ਹਾਂ ਵਿੱਚ ਕਈ ਪ੍ਰਕਾਰ ਦੇ ਖਣਿਜ ਪਦਾਰਥ ਸਮੇਟੇ ਹੋਏ ਹਨ। ਦੁਨੀਆ ਦੇ ਵੱਡੇ ਪਰਬਤ ਸਾਡੇ ਦੇਸ਼ ਵਿੱਚ ਹਨ। ਭਾਰਤ ਦੇ ਕਈ ਹਿੱਸੇ ਤਾਂ ਬਿਲਕੁਲ ਸਮੁੰਦਰੀ-ਸਤਹ ਨਾਲ ਮਿਲੇ ਹੋਏ ਹਨ, ਕੁਝ ਤਾਂ ਪਾਣੀ ਅੰਦਰ ਡੁੱਬੇ ਹਨ ਜਾਂ ਫਿਰ ਪਾਣੀ ਨਾਲ ਘਿਰੇ ਹੋਏ ਹਨ। ਹਿੰਦ ਜਾਂ ਭਾਰਤ ਸੰਸਾਰ ਦਾ ਖੇਤਰਫਲ ਪੱਖੋਂ (328 ਲੱਖ ਵ. ਕਿ. ਮੀ), ਸੱਤਵਾਂ ਵੱਡਾ ਦੇਸ਼ ਅਤੇ ਜਨ-ਸੰਖਿਆ ਪੱਖੋਂ ਦੂਸਰਾ ਵੱਡਾ ਦੇਸ਼ ਹੈ।

## ਸਥਿਤੀ :

ਭਾਰਤ ਊਸ਼ਣ-ਖੰਡੀ ਦੇਸ਼ ਹੈ ਕਿਉਂਕਿ ਕਰਕ ਰੇਖਾ ਲਗਪਗ (23° 30′ ਉ.) ਇਸ ਦੇ ਐਨ ਵਿਚਕਾਰੋਂ ਲੰਘਦੀ ਹੈ ਅਤੇ ਭਾਰਤ ਦੇ ਭੂ-ਭਾਗ ਨੂੰ ਦੋ ਬਰਾਬਰ ਭਾਗਾਂ ਵਿੱਚ ਵੰਡਦੀ ਹੈ। ਉੱਤਰੀ ਭਾਗ ਨੂੰ ਉਪ-ਊਸ਼ਣ-ਖੰਡੀ ਭਾਰਤ ਅਤੇ ਦੱਖਣੀ ਭਾਗ ਨੂੰ ਊਸ਼ਣ-ਖੰਡੀ ਭਾਰਤ ਆਖਦੇ ਹਨ।

ਭਾਰਤ 8°4′ ਉੱਤਰ ਤੋਂ 37°6′ ਉੱਤਰ ਅਕਸ਼ਾਂਸ਼ ਤੱਕ ਫੈਲਿਆ ਹੋਇਆ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਭਾਰਤ ਉੱਤਰੀ ਅਰਧ ਗੋਲੇ ਵਿੱਚ ਸਥਿਤ ਹੈ। ਕੰਨਿਆਕੁਮਾਰੀ ਭਾਰਤ ਦੇ ਬਿਲਕੁਲ ਦੱਖਣੀ ਸਿਰੇ ਉੱਤੇ ਹੈ। ਪਰੰਤੂ ਇੰਦਰਾ ਪੁਆਇੰਟ ਜੋ ਅੰਡੇਮਾਨ ਅਤੇ ਨਿਕੋਬਾਰ ਦੀਪ ਸਮੂਹ ਵਿੱਚ ਸਥਿਤ ਹੈ, ਬਿਲਕੁਲ ਭਾਰਤ ਦੀ ਸਰਹੱਦ ਦਾ ਦੱਖਣੀ ਸਿਰਾ ਹੈ। ਇਸ ਤਰ੍ਹਾਂ ਲੇਹ-ਲਦਾਖ ਭਾਰਤ ਦੀ ਉੱਤਰੀ ਸਰਹੱਦ ਬਣਦਾ ਹੈ। ਤੁਸੀਂ ਇਹ ਆਮ ਪੜ੍ਹਿਆ ਹੋਵੇਗਾ ਕਿ 'ਕਸ਼ਮੀਰ ਤੋਂ ਕੰਨਿਆਕੁਮਾਰੀ' ਤੱਕ ਭਾਰਤ ਇੱਕ ਹੈ। ਸਾਡੇ ਦੇਸ ਦਾ ਉੱਤਰ ਤੋਂ ਦੱਖਣ ਵੱਲ ਵਿਸਥਾਰ ਲਗਪਗ 3214 ਕਿਲੋਮੀਟਰ ਹੈ।

ਭਾਰਤ ਦੀ ਦਿਸ਼ਾਂਤਰੀ ਸਥਿਤੀ ਜਾਂ ਇਸ ਦੀ ਚੌੜਾਈ 68°7′ ਪੂਰਬ ਤੋਂ 97°25′ ਪੂਰਬ ਹੈ। ਭਾਰਤ ਦੀ ਇਸ ਸਥਿਤੀ ਕਰਕੇ ਇਸ ਨੂੰ ਪੂਰਬੀ ਦੇਸ਼ ਆਖਿਆ ਜਾਂਦਾ ਹੈ। ਭਾਰਤ ਦੇ ਪੂਰਬ ਵਿੱਚ ਅਰੁਣਾਚਲ ਪ੍ਰਦੇਸ਼ ਤੋਂ ਅਤੇ ਪੱਛਮ ਵਿੱਚ ਕੱਛ ਦੀ ਖਾੜੀ ਤੱਕ ਦੀ ਦੂਰੀ 2933 ਕਿਲੋਮੀਟਰ ਹੈ।

ਇਸੇ ਦੂਰੀ ਕਰਕੇ ਜਦੋਂ ਕਿ ਅਰੁਣਾਚਲ ਪ੍ਰਦੇਸ਼ ਵਿੱਚ ਸੂਰਜ ਚੜ੍ਹ ਜਾਂਦਾ ਹੈ ਉਦੋਂ ਗੁਜਰਾਤ ਵਿੱਚ ਅਜੇ ਰਾਤ ਦੇ 2 ਘੰਟੇ ਹੋਰ ਰਹਿੰਦੇ ਹੁੰਦੇ ਹਨ ਹਾਲਾਂਕਿ ਭਾਰਤੀ ਪ੍ਰਮਾਣਕ ਸਮੇਂ IST ਮੁਤਾਬਕ ਦੋਹੇਂ ਥਾਈਂ ਸਮਾਂ ਓਹੀ ਹੁੰਦਾ ਹੈ।

ਭਾਰਤ ਦੇ ਅਕਸ਼ਾਂਸ਼ ਅਤੇ ਦਿਸ਼ਾਂਤਰ ਦੇ ਜ਼ਿਆਦਾ ਵਿਥਤਾਰ ਕਰਕੇ ਇਸ ਨੂੰ ਉਪ-ਮਹਾਂਦੀਪ ਆਖਦੇ ਹਨ। ਉਪ-ਮਹਾਂਦੀਪ (Sub-Continent) ਇੱਕ ਵੱਡੇ ਧਰਤ ਭਾਗ ਅਤੇ ਸੁਤੰਤਰ ਖੇਤਰ ਨੂੰ ਆਖਦੇ ਹਨ ਜਿਹੜਾ ਸੰਸਾਰ ਦੇ ਬਾਕੀ ਦੇਸ਼ਾਂ ਨਾਲੋਂ ਅਲੱਗ ਦਿਖਾਈ ਦਿੰਦਾ ਹੈ। ਭਾਰਤ, ਏਸ਼ੀਆ ਦੇ ਦੱਖਣੀ ਹਿੱਸੇ ਵਿੱਚ ਸਥਿਤ ਹੈ। ਇਸ ਨੂੰ ਪ੍ਰਾਇਦੀਪੀ ਭਾਰਤ (Peninsular India) ਵੀ ਆਖਦੇ ਹਨ ਕਿਉਂਕਿ ਇਹ ਤਿੰਨ ਪਾਸਿਆਂ ਤੋਂ ਪਾਣੀ ਨਾਲ ਘਿਰਿਆ ਹੋਇਆ ਹੈ। ਭਾਰਤ ਹਿੰਦ ਮਹਾਂਸਾਗਰ ਦੇ ਉਪਰਲੇ ਸਿਰੇ 'ਤੇ ਹੈ। ਅਰਬ ਸਾਗਰ ਭਾਰਤ ਦੇ ਪੱਛਮ ਵਿੱਚ ਅਤੇ ਬੰਗਾਲ ਦੀ ਖਾੜੀ ਇਸ ਦੇ ਪੂਰਬ ਵਿੱਚ ਹੈ। ਭਾਰਤ ਦੀ ਮੁੱਖ ਧਰਤੀ ਦੀ ਤੱਟ ਰੇਖਾ ਲਗਪਗ 6100 ਕਿਲੋਮੀਟਰ ਹੈ।

### ਗੁਆਂਢੀ (ਗਵਾਂਢੀ) ਦੇਸ਼ :

ਭਾਰਤ ਦੀ 7 ਦੇਸ਼ਾਂ ਨਾਲ ਸਾਂਝੀ ਸਰਹੱਦ ਹੈ। ਪਾਕਿਸਤਾਨ, ਅਫ਼ਗਾਨਿਸਤਾਨ, ਚੀਨ ਅਤੇ ਨੇਪਾਲ ਉੱਤਰ ਪੱਛਮ ਅਤੇ ਉੱਤਰ ਵਿੱਚ ਹਨ। ਭੂਟਾਨ, ਮਿਆਂਮਾਰ (ਬਰਮਾ) ਅਤੇ ਬੰਗਲਾ ਦੇਸ਼-ਉੱਤਰ ਪੂਰਬੀ ਸਰਹੱਦ ਵੱਲ ਹਨ। ਸ਼੍ਰੀ ਲੰਕਾ ਅਤੇ ਮਾਲਦੀਵ, ਦੋ ਨੇੜਲੇ ਗੁਆਂਢੀ ਦੀਪ ਹਨ ਜਿਹੜੇ ਸਾਡੇ ਦੇਸ ਦੇ ਦੱਖਣ ਵੱਲ ਨੂੰ ਸਥਿਤ ਹਨ। ਸ਼੍ਰੀ ਲੰਕਾ ਪਾਕ-ਜਲਸੰਧੀ (Palk Strait) ਅਤੇ ਮਨਾਰ ਦੀ ਖਾੜੀ ਦੁਆਰਾ ਭਾਰਤ ਨਾਲੋਂ ਅਲੱਗ ਹੁੰਦਾ ਹੈ।

### ਰਾਜਨੀਤਿਕ ਢਾਂਚਾ :


ਭਾਰਤ ਦਾ ਪ੍ਰਸ਼ਾਸਨ ਵਧੀਆ ਢੰਗ ਨਾਲ ਚਲਾਉਣ ਲਈ, ਇਸ ਨੂੰ 28 ਰਾਜਾਂ ਅਤੇ 8 ਕੇਂਦਰ ਸ਼ਾਸਤ ਪ੍ਰਦੇਸਾਂ ਵਿੱਚ ਵੰਡਿਆ ਗਿਆ ਹੈ। ਰਾਜਸਥਾਨ ਸਭ ਤੋਂ ਵੱਡਾ ਰਾਜ ਹੈ ਅਤੇ ਗੋਆ ਸੱਭ ਤੋਂ ਛੋਟਾ ਰਾਜ ਹੈ। ਕੇਂਦਰ ਸ਼ਾਸਤ ਪ੍ਰਦੇਸਾਂ ਵਿੱਚੋਂ ਲੱਦਾਖ ਸੱਭ ਤੋਂ ਵੱਡਾ ਅਤੇ ਲਕਸ਼ਦੀਪ ਖੇਤਰਫਲ ਪੱਖੋਂ ਸੱਭ ਤੋਂ ਛੋਟਾ ਹੈ।

ਰਾਜ ਅਤੇ ਇਨ੍ਹਾਂ ਦੀਆਂ ਰਾਜਧਾਨੀਆਂ ਨੂੰ ਦਰਸਾਉਂਦੀ ਸਾਰਣੀ ਅਤੇ ਨਕਸ਼ਾ

*ਸਾਰਣੀ 6.1*

| *ਲੜੀ ਨੰ :* | *ਨਾਮ (ਭਾਰਤ/ ਰਾਜ /ਸੰਘੀ ਖੇਤਰ)* | *ਰਾਜਧਾਨੀ* | *ਖੇਤਰਫਲ (ਵਰਗ ਕਿਲੋਮੀਟਰ)* | *ਕੁਲ ਜਨਸੰਖਿਆ* |
|---|---|---|---|---|
| | ਭਾਰਤ | ਨਵੀ ਦਿੱਲੀ | 32, 87, 263 | 1,21,01,93,422 |
| | (ੳ) ਰਾਜ | | | |
| 1. | ਆਂਧਰ ਪ੍ਰਦੇਸ਼ | ਹੈਦਰਾਬਾਦ/ਅਮਰਾਵਤੀ | 01, 60, 205 | 4, 93, 18, 668 |
| 2. | ਅਰੁਣਾਚਲ ਪ੍ਰਦੇਸ਼ | ਈਟਾਨਗਰ | 83, 743 | 13, 82, 611 |

| ਲੜੀ ਨੰ : | ਨਾਮ (ਭਾਰਤ/ ਰਾਜ /ਸੰਘੀ ਖੇਤਰ) | ਰਾਜਧਾਨੀ | ਖੇਤਰਫਲ (ਵਰਗ ਕਿਲੋਮੀਟਰ) | ਕੁਲ ਜਨਸੰਖਿਆ |
|---|---|---|---|---|
| 3. | ਆਸਾਮ | ਦਿਸਪੁਰ | 78,438 | 3,11,69,272 |
| 4. | ਬਿਹਾਰ | ਪਟਨਾ | 94,180 | 10,38,04,637 |
| 5. | ਛੱਤੀਸਗੜ੍ਹ | ਰਾਇਪੁਰ | 1,35,039 | 2,55,40,196 |
| 6. | ਗੋਆ | ਪਨਜੀ | 3,702 | 1,457,723 |
| 7. | ਗੁਜਰਾਤ | ਗਾਂਧੀਨਗਰ | 1,96,024 | 6,03,83,628 |
| 8. | ਹਰਿਆਣਾ | ਚੰਡੀਗੜ੍ਹ | 44,212 | 2,53,53,081 |
| 9. | ਹਿਮਾਚਲ ਪ੍ਰਦੇਸ਼ | ਸ਼ਿਮਲਾ | 55,673 | 68,56,509 |
| 10. | ਝਾਰਖੰਡ | ਰਾਂਚੀ | 79,614 | 3,29,66,238 |
| 11. | ਕਰਨਾਟਕ | ਬੰਗਲੌਰ (ਬੇਂਗਲੁਰੁ) | 1,91,791 | 6,11,30,704 |
| 12. | ਕੇਰਲ | ਤ੍ਰਿਵੇਂਦਰਮ (ਤ੍ਰਿਵੰਨਤ-ਪੁਰਮ) | 38,863 | 3,33,87,677 |
| 13. | ਮੱਧ ਪ੍ਰਦੇਸ਼ | ਭੋਪਾਲ | 3,08,713 | 7,25,97,565 |
| 14. | ਮਹਾਂਰਾਸ਼ਟਰ | ਮੁੰਬਈ | 3,07,713 | 11,23,72,972 |
| 15. | ਮਨੀਪੁਰ | ਇੰਮਫਾਲ | 22,327 | 27,21,756 |
| 16. | ਮੇਘਾਲਿਆ | ਸ਼ਿਲਾਂਗ | 22,492 | 29,64,007 |
| 17. | ਮਿਜ਼ੋਰਮ | ਆਈਜ਼ੋਲ | 21,081 | 10,91,014 |
| 18. | ਨਾਗਾਲੈਂਡ | ਕੋਹੀਮਾ | 16,579 | 19,88,636 |
| 19. | ਓਡੀਸ਼ਾ | ਭੁਬਨੇਸ਼ਵਰ | 1,55,707 | 4,19,47,358 |
| 20. | ਪੰਜਾਬ | ਚੰਡੀਗੜ੍ਹ | 50,362 | 2,77,04,236 |
| 21. | ਰਾਜਸਥਾਨ | ਜੈਪੁਰ | 3,42,239 | 6,86,21,012 |
| 22. | ਸਿੱਕਿਮ | ਗਾਂਤੋਕ | 7096 | 6,07,688 |
| 23. | ਤਾਮਿਲਨਾਡੂ | ਚੇਨੱਈ | 1,30,058 | 7,21,38,958 |
| 24. | ਤੇਲੰਗਾਨਾ | ਹੈਦਰਾਬਾਦ | 1,14,840 | 3,53,46,865 |
| 25. | ਤ੍ਰਿਪੁਰਾ | ਅਗਰਤਲਾ | 10,486 | 36,71,032 |
| 26. | ਉਤਰਾਂਚਲ | ਦੇਹਰਾਦੂਨ | 53,331 | 1,01,16,752 |
| 27. | ਉੱਤਰ ਪ੍ਰਦੇਸ਼ | ਲਖਨਊ | 2,40,928 | 19,95,81,477 |
| 28. | ਪੱਛਮੀ ਬੰਗਾਲ | ਕੋਲਕਾਤਾ (ਕਲਿਕਾਤਾ) | 88,752 | 9,13,47,736 |
| (ਅ) ਕੇਂਦਰੀ ਪ੍ਰਬੰਧ ਅਧੀਨ ਖੇਤਰ | | | | |
| 1. | ਅੰਡੇਮਾਨ ਤੇ ਨਿਕੋਬਾਰ ਦੀਪ | ਪੋਰਟ ਬਲੇਅਰ | 8,249 | 3,79,944 |
| 2. | ਚੰਡੀਗੜ੍ਹ | ਚੰਡੀਗੜ੍ਹ | 114 | 10,54,686 |
| 3. | ਦਾਦਰਾ ਤੇ ਨਗਰ ਹਵੇਲੀ ਅਤੇ ਦਮਨ ਤੇ ਦਿਉ | ਦਮਨ | 603 | 5,85,764 |
| 4. | ਦਿੱਲੀ (ਨੈਸ਼ਨਲ ਕੈਪੀਟਲ ਟੈਰੀਟਰੀ)-(N.C.T.) | ਦਿੱਲੀ | 1,483 | 1,67,53,235 |
| 5. | ਲਕਸ਼ਦੀਪ | ਕਵਰਤਿ | 32 | 64,429 |
| 6. | ਪਾਂਡੀਚਰੀ (ਪੁੱਡੂਚੇਰੀ) | ਪਾਂਡੀਚੇਰੀ | 492 | 12,44,464 |
| 7. | ਜੰਮੂ ਤੇ ਕਸ਼ਮੀਰ | ਸ਼੍ਰੀਨਗਰ ਤੇ ਜੰਮੂ | 2,22,236 | 1,25,48,926 |
| 8. | ਲੱਦਾਖ | ਲੇਹ | (ਇਕੱਠਾ) | (ਇਕੱਠਾ) |


POLITICAL MAP OF INDIA
ਭਾਰਤ : ਰਾਜਨੀਤਿਕ ਨਕਸ਼ਾ
AFGHANISTAN
PEOPLE'S REPUBLIC OF CHINA
ਚੀਨ
PEOPLE'S REPUBLIC OF CHINA
ਪਾਕਿਸਤਾਨ
PAKISTAN
NEPAL
BHUTAN
BANGLADESH
MYANMAR
ਰਾਜਸਥਾਨ
RAJASTHAN
ਉੱਤਰ ਪ੍ਰਦੇਸ਼
UTTAR PRADESH
ਬਿਹਾਰ
BIHAR
MADHYA PRADESH
ਮੱਧ ਪ੍ਰਦੇਸ਼
GUJARAT
ਗੁਜਰਾਤ
CHHATTISGARH
ਉੜੀਸ਼ਾ
ODISHA
MAHARASHTRA
ਮਹਾਂਰਾਸ਼ਟਰ
ਤੇਲੰਗਾਨਾ
TELANGANA
KARNATAKA
ਕਰਨਾਟਕ
ਆਂਧਰ ਪ੍ਰਦੇਸ਼
ਤਾਮਿਲਨਾਡੂ
TAMIL NADU
ਬੰਗਾਲ ਦੀ ਖਾੜੀ
ਅਰਬ ਸਾਗਰ
ਹਿੰਦ ਮਹਾਸਾਗਰ
SRI LANKA

ਚਿੱਤਰ 6.1

## ਭੌਤਿਕ ਵੰਡ :

ਭੌਤਿਕ ਦ੍ਰਿਸ਼ਟੀ ਤੋਂ ਭਾਰਤ ਨੂੰ ਹੇਠ ਲਿਖੇ ਭੂ-ਖੰਡਾਂ ਵਿੱਚ ਵੰਡਿਆ ਗਿਆ ਹੈ :

1. ਉੱਤਰ ਦੇ ਵਿਸਤ੍ਰਿਤ ਪਰਬਤ
2. ਉੱਤਰ ਦੇ ਵਿਸ਼ਾਲ ਮੈਦਾਨ
3. ਪ੍ਰਾਇਦੀਪੀ ਪਠਾਰ
4. ਤੱਟ ਦੇ ਮੈਦਾਨ
5. ਦੀਪ-ਸਮੂਹ

**1. ਉੱਤਰ ਦੇ ਵਿਸਤ੍ਰਿਤ ਪਰਬਤ ਮਾਲਾ :** ਕਰਾਕੋਰਮ ਪਰਬਤ ਮਾਲਾ ਦੇਸ਼ ਦੀ ਉੱਤਰੀ ਸੀਮਾ ਬਣਾਉਂਦੀ ਹੈ। $K_2$ (ਗਾਡਵਿਨ ਆਸਟਿਨ) ਸੰਸਾਰ ਦੀ ਦੂਜੀ ਵੱਡੀ ਚੋਟੀ ਇਸੇ ਪਰਬਤ ਮਾਲਾ ਨਾਲ ਸੰਬੰਧਤ ਹੈ। ਸਾਈਚਨ ਅਤੇ ਬਲਟਾਰੋ ਵੱਡੇ ਬਰਫ਼-ਤੋਦੇ ਇਸੇ ਖੇਤਰ ਵਿੱਚ ਹਨ।


*ਵਿਸ਼ਾਲ ਬਰਫ਼ ਤੋਦੇ : ਸਖ਼ਤ ਬਰਫ਼ ਨਦੀ ਜਿਹੜੀ ਕਿ ਬਹੁਤ ਹੌਲ਼ੀ-ਹੌਲ਼ੀ ਚਲਦੀ ਹੈ।*

ਹਿਮਾਲਾ ਪਰਬਤ ਮਾਲਾ ਜਿਹੜੀ ਕਿ ਦੇਸ਼ ਦੀ ਉੱਤਰ ਵਿੱਚ ਪੱਛਮ ਤੋਂ ਪੂਰਬ ਤੱਕ ਫੈਲੀ ਹੈ। ਇਸ ਪਰਬਤ ਮਾਲਾ ਵਿੱਚ 6000 ਮੀਟਰ ਤੋਂ ਉੱਚੇ ਪਰਬਤ ਹਨ। ਇਹ ਵਲਨ ਪਰਬਤਾਂ ਦੇ ਬਣੇ ਹੋਏ ਹਨ। ਇਹ ਪਰਬਤ ਇੱਕ ਕਮਾਨ ਦੀ ਤਰ੍ਹਾਂ ਹਨ। ਇਹਨਾਂ ਦੇ ਪੱਛਮ ਵਿੱਚ ਕਸ਼ਮੀਰ ਅਤੇ ਪੂਰਬ ਵਿੱਚ ਅਸਾਮ ਹੈ। ਇਸ ਪਰਬਤ ਮਾਲਾ ਵਿੱਚ ਸੰਸਾਰ ਦੀ ਸਭ ਤੋਂ ਉੱਚੀ ਪਰਬਤ ਚੋਟੀ ਮਾਉਂਟ ਐਵਰੈਸਟ (8848 ਮੀ.) ਨੇਪਾਲ ਵਿੱਚ ਸਥਿਤ ਹੈ। ਕੰਚਨ ਜੰਗਾ (8598 ਮੀਟਰ, ਸਿੱਕਿਮ) ਭਾਰਤ ਵਿੱਚ ਹੈ। ਗੰਗੋਤਰੀ ਅਤੇ ਜਮਨੋਤਰੀ ਗਲੇਸ਼ੀਅਰ ਜਿਨ੍ਹਾਂ ਤੋਂ ਕ੍ਰਮਵਾਰ ਗੰਗਾ ਅਤੇ ਯਮੁਨਾ ਉਤਪੰਨ ਹੋਈਆਂ ਹਨ, ਵੀ ਇਸੇ ਪਰਬਤ ਮਾਲਾ ਵਿੱਚ ਸਥਿਤ ਹਨ।

ਹਿਮਾਲਾ ਦੀ ਦੂਸਰੀ ਪਰਬਤ ਲੜੀ ਜਿਹੜੀ (4000 ਤੋਂ 4500 ਮੀ.) ਉੱਚੇ ਪਰਬਤਾਂ ਨਾਲ ਬਣੀ ਹੈ ਇਸ ਵਿੱਚ ਡਲਹੌਜ਼ੀ, ਧਰਮਸ਼ਾਲਾ, ਸ਼ਿਮਲਾ, ਮਸੂਰੀ ਨੈਨੀਤਾਲ ਅਤੇ ਦਾਰਜੀਲਿੰਗ ਹਨ।

ਤੀਸਰੀ ਪਰਬਤ ਸ਼੍ਰੇਣੀ (1000-1200 ਮੀਟਰ) ਜੋ ਕਿ ਹਿਮਾਲਾ ਪਰਬਤ ਦੇ ਧੁਰ ਦੱਖਣੀ ਹਿੱਸੇ ਵਿੱਚ ਹੈ। ਇਹ ਪਰਬਤ ਲੜੀ ਮਿੱਟੀ, ਰੇਤ, ਬਜਰੀ, ਰੋੜਿਆਂ ਅਤੇ ਨਰਮ ਚੱਟਾਨ ਦੀ ਬਣੀ ਹੈ। ਇਥੇ ਭੂਚਾਲ ਅਤੇ ਭੂ-ਖਿਸਕਣ ਆਦਿ ਦੀ ਸੰਭਾਵਨਾ ਬਣੀ ਰਹਿੰਦੀ ਹੈ।

ਇਸ ਵਿੱਚ ਤੰਗ ਘਾਟੀਆਂ ਪਾਈਆਂ ਜਾਂਦੀਆਂ ਹਨ। ਇਹਨਾਂ ਨੂੰ ਦੂਨ ਆਖਦੇ ਹਨ, ਜਿਵੇਂ ਕਿ ਦੇਹਰਾਦੂਨ।


ਭਾਰਤ
ਭੌਤਿਕ ਵੰਡ
ਪਾਮੀਰ ਨਾਟ
ਕੁਨਲਨ ਪਰਬਤ
ਹਿੰਦੂਕੁਸ਼
ਖੈਬਰ ਦਰਾ
ਸ਼ਿਪਕਿਲਾ ਦਰਾ
ਬੋਲਾਨ ਦਰਾ
ਸੁਲੇਮਾਨ ਪਰਬਤ
ਕਿਰਥਰ ਪਹਾੜੀ
ਸਤਲੁਜ
ਚੀਨ
ਤਿੱਬਤ
ਮਾਊਂਟ ਐਵਰੈਸਟ
ਕੰਚਨਜੰਗਾ
ਹਿਮਾਲਾ ਪਰਬਤ ਲੜੀ
ਭਾਰਤ ਦਾ ਮਹਾਨ ਮਾਰੂਥਲ
ਮਾਲਵਾ ਪਠਾਰ
ਵਿੰਧਿਆ ਪਹਾੜੀ
ਸਤਪੁੜਾ ਪਹਾੜੀਆਂ
ਛੋਟਾ ਨਾਗਪੁਰ ਦੀ ਪਠਾਰ
ਕੱਛ ਦੀ ਖਾੜੀ
ਖੰਭਾਤ ਦੀ ਖਾੜੀ
ਅਰਬ ਸਾਗਰ
ਬੰਗਾਲ ਦੀ ਖਾੜੀ
ਦੱਖਣੀ ਪਠਾਰ
ਕੰਨਿਆ ਕੁਮਾਰੀ
ਹਿੰਦ
ਮਹਾਂ
ਸਾਗਰ
ਇੰਦਰਾ ਪੁਆਇੰਟ
ਪਰਬਤ ਲੜੀ
ਚੋਟੀ
ਦਰੇ
300 ਮੀਟਰ ਤੋਂ ਉਪਰ ਉਚੀਆਂ ਥਾਵਾਂ

*ਚਿੱਤਰ 6.2*

**2. ਉੱਤਰੀ ਮੈਦਾਨ** : ਇਹ ਦਰਿਆਵਾਂ ਦੁਆਰਾ ਲਿਆਂਦੀ ਮਿੱਟੀ ਨਾਲ ਬਣੇ ਹਨ। ਇਹ ਲਗਪਗ 2500 ਕਿਲੋਮੀਟਰ ਲੰਬਾਈ ਵਿੱਚ ਪੱਛਮ ਤੋਂ ਪੂਰਬ ਵਲ ਫ਼ੈਲੇ ਹਨ। ਅਸਲ ਵਿੱਚ ਇਹ ਸੰਸਾਰ ਦਾ, ਦਰਿਆਵਾਂ ਦੁਆਰਾ ਲਿਆਂਦੀ ਮਿੱਟੀ ਦੁਆਰਾ ਬਣਿਆ ਸਭ ਤੋਂ ਵਿਸ਼ਾਲ ਮੈਦਾਨ ਹਨ।

ਭਾਰਤ ਦਾ ਉੱਤਰੀ ਵਿਸ਼ਾਲ ਮੈਦਾਨ ਕਈ ਦਰਿਆਈ ਮੈਦਾਨਾਂ ਦਾ ਬਣਿਆ ਹੈ ਜੋ ਹੇਠ ਲਿਖੇ ਅਨੁਸਾਰ ਹਨ :

(*i*) ਪੰਜਾਬ-ਹਰਿਆਣਾ ਦਾ ਮੈਦਾਨ,

(*ii*) ਥਾਰ ਮਾਰੂਥਲ ਦਾ ਮੈਦਾਨ,

(*iii*) ਗੰਗਾ ਦਾ ਮੈਦਾਨ,

(*iv*) ਬ੍ਰਹਮਪੁੱਤਰ ਦਾ ਮੈਦਾਨ।

(*i*) **ਪੰਜਾਬ-ਹਰਿਆਣਾ ਦੇ ਮੈਦਾਨ** : ਇਹ ਸਤਲੁਜ, ਬਿਆਸ ਅਤੇ ਰਾਵੀ ਦਰਿਆਵਾਂ ਦੇ ਨਿਖੇਪਣ ਕਰਕੇ ਬਣੇ ਹਨ। ਇਹ ਇਕਸਾਰ ਅਤੇ ਪਧਰੇ ਮੈਦਾਨ, ਸਿੰਧ ਅਤੇ ਇਸ ਦੀਆਂ ਸਹਾਇਕ ਨਦੀਆਂ ਦੁਆਰਾ ਬਣਾਏ ਗਏ ਹਨ। 1947 ਵਿੱਚ ਭਾਰਤ-ਪਾਕਿਸਤਾਨ ਬਣਨ ਕਰਕੇ, ਇਸ ਦਾ ਵਧੇਰੇ ਭਾਗ ਪਾਕਿਸਤਾਨ ਵਿੱਚ ਚਲਾ ਗਿਆ। ਦੂਸਰੇ ਪਾਸੇ ਕਾਫ਼ੀ ਸਮਾਂ ਪਹਿਲਾਂ ਦਿੱਲੀ ਦੇ ਨੇੜਲੀ ਧਰਤੀ ਦੇ ਉੱਚਾ ਉੱਠ ਜਾਣ ਕਰਕੇ ਜਦੋਂ ਯਮੁਨਾ ਦਰਿਆ ਪੂਰਬ ਵੱਲ ਵਹਿਣਾ ਸ਼ੁਰੂ ਹੋ ਗਿਆ ਤਾਂ ਇਸ ਦੇ ਦੁਆਲੇ ਦਾ ਖੇਤਰ ਗੰਗਾ ਜਲ-ਪ੍ਰਵਾਹ ਅਤੇ ਸਿੰਧ ਜਲ-ਪ੍ਰਵਾਹ ਵਿੱਚ ਪਾਣੀ-ਵਿਭਾਜਕ ਖੇਤਰ ਵਜੋਂ ਕੰਮ ਕਰਨ ਲਗ ਪਿਆ। ਇਨ੍ਹਾਂ ਦਰਿਆਵਾਂ ਦੀਆਂ ਹੱਦਾਂ ਵਿਚਾਲੇ ਦੇ ਖੇਤਰਾਂ ਨੂੰ ਹੇਠ ਲਿਖੇ ਚਾਰ ਭਾਗਾਂ ਵਿੱਚ ਵੰਡਿਆ ਜਾਂਦਾ ਹੈ :

(ੳ) ਰਾਵੀ ਅਤੇ ਬਿਆਸ ਵਿਚਾਲੇ ਖੇਤਰਾਂ ਨੂੰ ਬਾਰੀ ਦੁਆਬ ਜਾਂ '**ਮਾਝੇ**' ਦਾ ਮੈਦਾਨ ਆਖਦੇ ਹਨ।

(ਅ) ਬਿਆਸ ਅਤੇ ਸਤਲੁਜ ਦਰਿਆ ਦੇ ਵਿਚਕਾਰਲੇ ਭਾਗ ਨੂੰ ਬਿਸਤ ਦੁਆਬ ਜਾਂ ਪੰਜਾਬ ਦਾ **ਦੁਆਬੇ ਦਾ ਮੈਦਾਨ** ਆਖਦੇ ਹਨ।

(ੲ) ਸਤਲੁਜ ਅਤੇ ਘੱਗਰ ਦਰਿਆ ਦੇ ਵਿਚਕਾਰਲੇ ਖੇਤਰ ਨੂੰ ਪੰਜਾਬ ਵਿੱਚ **ਮਾਲਵੇ ਦਾ ਮੈਦਾਨ** ਆਖਦੇ ਹਨ।

(ਸ) ਘੱਗਰ ਦਰਿਆ ਅਤੇ ਯਮੁਨਾ ਦਰਿਆ ਨੂੰ **ਹਰਿਆਣੇ ਦਾ ਮੈਦਾਨ** ਆਖਦੇ ਹਨ।

(*ii*) **ਥਾਰ ਦਾ ਮਾਰੂਥਲੀ ਮੈਦਾਨ** : ਪੰਜਾਬ ਅਤੇ ਹਰਿਆਣਾ ਦੇ ਦੱਖਣੀ ਖੇਤਰ ਦਾ ਖੁਸ਼ਕ ਅਤੇ ਪੱਧਰਾ ਮੈਦਾਨ ਜੋ ਕਿ ਗੁਜਰਾਤ ਦੀ ਕੱਛ ਦੀ ਖਾੜੀ ਤੱਕ ਫੈਲਿਆ ਹੋਇਆ ਹੈ ਨੂੰ ਥਾਰ ਦਾ ਮਾਰੂਥਲੀ ਮੈਦਾਨ ਆਖਦੇ ਹਨ। ਅਰਾਵਲੀ ਪਰਬਤ ਲੜੀ ਇਸਦੀ ਪੂਰਬੀ

ਹੱਦ ਬਣਾਉਂਦਾ ਹੈ। ਵਰਖਾ ਦੀ ਕਮੀ ਕਰਕੇ ਸਾਰਾ ਖੇਤਰ ਖੁਸ਼ਕ ਹੈ ਅਤੇ ਇੱਥੇ ਰੇਤ ਦਾ ਲਹਿਰੀਆ ਅਤੇ ਟਿੱਲੇ ਨਜ਼ਰ ਆਉਂਦੇ ਹਨ। ਬਾੜਮੇੜ ਜ਼ਿਲ੍ਹੇ ਦੇ ਇਹ ਰੇਤ ਲਹਿਰੀਆ ਅਤੇ ਟਿੱਲੇ 50−100 ਮੀਟਰ ਦੀ ਉਚਾਈ ਤੱਕ ਦੇ ਹੁੰਦੇ ਹਨ। ਇਸ ਖੁਸ਼ਕ ਖੇਤਰ ਵਿੱਚ ਹਵਾ ਦਾ ਕਾਰਜ ਬਹੁਤ ਤੇਜ਼ ਹੁੰਦਾ ਹੈ। ਇਥੇ ਉਪਜਾਊ ਮੈਦਾਨ ਪਾਏ ਜਾਂਦੇ ਹਨ। ਇਨ੍ਹਾਂ ਨੂੰ ਰੋਹੀ ਆਖਦੇ ਹਨ। ਇਥੇ ਸਾਂਭਰ ਝੀਲ ਦੀ ਤਰ੍ਹਾਂ ਕਈ ਹੋਰ ਖਾਰੇ ਪਾਣੀ ਦੀਆਂ ਝੀਲਾਂ ਵੀ ਹਨ। ਯਮੁਨਾ(ਜਮੁਨਾ), ਰਾਮ ਗੰਗਾ, ਚੰਬਲ, ਬੇਤਵਾ, ਕਾਲੀ ਅਤੇ ਪਾਂਡੂ ਦਰਿਆਵਾਂ ਦੁਆਰਾ ਇਹ ਮੈਦਾਨ ਬਣਿਆ ਹੈ।

(*iii*) **ਗੰਗਾ ਦਾ ਮੈਦਾਨ** : ਇਹ ਮੈਦਾਨ, ਉੱਤਰ ਪ੍ਰਦੇਸ਼, ਬਿਹਾਰ, ਤੱਕ ਫੈਲਿਆ ਹੋਇਆ ਹੈ। ਪੱਛਮ ਵਿੱਚ ਯਮੁਨਾ, ਪੂਰਬ ਵਿੱਚ ਬੰਗਲਾ ਦੇਸ਼, ਉੱਤਰ ਵਿੱਚ ਸ਼ਿਵਾਲਿਕ ਤੱਕ ਇਸ ਮੈਦਾਨ ਦਾ ਵਿਸਥਾਰ ਹੈ। ਇਹ ਵਿਸ਼ਾਲ ਮੈਦਾਨ, ਇਤਿਹਾਸ, ਖੇਤੀਬਾੜੀ ਅਤੇ ਸੰਘਣੀ ਵਸੋਂ ਕਰਕੇ ਪ੍ਰਸਿੱਧ ਹੈ। ਇਸਦਾ ਪ੍ਰਮੁੱਖ ਦਰਿਆ ਗੰਗਾ ਹੈ।

(*iv*) **ਬ੍ਰਹਮਪੁੱਤਰ ਦਾ ਮੈਦਾਨ** : ਇਹਨਾਂ ਮੈਦਾਨਾਂ ਨੂੰ ਆਸਾਮ ਦੇ ਮੈਦਾਨ ਵੀ ਆਖਿਆ ਜਾਂਦਾ ਹੈ। ਬ੍ਰਹਮਪੁੱਤਰ, ਸੰਸਾਰੀ, ਦਿਬਾਂਗ ਅਤੇ ਲੋਹਿਤ ਦਰਿਆ ਇਥੋਂ ਦੇ ਪ੍ਰਮੁੱਖ ਦਰਿਆ ਹਨ।

**3. ਪ੍ਰਾਇਦੀਪ ਪਠਾਰ ਖੇਤਰ** : ਇਹ ਤਿਕੋਨਾ ਪ੍ਰਾਚੀਨ ਉੱਚਾ ਧਰਤ ਟੁਕੜਾ ਹੈ ਜਿਸਦੀ ਨੋਕ ਦੱਖਣ ਵਿੱਚ ਕੰਨਿਆਕੁਮਾਰੀ ਹੈ। ਇਸਦਾ ਦੱਖਣੀ ਹਿੱਸਾ ਹਿੰਦ ਮਹਾਂਸਾਗਰ ਹੈ ਪੂਰਬ ਵਿੱਚ ਬੰਗਾਲ ਦੀ ਖਾੜੀ ਅਤੇ ਪੱਛਮ ਵਿੱਚ ਅਰਬ ਸਾਗਰ ਹੈ। ਤਿੰਨ ਪਾਸਿਆਂ ਤੋਂ ਸਾਗਰ ਦੁਆਰਾ ਘਿਰਿਆ ਹੋਣ ਕਰਕੇ ਇਸਨੂੰ ਪ੍ਰਾਇਦੀਪੀ ਪਠਾਰ ਖੇਤਰ ਆਖਦੇ ਹਨ।

**ਇਹ ਅੱਗੇ ਦੋ ਭਾਗਾਂ ਵਿੱਚ ਵੰਡਿਆ ਹੋਇਆ ਹੈ :**

(*i*) ਮਾਲਵੇ ਦੀ ਪਠਾਰ

(*ii*) ਦੱਖਣੀ ਪਠਾਰ

(*i*) **ਮਾਲਵੇ ਦੀ ਪਠਾਰ** : ਇਸ ਪਠਾਰ ਦੇ ਪੱਛਮ ਵਿੱਚ ਅਰਾਵਲੀ ਪਰਬਤ, ਪੂਰਬ ਵਿੱਚ ਛੋਟਾ ਨਾਗਪੁਰ, ਰਾਜ ਮਹਲ ਪਹਾੜੀਆਂ ਤੋਂ ਸ਼ਿਲਾਂਗ ਪਠਾਰ ਤੱਕ ਅਤੇ ਦੱਖਣ ਵਿੱਚ ਸਤਪੁੜਾ ਪਹਾੜੀਆਂ ਹਨ।

(*ii*) **ਦੱਖਣੀ ਪਠਾਰ** : ਇਹ ਪਠਾਰ ਲਗਾਤਾਰ 'ਲਾਵਾ' ਦੇ ਵਹਿਣ ਕਰਕੇ ਬਣਿਆ ਹੈ। ਇਹ ਲਗਪਗ 7 ਲੱਖ ਕਿਲੋਮੀਟਰ ਦੇ ਖੇਤਰ ਤੱਕ ਹੈ। ਇਸ ਦੀ ਢਲਾਣ ਉੱਤਰ ਪੱਛਮ ਤੋਂ ਦੱਖਣ ਪੂਰਬ ਹੈ। ਇਸ ਦੀ ਸਮੁੰਦਰੀ ਤਲ ਤੋਂ ਉਚਾਈ 300 ਤੋਂ 900 ਮੀਟਰ ਹੈ। ਮੌਸਮੀ ਦਰਿਆਵਾਂ ਨੇ ਇਸ ਨੂੰ ਬੁਰੀ ਤਰ੍ਹਾਂ ਕੱਟਿਆ ਵੱਢਿਆ ਹੈ ਅਤੇ ਕਈ ਭੌਤਿਕ ਭਾਗਾਂ

ਵਿੱਚ ਵੰਡਿਆ ਹੋਇਆ ਹੈ ਜਿਵੇਂ ਕਿ ਪੱਛਮ ਵਿੱਚ ਪੱਛਮੀ ਘਾਟ ਅਤੇ ਪੂਰਬ ਵਿੱਚ ਪੂਰਬੀ ਘਾਟ।

4. **ਤੱਟ ਦੇ ਮੈਦਾਨ** : ਦੱਖਣੀ ਪਠਾਰ ਤਿੰਨ ਪਾਸਿਆਂ ਤੋਂ ਦੋ ਲੰਬੇ ਨਿਮਨ ਵਰਤੀ ਤੱਟ ਦੇ ਮੈਦਾਨ, ਜਿਹੜੇ ਗੁਜਰਾਤ ਦੇ ਕੱਛ ਦੇ ਖੇਤਰ ਤੋਂ ਕੰਨਿਆ ਕੁਮਾਰੀ ਤੋਂ ਹੁੰਦੇ ਹੋਏ ਮਹਾਂਨਦੀ ਤੱਕ ਫ਼ੈਲੇ ਹੋਏ ਹਨ। ਤੱਟ ਦੇ ਇਨ੍ਹਾਂ ਮੈਦਾਨਾਂ ਵਿੱਚ ਬਹੁਤ ਭਿੰਨਤਾ ਪਾਈ ਜਾਂਦੀ ਹੈ। ਜਿਵੇਂ ਕਿ ਪੂਰਬੀ ਤੱਟ ਦੇ ਮੈਦਾਨ ਪੱਛਮ ਦੇ ਤੱਟ ਦੇ ਮੈਦਾਨਾਂ ਨਾਲੋਂ ਚੌੜੇ, ਜ਼ਿਆਦਾ ਨਮੀਂ ਭਰਪੂਰ ਹਨ। ਸਥਿਤੀ ਅਨੁਸਾਰ ਤੱਟ ਦੇ ਮੈਦਾਨ ਨੂੰ ਹੇਠ ਲਿਖੇ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਹੈ :

(*i*) ਪੂਰਬੀ ਤੱਟ ਦੇ ਮੈਦਾਨ (*ii*) ਪੱਛਮੀ ਤੱਟ ਦੇ ਮੈਦਾਨ

**(*i*) ਪੂਰਬੀ ਤੱਟ ਦੇ ਮੈਦਾਨ** : ਇਹਨਾਂ ਤੱਟ ਦੇ ਮੈਦਾਨਾਂ ਦੇ ਪੂਰਬ ਵਿੱਚ ਬੰਗਾਲ ਦੀ ਖਾੜੀ ਅਤੇ ਪੱਛਮ ਵਿੱਚ ਪੂਰਬੀ ਘਾਟ ਹਨ। ਪੂਰਬੀ ਤੱਟ ਦੇ ਮੈਦਾਨ ਪੱਛਮੀ ਤੱਟ ਦੇ ਮੈਦਾਨਾਂ ਨਾਲੋਂ ਜ਼ਿਆਦਾ ਚੌੜੇ, ਉੱਚੇ ਅਤੇ ਬੰਜਰ ਹਨ। ਇਹ ਡੈਲਟੇ ਦੀ ਮਿੱਟੀ ਦੇ ਜਮ੍ਹਾਂ ਹੋਣ ਨਾਲ ਬਣੇ ਹਨ। ਇਨ੍ਹਾਂ ਵਿੱਚ ਵੱਡੀਆਂ ਝੀਲਾਂ ਹਨ।

**(*ii*) ਪੱਛਮੀ ਤੱਟ ਦੇ ਮੈਦਾਨ** : ਇਹ ਪੂਰਬ ਦੇ ਮੈਦਾਨਾਂ ਨਾਲੋਂ ਘੱਟ ਚੌੜੇ ਮੈਦਾਨ ਹਨ ਅਤੇ ਇਹਨਾਂ ਦਾ ਵਿਸਥਾਰ ਗੁਜਰਾਤ ਤੋਂ ਕੇਰਲ ਤੱਕ ਹੈ।

5. **ਭਾਰਤੀ ਦੀਪ/ਟਾਪੂ** : ਭਾਰਤ ਦਾ ਮੁੱਖ ਧਰਤ ਭਾਗ ਦੇ ਨਾਲ-ਨਾਲ, ਸਮੁੰਦਰ ਵਿੱਚ ਸਥਿਤ ਕਈ ਦੀਪਾਂ ਤੇ ਵੀ ਅਧਿਕਾਰ ਹੈ। ਭਾਰਤ ਦਾ ਲਗਪਗ 267 ਟਾਪੂਆਂ 'ਤੇ ਅਧਿਕਾਰ ਹੈ। ਸਥਿਤੀ ਦੇ ਅਧਾਰ ਤੇ ਇਹਨਾਂ ਦੀਪਾਂ/ਟਾਪੂਆਂ ਨੂੰ ਦੋ ਵਰਗਾਂ ਵਿੱਚ ਵੰਡਿਆ ਗਿਆ ਹੈ :

(*i*) ਤੱਟ ਤੋਂ ਦੂਰ ਦੇ ਦੀਪ (*ii*) ਤੱਟ ਦੇ ਨੇੜਲੇ ਦੀਪ

**(*i*) ਤੱਟ ਤੋਂ ਦੂਰ ਦੇ ਦੀਪ** : ਇਨ੍ਹਾਂ ਨੂੰ ਅੱਗੇ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ :

(ੳ) ਅਰਬ ਸਾਗਰ ਦੇ ਦੀਪ ਸਮੂਹ

(ਅ) ਬੰਗਾਲ ਦੀ ਖਾੜੀ ਦੇ ਦੀਪ ਸਮੂਹ

**(ੳ) ਅਰਬ ਸਾਗਰ ਦੇ ਦੀਪ ਸਮੂਹ** : ਦੱਖਣ ਪੂਰਬੀ ਅਰਬ ਸਾਗਰ ਵਿੱਚ ਪ੍ਰਵਾਲ ਭਿੱਤੀਆਂ (coral reefs) ਦੇ ਜਮਾਅ ਨਾਲ ਬਣੇ, ਇਹਨਾਂ ਦੀਪਾਂ ਨੂੰ ਲਕਸ਼ਦੀਪ ਵੀ ਕਿਹਾ ਜਾਂਦਾ ਹੈ। ਇਹਨਾਂ ਦੀ ਕੁਲ ਸੰਖਿਆ 25 ਹੈ ਅਤੇ ਇਸ ਦੀਪ ਸਮੂਹ ਦੇ ਤਿੰਨ ਪ੍ਰਮੁੱਖ ਹਿੱਸੇ ਹਨ ਉੱਤਰੀ ਹਿੱਸੇ ਵਾਲੇ ਦੀਪਾਂ ਦਾ ਨਾਮ ਅਮੀਨ ਦੀਵੀ, ਮੱਧਵਰਤੀ ਦੀਪਾਂ ਨੂੰ ਲਕਸ਼ਦੀਪ ਅਤੇ ਦੱਖਣੀ ਹਿੱਸੇ ਨੂੰ ਮਿਨੀਕੋਆਇ ਆਖਦੇ ਹਨ।

(ਅ) **ਬੰਗਾਲ ਦੀ ਖਾੜੀ ਦੇ ਦੀਪ ਸਮੂਹ :** ਇਨ੍ਹਾਂ ਵਿੱਚੋਂ ਕੁਝ ਦੀਪ ਜਵਾਲਾ ਮੁਖੀ ਲਾਵੇ ਕਰਕੇ ਬਣੇ ਹਨ ਅਤੇ ਕੁਝ ਦੀਪ ਡੁੱਬੀਆਂ ਹੋਈਆਂ ਪਹਾੜੀਆਂ ਦੀਆਂ ਚੋਟੀਆਂ ਦੇ ਉੱਚੇ-ਉੱਚੇ ਭਾਗ ਹਨ।

ਇਨ੍ਹਾਂ ਦੀਪਾਂ ਦੇ ਵੀ ਤਿੰਨ ਵੱਡੇ ਹਿੱਸੇ ਹਨ :-

(1) ਅੰਡੇਮਾਨ ਦੀਪ ਸਮੂਹ (2) ਨਿਕੋਬਾਰ (3) ਹੋਰ ਦੂਸਰੇ ਨਾਲ ਲਗਦੇ ਦੀਪ

ਅੰਡੇਮਾਨ ਗਰੁੱਪ ਵਿੱਚ ਦੀਪਾਂ ਦੀ ਸੰਖਿਆ 120 ਹੈ, ਨਿਕੋਬਾਰ ਦਾ ਇੰਦਰਾ ਪੁਆਇੰਟ ਦੀਪ ਭਾਰਤ ਦੀ ਦੱਖਣੀ ਸੀਮਾਂ ਬਿੰਦੂ ਹੈ।

**(*ii*) ਤੱਟ ਦੇ ਨੇੜਲੇ ਦੀਪ :** ਇਹਨਾਂ ਦੀਪਾਂ ਵਿੱਚ ਗੰਗਾ ਦੇ ਡੈਲਟੇ ਦੇ ਨੇੜੇ ਸਾਗਰ ਵਿੱਚ ਸ਼ੋਰਟ, ਵਹੀਲਰ, ਨਿਊਮੂਰ ਆਦਿ ਦੇ ਦੀਪ ਮਿਲਦੇ ਹਨ। ਕੁਝ ਦੀਪ ਤਾਮਿਲਨਾਡੂ ਦੇ ਤੱਟ ਤੇ ਮਿਲਦੇ ਹਨ, ਗੁਜਰਾਤ ਦੇ ਤੱਟ ਦੇ ਪਾਸ ਦਿਉ (*Diu*) ਜਿਹੇ ਵੱਡੇ ਦੀਪ ਸਥਿਤ ਹਨ। ਖੰਬਾਤ ਅਤੇ ਕੱਛ ਦੀਆਂ ਖਾੜੀਆਂ ਵਿੱਚ ਵੀ ਬਹੁਤ ਵੱਖੋ-ਵੱਖ ਆਕਾਰ ਦੇ ਦੀਪ ਮਿਲਦੇ ਹਨ।

### ਯਾਦ ਰੱਖਣ ਯੋਗ ਨੁਕਤੇ

1. ਭਾਰਤ ਖੇਤਰਫਲ ਜਾਂ ਰਕਬੇ ਪੱਖੋਂ ਸੰਸਾਰ ਦਾ ਸੱਤਵਾਂ ਵੱਡਾ ਦੇਸ਼ ਹੈ ਜਦੋਂ ਕਿ ਆਬਾਦੀ ਪੱਖੋਂ ਇਹ ਦੂਸਰੇ ਸਥਾਨ 'ਤੇ ਆਉਂਦਾ ਹੈ।
2. ਸਾਡੇ ਦੇਸ਼ ਦਾ ਵਿਥਕਾਰੀ ਪਸਾਰ 8°.4′ ਉਤਰ ਤੋਂ 37°.6′ ਉੱਤਰ ਵਿਚਾਲੇ ਹੈ ਜੋ ਲਗਪਗ 3214 ਕਿਲੋਮੀਟਰ ਬਣਦਾ ਹੈ।
3. ਭਾਰਤ ਦਾ ਲੰਬਕਾਰੀ ਪਸਾਰ 68°.7′ ਪੂਰਬ ਤੇ 97°.25′ ਪੂਰਬ ਵਿਚਾਲੇ ਹੈ ਜੋ ਲਗਪਗ 2933 ਕਿਲੋਮੀਟਰ ਬਣਦਾ ਹੈ।
4. ਸਾਡੇ ਦੇਸ਼ ਦੀ ਸਰਹੱਦ 7 ਦੇਸ਼ਾਂ ਨਾਲ ਛੂੰਹਦੀ ਹੈ ਜਦੋਂ ਕਿ ਇਸ ਦੀ ਤੱਟ ਰੇਖਾ 6100 ਕਿਲੋਮੀਟਰ ਦੇ ਲਾਗੇ-ਚਾਗੇ ਹੈ।
5. ਰਾਜਨੀਤਕ ਤੇ ਪ੍ਰਸ਼ਾਸਕੀ ਵੰਡ ਵਜੋਂ ਸਾਡੇ ਦੇਸ਼ ਨੂੰ 28 ਰਾਜਾਂ ਤੇ 8 ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਵੰਡਿਆ ਗਿਆ ਹੈ।
6. ਦੇਸ਼ ਦੇ ਧਰਾਤਲ ਨੂੰ ਭੂਗੋਲਿਕ ਵੰਡ ਵਜੋਂ ਉਤਰੀ ਪਰਬਤ, ਮੱਧ ਦੇ ਮੈਦਾਨ, ਪ੍ਰਾਇਦੀਪੀ ਪਠਾਰ, ਤੱਟ ਦੇ ਮੈਦਾਨ ਤੇ ਦੀਪ ਸਮੂਹਾਂ ਵਜੋਂ ਕੁਲ 5 ਭਾਗਾਂ ਵਿੱਚ ਵੰਡਿਆ ਗਿਆ ਹੈ।

## ਅਭਿਆਸ

**I. ਹੇਠ ਲਿਖਿਆਂ ਪ੍ਰਸ਼ਨਾਂ ਦਾ ਉੱਤਰ ਸੰਖੇਪ ਵਿੱਚ ਦਿਓ :**

(1) ਕਿਹੜੀ ਅਕਸ਼ਾਂਸ਼ ਰੇਖਾ ਭਾਰਤ ਨੂੰ ਦੋ ਹਿੱਸਿਆਂ ਵਿੱਚ ਵੰਡਦੀ ਹੈ ? ਉਨ੍ਹਾਂ ਦੋ ਹਿੱਸਿਆਂ ਦੇ ਨਾਂ ਦੱਸੋ।

(2) ਭਾਰਤ ਦੇ ਗੁਆਂਢੀ ਦੇਸ਼ਾਂ ਦੇ ਨਾਂ ਲਿਖੋ।

(3) ਗਲੋਬ ਤੇ ਭਾਰਤ ਦੀ ਅਕਸ਼ਾਂਸ਼ੀ ਅਤੇ ਦਿਸ਼ਾਂਤਰੀ ਸਥਿਤੀ ਲਿਖੋ।

(4) ਭਾਰਤ ਨੂੰ ਰਾਜਨੀਤਿਕ ਤੌਰ 'ਤੇ ਕਿੰਨੇ ਰਾਜਾਂ ਅਤੇ ਕੇਂਦਰ ਸ਼ਾਸਤ ਰਾਜਾਂ ਵਿੱਚ ਵੰਡਿਆ ਗਿਆ ਹੈ।

(5) ਉਹਨਾਂ ਤਿੰਨਾਂ ਸਾਗਰਾਂ ਦੇ ਨਾਂ ਲਿਖੋ ਜਿਨ੍ਹਾਂ ਨੇ ਭਾਰਤੀ ਪ੍ਰਾਇਦੀਪ ਨੂੰ ਘੇਰਿਆ ਹੈ।

**II. ਹੇਠ ਲਿਖੇ ਵਾਕਾਂ ਵਿੱਚ ਖ਼ਾਲੀ ਥਾਂਵਾਂ ਭਰੋ :**

(1) ਆਕਾਰ ਦੇ ਅਨੁਸਾਰ ਭਾਰਤ ਦਾ ਸੱਭ ਤੋਂ ਵੱਡਾ .................................... ਰਾਜ ਹੈ।

(2) .................................... ਭਾਰਤ ਦਾ ਸੱਭ ਤੋਂ ਛੋਟਾ ਰਾਜ ਹੈ।

(3) ਇੰਦਰਾ ਪੁਆਇੰਟ ਭਾਰਤ ਦੇ ਬਿਲਕੁਲ .................................... ਸਿਰੇ ਤੇ ਹੈ।

(4) ਕਸ਼ਮੀਰ ਤੋਂ .................................... ਤੱਕ ਭਾਰਤ ਇੱਕ ਹੈ।

(5) ਅਰੁਣਾਂਚਲ ਪ੍ਰਦੇਸ਼ ਭਾਰਤ ਦੇ .................................... ਭਾਗ ਵਿੱਚ ਹੈ।

**III. ਹੇਠ ਲਿਖੇ ਸ਼ਬਦਾ ਦਾ ਸਹੀ ਮਿਲਾਨ ਕਰੋ :**

| | |
|---|---|
| (1) ਅੰਡੇਮਾਨ ਅਤੇ ਨਿਕੋਬਾਰ | (ੳ) ਸਾਡੇ ਪੂਰਬੀ ਗੁਆਂਢੀ |
| (2) ਸ਼੍ਰੀ ਲੰਕਾ | (ਅ) ਉੱਤਰ ਵਲ ਦੇ ਗੁਆਂਢੀ |
| (3) ਮਿਆਂਮਾਰ | (ੲ) ਭਾਰਤ ਦਾ ਦੀਪ-ਸਮੂਹ |
| (4) ਅਫ਼ਗਾਨਿਸਤਾਨ | (ਸ) ਸਮੁੰਦਰੀ ਹੱਦ ਨਾਲ ਜੁੜਿਆ ਦੇਸ਼ |

## ਗਤੀਵਿਧੀ

**ਆਪਣੇ ਅਧਿਆਪਕ ਦੀ ਸਹਾਇਤਾ ਨਾਲ ਹੇਠ ਲਿਖੇ ਅਨੁਸਾਰ ਨਕਸ਼ੇ ਭਰੋ :**

- ਭਾਰਤ ਦੇ ਨਕਸ਼ੇ ਤੇ ਦੋ ਪ੍ਰਮੁੱਖ ਬੰਦਰਗਾਹ ਸ਼ਹਿਰ ਜਿਹੜੇ ਰਾਜਧਾਨੀਆਂ ਹਨ।
- ਭਾਰਤ ਦੇ ਤਿੰਨ ਰਾਜਧਾਨੀ ਸ਼ਹਿਰ ਜਿਹੜੇ ਕਰਕ ਰੇਖਾ ਦੇ ਬਿਲਕੁਲ ਨੇੜੇ ਸਥਿਤ ਹਨ।


- ਭਾਰਤ ਦਾ ਰਾਜਨੀਤਿਕ ਨਕਸ਼ਾ ਲੈ ਕੇ ਉਸ ਵਿੱਚ ਰਾਜਧਾਨੀਆਂ ਸਮੇਤ ਰਾਜਾਂ ਦੇ ਕੇਂਦਰ ਸ਼ਾਸਤ ਰਾਜਾਂ ਦੇ ਨਾਂ ਲਿਖੋ।
- ਸੰਸਾਰ ਦਾ ਨਕਸ਼ਾ (ਖਾਕਾ) ਲੈ ਕੇ ਭਾਰਤ ਅਤੇ ਗੁਆਂਢੀ ਦੇਸ਼ਾਂ ਨੂੰ ਅੰਕਿਤ ਕਰੋ।

**ਅਧਿਆਪਕ ਜਮਾਤ ਵਿੱਚ ਸਾਂਝਾ ਕਰੇ!**

- ਸੁਨਾਮੀ (Tsunami) ਕੀ ਹੈ ਅਤੇ ਇਹਨਾਂ ਸਮੁੰਦਰੀ ਤਰੰਗਾਂ ਨੇ ਭਾਰਤ ਦੇ ਕਿਸ ਇਲਾਕੇ ਉਤੇ ਜ਼ਿਆਦਾ ਅਸਰ ਪਾਇਆ ਹੈ।

# INDIA — OUTLINE AND ADJACENT COUNTRIES

ਭਾਰਤ - ਤੇ ਗੁਆਂਢੀ ਦੇਸ਼





1. Based upon Survey of India Map with the permission of the Surveyor General of India.
2. The territorial waters of India extend into the sea to a distance of twelve nautical miles measured from the appropriate baseline.
3. The interstate boundaries between Uttar Pradesh & Uttarakhand, Bihar & Jharkhand, Madhya Pradesh & Chhatisgarh have not been verified by the Governments concerned.
4. The boundary of Meghalaya shown on this map is as interpreted from the North-Eastern Areas (Reorganisation) Act, 1971, but has yet to be verified.
5. The External Boundary and coast-line of India shown on this map agree with the Record/Master copy certified by the Survey of India, Dehradun.
6. The administrative Headquarters of Chandigarh, Haryana and Punjab are at Chandigarh. (Letter No. TB. 991/62-A-3/213 Dated 5/5/2003)

© Government of India, Copyright 2002

Name .................................. Class ...................... Roll No. ...................... Teacher Signature ..................................

## ASIA – POLITICAL

## ਏਸ਼ੀਆ - ਰਾਜਨੀਤਕ





- Based upon Survey of India map with the permission of the Surveyor General of India.
- The territorial waters of India extend into the sea to a distance of twelve nautical miles measured from the appropriate base line.
- The external boundaries and coastlines of India agree with the Record/Master Copy certified by Survey of India, Dehradun, vide their Letter No. T.B.-1827/62-A-3/A-3 Dated 27.06.2002.

© Government of India, Copyright 2002

# INDIA — OUTLINE AND ADJACENT COUNTRIES

ਭਾਰਤ - ਤੇ ਗੁਆਂਢੀ ਦੇਸ਼




1. Based upon Survey of India Map with the permission of the Surveyor General of India.
2. The territorial waters of India extend into the sea to a distance of twelve nautical miles measured from the appropriate baseline.
3. The interstate boundaries between Uttar Pradesh & Uttarakhand, Bihar & Jharkhand, Madhya Pradesh & Chhattisgarh have not been verified by the Governments concerned.
4. The boundary of Meghalaya shown on this map is as interpreted from the North Eastern Areas (Reorganisation) Act, 1971, but has yet to be verified.
5. The External Boundary and coast-line of India shown on this map agree with the Record/Master copy certified by the Survey of India, Dehradun.
6. The administrative Headquarters of Chandigarh, Haryana and Punjab are at Chandigarh. (Letter No. TB. 991/62-A-3/213 Dated 5/5/2003)

© Government of India, Copyright 2002

Name .................................... Class ...................... Roll No...................... Teacher Signature ..................................

# ਯੂਨਿਟ-2



ਪਾਠ 7

# ਪ੍ਰਾਚੀਨ ਇਤਿਹਾਸ ਦਾ ਅਧਿਐਨ—ਸ੍ਰੋਤ

ਪਿਛਲੇ ਭਾਗ ਵਿੱਚ ਅਸੀਂ ਪ੍ਰਿਥਵੀ ਅਤੇ ਗ੍ਰਹਿਆਂ ਦੇ ਵਿਭਿੰਨ ਭੂਗੋਲਿਕ ਪੱਖਾਂ ਬਾਰੇ ਪੜ੍ਹਿਆ ਹੈ ਅਤੇ ਇਹ ਜਾਣਿਆ ਹੈ ਕਿ ਉਹਨਾਂ ਬਾਰੇ ਜਾਣਕਾਰੀ ਪ੍ਰਾਪਤ ਕਰਨਾ ਸਾਡੇ ਲਈ ਕਿਉਂ ਜ਼ਰੂਰੀ ਹੈ। ਇਸ ਭਾਗ ਵਿੱਚ ਅਸੀਂ ਪ੍ਰਾਚੀਨ ਕਾਲ ਦੇ ਇਤਿਹਾਸ ਦਾ ਅਧਿਐਨ ਕਰਾਂਗੇ। ਇਤਿਹਾਸ ਅਤੀਤ ਦਾ ਅਧਿਐਨ ਹੈ। ਇਹ ਸਾਨੂੰ ਦੱਸਦਾ ਹੈ ਕਿ ਸ਼ੁਰੂ ਵਿੱਚ ਮਨੁੱਖ ਕਿਵੇਂ ਰਹਿੰਦਾ ਸੀ ਅਤੇ ਕਿਵੇਂ ਸਮੇਂ ਦੇ ਨਾਲ਼-ਨਾਲ਼ ਸਭਿਆਤਾਵਾਂ ਦਾ ਵਿਕਾਸ ਹੋਇਆ। ਪਰ ਸ਼ਾਇਦ ਤੁਸੀਂ ਇਹ ਜਾਣਨਾ ਚਾਹੋਗੇ ਕਿ ਜੋ ਬੀਤ ਚੁੱਕਿਆ ਹੈ ਉਸ ਦਾ ਅਧਿਐਨ ਕਿਉਂ ਕੀਤਾ ਜਾਵੇ ? ਸ਼ਾਇਦ ਤੁਸੀਂ ਇਹ ਵੀ ਸੋਚੋਗੇ ਕਿ ਇਹ ਫਜ਼ੂਲ ਅਤੇ ਨਿਰਾਰਥਕ ਹੈ, ਪ੍ਰੰਤੂ ਅਜਿਹਾ ਨਹੀਂ ਹੈ। ਇਹ ਠੀਕ ਕਿਹਾ ਗਿਆ ਹੈ, 'ਕਿ ਇਤਿਹਾਸ ਚੰਗੇ ਭਵਿੱਖ ਲਈ ਅਤੀਤ ਦਾ ਅਧਿਐਨ ਹੈ'। ਜੇਕਰ ਅਸੀਂ ਭਵਿੱਖ ਵਿੱਚ ਇੱਕ ਮਜ਼ਬੂਤ ਅਤੇ ਆਦਰਸ਼ ਸਮਾਜ ਦੀ ਸਥਾਪਨਾ ਕਰਨਾ ਅਤੇ ਅੱਗੇ ਵੱਧਣਾ ਚਾਹੁੰਦੇ ਹਾਂ ਤਾਂ ਸਾਨੂੰ ਇਹ ਪਤਾ ਲਗਾਉਣਾ ਜ਼ਰੂਰੀ ਹੈ ਕਿ ਅਸੀਂ ਵਰਤਮਾਨ ਸਥਿਤੀ ਤੱਕ ਕਿਵੇਂ ਪੁੱਜੇ ?

*ਇਤਿਹਾਸ ਅਤੀਤ (ਭੂਤਕਾਲ) ਦੀਆਂ ਘਟਨਾਵਾਂ ਦਾ ਲਿਖਤੀ ਵੇਰਵਾ ਹੈ। ਜੋ ਵਿਅਕਤੀ ਇਤਿਹਾਸ ਨੂੰ ਲਿਖਦੇ ਹਨ, ਉਹਨਾਂ ਨੂੰ **'ਇਤਿਹਾਸਕਾਰ'** ਕਿਹਾ ਜਾਂਦਾ ਹੈ। **'ਇਤਿਹਾਸ'** ਸ਼ਬਦ ਯੂਨਾਨੀ ਭਾਸ਼ਾ ਦੇ ਸ਼ਬਦ **ਹਿਸਟੋਰੀਆ** ਤੋਂ ਬਣਿਆ ਹੈ। ਇਸ ਦਾ ਅਰਥ **'ਭੂਤਕਾਲ ਦਾ ਗਿਆਨ'** ਹੈ। ਇਤਿਹਾਸਕਾਰ ਕੇਵਲ ਘਟਨਾਵਾਂ ਦੀ ਹੀ ਵਿਆਖਿਆ ਨਹੀਂ ਕਰਦੇ ਸਗੋਂ ਇਹਨਾਂ ਦੇ ਵਾਪਰਨ ਦਾ ਕਾਰਨ ਵੀ ਦੱਸਦੇ ਹਨ। **'ਹੈਰੋਡੋਟਸ'**, ਜਿਸ ਨੇ ਸਭ ਤੋਂ ਪਹਿਲਾਂ ਇਤਿਹਾਸ ਲਿਖਿਆ, ਉਸ ਨੂੰ **'ਇਤਿਹਾਸ ਦਾ ਪਿਤਾਮਾ'** ਕਿਹਾ ਜਾਂਦਾ ਹੈ।*

## 1. ਪੂਰਵ-ਇਤਿਹਾਸ ਕਾਲ ਅਤੇ ਇਤਿਹਾਸ ਕਾਲ :

ਮਨੁੱਖੀ ਜੀਵਨ ਦੇ ਲੰਬੇ ਕਾਲ ਨੂੰ ਦੋ ਕਾਲਾਂ— ਪੂਰਵ ਇਤਿਹਾਸ ਕਾਲ ਅਤੇ ਇਤਿਹਾਸ ਕਾਲ ਵਿੱਚ ਵੰਡਿਆ ਗਿਆ ਹੈ।

***ਪੂਰਵ ਇਤਿਹਾਸ-ਕਾਲ :*** *ਜਿਸ ਕਾਲ ਦਾ ਸਾਡੇ ਕੋਲ ਲਿਖਤੀ ਵੇਰਵਾ ਨਹੀਂ ਹੈ, ਉਸ ਨੂੰ **'ਪੂਰਵ-ਇਤਿਹਾਸ ਕਾਲ'** ਕਿਹਾ ਜਾਂਦਾ ਹੈ।*

*ਇਤਿਹਾਸ ਕਾਲ : ਜਿਸ ਕਾਲ ਦਾ ਸਾਡੇ ਕੋਲ ਕੋਈ ਲਿਖਤੀ ਵੇਰਵਾ ਹੈ, ਉਸ ਨੂੰ '**ਇਤਿਹਾਸ**' ਕਿਹਾ ਜਾਂਦਾ ਹੈ। ਪ੍ਰਚਲਿਤ ਗ੍ਰੈਗੋਰੀਅਨ ਕੈਲੰਡਰ ਅਨੁਸਾਰ ਇਤਿਹਾਸ ਨੂੰ ਈਸਾ ਪੂਰਵ (Before Christ-B.C.) ਅਤੇ ਈਸਵੀ (Anno Domini-A.D.) ਵਿੱਚ ਵੰਡਿਆ ਜਾਂਦਾ ਹੈ। ਈਸਾ ਮਸੀਹ (Jesus Christ) ਦੇ ਜਨਮ ਤੋਂ ਪਹਿਲਾਂ ਦੇ ਸਮੇਂ ਨੂੰ ਈਸਾ ਪੂਰਵ ਅਤੇ ਜਨਮ ਤੋਂ ਬਾਅਦ ਦੇ ਸਮੇਂ ਨੂੰ ਈਸਵੀ ਨਾਲ ਦਰਸਾਇਆ ਜਾਂਦਾ ਹੈ।*

− ←——————|——————→ +

ਈਸਾ ਪੂਰਵ (B.C.) ਈਸਾ ਦਾ ਜਨਮ ਈਸਵੀ (A.D.)

ਇਤਿਹਾਸ ਦੇ ਲਿਖਤੀ ਵੇਰਵੇ ਤੋਂ ਮਿਤੀਆਂ, ਲੋਕਾਂ ਦੇ ਨਾਂ ਅਤੇ ਸਥਾਨਾਂ ਬਾਰੇ ਜਾਣਕਾਰੀ ਮਿਲਦੀ ਹੈ। ਸਾਨੂੰ ਲਗਭਗ ਪੰਜ ਹਜ਼ਾਰ ਸਾਲਾਂ ਦਾ ਇਤਿਹਾਸ ਮਿਲਦਾ ਹੈ।

ਸ਼ੁਰੂ ਵਿੱਚ ਮਨੁੱਖ ਗੁਫ਼ਾਵਾਂ ਵਿੱਚ ਜਾਨਵਰਾਂ ਦੀ ਤਰ੍ਹਾਂ ਰਹਿੰਦਾ ਸੀ ਅਤੇ ਜੋ ਕੁੱਝ ਵੀ ਕੁਦਰਤੀ ਤੌਰ ਤੇ ਰੁੱਖਾਂ ਤੋਂ ਪੈਦਾ ਹੁੰਦਾ ਸੀ ਜਾਂ ਜਾਨਵਰਾਂ ਨੂੰ ਮਾਰ ਕੇ ਕੱਚਾ ਮਾਸ ਖਾ ਲੈਂਦਾ ਸੀ। ਹੌਲ਼ੀ-ਹੌਲ਼ੀ ਉਸ ਨੇ ਘਰ ਬਣਾਉਣਾ, ਖੇਤੀ ਕਰਕੇ ਅੰਨ ਪੈਦਾ ਕਰਨਾ, ਅੱਗ ਬਾਲਣਾ ਅਤੇ ਭੋਜਨ ਪਕਾਉਣਾ, ਆਵਾਜਾਈ ਲਈ ਵਾਹਨ ਦਾ ਪ੍ਰਯੋਗ ਕਰਨਾ ਅਤੇ ਬਹੁਤ ਸਾਰੀਆਂ ਅਜਿਹੀਆਂ ਚੀਜ਼ਾਂ ਜਿਹੜੀਆਂ ਅਸੀਂ ਆਪਣੇ ਆਸ-ਪਾਸ ਵੇਖਦੇ ਹਾਂ, ਬਾਰੇ ਜਾਣਕਾਰੀ ਪ੍ਰਾਪਤ ਕਰ ਲਈ। ਮਨੁੱਖ ਨੂੰ ਵਰਤਮਾਨ ਅਵਸਥਾ ਤਕ ਪਹੁੰਚਣ ਲਈ ਲੱਖਾਂ ਸਾਲ ਲੱਗੇ। ਮਨੁੱਖ ਦੇ ਵਿਕਾਸ ਦੀ ਕਹਾਣੀ ਰੌਚਕ ਹੀ ਨਹੀਂ ਸਗੋਂ ਗਿਆਨ ਵਿੱਚ ਵਾਧਾ ਕਰਨ ਵਾਲੀ ਵੀ ਹੈ।

*ਪ੍ਰਾਚੀਨ ਕਾਲ ਵਿਚ ਮਨੁੱਖ ਕਿੱਥੇ ਰਹਿੰਦਾ ਸੀ ?*

## 2. ਇਤਿਹਾਸ ਦੇ ਸ੍ਰੋਤ

ਦੂਜਾ ਪ੍ਰਸ਼ਨ ਸ਼ਾਇਦ ਤੁਸੀਂ ਇਹ ਪੁੱਛੋਗੇ ਕਿ ਜਿਹੜੀਆਂ ਘਟਨਾਵਾਂ ਹਜ਼ਾਰਾਂ ਸਾਲ ਪਹਿਲਾਂ ਵਾਪਰੀਆਂ ਉਹਨਾਂ ਬਾਰੇ ਅਸੀਂ ਕਿਵੇਂ ਜਾਣਦੇ ਹਾਂ ? ਜਾਣਬੁੱਝ ਕੇ ਜਾਂ ਅਣਜਾਣੇ ਵਿੱਚ ਮਨੁੱਖ ਕਈ ਅਜਿਹੇ ਤੱਥ ਆਪਣੇ ਪਿੱਛੇ ਛੱਡ ਜਾਂਦਾ ਹੈ ਜਿਨ੍ਹਾਂ ਤੋਂ ਸਾਨੂੰ ਮਨੁੱਖ ਦੀ ਕਹਾਣੀ ਜਾਣਨ ਵਿੱਚ ਸਹਾਇਤਾ ਮਿਲਦੀ ਹੈ। ਇਹਨਾਂ ਨੂੰ '**ਇਤਿਹਾਸ ਦੇ ਸ੍ਰੋਤ**' ਕਿਹਾ ਜਾਂਦਾ ਹੈ। ਉਦਾਹਰਨ ਵਜੋਂ ਸਾਡੇ ਆਲ਼ੇ-ਦੁਆਲ਼ੇ ਦੀਆਂ ਵਸਤਾਂ, ਘਟਨਾਵਾਂ, ਮਹੱਤਵਪੂਰਨ ਲੋਕਾਂ, ਖੋਜਾਂ ਅਤੇ ਵਿਗਿਆਨ ਦੇ ਬਾਰੇ ਅਨੇਕ ਪੁਸਤਕਾਂ ਲਿਖੀਆਂ ਜਾਂਦੀਆਂ ਹਨ। ਇਹਨਾਂ ਤੋਂ ਇਲਾਵਾ ਬਹੁਤ ਸਾਰੀਆਂ ਪ੍ਰਾਚੀਨ ਵਸਤਾਂ (ਚੀਜ਼ਾਂ), ਖੰਡਰ ਆਦਿ ਪ੍ਰਾਚੀਨ ਕਾਲ ਬਾਰੇ ਜਾਣਕਾਰੀ ਪ੍ਰਾਪਤ ਕਰਨ ਵਿੱਚ ਸਾਡੀ ਸਹਾਇਤਾ ਕਰਦੇ ਹਨ।

*ਪੁਸਤਕਾਂ, ਸਾਹਿਤਕ ਸ੍ਰੋਤ, ਪ੍ਰਾਚੀਨ ਖੰਡਰ ਅਤੇ ਵਸਤਾਂ ਆਦਿ '**ਇਤਿਹਾਸ ਦੇ ਸ੍ਰੋਤ**' ਅਖਵਾਉਂਦੀਆਂ ਹਨ।*

## 2.1. ਸਾਹਿਤਕ ਸ੍ਰੋਤ :

ਬਹੁਤ ਸਾਰੀਆਂ ਧਾਰਮਿਕ ਪੁਸਤਕਾਂ ਜਿਵੇਂ ਕਿ **ਵੇਦ, ਬ੍ਰਾਹਮਣ ਗ੍ਰੰਥ, ਆਰਣਯਕ, ਉਪਨਿਸ਼ਦ, ਸੂਤਰ, ਮਹਾਂਕਾਵਿ–(ਰਮਾਇਣ, ਮਹਾਂਭਾਰਤ)**ਅਤੇ **ਪੁਰਾਣ** ਨੂੰ **'ਸਾਹਿਤਕ ਸ੍ਰੋਤ'** ਕਿਹਾ ਜਾਂਦਾ ਹੈ। ਬੋਧੀਆਂ ਅਤੇ ਜੈਨੀਆਂ ਨੇ ਵੀ ਬਹੁਤ ਸਾਰੀਆਂ ਪੁਸਤਕਾਂ ਲਿਖੀਆਂ। ਇਹ ਪੁਸਤਕਾਂ ਧਰਮ ਤੋਂ ਇਲਾਵਾ ਆਪਣੇ ਸਮਕਾਲੀਨ ਘਟਨਾਵਾਂ ਅਤੇ ਸਮਾਜ ਬਾਰੇ ਜਾਣਕਾਰੀ ਦਿੰਦੀਆਂ ਹਨ, ਜਿਸ ਸਮੇਂ ਉਹ ਲਿਖੀਆਂ ਗਈਆਂ ਸਨ। ਪ੍ਰਾਚੀਨ ਕਾਲ ਦੇ ਨਿਯਮਾਂ ਅਤੇ ਕਾਨੂੰਨਾਂ ਬਾਰੇ ਵੀ ਪੁਸਤਕਾਂ ਲਿਖੀਆਂ ਗਈਆਂ ਹਨ, ਜਿਨ੍ਹਾਂ ਨੂੰ **'ਧਰਮ ਸ਼ਾਸਤਰ'** ਕਿਹਾ ਜਾਂਦਾ ਹੈ, ਜਿਵੇਂ ਕਿ **ਮਨੂੰਸਮ੍ਰਿਤੀ**। ਇਸੇ ਤਰ੍ਹਾਂ ਸ਼ਾਸਨ ਪ੍ਰਬੰਧ ਬਾਰੇ ਕੌਟਲਿਆ ਦੁਆਰਾ **ਅਰਥ ਸ਼ਾਸਤਰ** ਨਾਂ ਦੀ ਪੁਸਤਕ ਲਿਖੀ ਗਈ ਹੈ। ਇਸ ਤੋਂ ਇਲਾਵਾ **ਭਾਸ, ਕਾਲੀਦਾਸ** ਅਤੇ ਹੋਰ ਵਿਦਵਾਨਾਂ ਦੁਆਰਾ ਬਹੁਤ ਸਾਰੇ ਨਾਟਕ ਲਿਖੇ ਗਏ ਹਨ। ਕਹਾਣੀ ਲਿਖਣ ਦਾ ਆਰੰਭ ਸਭ ਤੋਂ ਪਹਿਲਾਂ ਭਾਰਤ ਵਿੱਚ ਹੋਇਆ। ਬਹੁਤ ਸਾਰੀਆਂ ਕਹਾਣੀਆਂ ਲਿਖੀਆਂ ਗਈਆਂ। **ਆਰੀਆ ਭੱਟ** ਅਤੇ **ਵਰਾਹਮਿਹਿਰ** ਵਰਗੇ ਵਿਗਿਆਨੀਆਂ ਨੇ ਆਪਣੀਆਂ ਖੋਜਾਂ ਬਾਰੇ ਪੁਸਤਕਾਂ ਲਿਖੀਆਂ। ਉਹਨਾਂ ਦੀਆਂ ਪੁਸਤਕਾਂ ਤੋਂ ਪਤਾ ਲੱਗਦਾ ਹੈ ਕਿ ਵਿਗਿਆਨ ਅਤੇ ਗਣਿਤ ਦੇ ਖੇਤਰ ਵਿੱਚ ਦੂਸਰੇ ਦੇਸਾਂ ਨਾਲੋਂ ਭਾਰਤੀ ਬਹੁਤ ਅੱਗੇ ਸਨ।

*ਮੁੱਢਲੇ ਵੈਦਿਕ ਕਾਲ ਵਿੱਚ ਰਮਾਇਣ ਅਤੇ ਮਹਾਂਭਾਰਤ ਦੋ ਮਹੱਤਵਪੂਰਨ ਮਹਾਂਕਾਵਿ ਲਿਖੇ ਗਏ। ਮੰਨਿਆ ਜਾਂਦਾ ਹੈ ਕਿ ਰਮਾਇਣ ਰਿਸ਼ੀ ਬਾਲਮੀਕ ਦੁਆਰਾ ਲਿਖੀ ਗਈ ਸੀ। ਇਸ ਵਿੱਚ 24000 ਸ਼ਲੋਕ ਹਨ। ਮਹਾਂਭਾਰਤ ਕਈ ਸਦੀਆਂ ਵਿੱਚ ਵੱਖ-ਵੱਖ ਲੇਖਕਾਂ ਦੁਆਰਾ ਵਿਸਤਾਰ ਵਿੱਚ ਲਿਖੀਆਂ ਰਚਨਾਵਾਂ ਦਾ ਸਮੂਹ ਹੈ। ਪਰੰਤੂ ਸਧਾਰਣ ਵਿਚਾਰ ਅਨੁਸਾਰ ਇਸ ਨੂੰ ਬਿਆਸ ਰਿਸ਼ੀ ਨੇ ਲਿਖਿਆ ਸੀ। ਇਹ 18 ਅਧਿਆਇ (ਪਾਠਾਂ) ਵਿੱਚ ਤਰਤੀਬਵਾਰ ਲਿਖਿਆ ਗਿਆ ਹੈ। ਇਸ ਵਿੱਚ ਇੱਕ ਲੱਖ ਤੋਂ ਵੱਧ ਸ਼ਲੋਕ ਹਨ।*

## 2.2 ਪੁਰਾਤੱਤਵ ਸ੍ਰੋਤ :

ਪੁਰਾਤੱਤਵ ਸ੍ਰੋਤਾਂ ਵਿੱਚ ਪੁਰਾਤਨ ਇਮਾਰਤਾਂ, ਬਰਤਨ, ਰੋਜ਼ਾਨਾ ਵਰਤੋਂ ਵਿੱਚ ਆਉਣ ਵਾਲੀਆਂ ਵਸਤਾਂ, ਸਿੱਕੇ ਅਤੇ ਪ੍ਰਾਚੀਨ ਅਭਿਲੇਖ ਸ਼ਾਮਿਲ ਹਨ।

ਪੁਰਾਤੱਤਵ ਵਿਗਿਆਨੀਆਂ ਨੇ ਪ੍ਰਾਚੀਨ ਕਸਬੇ ਅਤੇ ਨਗਰਾਂ ਦੇ ਸਥਾਨਾਂ ਤੇ ਖੁਦਾਈ ਕਰਕੇ ਇਹਨਾਂ ਵਸਤਾਂ ਨੂੰ ਲੱਭਿਆ ਹੈ। ਅਗਲੇ ਅਧਿਆਇ ਵਿੱਚ ਤੁਸੀਂ ਸਿੰਧ ਘਾਟੀ ਸਭਿਅਤਾ ਅਤੇ ਹੋਰ ਸਭਿਆਤਾਵਾਂ ਬਾਰੇ ਪੜ੍ਹੋਗੇ। ਉੱਥੇ ਅਸੀਂ ਤੁਹਾਨੂੰ ਦੱਸਾਂਗੇ ਕਿ ਇਹਨਾਂ ਸ਼ਹਿਰਾਂ ਦੀ ਖੋਜ ਕਿਸ ਤਰ੍ਹਾਂ ਹੋਈ ਅਤੇ ਇਹਨਾਂ ਤੋਂ ਪ੍ਰਾਚੀਨ ਇਤਿਹਾਸ ਬਾਰੇ ਕੀ ਜਾਣਕਾਰੀ ਮਿਲਦੀ ਹੈ? ਵੱਖ-ਵੱਖ ਕਾਲਾਂ ਦੇ ਬਰਤਨ ਇੱਕ ਦੂਜੇ ਤੋਂ ਵੱਖਰੇ ਹਨ। ਇਹਨਾਂ ਤੋਂ ਉਸ ਸਮੇਂ ਦੇ ਲੋਕਾਂ ਦੀ ਜੀਵਨ ਸ਼ੈਲੀ ਬਾਰੇ ਪਤਾ ਲੱਗਦਾ ਹੈ।

*ਪੁਰਾਤੱਤਵ ਵਿਗਿਆਨੀ : ਜੋ ਵਿਅਕਤੀ ਪੁਰਾਤੱਤਵ ਸ੍ਰੋਤਾਂ ਦਾ ਅਧਿਐਨ ਕਰਦਾ ਹੈ, ਉਸ ਨੂੰ **ਪੁਰਾਤੱਤਵ ਵਿਗਿਆਨੀ** ਕਿਹਾ ਜਾਂਦਾ ਹੈ।*

## 2.3 ਪ੍ਰਾਚੀਨ ਸਿੱਕੇ :

ਪ੍ਰਾਚੀਨ ਕਾਲ ਵਿੱਚ ਕਲੀ, ਤਾਂਬੇ, ਕਾਂਸੇ, ਚਾਂਦੀ ਅਤੇ ਸੋਨੇ ਆਦਿ ਦੇ ਸਿੱਕੇ ਬਣਾਏ ਜਾਂਦੇ ਸਨ। ਕਈ ਥਾਵਾਂ ਤੋਂ ਪੁਰਾਣੇ ਸਿੱਕੇ ਵੀ ਲੱਭੇ ਹਨ। ਉਹਨਾਂ ਉੱਤੇ ਰਾਜਿਆਂ ਦੇ ਚਿੱਤਰ ਅਤੇ ਅਨੇਕ

*ਸਿੱਕਿਆਂ ਦੇ ਅਧਿਐਨ ਨੂੰ '**ਮੁਦਰਾ ਸ਼ਾਸਤਰ**' ਕਿਹਾ ਜਾਂਦਾ ਹੈ।*

ਹੋਰ ਚੀਜ਼ਾਂ ਜਿਵੇਂ ਕਿ ਜਾਨਵਰਾਂ ਦੇ ਚਿੱਤਰ, ਧਾਰਮਿਕ ਚਿੰਨ੍ਹ, ਸਿੱਕਾ ਜਾਰੀ ਕਰਨ ਵਾਲੇ ਦਾ ਨਾਂ ਅਤੇ ਕਦੀ-ਕਦੀ ਮਿਤੀਆਂ ਵੀ ਲਿਖੀਆਂ ਹੁੰਦੀਆਂ ਹਨ। ਇਹਨਾਂ ਤੋਂ ਸਾਨੂੰ ਪ੍ਰਾਚੀਨ ਰਾਜਿਆਂ, ਉਹਨਾਂ ਦੇ ਵੰਸ਼, ਪ੍ਰਾਚੀਨ ਕਾਲ ਦੇ ਧਾਰਮਿਕ ਵਿਸ਼ਵਾਸਾਂ ਆਦਿ ਬਾਰੇ ਜਾਣਕਾਰੀ ਪ੍ਰਾਪਤ ਕਰਨ ਵਿੱਚ ਸਹਾਇਤਾ ਮਿਲਦੀ ਹੈ। ਸਿੱਕੇ ਮੁੱਖ ਤੌਰ ਤੇ ਚੀਜ਼ਾਂ ਖਰੀਦਣ-ਵੇਚਣ ਲਈ ਵਰਤੇ ਜਾਂਦੇ ਸਨ। ਇਸ ਲਈ ਇਹ ਸਾਨੂੰ ਆਪਣੇ ਸਮਕਾਲੀਨ ਲੋਕਾਂ ਦੇ ਆਰਥਿਕ ਜੀਵਨ ਬਾਰੇ ਜਾਣਕਾਰੀ ਦਿੰਦੇ ਹਨ।

*ਕਿ ਸਿੱਕੇ ਕਿਹੜੀਆਂ-ਕਿਹੜੀਆਂ ਧਾਂਤਾਂ ਦੇ ਬਣਾਏ ਜਾਂਦੇ ਸਨ?*


## 2.4 ਸਮਾਰਕ :

ਸਮਾਰਕਾਂ ਦਾ ਅਧਿਐਨ ਕਰਨ ਨਾਲ ਮਹੱਤਵਪੂਰਨ ਇਤਿਹਾਸਿਕ ਜਾਣਕਾਰੀ ਮਿਲਦੀ ਹੈ। ਆਪਣੇ ਦੇਸ਼ ਦੇ ਵੱਖ-ਵੱਖ ਭਾਗਾਂ ਵਿੱਚ ਅਸੀਂ ਸਤੰਭ, ਕਿਲ੍ਹੇ ਅਤੇ ਮਹੱਲ ਵੇਖ ਸਕਦੇ ਹਾਂ, ਜੋ ਹਜ਼ਾਰਾਂ ਸਾਲ ਪਹਿਲਾਂ ਬਣੇ ਸਨ, ਜਿੰਨਾਂ ਨੂੰ **ਸਮਾਰਕ** ਕਿਹਾ ਜਾਂਦਾ ਹੈ। ਸਾਂਚੀ ਦਾ ਸਤੂਪ, ਅਸ਼ੋਕ ਦੇ ਸਤੰਭ ਅਤੇ ਨਾਲੰਦਾ ਯੂਨੀਵਰਸਿਟੀ ਦੇ ਖੰਡਰ ਆਦਿ ਪ੍ਰਾਚੀਨ ਭਾਰਤੀ ਸਮਾਰਕਾਂ ਵਿੱਚੋਂ ਕੁਝ ਹਨ।



*ਚਿੱਤਰ : 7.1 ਸਾਂਚੀ ਦਾ ਸਤੂਪ*

**2.5 ਸ਼ਿਲਾਲੇਖ :** ਪੱਥਰ ਦੇ ਸਤੰਭ, ਚਟਾਨਾਂ ਅਤੇ ਤਾਂਬੇ ਦੀਆਂ ਪਲੇਟਾਂ, ਮਿੱਟੀ ਦੀਆਂ ਤਖ਼ਤੀਆਂ ਅਤੇ ਮੰਦਰਾਂ ਦੀਆਂ ਕੰਧਾਂ ਉੱਤੇ ਲਿਖੇ ਸ਼ਿਲਾਲੇਖ ਇਤਿਹਾਸ ਦੇ ਮਹੱਤਵਪੂਰਨ ਸ੍ਰੋਤ ਹਨ। ਸ਼ਿਲਾਲੇਖਾਂ ਦੇ ਅਧਿਐਨ ਨੂੰ "**ਪੁਰਾਲੇਖ ਵਿਦਿਆ**" ਕਿਹਾ ਜਾਂਦਾ ਹੈ। ਇਹਨਾਂ ਵਿੱਚ ਉਸ ਸਮੇਂ ਦੀਆਂ ਮਹੱਤਵਪੂਰਨ ਘਟਨਾਵਾਂ ਦਾ ਵਰਣਨ ਕੀਤਾ ਗਿਆ ਹੈ, ਜਿਸ ਸਮੇਂ ਇਹ ਲਿਖੇ ਗਏ ਸਨ। ਉਦਾਹਰਨ ਵਜੋਂ ਪ੍ਰਸਿੱਧ ਸਮਰਾਟ ਅਸ਼ੋਕ ਨੇ ਮਨੁੱਖਾਂ ਦੀ ਭਲਾਈ ਲਈ ਆਪਣਾ ਸੰਦੇਸ਼ ਚਟਾਨਾਂ ਅਤੇ ਵਿਸ਼ਾਲ ਪੱਥਰ ਦੇ ਸਤੰਭਾਂ 'ਤੇ ਖੁਦਵਾ ਕੇ ਪੂਰੇ ਦੇਸ ਵਿੱਚ ਲਗਵਾ ਦਿੱਤਾ ਤਾਂ ਕਿ ਲੋਕ ਉਸ ਦੇ ਵਿਚਾਰਾਂ ਨੂੰ ਪੜ੍ਹ ਕੇ ਉਹਨਾਂ ਤੇ ਚਲ ਸਕਣ। ਸਮੁੰਦਰ ਗੁਪਤ ਅਤੇ ਸਕੰਦ ਗੁਪਤ ਵਰਗੇ ਅਨੇਕਾਂ ਰਾਜਿਆਂ ਨੇ ਆਪਣੀਆਂ ਪ੍ਰਾਪਤੀਆਂ ਨੂੰ ਪੱਥਰਾਂ ਦੇ ਸਤੰਭਾਂ ਤੇ ਖੁਦਵਾਇਆ। ਪ੍ਰਾਚੀਨ ਕਾਲ ਵਿੱਚ ਤਾਮਰ-ਪੱਤਰਾਂ ਦੀ ਵਰਤੋਂ ਭੂਮੀ ਨੂੰ ਖਰੀਦਣ, ਵੇਚਣ ਅਤੇ ਭੂਮੀ ਦਾਨ ਕਰਨ ਲਈ ਕੀਤੀ ਜਾਂਦੀ ਸੀ। ਇਹ ਸਰਕਾਰੀ ਦਸਤਾਵੇਜ਼ ਸਨ ਜਿਹਨਾਂ ਤੋਂ ਪਤਾ ਲੱਗਦਾ ਹੈ ਕਿ ਉਸ ਸਮੇਂ ਭੂਮੀ ਦੀ ਖਰੀਦ ਅਤੇ ਵੇਚ ਕਿਸ ਤਰ੍ਹਾਂ ਕੀਤੀ ਜਾਂਦੀ ਸੀ। ਇਹਨਾਂ ਤੋਂ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਇਸ ਵਿੱਚ ਸਰਕਾਰ ਦਾ ਕੀ ਯੋਗਦਾਨ ਸੀ। ਇਹਨਾਂ ਸਾਰੇ ਸ੍ਰੋਤਾਂ ਦੀ ਸਹਾਇਤਾ ਨਾਲ ਅਸੀਂ ਪ੍ਰਾਚੀਨ ਕਾਲ ਦਾ ਸਹੀ ਚਿੱਤਰ ਪੇਸ਼ ਕਰ ਸਕਦੇ ਹਾਂ।



ਚਿੱਤਰ : 7.2 ਸਮਰਾਟ ਅਸ਼ੋਕ ਦਾ ਸ਼ਿਲਾਲੇਖ

*ਕੀ ਤੁਸੀਂ ਸਖਤ ਸਤ੍ਹਾ ਉੱਤੇ ਲੇਖ ਉਕਰਨ ਦੇ ਲਾਭ ਦੱਸ ਸਕਦੇ ਹੋ? ਅਜਿਹਾ ਕਰਨ ਵਿਚ ਕਿਹੜੀਆਂ ਮੁਸ਼ਕਲਾਂ ਆਉਂਦੀਆਂ ਸਨ?*

## ਯਾਦ ਰੱਖਣ ਯੋਗ ਨੁਕਤੇ

1. ਇਤਿਹਾਸ ਅਤੀਤ ਦਾ ਅਧਿਐਨ ਹੈ।
2. ਇਤਿਹਾਸ ਸਾਨੂੰ ਦੱਸਦਾ ਹੈ ਕਿ ਸ਼ੁਰੂ ਵਿਚ ਮਨੁੱਖ ਕਿਵੇਂ ਰਹਿੰਦਾ ਸੀ ਅਤੇ ਸਮੇਂ ਦੇ ਨਾਲ-ਨਾਲ ਸਭਿਅਤਾ ਦਾ ਵਿਕਾਸ ਕਿਵੇਂ ਹੋਇਆ?
3. ਜਿਸ ਕਾਲ ਦਾ ਸਾਡੇ ਕੋਲ ਲਿਖਤੀ ਵੇਰਵਾ ਨਹੀ ਹੈ, ਉਸ ਨੂੰ "**ਪੂਰਵ-ਇਤਿਹਾਸ ਕਾਲ**" ਕਿਹਾ ਜਾਂਦਾ ਹੈ। ਜਿਸ ਕਾਲ ਦਾ ਸਾਡੇ ਕੋਲ ਲਿਖਤੀ ਵੇਰਵਾ ਹੈ, ਉਸ ਨੂੰ "**ਇਤਿਹਾਸ ਕਾਲ**" ਕਿਹਾ ਜਾਂਦਾ ਹੈ।
4. ਇਤਿਹਾਸ ਚੰਗੇ ਭਵਿੱਖ ਲਈ ਅਤੀਤ ਦਾ ਅਧਿਐਨ ਹੈ।
5. ਜਿਹੜੇ ਵਿਅਕਤੀ ਇਤਿਹਾਸ ਨੂੰ ਲਿਖਦੇ ਹਨ, ਉਨ੍ਹਾਂ ਨੂੰ "**ਇਤਿਹਾਸਕਾਰ**" ਕਿਹਾ ਜਾਂਦਾ ਹੈ।
6. ਅਸੀ ਇਤਿਹਾਸ ਬਾਰੇ ਜਾਣਕਾਰੀ ਸਾਹਿਤਕ ਅਤੇ ਪੁਰਾਤੱਤਵ ਸ੍ਰੋਤਾਂ, ਪ੍ਰਾਚੀਨ ਸਿੱਕੇ, ਸਮਾਰਕ, ਸ਼ਿਲਾਲੇਖ ਆਦਿ ਤੋਂ ਪ੍ਰਾਪਤ ਕਰਦੇ ਹਾਂ।

## ਅਭਿਆਸ

### I. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(1) ਪੂਰਵ-ਇਤਿਹਾਸ ਕਾਲ ਅਤੇ ਇਤਿਹਾਸ ਕਾਲ ਤੋਂ ਕੀ ਭਾਵ ਹੈ ?

(2) ਵੈਦਿਕ ਸਾਹਿਤ ਦੇ ਕਿਹੜੇ-ਕਿਹੜੇ ਗ੍ਰੰਥ ਮਿਲਦੇ ਹਨ ?

(3) ਸ਼ਿਲਾਲੇਖ ਇਤਿਹਾਸ ਜਾਣਨ ਵਿੱਚ ਸਾਡੀ ਕਿਸ ਤਰ੍ਹਾਂ ਸਹਾਇਤਾ ਕਰਦੇ ਹਨ ?

(4) ਇਤਿਹਾਸ ਦੇ ਪੁਰਾਤੱਤਵ ਸ੍ਰੋਤਾਂ ਤੋਂ ਕੀ ਭਾਵ ਹੈ ?

(5) ਇਤਿਹਾਸ ਦੇ ਸਾਹਿਤਕ ਸ੍ਰੋਤਾਂ ਉੱਤੇ ਸੰਖੇਪ ਨੋਟ ਲਿਖੋ ।

(6) ਸਮਾਰਕਾਂ ਦੇ ਅਧਿਐਨ ਤੋਂ ਕੀ ਜਾਣਕਾਰੀ ਮਿਲਦੀ ਹੈ ?

### II. ਹੇਠ ਲਿਖੇ ਵਾਕਾਂ ਵਿੱਚ ਖਾਲੀ ਥਾਵਾਂ ਭਰੋ :

(1) ਇਤਿਹਾਸ .............................. ਦਾ ਅਧਿਐਨ ਹੈ।

(2) ਇਤਿਹਾਸ .............................. ਲਈ ਅਤੀਤ ਦਾ ਅਧਿਐਨ ਹੈ।

(3) ਕੌਟਲਿਆ ਦੁਆਰਾ .............................. ਨਾਂ ਦੀ ਪੁਸਤਕ ਲਿਖੀ ਗਈ।

(4) ਪੁਸਤਕਾਂ, ਸਾਹਿਤਕ ਸ੍ਰੋਤ, ਪ੍ਰਾਚੀਨ ਖੇਤਰ ਅਤੇ ਵਸਤਾਂ .............................. ਸ੍ਰੋਤ ਅਖਵਾਉਂਦੀਆਂ ਹਨ।

## III. ਹੇਠ ਲਿਖੇ ਸ਼ਬਦਾ ਦਾ ਸਹੀ ਮਿਲਾਨ ਕਰੋ :

| | |
|---|---|
| (1) ਆਰੀਆ ਭੱਟ | (ੳ) ਮਹਾਂਕਾਵਿ |
| (2) ਰਮਾਇਣ | (ਅ) ਵੇਦ |
| (3) ਸਾਮਵੇਦ | (ੲ) ਕੌਟਲਿਆ |
| (4) ਅਰਥ ਸ਼ਾਸਤਰ | (ਸ) ਵਿਗਿਆਨੀ |

## IV. ਹੇਠ ਲਿਖੇ ਵਾਕਾਂ ਸਾਹਮਣੇ ਸਹੀ (✓) ਜਾਂ ਗਲਤ (×) ਦਾ ਨਿਸ਼ਾਨ ਲਗਾਓ :

(1) ਮਨੂੰਸਮ੍ਰਿਤੀ ਧਰਮ ਸ਼ਾਸਤਰ ਗ੍ਰੰਥ ਹੈ। ☐

(2) ਆਰਣਯਕ ਵੈਦਿਕ ਸਾਹਿਤ ਦਾ ਹਿੱਸਾ ਨਹੀਂ ਹੈ। ☐

(3) ਸਿੱਕੇ ਇਤਿਹਾਸ ਦਾ ਸ੍ਰੋਤ ਨਹੀਂ ਹਨ। ☐

(4) ਸਮਰਾਟ ਅਸ਼ੋਕ ਨੇ ਆਪਣਾ ਸੰਦੇਸ਼ ਪੱਥਰ ਦੇ ਸਤੰਭਾਂ ਤੇ ਖੁਦਵਾਇਆ। ☐

## ਗਤੀਵਿਧੀ

ਇੱਕ ਅਜਾਇਬ ਘਰ ਦਾ ਨਿਰੀਖਣ ਕਰੋ ਅਤੇ ਉਨ੍ਹਾਂ ਚੀਜ਼ਾਂ ਦੀ ਸੂਚੀ ਤਿਆਰ ਕਰੋ ਜੋ ਤੁਹਾਡੇ ਵਿਚਾਰ ਅਨੁਸਾਰ ਪ੍ਰਾਚੀਨ ਇਤਿਹਾਸ ਦੇ ਵਿਸ਼ਵਾਸਯੋਗ ਸ੍ਰੋਤ ਹੋ ਸਕਦੀਆਂ ਹਨ।

ਪਾਠ 8

# ਆਦਿ-ਮਨੁੱਖ : ਪੱਥਰ ਯੁੱਗ

ਬੀਤੇ ਸਮੇਂ ਦੇ ਜਿਸ ਕਾਲ ਦਾ ਸਾਡੇ ਕੋਲ ਕੋਈ ਲਿਖਤੀ ਵੇਰਵਾ ਨਹੀਂ ਹੈ, ਉਸ ਸਮੇਂ ਨੂੰ ਪੂਰਵ-ਇਤਿਹਾਸ ਕਾਲ ਕਿਹਾ ਜਾਂਦਾ ਹੈ। ਪੂਰਵ ਇਤਿਹਾਸ ਬਹੁਤ ਲੰਬਾ ਸਮਾਂ ਹੈ ਜਿਸਨੂੰ ਤਿੰਨ ਹਿੱਸਿਆਂ ਵਿੱਚ ਵੰਡਿਆ ਗਿਆ ਹੈ :

(1) ਪੁਰਾਤਨ ਪੱਥਰ ਯੁੱਗ

(2) ਮੱਧ ਪੱਥਰ ਯੁੱਗ

(3) ਨਵੀਨ ਪੱਥਰ ਯੁੱਗ

## 1. ਪੁਰਾਤਨ ਪੱਥਰ ਯੁਗ (ਅੰਦਾਜ਼ਨ 3,50,000 ਸਾਲ ਤੋਂ 11,000 ਸਾਲ ਪਹਿਲਾਂ ਤੱਕ ਦਾ ਸਮਾਂ) :




ਚਿੱਤਰ 8.1 ਆਦਿ ਮਨੁੱਖ

ਧਰਤੀ ਤੇ ਜੀਵਨ ਦੇ ਪਹਿਲੇ ਲੱਛਣ ਸ਼ਾਇਦ ਸੂਖਮ ਜੀਵ ਸਨ, ਜਿਨ੍ਹਾਂ ਨੇ ਹੌਲ਼ੀ-ਹੌਲ਼ੀ ਵਿਕਾਸ ਦੁਆਰਾ ਵੱਡੇ ਸਰੀਰ ਵਾਲੇ ਜਾਨਵਰਾਂ ਦਾ ਰੂਪ ਧਾਰਨ ਕੀਤਾ, ਜਿਵੇਂ ਕਿ ਡਾਇਨਾਸੋਰ। ਧਰਤੀ ਤੇ ਮਨੁੱਖ ਦੀ ਹੋਂਦ ਲਗਪਗ 40 ਲੱਖ ਸਾਲ ਪਹਿਲਾਂ ਹੋਈ। ਉਸ ਸਮੇਂ ਦੇ ਮਨੁੱਖ ਦਾ ਰਹਿਣ-ਸਹਿਣ ਜਾਨਵਰਾਂ ਵਰਗਾ ਸੀ। ਉਸ ਨੂੰ ਜੀਵਨ ਦੀਆਂ ਮੁੱਖ ਜ਼ਰੂਰਤਾਂ ਨੂੰ ਸਮਝਣ ਵਿੱਚ ਵੀ ਹਜ਼ਾਰਾਂ ਸਾਲ ਲੱਗ ਗਏ। ਆਦਿ ਮਾਨਵ ਦਾ ਜੀਵਨ ਜਾਨਵਰਾਂ ਵਰਗਾ ਸੀ। ਉਹ ਭੋਜਨ ਦੀ ਤਲਾਸ਼ ਵਿਚ ਇੱਧਰ-ਉਧਰ ਘੁੰਮਦਾ-ਫਿਰਦਾ ਰਹਿੰਦਾ ਸੀ। ਆਦਿ ਮਨੁੱਖ ਦਾ ਜੀਵਨ ਕੁਦਰਤੀ ਵਸਤਾਂ ਤੇ ਨਿਰਭਰ ਸੀ। ਉਹ ਜੰਗਲੀ ਕੰਦ-ਮੂਲ ਖਾਂਦਾ, ਮੱਛੀਆਂ ਫੜਦਾ ਅਤੇ ਸ਼ਿਕਾਰ ਕਰਦਾ ਸੀ। ਉਹ ਕੱਚਾ ਮਾਸ ਖਾਂਦਾ ਸੀ ਕਿਉਂਕਿ ਉਸ ਨੂੰ ਅੱਗ ਬਾਰੇ ਜਾਣਕਾਰੀ ਨਹੀਂ ਸੀ। ਉਹ ਆਪਣੇ ਆਪ ਨੂੰ ਜੰਗਲੀ ਜਾਨਵਰਾਂ ਤੋਂ ਸੁਰੱਖਿਅਤ ਰੱਖਣ ਲਈ ਝੁੰਡ ਬਣਾ ਕੇ ਘੁੰਮਦਾ-ਫਿਰਦਾ ਸੀ। ਉਹ ਰਾਤ ਨੂੰ ਦਰਖ਼ਤਾਂ ਜਾਂ ਗੁਫਾਵਾਂ ਅਤੇ ਪੱਥਰਾਂ ਦੇ ਵਿਸ਼ਰਾਮ ਘਰਾਂ ਵਿੱਚ ਰਹਿੰਦਾ ਸੀ। ਉਹ ਆਪਣੇ ਸਰੀਰ ਨੂੰ ਜਾਨਵਰਾਂ ਦੀਆਂ ਖੱਲਾਂ, ਦਰੱਖਤਾਂ ਦੇ ਪੱਤੇ ਅਤੇ ਛਿਲਕਿਆਂ ਨਾਲ਼ ਢੱਕਦਾ, ਜੋ ਉਸ ਨੂੰ ਬਹੁਤ ਜ਼ਿਆਦਾ ਗਰਮੀ-ਸਰਦੀ ਤੋਂ ਬਚਾਉਂਦੇ ਸਨ। ਨਹੀਂ ਤਾਂ ਉਹ ਨੰਗਾ ਘੁੰਮਦਾ ਸੀ। ਜਾਨਵਰਾਂ ਦਾ ਸ਼ਿਕਾਰ ਕਰਨ ਲਈ

ਉਹ ਪੱਥਰਾਂ ਅਤੇ ਦਰਖ਼ਤਾਂ ਦੀਆਂ ਟਾਹਣੀਆਂ ਦੀ ਵਰਤੋਂ ਕਰਦਾ ਸੀ। ਇਸ ਯੁਗ ਦਾ ਮਨੁੱਖ **ਸ਼ਿਕਾਰੀ** ਅਤੇ **ਖਾਧ ਸੰਗ੍ਰਿਹਕ** ਦੇ ਨਾਮ ਨਾਲ਼ ਜਾਣਿਆ ਜਾਂਦਾ ਸੀ। ਉਹ ਆਪਣੀ ਵਰਤੋਂ ਲਈ ਪੱਥਰਾਂ ਦੇ ਔਜ਼ਾਰ ਅਤੇ ਹਥਿਆਰ ਬਣਾਉਂਦਾ ਸੀ। ਇਹਨਾਂ ਵਿੱਚ ਕੁਹਾੜੀਆਂ, ਬਰਛੇ, ਭਾਲੇ, ਗੰਡਾਸੇ ਆਦਿ ਸ਼ਾਮਿਲ ਸਨ, ਜਿਨ੍ਹਾਂ ਨੂੰ ਉਸ ਦੁਆਰਾ ਸ਼ਿਕਾਰ ਕਰਨ ਲਈ ਵਰਤਿਆ ਜਾਂਦਾ ਸੀ। ਕਦੀ-ਕਦੀ ਇਹ ਸੰਦ ਹੱਡੀਆਂ ਜਾਂ ਲੱਕੜੀ ਦੇ ਵੀ ਬਣਾਏ ਜਾਂਦੇ ਸਨ। ਮਨੁੱਖ ਦੀ ਕਹਾਣੀ ਦੇ ਇਸ ਯੁਗ ਨੂੰ '**ਪੁਰਾਤਨ ਪੱਥਰ ਯੁਗ**' ਕਿਹਾ ਗਿਆ ਹੈ। ਇਸ ਨੂੰ ਅੰਗਰੇਜ਼ੀ ਵਿੱਚ '**ਪੈਲੀਓਲਿਥਿਕ ਪੀਰੀਅਡ**' (Paleolithic Period) ਕਹਿੰਦੇ ਹਨ। ਯੂਨਾਨੀ ਭਾਸ਼ਾ ਵਿੱਚ ਪੈਲੀਓ ਤੋਂ ਭਾਵ ਪੁਰਾਣਾ ਤੇ ਲਿਥਿਕ ਤੋਂ ਭਾਵ ਪੱਥਰ ਇਸ ਤਰ੍ਹਾਂ ਇਸ ਦਾ ਅਰਥ '**ਪੁਰਾਣਾ ਪੱਥਰ**' ਹੈ।

*ਆਦਿ ਮਾਨਵ ਆਪਣੇ ਸਰੀਰ ਨੂੰ ਢੱਕਣ ਲਈ ਕਿਸ-ਕਿਸ ਚੀਜ਼ ਦੀ ਵਰਤੋਂ ਕਰਦੇ ਸਨ ?*




*ਚਿੱਤਰ 8.2 ਪੁਰਾਤਨ ਪੱਥਰ-ਯੁਗ ਦੇ ਔਜ਼ਾਰ*

## 2. ਮੱਧ ਪੱਥਰ ਯੁੱਗ (ਅੰਦਾਜ਼ਨ 10,000 ਸਾਲ ਪਹਿਲਾਂ) :

ਪੁਰਾਤਨ ਪੱਥਰ-ਯੁਗ ਤੋਂ ਬਾਅਦ ਮੱਧ ਪੱਥਰ-ਯੁਗ ਦਾ ਆਰੰਭ ਹੋਇਆ। ਇਸ ਨੂੰ ਅੰਗਰੇਜੀ ਭਾਸ਼ਾ ਵਿੱਚ **ਮੈਸੋਲਿਥਿਕ ਪੀਰੀਅਡ** ਵੀ ਕਿਹਾ ਜਾਂਦਾ ਹੈ। ਇਸ ਯੁਗ ਵਿੱਚ ਮਨੁੱਖ ਦੇ ਜੀਵਨ ਪੱਧਰ ਵਿੱਚ ਕੁੱਝ ਉੱਨਤੀ ਹੋਈ। ਇਸ ਯੁਗ ਵਿੱਚ ਮਨੁੱਖ ਨੇ ਕਈ ਨਵੀਆਂ ਚੀਜ਼ਾਂ ਸਿੱਖੀਆਂ ਅਤੇ ਪੁਰਾਣੀਆਂ ਵਿੱਚ ਸੁਧਾਰ ਕੀਤਾ। ਉਦਾਹਰਨ ਵਜੋਂ ਹੁਣ ਉਸ ਨੇ ਟੁੱਟੇ ਹੋਏ ਪੱਥਰ ਦੇ ਟੁਕੜਿਆਂ ਦੀ ਥਾਂ ਨੁਕੀਲੇ ਅਤੇ ਘੜੇ ਹੋਏ ਪੱਥਰਾਂ ਦੇ ਹਥਿਆਰ, ਕੁਹਾੜੀ, ਭਾਲੇ, ਗੰਡਾਸੇ ਆਦਿ ਬਣਾਉਣੇ ਸਿੱਖ ਲਏ। ਉਸ ਨੇ ਉਹਨਾਂ ਨੂੰ


ਲੱਕੜੀ ਦੀ ਲੰਬੀ ਡੰਡੀ ਨਾਲ ਬੰਨ੍ਹ ਕੇ ਜ਼ਿਆਦਾ ਪ੍ਰਭਾਵਸ਼ਾਲੀ ਬਣਾਉਣਾ ਵੀ ਸਿੱਖ ਲਿਆ। ਉਸ ਨੂੰ ਇਸ ਗੱਲ ਦਾ ਵੀ ਪਤਾ ਲੱਗ ਗਿਆ ਕਿ ਅਨਾਜ ਨੂੰ ਕਾਫ਼ੀ ਲੰਬੇ ਸਮੇਂ ਤੱਕ ਇਕੱਠਾ ਕਰਕੇ



**ਚਿੱਤਰ 8.3** *ਮੱਧ ਪੱਥਰ-ਯੁਗ ਦੇ ਔਜ਼ਾਰ*

ਰੱਖਿਆ ਜਾ ਸਕਦਾ ਹੈ। ਇਸ ਲਈ ਉਸ ਨੇ ਅਨਾਜ ਨੂੰ ਬਾਅਦ ਵਿਚ ਵਰਤਣ ਲਈ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ। ਗੁਫ਼ਾਵਾਂ ਅਤੇ ਪੱਥਰਾਂ ਦੇ ਵਿਸ਼ਰਾਮ ਘਰਾਂ ਤੋਂ ਇਲਾਵਾ ਮਨੁੱਖ ਨੇ ਹੌਲ਼ੀ-ਹੌਲ਼ੀ ਲੱਕੜੀ, ਬਾਂਸ ਅਤੇ ਪੱਤਿਆਂ ਦੀਆਂ ਝੌਂਪੜੀਆਂ ਬਣਾਉਣੀਆਂ ਵੀ ਸਿਖ ਲਈਆਂ। ਸੰਭਵ ਹੈ ਕਿ ਇਸ ਨਾਲ਼ ਹੀ ਮਨੁੱਖ ਦੇ ਸਥਿਰ ਜੀਵਨ ਦਾ ਆਰੰਭ ਹੋਇਆ ਅਤੇ ਪਿੰਡਾਂ ਦੀ ਸਥਾਪਨਾ ਹੋਈ ।

*ਆਦਿ ਮਾਨਵ ਨੇ ਅਨਾਜ ਨੂੰ ਇਕੱਠਾ ਕਰਨਾ ਕਿਉਂ ਸ਼ੁਰੂ ਕੀਤਾ ਸੀ ?*



**ਚਿੱਤਰ 8.4** *ਮੱਧ ਪੱਥਰ-ਯੁਗ ਦੇ ਔਜ਼ਾਰਾਂ ਦੀ ਵਰਤੋਂ ਲੱਕੜੀ ਜਾਂ ਹੱਡੀਆਂ ਦਾ ਦਸਤਾ ਜਾਂ ਮੁੱਠ ਬਣਾ ਕੇ ਕੀਤੀ ਜਾਂਦੀ ਸੀ।*

## 2.1. ਅੱਗ ਦੀ ਖੋਜ :

ਮਨੁੱਖੀ ਸਭਿਅਤਾ ਦੇ ਵਿਕਾਸ ਵਿੱਚ ਅੱਗ ਦੀ ਖੋਜ ਮਨੁੱਖ ਦੀ ਇੱਕ ਮਹਾਨ ਪ੍ਰਾਪਤੀ ਸੀ। ਸੰਭਵ ਹੈ ਕਿ ਦੋ ਪੱਥਰਾਂ ਨੂੰ ਆਪਸ ਵਿੱਚ ਰਗੜਨ ਨਾਲ ਅੱਗ ਪੈਦਾ ਹੋਈ ਹੋਵੇ। ਇਸ ਨਾਲ਼ ਮਨੁੱਖ ਨੇ ਅੱਗ ਬਾਲਣਾ ਅਤੇ ਭੋਜਨ ਪਕਾਉਣਾ ਸਿੱਖਿਆ। ਅੱਗ ਉਸ ਨੂੰ ਸਰਦੀ ਦੇ ਮੌਸਮ ਸਮੇਂ ਗਰਮੀ ਪਹੁੰਚਾਉਂਦੀ ਸੀ ਅਤੇ ਖ਼ਤਰਨਾਕ ਜਾਨਵਰਾਂ ਤੋਂ ਬਚਾਉਂਦੀ ਸੀ।


*ਵਰਤਮਾਨ ਯੁੱਗ ਵਿੱਚ ਅਸੀ ਅੱਗ ਦੀ ਵਰਤੋਂ ਕਿਸ ਲਈ ਕਰਦੇ ਹਾਂ ?*



ਚਿੱਤਰ 8.5 ਅੱਗ ਦੀ ਖੋਜ

## 2.2. ਪਹੀਏ ਦੀ ਖੋਜ :

ਇੱਕ ਚਪਟੀ ਵਸਤੂ ਨੂੰ ਚੁੱਕ ਕੇ ਜਾਂ ਖਿੱਚ ਕੇ ਲੈ ਜਾਣ ਨਾਲੋਂ ਇੱਕ ਗੋਲ ਵਸਤੂ ਨੂੰ ਰੇੜ ਕੇ ਇੱਕ ਥਾਂ ਤੋਂ ਦੂਜੀ ਥਾਂ ਤੇ ਲੈ ਕੇ ਜਾਣਾ ਬਹੁਤ ਸੌਖਾ ਹੈ। ਸੰਭਵ ਹੈ ਕਿ ਮਨੁੱਖ ਨੇ ਲੱਕੜੀ ਦੇ ਗੱਠੇ ਨੂੰ ਰੇੜ ਕੇ ਇਹ ਗੱਲ ਸਿੱਖੀ ਹੋਵੇਗੀ। ਇਸ ਦੀ ਸਹਾਇਤਾ ਨਾਲ਼ ਮਨੁੱਖ ਨੇ ਦੂਸਰੀਆਂ ਵਸਤਾਂ ਨੂੰ



ਚਿੱਤਰ 8.6 ਪਹੀਏ ਦੀ ਖੋਜ

ਵੀ ਖਿੱਚਣਾ ਸਿਖਿਆ ਹੋਵੇਗਾ। ਲੱਕੜੀ ਦੇ ਗੋਲ ਗੱਠਿਆਂ ਦੀ ਪਹੀਏ ਦੇ ਰੂਪ ਵਿੱਚ ਵਰਤੋਂ ਕਰਨਾ ਸੰਭਵ ਹੈ ਕਿ ਮਨੁੱਖ ਦਾ ਮਸ਼ੀਨੀ ਯੁਗ ਦੀ ਦਿਸ਼ਾ ਵਿੱਚ ਪਹਿਲਾ ਕਦਮ ਸੀ। ਇਸ ਨਾਲ ਵਿਕਾਸ ਦੀ ਗਤੀ ਅਸਾਨ ਅਤੇ ਹੋਰ ਤੇਜ਼ ਹੋ ਗਈ।

## 3. ਨਵੀਨ ਪੱਥਰ ਯੁੱਗ ਨਿਊਲਿਥਿਕ ਪੀਰੀਅਡ (ਅੰਦਾਜ਼ਨ 8000 ਸਾਲ ਪਹਿਲਾਂ)

### 3.1. ਮਨੁੱਖ ਉਤਪਾਦਕ ਦੇ ਰੂਪ ਵਿੱਚ

ਮਨੁੱਖ ਨੇ ਵੇਖਿਆ ਹੋਵੇਗਾ ਕਿ ਅਨਾਜ ਦੇ ਇਹ ਦਾਣੇ ਜੋ ਭੂਮੀ 'ਤੇ ਸੁੱਟੇ ਜਾਂਦੇ ਸਨ। ਉਹਨਾਂ ਤੋਂ ਨਵੇਂ ਪੌਦੇ ਉੱਗ ਆਉਂਦੇ ਸਨ ਅਤੇ ਬਹੁਤ ਅਨਾਜ਼ ਪ੍ਰਾਪਤ ਹੁੰਦਾ ਹੈ। ਉਸ ਨੇ ਹੌਲ਼ੀ-ਹੌਲ਼ੀ ਇਹ ਵੀ ਸਿੱਖਿਆ ਕਿ ਕਦੋਂ ਬੀਜ਼ ਮਿੱਟੀ ਵਿੱਚ ਜਲਦੀ ਅਤੇ ਵਧੀਆ ਪੈਦਾਵਾਰ ਲਈ ਬੀਜਣੇ ਚਾਹੀਦੇ ਹਨ। ਭੂਮੀ ਅਤੇ ਅਜਿਹੀਆਂ ਹੋਰ ਚੀਜ਼ਾਂ ਨੂੰ ਖੇਤੀ ਲਈ ਕਿਵੇਂ ਤਿਆਰ ਕੀਤਾ ਜਾਂਦਾ ਹੈ। ਇਹ ਖੇਤੀ ਬਾੜੀ ਅਤੇ ਮਨੁੱਖੀ ਜੀਵਨ ਵਿੱਚ ਸਭਿਅਤਾ ਦਾ ਆਰੰਭ ਸੀ। ਇਸ ਸਮੇਂ ਤੱਕ ਪੱਥਰ ਯੁਗ ਦਾ ਤੀਸਰਾ ਅਤੇ ਅੰਤਿਮ ਯੁਗ ਆਰੰਭ ਹੋ ਚੁੱਕਿਆ ਸੀ। ਇਸ ਨੂੰ **ਨਵੀਨ ਪੱਥਰ-ਯੁਗ** ਕਿਹਾ ਜਾਂਦਾ ਸੀ। ਹੁਣ ਤੱਕ ਮਨੁੱਖ ਝੌਂਪੜੀਆਂ ਵਿੱਚ ਰਹਿੰਦਾ ਸੀ। ਉਸ ਨੇ ਅਨਾਜ ਉਗਾਉਣਾ ਅਤੇ ਭੋਜਨ ਪਕਾਉਣਾ ਸਿਖ ਲਿਆ ਸੀ। ਉਸ ਦੇ ਔਜ਼ਾਰ ਪਹਿਲਾਂ ਨਾਲੋਂ ਜ਼ਿਆਦਾ ਵਧੀਆ ਬਣ ਗਏ ਸਨ। ਜੋ ਹੁਣ ਪਹਿਲਾਂ ਨਾਲੋਂ ਤੇਜ਼ ਅਤੇ ਹਲਕੇ ਸਨ ਜਿਨ੍ਹਾਂ ਨਾਲ਼ ਮਨੁੱਖ ਦੀ ਕੰਮ ਕਰਨ ਦੀ ਸਮਰੱਥਾ ਪਹਿਲਾਂ ਨਾਲ਼ੋਂ ਵੱਧ ਗਈ ਸੀ। ਨਵੀਨ ਪੱਥਰ ਯੁਗ ਵਿੱਚ ਮਨੁੱਖ ਨੇ ਭੋਜਨ ਪਕਾਉਣ ਅਤੇ ਰੱਖਣ ਲਈ ਮਿੱਟੀ ਦੇ ਬਰਤਨ ਬਣਾਉਣੇ ਵੀ ਸਿੱਖ ਲਏ ਸਨ। ਸ਼ੁਰੂ ਵਿੱਚ ਇਹ ਬਰਤਨ ਹੱਥ ਨਾਲ ਬਣਾ ਕੇ ਧੁੱਪ ਵਿੱਚ ਸੁਕਾਏ ਜਾਂਦੇ ਸਨ। ਬਾਅਦ ਵਿੱਚ ਮਨੁੱਖ ਨੇ **ਚੱਕ** 'ਤੇ ਬਰਤਨ ਬਣਾ ਕੇ ਉਹਨਾਂ ਨੂੰ ਭੱਠੀ ਵਿੱਚ ਪਕਾਉਣਾ ਸਿੱਖ ਲਿਆ।


*ਮੰਨਿਆ ਜਾਂਦਾ ਹੈ ਕਿ ਸਭ ਤੋਂ ਪਹਿਲਾਂ ਇੱਕ ਇਲਾਕੇ ਵਿੱਚ ਜੋ ਪੌਦੇ ਆਪਣੇ ਆਪ ਉਗੇ ਸਨ, ਉਨ੍ਹਾਂ ਨੂੰ ਹੀ ਉਗਾਇਆ ਗਿਆ। ਏਸ਼ੀਆ ਦੇ ਨੇੜੇ ਕਣਕ ਅਤੇ ਹੋਰ ਅਨਾਜ ਆਪਣੇ ਆਪ ਉਗੇ ਸਨ। ਭਾਰਤ, ਚੀਨ ਅਤੇ ਦੱਖਣੀ ਏਸ਼ੀਆ ਵਿੱਚ ਚਾਵਲ ਦੀ ਪੈਦਾਵਾਰ ਲਗਭਗ 8000 ਈ. ਪੂ. ਪਹਿਲਾਂ ਤੋਂ 10,000 ਈ. ਪੂ. ਪਹਿਲਾਂ ਤੋਂ ਸ਼ੁਰੂ ਹੋਈ ਅਤੇ ਇਹ ਛੇਤੀ ਹੀ ਇੱਕ ਮੁੱਖ ਫਸਲ ਬਣ ਗਈ।*



*ਚਿੱਤਰ* **8.7** *ਬਰਤਨ ਬਣਾਉਣੇ*

## 3.2. ਮਨੁੱਖ ਕਲਾਕਾਰ ਦੇ ਰੂਪ ਵਿੱਚ :

ਭੋਜਨ ਉਗਾਉਣਾ ਅਤੇ ਪਕਾਉਣਾ ਜਾਂ ਬਰਤਨ ਬਣਾਉਣਾ ਸਿੱਖਣ ਤੋਂ ਬਹੁਤ ਚਿਰ ਪਹਿਲਾਂ ਮਨੁੱਖ ਨੇ ਗੁਫਾਵਾਂ ਅਤੇ ਪੱਥਰ ਦੇ ਵਿਸ਼ਰਾਮ-ਘਰਾਂ ਦੀਆਂ ਕੰਧਾਂ ਉੱਤੇ ਚਿੱਤਰ ਬਣਾ ਕੇ ਆਪਣੀ



ਚਿੱਤਰ 8.8 ਮੱਧ ਪੱਥਰ ਕਾਲ ਵਿੱਚ ਭੀਮ ਬੈਠਕਾ ਨਾਮੀ ਸਥਾਨ ਤੇ ਬਣੀ ਸ਼ੈਲ ਚਿੱਤਰਕਾਰੀ

ਕਲਾ ਦਾ ਪ੍ਰਦਰਸ਼ਨ ਕਰਨਾ ਸ਼ੁਰੂ ਕਰ ਦਿੱਤਾ, ਜਿੱਥੇ ਉਹ ਰਹਿੰਦਾ ਸੀ। ਇਸ ਲਈ ਇਸ ਨੂੰ ਸੰਸਾਰ ਦੀ ਪਹਿਲੀ '**ਘਰ ਸਜਾਵਟ**' ਕਿਹਾ ਜਾ ਸਕਦਾ ਹੈ। ਉਸ ਨੇ ਨੁਕੀਲੇ ਪੱਥਰਾਂ ਅਤੇ ਰੰਗਾਂ ਦੀ ਸਹਾਇਤਾ ਨਾਲ ਮਨੁੱਖਾਂ, ਜਾਨਵਰਾਂ ਅਤੇ ਸ਼ਿਕਾਰ ਦੇ ਦ੍ਰਿਸ਼ਾਂ ਦੇ ਚਿੱਤਰ ਬਣਾਏ। ਜ਼ਿਆਦਾਤਰ ਇਹ ਸਿਰਫ਼ ਰੇਖਾ-ਚਿੱਤਰ ਹਨ ਪਰੰਤੂ ਕਦੇ-ਕਦੇ ਇਹਨਾਂ ਵਿੱਚ ਰੰਗ ਵੀ ਭਰੇ ਹੋਏ ਮਿਲਦੇ ਹਨ। ਇਹ **ਪੱਥਰ-ਚਿੱਤਰ** ਭਾਰਤ ਦੇ ਅਨੇਕਾਂ ਭਾਗਾਂ ਅਤੇ ਸੰਸਾਰ ਵਿੱਚ ਕਈ ਹੋਰ ਸਥਾਨਾਂ ਤੋਂ ਪ੍ਰਾਪਤ ਹੋਏ ਹਨ। ਇਸ ਤਰ੍ਹਾਂ ਦਾ ਹੀ ਇੱਕ ਸਥਾਨ ਮੱਧ ਪ੍ਰਦੇਸ਼ ਵਿੱਚ ਭੁਪਾਲ ਦੇ ਨੇੜੇ **ਭੀਮ ਬੈਠਕਾ** ਹੈ।

ਇਹਨਾਂ ਚਿੱਤਰਾਂ ਦੇ ਇਲਾਵਾ ਮਨੁੱਖ ਨੇ ਬਹੁਤ ਤਰ੍ਹਾਂ ਦੇ ਕੀਮਤੀ ਪੱਥਰਾਂ, ਪੱਕੀ ਮਿੱਟੀ, ਹਾਥੀ ਦੰਦ ਆਦਿ ਦੇ ਮਣਕੇ ਬਣਾਉਣੇ ਵੀ ਸਿੱਖੇ, ਜਿਨ੍ਹਾਂ ਦੀ ਉਹ ਗਹਿਣਿਆਂ ਦੇ ਰੂਪ ਵਿੱਚ ਵਰਤੋਂ ਕਰਦਾ ਸੀ। ਤੁਸੀਂ ਇਸ ਨੂੰ ਫੈਸ਼ਨ ਜਾਂ ਸ਼ਿੰਗਾਰ ਦੀ ਸ਼ੁਰੂਆਤ ਕਹਿ ਸਕਦੇ ਹੋ। ਜਿਹੜਾ ਮਨੁੱਖ ਦੀ ਕਲਾਤਮਿਕ ਭਾਵਨਾ ਦਾ ਸਬੂਤ ਸੀ। ਇਸ ਸਮੇਂ ਤੱਕ ਸੱਭਿਆ ਜੀਵਨ ਹੋਂਦ ਵਿੱਚ ਆ ਗਿਆ ਸੀ।

## ਯਾਦ ਰੱਖਣ ਯੋਗ ਨੁਕਤੇ

1. ਆਦਿ ਮਾਨਵ ਦਾ ਰਹਿਣ-ਸਹਿਣ ਜਾਨਵਰਾਂ ਵਰਗਾ ਸੀ। ਉਹ ਭੋਜਨ ਦੀ ਤਲਾਸ਼ ਵਿਚ ਇੱਧਰ-ਉਧਰ ਘੁੰਮਦਾ ਰਹਿੰਦਾ ਸੀ। ਉਹ ਪੱਥਰ ਦੇ ਔਜ਼ਾਰਾਂ ਦੀ ਵਰਤੋਂ ਕਰਦਾ ਸੀ ਅਤੇ ਮਨੁੱਖ ਦੀ ਕਹਾਣੀ ਦੇ ਇਸ ਯੁਗ ਨੂੰ "ਪੁਰਾਤਨ ਪੱਥਰ-ਯੁਗ" ਕਿਹਾ ਜਾਂਦਾ ਹੈ।
2. ਮੱਧ-ਪੱਥਰ ਯੁਗ ਵਿਚ ਉਸ ਨੇ ਟੁੱਟੇ ਹੋਏ ਪੱਥਰਾਂ ਦੇ ਟੁਕੜਿਆਂ ਦੀ ਥਾਂ ਨੁਕੀਲੇ ਅਤੇ ਘੜੇ ਹੋਏ ਪੱਥਰਾਂ ਦੇ ਹੱਥਿਆਰ ਬਣਾਉਣੇ ਸਿੱਖ ਲਏ ਸਨ।
3. ਅੱਗ ਦੀ ਖੋਜ ਨਾਲ ਮਨੁੱਖ ਨੇ ਅੱਗ ਬਾਲਣਾ ਅਤੇ ਭੋਜਨ ਪਕਾਉਣਾ ਸਿੱਖਿਆ।
4. ਆਦਿ ਮਾਨਵ ਨੇ ਗੁਫਾਵਾਂ ਵਿੱਚ ਚਿੱਤਰ ਬਣਾਉਣੇ ਸ਼ੁਰੂ ਕੀਤੇ।
5. ਪਹੀਏ ਅਤੇ ਖੇਤੀਬਾੜੀ ਦੀ ਖੋਜ ਨਾਲ ਮਾਨਵ ਦਾ ਜੀਵਨ ਬਦਲ ਗਿਆ।

## ਅਭਿਆਸ

### I. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(1) 'ਪੁਰਾਤਨ ਪੱਥਰ ਯੁਗ' ਬਾਰੇ ਤੁਸੀਂ ਕੀ ਜਾਣਦੇ ਹੋ ?

(2) ਨਵੀਨ ਪੱਥਰ ਯੁਗ ਦੇ ਪੰਜ ਮਹੱਤਵਪੂਰਨ ਲੱਛਣ ਦੱਸੋ ।

(3) ਮੱਧ-ਪੱਥਰ ਯੁਗ ਬਾਰੇ ਤੁਸੀਂ ਕੀ ਜਾਣਦੇ ਹੋ ?

(4) ਪਹੀਏ ਦੀ ਖੋਜ ਨੇ ਮਨੁੱਖ ਦੀ ਕਿਸ ਤਰ੍ਹਾਂ ਸਹਾਇਤਾ ਕੀਤੀ ?

(5) ਗੁਫ਼ਾ-ਚਿੱਤਰਕਾਰੀ ਬਾਰੇ ਇੱਕ ਨੋਟ ਲਿਖੋ ।

### II. ਹੇਠ ਲਿਖੇ ਸ਼ਬਦਾ ਦਾ ਸਹੀ ਮਿਲਾਨ ਕਰੋ :

| | |
|---|---|
| (1) ਪੂਰਵ-ਪੱਥਰ ਯੁਗ | (ੳ) ਗੁਫਾ ਮਾਨਵ |
| (2) ਮੇਸੋਲਿਥਿਕ ਪੀਰੀਅਡ | (ਅ) ਗੁਫਾ ਚਿੱਤਰਕਾਰੀ |
| (3) ਭੀਮ ਬੈਠਕਾ | (ੲ) ਪ੍ਰਾਚੀਨ-ਪੱਥਰ ਯੁਗ |
| (4) ਸ਼ਿਕਾਰੀ- ਖਾਧ ਸੰਗ੍ਰਿਹਕ | (ਸ) ਮੱਧ-ਪੱਥਰ ਯੁਗ |

### III. ਹੇਠ ਲਿਖੇ ਵਾਕਾਂ ਸਾਹਮਣੇ ਸਹੀ (✓) ਜਾਂ ਗਲਤ (×) ਦਾ ਨਿਸ਼ਾਨ ਲਗਾਓ :

(1) ਪੂਰਵ-ਪੱਥਰ ਯੁਗ ਵਿੱਚ ਮਨੁੱਖ ਖੇਤੀ ਦੇ ਲਈ ਹਲ ਚਲਾਉਂਦਾ ਸੀ । ☐

(2) ਪੱਥਰ ਯੁਗ ਦੀ ਗੁਫਾ-ਚਿੱਤਰਕਾਰੀ ਬਹੁਤ ਸਾਰੇ ਸਥਾਨਾਂ ਤੋਂ ਮਿਲੀ ਹੈ । ☐

(3) ਨਵ ਪੱਥਰ-ਯੁਗ ਦਾ ਅਰਥ ਆਧੁਨਿਕ ਸਮਾਂ ਹੈ । ☐

## ਗਤੀਵਿਧੀ

1. ਇੱਕ ਅਜਾਇਬ ਘਰ ਦਾ ਨਿਰੀਖਣ ਕਰੋ ਅਤੇ ਆਦਿ-ਮਨੁੱਖ ਦੁਆਰਾ ਉਪਯੋਗ ਵਿੱਚ ਲਿਆਂਦੇ ਗਏ ਸੰਦਾਂ ਨੂੰ ਵੇਖੋ।
2. ਇਤਿਹਾਸ ਦੀ ਪੁਰਾਣੀ ਪੁਸਤਕ ਵਿਚੋਂ ਆਦਿ-ਮਨੁੱਖ ਦੇ ਸੰਦਾਂ ਦੇ ਰੇਖਾ-ਚਿੱਤਰ ਕੱਟ ਕੇ ਉਨ੍ਹਾਂ ਨੂੰ ਆਪਣੀ ਅਭਿਆਸ ਪੁਸਤਕ ਵਿੱਚ ਚਿਪਕਾਓ।

ਪਾਠ 9

# ਹੜੱਪਾ ਸਭਿਅਤਾ

## (3000 ਈਸਾ ਪੂਰਵ ਤੋਂ 1900 ਈਸਾ ਪੂਰਵ)

ਲਗਪਗ ਸੱਤ ਹਜ਼ਾਰ ਸਾਲ ਪਹਿਲਾਂ ਭਾਰਤੀ ਉਪ-ਮਹਾਂਦੀਪ ਦੇ ਉੱਤਰੀ-ਪੱਛਮੀ ਭਾਗ ਵਿੱਚ ਇੱਕ ਮਹਾਨ ਸ਼ਹਿਰੀ ਨਾਗਰਿਕ ਸਭਿਅਤਾ ਦਾ ਜਨਮ ਹੋਇਆ। ਇਸ ਵਿੱਚ ਲਗਪਗ ਸਿੰਧ ਨਦੀ ਤੋਂ ਲੈ ਕੇ ਪ੍ਰਾਚੀਨ ਸਰਸਵਤੀ (ਆਧੁਨਿਕ ਘੱਗਰ ਨਦੀ) ਨਦੀ ਤੱਕ ਵਰਤਮਾਨ ਪਾਕਿਸਤਾਨ, ਪੰਜਾਬ, ਹਰਿਆਣਾ, ਰਾਜਸਥਾਨ, ਗੁਜਰਾਤ, ਪੱਛਮੀ-ਉੱਤਰੀ ਪ੍ਰਦੇਸ਼ ਦੇ ਕੁੱਝ ਹਿੱਸੇ ਅਤੇ ਦੱਖਣੀ ਅਫ਼ਗਾਨਿਸਤਾਨ ਸ਼ਾਮਿਲ ਸਨ। ਖੇਤਰਫਲ ਪੱਖੋਂ ਇਹ ਸਭਿਅਤਾ ਸਾਰੀਆਂ ਪ੍ਰਾਚੀਨ ਸਭਿਆਤਾਵਾਂ ਨਾਲੋਂ ਵਿਸ਼ਾਲ ਸੀ। ਇਹ ਮਿਸਰ ਦੀ ਸਭਿਅਤਾ ਨਾਲ਼ੋਂ ਲਗਪਗ ਵੀਹ ਗੁਣਾਂ ਵੱਡੀ ਸੀ।

*ਸੰਸਾਰ ਦੀਆਂ ਮੁੱਢਲੀਆਂ ਸਭਿਅਤਾਵਾਂ ਨਦੀਆਂ ਦੇ ਕੰਢਿਆਂ ਤੇ ਪ੍ਰਫੁਲਤ ਹੋਈਆਂ। ਅਜਿਹਾ ਇਸ ਕਰਕੇ ਹੋਇਆ ਕਿਉਂਕਿ ਇਹ ਨਦੀ ਘਾਟੀਆਂ ਬਹੁਤ ਉਪਜਾਊ ਸਨ। ਇਥੇ ਦੇ ਵਸਨੀਕ ਨਿਸ਼ਚਿਤ ਤੌਰ ਤੇ ਪਾਣੀ ਪ੍ਰਾਪਤ ਕਰ ਸਕਦੇ ਸਨ। ਨਦੀਆਂ ਦੀ ਵਰਤੋਂ ਆਵਾਜਾਈ ਦੇ ਸਾਧਨਾਂ ਵਜੋਂ ਵੀ ਕੀਤੀ ਜਾਂਦੀ ਸੀ। ਮਨੁੱਖ ਆਜ਼ਾਦੀ ਨਾਲ ਘੁੰਮ-ਫਿਰ ਸਕਦੇ ਸਨ ਅਤੇ ਆਪਣੀਆਂ ਵਸਤਾਂ ਵੀ ਇੱਕ ਸਥਾਨ ਤੋਂ ਦੂਜੇ ਸਥਾਨ ਤੇ ਲਿਜਾ ਸਕਦੇ ਸਨ। ਮੁੱਢਲੀਆਂ ਸਭਿਅਤਾਵਾਂ ਦੇ ਮੁੱਖ ਚਾਰ ਕੇਂਦਰ ਸਨ—*

1. *ਨੀਲ ਨਦੀ ਦੀ ਘਾਟੀ (ਮਿਸਰ)*
2. *ਦਜਲਾ ਅਤੇ ਫ਼ਰਾਤ ਨਦੀਆਂ ਦੀ ਘਾਟੀ (ਮੈਸੋਪੋਟਾਮੀਆ)*
3. *ਸਿੰਧ ਨਦੀ ਦੀ ਘਾਟੀ (ਸਿੰਧ ਘਾਟੀ)*
4. *ਹਵਾਂਗ-ਹੋ ਅਤੇ ਯੰਗਸੀ-ਕਿਆਂਗ ਨਦੀਆਂ ਦੀ ਘਾਟੀ (ਚੀਨ)*

ਇਹ ਸਭਿਅਤਾ ਕਈ ਨਾਵਾਂ ਨਾਲ ਜਿਵੇਂ ਕਿ ਸਿੰਧ ਘਾਟੀ ਸਭਿਅਤਾ, ਸਿੰਧ-ਸਰਸਵਤੀ ਸਭਿਅਤਾ ਅਤੇ ਹੜੱਪਾ ਸਭਿਅਤਾ ਨਾਲ਼ ਜਾਣੀ ਜਾਂਦੀ ਹੈ। ਲਗਪਗ ਤਿੰਨ ਹਜ਼ਾਰ ਈ. ਪੂ. ਵਿੱਚ ਇਹ ਸਭਿਅਤਾ ਉੱਨਤੀ ਦੇ ਸਿਖਰ 'ਤੇ ਸੀ। ਲਗਪਗ ਇੱਕ ਹਜ਼ਾਰ ਸਾਲ ਤੱਕ ਇਸ ਸਭਿਅਤਾ ਦਾ ਵਿਕਾਸ ਹੁੰਦਾ ਰਿਹਾ। 1900 ਈ. ਪੂ. ਦੇ ਲਗਪਗ ਸਰਸਵਤੀ ਨਦੀ ਦੇ ਸੁੱਕ ਜਾਣ ਅਤੇ ਕਈ ਹੋਰ ਕਾਰਨਾਂ ਕਰਕੇ ਇਸ ਦਾ ਪਤਨ ਸ਼ੁਰੂ ਹੋ ਗਿਆ। ਉੱਥੋਂ ਦੇ ਲੋਕ ਉੱਤਰੀ ਭਾਰਤ ਵਿੱਚ ਗੰਗਾ ਨਦੀ ਦੇ ਮੈਦਾਨਾਂ ਵਿੱਚ ਜਾਕੇ ਰਹਿਣ ਲੱਗ ਗਏ।

1921-22 ਈ. ਵਿੱਚ ਪਾਕਿਸਤਾਨ ਵਿੱਚ ਪੰਜਾਬ ਦੇ ਮਿੰਟਗੁਮਰੀ ਜ਼ਿਲ੍ਹੇ ਦੇ ਹੜੱਪਾ ਨਾਂ ਦੇ ਸਥਾਨ 'ਤੇ ਅਤੇ ਸਿੰਧ ਵਿੱਚ ਲੜਕਾਣਾ ਜ਼ਿਲ੍ਹੇ ਦੇ ਮੋਹਿੰਜੋਦੜੋ ਨਾਂ ਦੇ ਸਥਾਨ 'ਤੇ ਖੋਜ ਕਰਨ ਨਾਲ ਇਸ ਸਭਿਅਤਾ ਦੀ ਜਾਣਕਾਰੀ ਮਿਲੀ। ਬਾਅਦ ਵਿੱਚ ਬਹੁਤ ਸਾਰੇ ਸਥਾਨਾਂ ਤੋਂ ਜਿਵੇਂ ਕਿ ਸਿੰਧ ਵਿੱਚ ਚੰਨਹੂਦੜੋ, ਰਾਜਸਥਾਨ ਵਿੱਚ ਕਾਲੀਬੰਗਾ, ਹਰਿਆਣੇ ਵਿੱਚ ਮਿਤਾਥਲ, ਬਨਾਵਲੀ, ਕੁਨਾਲ ਅਤੇ ਰਾਖੀਗੜ੍ਹੀ, ਗੁਜਰਾਤ ਵਿੱਚ ਲੋਥਲ, ਰੰਗਪੁਰ ਅਤੇ ਢੋਲਾਵੀਰਾ ਵਿੱਚ ਇਸ ਸਭਿਅਤਾ ਦੇ ਅਵਸ਼ੇਸ਼ ਮਿਲੇ ਹਨ। ਪੰਜਾਬ ਵਿੱਚ ਰੋਪੜ (ਰੂਪ ਨਗਰ) ਦੇ ਨੇੜੇ ਕੋਟਲਾ ਨਿਹੰਗ ਖਾਂ, ਸੰਘੋਲ, ਬਾੜਾ, ਅਤੇ ਰੋਹੀੜਾ ਵਿੱਚੋਂ ਇਸ ਸਭਿਅਤਾ ਦੇ ਅਵਸ਼ੇਸ਼ ਮਿਲੇ ਹਨ।

### 1. ਪੰਜਾਬ ਵਿੱਚ ਹੜੱਪਾ ਸਭਿਅਤਾ :

ਪੁਰਾਤੱਤਵ ਮਾਹਿਰਾਂ ਨੇ ਪੰਜਾਬ ਵਿੱਚ ਖੁਦਾਈਆਂ ਕਰਕੇ ਕਈ ਅਜਿਹੇ ਸਥਾਨ ਖੋਜੇ ਹਨ, ਜਿਨ੍ਹਾਂ ਦਾ ਸੰਬੰਧ ਹੜੱਪਾ ਸਭਿਅਤਾ ਨਾਲ ਹੈ। ਉਨ੍ਹਾਂ ਸਥਾਨਾਂ ਦੀ ਸੰਖੇਪ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ :

1. **ਸੰਘੋਲ** : ਇਹ ਲੁਧਿਆਣਾ ਜ਼ਿਲ੍ਹੇ ਵਿੱਚ ਸਥਿਤ ਹੈ। ਇਸ ਕਸਬੇ ਦੀ ਖੁਦਾਈ 1968 ਈ. ਵਿੱਚ ਐਮ.ਐਸ. ਤਲਵਾੜ ਅਤੇ ਆਰ. ਐਸ. ਬਿਸਤ ਦੁਆਰਾ ਕਰਵਾਈ ਗਈ ਸੀ। ਅਸੀਂ ਇੱਥੋਂ ਹੜੱਪਾ ਸਭਿਅਤਾ ਦੇ ਬਹੁਤ ਸਾਰੇ ਬਰਤਨ ਅਤੇ ਮੂਰਤੀਆਂ ਪ੍ਰਾਪਤ ਕੀਤੀਆਂ। ਇਸ ਸ਼ਹਿਰ ਵਿੱਚ ਇੱਕ ਵੱਡੀ ਖਾਈ ਹੁੰਦੀ ਸੀ, ਜੋ ਹਮੇਸ਼ਾ ਪਾਣੀ ਨਾਲ ਭਰੀ ਰਹਿੰਦੀ ਸੀ। ਇਹ ਖਾਈ ਸ਼ਹਿਰ ਨੂੰ ਦੁਸ਼ਮਣਾਂ ਤੋਂ ਬਚਾਉਣ ਲਈ ਬਣਾਈ ਗਈ ਸੀ।

2. **ਰੋਹੀੜਾ** : ਰੋਹੀੜਾ ਸੰਗਰੂਰ ਜ਼ਿਲ੍ਹੇ ਵਿੱਚ ਸਥਿਤ ਹੈ। ਇਸ ਦੀ ਖੁਦਾਈ 1976-77 ਈ. ਵਿੱਚ ਕੀਤੀ ਗਈ ਸੀ। ਇੱਥੋਂ ਬਰਤਨ, ਇੱਟਾਂ ਅਤੇ ਮਿੱਟੀ ਦੇ ਖਿਡੌਣੇ ਪ੍ਰਾਪਤ ਕੀਤੇ ਗਏ ਸਨ।

3. **ਸੁਨੇਤ** : ਸੁਨੇਤ ਲੁਧਿਆਣਾ ਜ਼ਿਲ੍ਹੇ ਵਿੱਚ ਸਥਿਤ ਹੈ। ਇੱਥੇ 1983-84 ਈ. ਵਿੱਚ ਖੁਦਾਈ ਕੀਤੀ ਗਈ। ਇੱਥੋਂ ਪ੍ਰਾਪਤ ਹੋਏ ਚੀਜ਼ਾਂ ਦੇ ਅਵਸ਼ੇਸ਼ਾਂ ਤੋਂ ਹੜੱਪਾ ਸਭਿਅਤਾ ਦੇ ਆਖਰੀ ਕਾਲ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ।

4. **ਕੋਟਲਾ ਨਿਹੰਗ ਖਾਂ** : ਇਹ ਰੋਪੜ ਜ਼ਿਲ੍ਹੇ ਵਿੱਚ ਸਥਿਤ ਹੈ। ਇਸ ਦੀ ਖੁਦਾਈ 1953 ਈ. ਵਿੱਚ ਵਾਈ. ਡੀ. ਸ਼ਰਮਾ ਦੁਆਰਾ ਕਰਵਾਈ ਗਈ। ਇੱਥੋਂ ਪ੍ਰਾਪਤ ਹੋਏ ਬਰਤਨ, ਔਜ਼ਾਰ ਮੋਹਰਾਂ ਅਤੇ ਗਹਿਣੇ ਹੜੱਪਾ ਸਭਿਆਚਾਰ ਨਾਲ ਮਿਲਦੇ ਹਨ।

5. **ਬਨਾਵਲੀ** : ਇਹ ਹਰਿਆਣਾ ਪ੍ਰਾਂਤ ਦੇ ਹਿਸਾਰ ਜ਼ਿਲ੍ਹੇ ਵਿੱਚ ਸਥਿਤ ਹੈ। ਇਸ ਦੀ ਖੁਦਾਈ 1973 ਈ. ਵਿੱਚ ਆਰ. ਐਸ. ਬਿਸਤ ਦੁਆਰਾ ਕਰਵਾਈ ਗਈ ਸੀ। ਇੱਥੋਂ ਮਿਲੇ ਔਜ਼ਾਰ, ਮੋਹਰਾਂ, ਗਹਿਣੇ ਅਤੇ ਮੂਰਤੀਆਂ ਹੜੱਪਾ ਸਭਿਅਤਾ ਨਾਲ ਮਿਲਦੀਆਂ-ਜੁਲਦੀਆਂ ਹਨ।

ਹਰਿਆਣਾ ਪ੍ਰਾਂਤ ਦੇ ਰਾਖੀਗੜ੍ਹੀ, ਮਿਤਾਥਲ ਅਤੇ ਕੁਨਾਲ ਆਦਿ ਵਿਖੇ ਖੁਦਾਈਆਂ ਤੋਂ ਪ੍ਰਾਪਤ ਹੋਈਆਂ ਵਸਤਾਂ ਅਤੇ ਬਰਤਨਾਂ ਆਦਿ ਤੋਂ ਇਹਨਾਂ ਸਥਾਨਾਂ ਦੀ ਮਹੱਤਤਾ ਬਾਰੇ ਜਾਣਕਾਰੀ ਮਿਲਦੀ ਹੈ।

### 2. ਨਗਰ ਯੋਜਨਾ :


ਆਧੁਨਿਕ ਮਹਾਂਨਗਰਾਂ ਦੀ ਤਰ੍ਹਾਂ ਯੋਜਨਾਬੱਧ ਨਗਰ ਇਸ ਸਭਿਅਤਾ ਦੀ ਵਿਸ਼ੇਸ਼ਤਾ ਹਨ। ਆਮ ਤੌਰ ਤੇ ਨਗਰ ਦੋ ਭਾਗਾਂ ਵਿੱਚ ਵੰਡੇ ਹੁੰਦੇ ਸਨ। ਕਿਲ੍ਹੇਬੰਦੀ ਵਾਲੇ ਉੱਪਰਲੇ ਭਾਗ ਵਿੱਚ ਸਰਵਜਨਕ ਭਵਨ ਅਤੇ ਸ਼ਾਸਕਾਂ ਦੇ ਘਰ ਹੁੰਦੇ ਸਨ। ਹੇਠਲੇ ਭਾਗ ਵਿੱਚ ਆਮ ਲੋਕ ਰਹਿੰਦੇ ਸਨ। ਸ਼ਹਿਰਾਂ ਵਿੱਚ ਸੜਕਾਂ ਚੌੜੀਆਂ ਅਤੇ ਸਿੱਧੀਆਂ ਹੁੰਦੀਆਂ ਸਨ, ਜੋ ਇੱਕ ਦੂਜੀ ਨੂੰ ਸਮਕੋਣ ਤੇ ਕੱਟਦੀਆਂ ਸਨ। ਮੁੱਖ ਰਸਤਿਆਂ 'ਤੇ ਘਰਾਂ ਦੇ ਦਰਵਾਜ਼ੇ ਨਹੀਂ ਖੁੱਲ੍ਹਦੇ ਸਨ। ਇਸ ਸਭਿਅਤਾ ਵਿੱਚ ਨਾਲੀਆਂ ਦਾ ਪ੍ਰਬੰਧ ਵੀ ਬਹੁਤ ਚੰਗਾ ਸੀ। ਗਲੀਆਂ ਦੇ ਦੋਵੇਂ ਪਾਸੇ ਧਰਤੀ ਦੇ ਹੇਠਾਂ ਢਕੀਆਂ ਹੋਈਆਂ ਨਾਲੀਆਂ ਹੁੰਦੀਆਂ ਸਨ, ਜਿਹੜੀਆਂ ਕਿ ਧਰਤੀ ਦੇ ਅੰਦਰ ਇੱਕ ਮੁੱਖ ਨਾਲੇ ਵਿੱਚ ਡਿੱਗਦੀਆਂ ਸਨ। ਇਹ ਨਾਲਾ ਗੰਦਾ ਪਾਣੀ ਸ਼ਹਿਰ ਤੋਂ ਬਾਹਰ ਲੈ ਜਾਂਦਾ ਸੀ।

ਮਕਾਨ ਪੱਕੀਆਂ ਇੱਟਾਂ ਅਤੇ ਲੱਕੜੀ ਦੇ ਬਣੇ ਹੋਏ ਸਨ। ਮਕਾਨ ਬਣਾਉਣ ਲਈ ਪੱਥਰਾਂ ਦੀ ਵਰਤੋਂ ਬਹੁਤ ਘੱਟ ਕੀਤੀ ਜਾਂਦੀ ਸੀ। ਵੱਡੇ ਮਕਾਨਾਂ ਵਿੱਚ ਬਹੁਤ ਸਾਰੇ ਕਮਰੇ ਹੁੰਦੇ ਸਨ ਜਦ ਕਿ ਇੱਕ ਜਾਂ ਦੋ ਕਮਰਿਆਂ ਵਾਲੇ ਛੋਟੇ ਮਕਾਨ ਵੀ ਮਿਲੇ ਹਨ। ਹਰੇਕ ਮਕਾਨ ਵਿੱਚ ਇੱਕ ਰਸੋਈ ਘਰ ਅਤੇ ਇਸ਼ਨਾਨ ਘਰ ਹੁੰਦਾ ਸੀ। ਕਈ ਵਾਰੀ ਵੱਡੇ ਮਕਾਨ ਦੋ ਮੰਜ਼ਲਾਂ ਵਾਲੇ ਵੀ ਹੁੰਦੇ ਸਨ। ਇਹਨਾਂ ਵਿੱਚ ਇੱਕ ਵੇਹੜਾ ਅਤੇ ਖੂਹ ਹੁੰਦਾ ਸੀ। ਘਰ ਦੀਆਂ ਨਾਲੀਆਂ ਬਾਹਰ ਗਲੀ ਦੀਆਂ ਧਰਤੀ ਹੇਠਲੀਆਂ ਨਾਲੀਆਂ ਨਾਲ ਜੁੜੀਆਂ ਹੁੰਦੀਆਂ ਸਨ।

*ਹੜੱਪਾ ਸੱਭਿਅਤਾ ਦੇ ਘਰਾਂ ਅਤੇ ਪਿਛਲੇ ਅਧਿਆਇ ਪੱਥਰ ਯੁੱਗ ਵਿਚ ਦਰਸਾਏ ਘਰਾਂ ਵਿਚ ਕੀ ਅੰਤਰ ਹੈ? ਕੋਈ ਦੋ ਅੰਤਰ ਦੱਸੋ।*

ਸਿੰਧ ਘਾਟੀ ਸਭਿਅਤਾ ਦੇ ਬਹੁਤ ਸਾਰੇ ਸਥਾਨਾਂ ਤੋਂ ਬਹੁਤ ਵੱਡੇ ਸਰਵਜਨਕ ਭਵਨ ਵੀ ਪ੍ਰਾਪਤ ਹੋਏ ਹਨ। ਇੱਕ ਵੱਡਾ ਖੰਭਿਆਂ ਵਾਲਾ ਭਵਨ ਮੋਹਿੰਜੋਦੜੋ ਵਿੱਚੋਂ ਮਿਲਿਆ ਹੈ। ਸ਼ਾਇਦ ਇਹ ਜਨ ਸਭਾਵਾਂ ਜਾਂ ਧਾਰਮਿਕ ਕੰਮਾਂ ਲਈ ਵਰਤਿਆ ਜਾਂਦਾ ਸੀ। ਹੜੱਪਾ ਵਿੱਚ ਇੱਕ ਵੱਡਾ ਅਨਾਜ ਘਰ (ਗੁਦਾਮ) ਮਿਲਿਆ ਹੈ। ਗੁਜਰਾਤ ਵਿੱਚ ਲੋਥਲ ਇੱਕ ਬੰਦਰਗਾਹ ਸੀ। ਇਸ ਵਿੱਚ ਇੱਕ ਵੱਡਾ ਅਤੇ ਯੋਜਨਾਬੱਧ ਬੰਦਰਗਾਹ 'ਤੇ ਜਹਾਜ਼ ਖੜ੍ਹੇ ਕਰਨ ਦਾ ਵੇਹੜਾ ਸੀ। ਮੋਹਿੰਜੋਦੜੋ ਦਾ ਵੱਡਾ ਇਸ਼ਨਾਨ ਘਰ ਸਭ ਤੋਂ ਮਹੱਤਵਪੂਰਨ ਭਵਨ ਹੈ। ਪੱਕੀਆਂ ਇੱਟਾ ਨਾਲ਼ ਬਣੇ ਹੋਏ ਇਸ ਪੌੜੀਆਂ ਵਾਲੇ ਤਲਾਅ ਦਾ ਅਕਾਰ 39 ਫੁੱਟ ਲੰਬਾ, 23 ਫੁੱਟ ਚੌੜਾ ਅਤੇ 8 ਫੁੱਟ ਡੂੰਘਾ ਹੈ। ਇਸ ਦੀਆਂ ਇੱਟਾਂ ਇਸ ਪ੍ਰਕਾਰ ਲੱਗੀਆਂ ਹਨ ਕਿ ਪਾਣੀ ਦੀਵਾਰਾਂ ਅੰਦਰ ਨਹੀਂ ਜਾ

ਸਕਦਾ। ਇਸ ਵਿੱਚ ਨੇੜੇ ਦੇ ਇੱਕ ਖੂਹ ਵਿੱਚੋਂ ਪਾਣੀ ਭਰਿਆ ਜਾਂਦਾ ਸੀ ਅਤੇ ਗੰਦੇ ਪਾਣੀ ਦੇ ਨਿਕਾਸ ਲਈ ਇੱਕ ਨਾਲ਼ਾ ਬਣਿਆ ਹੋਇਆ ਸੀ। ਇਸ਼ਨਾਨ ਘਰ ਦੇ ਚਾਰੇ ਪਾਸੇ ਕਮਰੇ ਅਤੇ ਵਰਾਂਡੇ ਬਣੇ ਹੋਏ ਸਨ।



*ਚਿੱਤਰ* **9.1** *ਮੋਹਿੰਜੋਦੜੋ ਦਾ ਇਸ਼ਨਾਨ ਘਰ*

### 3. ਸਮਾਜਿਕ ਜੀਵਨ :

ਹੜੱਪਾ ਸਭਿਅਤਾ ਇੱਕ ਸ਼ਹਿਰੀ ਨਾਗਰਿਕ ਸਭਿਅਤਾ ਹੋਣ ਕਰਕੇ ਇਸ ਦਾ ਸਮਾਜ ਬਹੁਤ ਵਿਕਸਿਤ ਸੀ। ਕਣਕ, ਜਵਾਰ, ਚਾਵਲ, ਦਾਲਾਂ, ਫ਼ਲ, ਸਬਜ਼ੀਆਂ ਅਤੇ ਦੁੱਧ ਆਦਿ ਲੋਕਾਂ ਦੇ ਭੋਜਨ ਦੇ ਮੁੱਖ ਪਦਾਰਥ ਸਨ। ਲੋਕਾਂ ਦੁਆਰਾ ਮਾਸਾਹਾਰੀ ਭੋਜਨ ਵੀ ਖਾਧਾ ਜਾਂਦਾ ਸੀ। ਇੱਥੋਂ ਮੱਛੀਆਂ ਫੜ੍ਹਨ ਵਾਲੇ ਕਾਂਟੇ ਵੀ ਮਿਲੇ ਹਨ, ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਮੱਛੀ ਵੀ ਲੋਕਾਂ ਦੇ ਭੋਜਨ ਦਾ ਅੰਗ ਸੀ। ਲੋਕਾਂ ਦੁਆਰਾ ਸੂਤੀ ਅਤੇ ਊਨੀ ਦੋਵੇਂ ਤਰ੍ਹਾਂ ਦੇ ਕੱਪੜੇ ਪਹਿਨੇ ਜਾਂਦੇ ਸਨ। ਇਸਤਰੀਆਂ ਘੱਗਰਾ ਅਤੇ ਚੋਲੀ ਪਹਿਨਦੀਆਂ ਸਨ ਜਦ ਕਿ ਮਰਦ ਧੋਤੀ ਅਤੇ ਉਪੱਰਲੇ ਭਾਗ ਤੇ ਇੱਕ ਸ਼ਾਲ ਲਪੇਟਦੇ ਸਨ ਜੋ ਕਿ ਖੱਬੇ ਮੋਢੇ ਦੇ ਉੱਪਰ ਅਤੇ ਸੱਜੀ ਬਾਂਹ ਦੇ ਹੇਠਾਂ ਲਪੇਟਿਆ ਜਾਂਦਾ ਸੀ। ਮਰਦ ਅਤੇ ਇਸਤਰੀਆਂ ਦੋਵੇਂ ਹੀ ਗਹਿਣਿਆਂ ਅਤੇ ਫੈਸ਼ਨ ਦੇ ਸ਼ੌਕੀਨ ਸਨ। ਅਮੀਰ ਲੋਕ ਸੋਨਾ, ਚਾਂਦੀ ਅਤੇ ਕੀਮਤੀ ਪੱਥਰਾਂ ਦੇ ਗਹਿਣੇ ਪਹਿਨਦੇ ਸਨ। ਜਦ ਕਿ ਗਰੀਬ ਲੋਕ ਹੱਡੀਆਂ, ਪੱਕੀ ਹੋਈ ਮਿੱਟੀ ਅਤੇ ਮਣਕਿਆਂ ਦੇ ਬਣੇ ਹੋਏ ਗਹਿਣੇ ਪਹਿਨਦੇ ਸਨ। ਇਸਤਰੀਆਂ ਚੂੜੀਆਂ, ਹਾਰ, ਬਾਲੀਆਂ ਆਦਿ ਪਹਿਨਦੀਆਂ ਸਨ। ਮਰਦ ਕੜੇ, ਕੈਂਠੇ ਅਤੇ ਬਾਲੀਆਂ ਪਹਿਨਦੇ

ਸਨ। ਇਸਤਰੀਆਂ ਆਪਣੇ ਵਾਲ ਸੁੰਦਰ ਢੰਗ ਨਾਲ ਸੰਵਾਰਦੀਆਂ ਸਨ। ਉਹ ਬੁੱਲ੍ਹਾਂ 'ਤੇ ਲਾਲੀ, ਅੱਖਾਂ ਵਿੱਚ ਸੁਰਮਾ ਅਤੇ ਹੋਰ ਸ਼ਿੰਗਾਰ ਵੀ ਕਰਦੀਆਂ ਸਨ। ਮਰਦ ਦਾੜ੍ਹੀ ਰੱਖਦੇ ਸਨ ਅਤੇ ਬਹੁਤ ਸਾਰੇ ਦਾੜ੍ਹੀ ਦੇ ਬਿਨਾਂ ਵੀ ਹੁੰਦੇ ਸਨ। ਕੁਝ ਮਰਦ ਮੱਥੇ ਤੇ ਇੱਕ ਪੱਟੀ ਬੰਨ੍ਹਦੇ ਸਨ।



ਚਿੱਤਰ 9.2 ਸਿੰਧ ਘਾਟੀ ਸਭਿਅਤਾ ਦੇ ਗਹਿਣੇ

ਲੋਕ ਖੇਡਾਂ ਦੇ ਸ਼ੌਕੀਨ ਸਨ। ਨੱਚਣਾ, ਜੂਆ ਖੇਡਣਾ, ਚੋਪਟ, ਸ਼ਿਕਾਰ, ਦੌੜ ਆਦਿ ਮਨੋਰੰਜਨ ਦੇ ਹਰਮਨ ਪਿਆਰੇ ਸਾਧਨ ਸਨ। ਪੱਕੀ ਮਿੱਟੀ ਦੇ ਤਰ੍ਹਾਂ-ਤਰ੍ਹਾਂ ਦੇ ਖਿਡੌਣੇ ਜਿਵੇਂ ਕਿ ਜਾਨਵਰਾਂ ਦੀਆਂ ਮੂਰਤੀਆਂ, ਬੈਲ ਗੱਡੀਆਂ ਆਦਿ ਬਣਾਏ ਜਾਂਦੇ ਸਨ।

## 4. ਆਰਥਿਕ ਜੀਵਨ :


ਇਸ ਕਾਲ ਵਿੱਚ ਖੇਤੀਬਾੜੀ ਅਤੇ ਪਸ਼ੂ ਪਾਲਣਾ ਲੋਕਾਂ ਦਾ ਮੁੱਖ ਕਿੱਤਾ ਸੀ। ਵੱਖ-ਵੱਖ ਤਰ੍ਹਾਂ ਦੇ ਅਨਾਜ, ਸਬਜ਼ੀਆਂ, ਕਪਾਹ ਉਗਾਏ ਜਾਂਦੇ ਸਨ। ਯੂਨਾਨੀਆਂ ਨੇ ਕਪਾਹ ਦੀ ਜਾਣਕਾਰੀ ਭਾਰਤੀਆਂ ਤੋਂ ਪ੍ਰਾਪਤ ਕੀਤੀ ਸੀ। ਵਾਹੀ ਕੀਤੇ ਹੋਏ ਖੇਤਾਂ ਦੇ ਅਵਸ਼ੇਸ਼ ਕਾਲੀਬੰਗਨ ਤੋਂ ਪ੍ਰਾਪਤ ਹੋਏ ਹਨ। ਇਹਨਾਂ ਤੋਂ ਪਤਾ ਲੱਗਦਾ ਹੈ ਕਿ ਖੇਤੀਬਾੜੀ ਦਾ ਢੰਗ ਅੱਜ-ਕਲ੍ਹ ਵਰਗਾ ਹੀ ਸੀ। ਉਸ ਸਮੇਂ ਭੇਡਾਂ, ਬੱਕਰੀਆਂ, ਬਲਦ, ਮੱਝਾਂ, ਊਠ, ਹਾਥੀ, ਘੋੜੇ ਅਤੇ ਕੁੱਤੇ ਪਾਲੇ ਜਾਂਦੇ ਸਨ।

ਤਾਂਬੇ ਦੀਆਂ ਵਸਤਾਂ ਤੱਕਲੇ, ਸੂਈਆਂ, ਮੱਛੀਆਂ ਫੜ੍ਹਨ ਵਾਲੇ ਕਾਂਟੇ, ਤੋਲਣ ਵਾਲੇ ਵੱਟੇ, ਸੋਨੇ, ਚਾਂਦੀ ਅਤੇ ਪੱਥਰਾਂ ਦੇ ਗਹਿਣੇ, ਪੱਕੀ ਮਿੱਟੀ ਦੀਆਂ ਵਸਤਾਂ, ਹਥਿਆਰ ਜਿਵੇਂ ਕਿ ਕੁਹਾੜੀਆਂ, ਬਰਛੇ, ਭਾਲੇ, ਚਾਕੂ ਅਤੇ ਹੋਰ ਕਈ ਵਸਤਾਂ ਆਦਿ ਬਣਾਈਆਂ ਜਾਂਦੀਆਂ ਸਨ। ਦੇਸ ਵਿੱਚ ਅਤੇ ਵਿਦੇਸ਼ਾਂ ਜਿਵੇਂ ਕਿ ਮੈਸੋਪੋਟਾਮੀਆ ਨਾਲ਼ ਵਪਾਰ ਕੀਤਾ ਜਾਂਦਾ ਸੀ। ਪੱਕੀ ਮਿੱਟੀ ਅਤੇ ਕੂਲੇ ਚਿਕਨੇ ਪੱਥਰਾਂ ਦੀਆਂ ਬਣੀਆਂ ਹੋਈਆਂ ਕੁਝ ਮੁਦਰਾਵਾਂ ਮਿਲੀਆਂ ਹਨ, ਜਿੰਨ੍ਹਾਂ ਤੇ ਕਿਸ਼ਤੀਆਂ ਅਤੇ ਜਹਾਜ਼ਾਂ ਦੇ ਚਿੱਤਰ ਬਣੇ ਹੋਏ ਹਨ।

*ਕੀ ਹੜੱਪਾ ਸਭਿਅਤਾ ਦੇ ਸ਼ਹਿਰਾਂ ਵਿਚ ਲੋਹੇ ਦਾ ਪ੍ਰਯੋਗ ਹੁੰਦਾ ਸੀ ?*

### 5. ਧਰਮ :

ਸਿੰਧ ਘਾਟੀ ਸਭਿਅਤਾ ਦੇ ਵੱਖ-ਵੱਖ ਸਥਾਨਾਂ ਤੋਂ ਪ੍ਰਾਪਤ ਹੋਈਆਂ ਪੱਕੀ ਮਿੱਟੀ ਦੀਆਂ ਮੂਰਤੀਆਂ ਤੋਂ ਪਤਾ ਲੱਗਦਾ ਹੈ ਕਿ ਉੱਥੇ ਦੇ ਲੋਕ **ਮਾਤਾ ਦੇਵੀ** ਦੀ ਪੂਜਾ ਕਰਦੇ ਸਨ। ਕੁਝ ਮੁਦਰਾਵਾਂ ਮਿਲੀਆਂ ਹਨ, ਜਿਨ੍ਹਾਂ ਵਿੱਚੋਂ ਯੋਗੀ ਮੁਦਰਾ ਵਿੱਚ ਇੱਕ ਮਨੁੱਖ ਤਪੱਸਿਆ ਕਰਦਾ ਜਾਨਵਰਾਂ ਨਾਲ਼ ਘਿਰਿਆ ਹੋਇਆ ਦਿਖਾਇਆ ਗਿਆ ਹੈ। ਉਸ ਨੂੰ ਪਸ਼ੂਪਤੀ ਕਿਹਾ ਗਿਆ ਹੈ, ਜੋ ਕਿ ਭਗਵਾਨ ਸ਼ਿਵ ਦਾ ਨਾਂ ਹੈ। ਸ਼ਿਵ ਦੀ ਪੂਜਾ ਸ਼ਿਵਲਿੰਗ ਦੇ ਰੂਪ ਵਿੱਚ ਵੀ ਕੀਤੀ ਜਾਂਦੀ ਸੀ। ਕੁਝ ਮੁਦਰਾਵਾਂ 'ਤੇ ਬਲਦ ਦਾ ਚਿੱਤਰ ਮਿਲਿਆ ਹੈ। ਸ਼ਾਇਦ ਉਸ ਸਮੇਂ ਬਲਦ ਦੀ ਵੀ ਪੂਜਾ ਕੀਤੀ ਜਾਂਦੀ ਸੀ। ਉਸ ਸਮੇਂ ਦਰਖ਼ਤਾਂ ਦੀ ਵੀ ਪੂਜਾ ਕੀਤੀ ਜਾਂਦੀ ਸੀ। ਪਿੱਪਲ ਦੇ ਦਰਖ਼ਤ ਨੂੰ ਪਵਿੱਤਰ ਮੰਨਿਆ ਜਾਂਦਾ ਸੀ।



**ਚਿੱਤਰ 9.3** *ਮੋਹਿੰਜੋਦੜੋ ਵਿਖੇ ਪ੍ਰਾਪਤ ਹੋਈ ਮਾਤਾ ਦੇਵੀ ਦੀ ਮੂਰਤੀ*

### 6. ਕਲਾ ਅਤੇ ਲਿਪੀ :

ਇਸ ਕਾਲ ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਕਲਾਵਾਂ ਬਹੁਤ ਵਿਕਸਿਤ ਸਨ। ਪੱਕੀ ਮਿੱਟੀ ਦੇ ਖਿਡੌਣੇ, ਪੱਥਰ ਅਤੇ ਧਾਂਤ ਦੀਆਂ ਮੂਰਤੀਆਂ ਪ੍ਰਾਪਤ ਹੋਈਆਂ ਹਨ। ਮੋਹਿੰਜੋਦੜੋ ਤੋਂ ਪ੍ਰਾਪਤ ਹੋਈ ਕਾਂਸੇ ਦੀ ਨਿਰਤਕੀ ਦੀ ਮੂਰਤੀ ਬਹੁਤ ਸੁੰਦਰ ਹੈ। ਇੱਕ ਪੁਜਾਰੀ ਜਾਂ ਕਿਸੇ ਰਾਜੇ ਦਾ ਪੱਥਰ ਦਾ ਬਣਿਆ ਹੋਇਆ ਸਿਰ, ਜਿਸ ਵਿੱਚ ਉਸ ਦੀ ਦਾੜ੍ਹੀ ਵੀ ਵਿਖਾਈ ਗਈ ਹੈ ਅਤੇ ਸਿਰ ਉੱਪਰ ਇੱਕ ਪੱਟੀ ਬੰਨ੍ਹੀ ਹੋਈ ਹੈ, ਇੱਕ ਮਰਦ ਦਾ ਧੜ, ਜਿਸ ਵਿੱਚ ਹੱਥ ਪੈਰ ਚੱਲ ਸਕਦੇ ਸਨ, ਕਲਾ

ਦੀਆਂ ਸੁੰਦਰ ਉਦਾਹਰਨਾਂ ਹਨ। ਧਾਗੇ ਨਾਲ ਖਿੱਚੀਆਂ ਜਾਣ ਵਾਲੀਆਂ ਮਿੱਟੀ ਦੀਆਂ ਗੱਡੀਆਂ, ਸੋਟੀ ਉੱਤੇ ਉੱਪਰ-ਹੇਠਾਂ ਜਾਣ ਵਾਲਾ ਬਾਂਦਰ ਅਤੇ ਹੋਰ ਖਿਡੌਣੇ ਬਹੁਤ ਗਿਣਤੀ ਵਿੱਚ ਪ੍ਰਾਪਤ ਹੋਏ ਹਨ।




*ਚਿੱਤਰ 9.4 ਮੋਹਿੰਜੋਦੜੋ ਵਿਖੇ ਪ੍ਰਾਪਤ ਹੋਈ ਕਾਂਸੇ ਦੀ ਬਣੀ ਨਰਤਕੀ ਦੀ ਮੂਰਤੀ*



*ਚਿੱਤਰ 9.5 ਯੋਗੀ ਦੀ ਪੱਥਰ ਦੀ ਬਣੀ ਹੋਈ ਮੂਰਤੀ*

ਇਸ ਸਭਿਅਤਾ ਦੀ ਇੱਕ ਵਿਸ਼ੇਸ਼ਤਾ ਸਿਲਖੜੀ ਦੇ ਨਰਮ ਪੱਥਰ ਤੋਂ ਬਣੀਆਂ ਹੋਈਆਂ ਮੁਦਰਾਵਾਂ ਹਨ। ਇਹਨਾਂ ਉੱਪਰ ਬਹੁਤ ਸਾਰੇ ਜਾਨਵਰਾਂ ਦੇ ਚਿੱਤਰ ਜਿਵੇਂ ਕਿ ਕੁੱਬਾ ਬਲਦ, ਹਾਥੀ, ਇੱਕ ਸਿੰਗ ਵਾਲਾ ਪਸ਼ੂ, ਸਾਂਢ ਆਦਿ ਬਣੇ ਹੋਏ ਹਨ। ਕੁਝ ਮੁਦਰਾਵਾਂ ਉੱਪਰ ਪਸ਼ੂਪਤੀ-ਸ਼ਿਵ ਅਤੇ ਹੋਰਨਾਂ ਉੱਪਰ ਪਿੱਪਲ ਦਾ ਦਰਖ਼ਤ ਵੀ ਦਿਖਾਇਆ ਗਿਆ ਹੈ। ਇਹਨਾਂ ਮੁਦਰਾਵਾਂ ਉੱਪਰ ਚਿੱਤਰ ਲਿਪੀ ਵਿੱਚ ਲੇਖ ਹੈ। ਇਹ ਲਿਪੀ ਹੁਣ ਤੱਕ ਪੜ੍ਹੀ ਨਹੀਂ ਜਾ ਸਕੀ ਹੈ। ਪਰੰਤੂ ਇਸ ਤੋਂ ਪਤਾ ਲੱਗਦਾ ਹੈ ਕਿ ਹੜੱਪਾ ਦੇ ਲੋਕਾਂ ਨੂੰ ਲਿਖਣ ਦੀ ਕਲਾ ਦਾ ਗਿਆਨ ਸੀ।

*ਅਜਕਲ ਵੀ ਮੁਦਰਾਵਾਂ ਦੀ ਵਰਤੋਂ ਕੀਤੀ ਜਾਦੀ ਹੈ। ਜਾਣਕਾਰੀ ਪ੍ਰਾਪਤ ਕਰੋ ਕਿ ਮੁਦਰਾਵਾਂ ਦੀ ਵਰਤੋਂ ਕਿਸ ਲਈ ਕੀਤੀ ਜਾਂਦੀ ਹੈ?*



ਚਿੱਤਰ 9.6 ਮੋਹਿੰਜੋਦੜੋ ਵਿਖੇ ਪ੍ਰਾਪਤ ਹੋਈ ਮੁਦਰਾ ਉੱਪਰ ਪਸ਼ੂਪਤੀ-ਸ਼ਿਵ ਦੀ ਮੂਰਤੀ

## 7. ਸਿੰਧ ਘਾਟੀ ਸਭਿਅਤਾ ਦਾ ਪਤਨ :

ਕਿਸੇ ਸਮੇਂ ਵਿਦਵਾਨਾਂ ਦਾ ਵਿਚਾਰ ਸੀ ਕਿ ਸਿੰਧ ਘਾਟੀ ਸਭਿਅਤਾ ਦਾ ਪਤਨ ਵਿਦੇਸ਼ੀ ਆਰੀਆਂ ਦੇ ਹਮਲਿਆਂ ਦੇ ਕਾਰਨ ਹੋਇਆ। ਪਰੰਤੂ ਇਸ ਵਿਚਾਰ ਬਾਰੇ ਕੋਈ ਸਬੂਤ ਨਹੀਂ ਮਿਲਿਆ ਹੈ। ਇਸ ਲਈ ਇਸ ਵਿਚਾਰ ਨੂੰ ਤਿਆਗ ਦਿੱਤਾ ਗਿਆ ਹੈ। ਇਹ ਵੀ ਸੰਭਵ ਹੈ ਕਿ ਸਿੰਧ ਨਦੀ ਅਤੇ ਇਸ ਦੀਆਂ ਸਹਾਇਕ ਨਦੀਆਂ ਵਿੱਚ ਲਗਾਤਾਰ ਹੜ੍ਹ ਆਉਣ ਦੇ ਕਾਰਨ ਇਸ ਦਾ ਪਤਨ ਹੋ ਗਿਆ ਹੋਵੇਗਾ। ਅਜਿਹਾ ਵੀ ਲੱਗਦਾ ਹੈ ਕਿ 1900 ਈ. ਪੂ. ਦੇ ਲਗਪਗ ਸਰਸਵਤੀ ਨਦੀ ਦੇ ਸੁੱਕ ਜਾਣ ਨਾਲ ਲੋਕਾਂ ਨੂੰ ਪੂਰਬ ਵੱਲ ਗੰਗਾ ਦੇ ਮੈਦਾਨਾਂ ਵਿੱਚ ਜਾਣਾ ਪੈ ਗਿਆ ਹੋਵੇਗਾ। 1500 ਈ. ਪੂ. ਦੇ ਲਗਪਗ ਇਸ ਸਭਿਅਤਾ ਦਾ ਪਤਨ ਹੋ ਗਿਆ।

### ਯਾਦ ਰੱਖਣ ਯੋਗ ਨੁਕਤੇ

1. ਸੰਸਾਰ ਦੀਆਂ ਸਾਰੀਆਂ ਪ੍ਰਾਚੀਨ ਸਭਿਆਤਾਵਾਂ ਨਦੀਆਂ ਦੇ ਕੰਢਿਆਂ ਤੇ ਪ੍ਰਫੁਲਤ ਹੋਈਆਂ।
2. ਭਾਰਤ ਦੀ ਸਭ ਤੋਂ ਪੁਰਾਣੀ ਸਭਿਅਤਾ ਸਿੰਧ ਨਦੀ ਦੇ ਕੰਢੇ ਉੱਤੇ ਵਿਕਸਿਤ ਹੋਈ, ਜਿਸ ਨੂੰ "**ਸਿੰਧ ਘਾਟੀ ਸਭਿਅਤਾ**" ਕਿਹਾ ਜਾਂਦਾ ਹੈ।
3. ਸਿੰਧ ਘਾਟੀ ਸਭਿਅਤਾ ਦੇ ਮਹੱਤਵਪੂਰਣ ਸ਼ਹਿਰ ਮਹਿੰਜੋਦੜੋ, ਹੜੱਪਾ, ਲੋਥਲ, ਕਾਲੀਬੰਗਨ ਆਦਿ ਵਿੱਚ ਖੁਦਾਈ ਕੀਤੀ ਗਈ।
4. ਸਿੰਧ ਘਾਟੀ ਸਭਿਅਤਾ ਦੇ ਨਗਰ ਯੋਜਨਾਬੱਧ, ਵਧੀਆ ਨਿਕਾਸ ਪ੍ਰਬੰਧ ਅਤੇ ਪੱਕੇ ਮਕਾਨ ਸਨ।
5. ਹੜੱਪਾ ਵਿਚ ਇਕ ਗੁਦਾਮ ਅਤੇ ਮੋਹਿੰਜੋਦੜੋ ਦਾ ਇਸ਼ਨਾਨ ਘਰ ਸਭ ਤੋਂ ਪ੍ਰਸਿੱਧ ਇਮਾਰਤਾਂ ਹਨ।
6. ਸਿੰਧ ਘਾਟੀ ਸਭਿਅਤਾ ਦੇ ਮਰਦ ਅਤੇ ਇਸਤਰੀਆਂ ਗਹਿਣਿਆਂ ਅਤੇ ਫੈਸ਼ਨ ਦੇ ਸ਼ੌਕੀਨ ਸਨ।
7. ਸਿੰਧ ਘਾਟੀ ਸਭਿਅਤਾ ਦੇ ਲੋਕਾਂ ਦੇ ਦੇਸ-ਵਿਦੇਸ਼ਾਂ ਨਾਲ ਵਪਾਰਕ ਸਬੰਧ ਸਥਾਪਿਤ ਸਨ ਜਿਵੇਂ ਮੈਸੋਪੋਟਾਮੀਆ ਆਦਿ।
8. ਸਿੰਧ ਘਾਟੀ ਸਭਿਅਤਾ ਦੇ ਲੋਕ ਮਾਤਾ ਦੇਵੀ ਦੀ ਪੂਜਾ ਕਰਦੇ ਸਨ।
9. 1500 ਈ. ਪੂ. ਵਿਚ ਸਿੰਧ ਘਾਟੀ ਸਭਿਅਤਾ ਦਾ ਪਤਨ ਹੋ ਗਿਆ।

# ਅਭਿਆਸ

## I. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(1) ਹੜੱਪਾ ਸਭਿਅਤਾ ਦੇ ਕੁਝ ਮਹੱਤਵਪੂਰਨ ਨਗਰਾਂ ਦੇ ਨਾਮ ਦੱਸੋ।

(2) ਸਿੰਧ ਘਾਟੀ ਸਭਿਅਤਾ ਦੇ ਲੋਕਾਂ ਦੇ ਸਮਾਜਿਕ ਜੀਵਨ ਬਾਰੇ ਤੁਸੀਂ ਕੀ ਜਾਣਦੇ ਹੋ ?

(3) ਸਿੰਧ ਘਾਟੀ ਸਭਿਅਤਾ ਦੀ ਨਗਰ ਯੋਜਨਾ ਬਾਰੇ ਇੱਕ ਨੋਟ ਲਿਖੋ।

(4) ਹੜੱਪਾ ਸਭਿਅਤਾ ਦੇ ਪਤਨ ਦੇ ਕੀ ਕਾਰਨ ਸਨ ?

(5) ਸਿੰਧ ਘਾਟੀ ਸਭਿਅਤਾ ਦੇ ਲੋਕਾਂ ਦਾ ਆਰਥਿਕ ਜੀਵਨ ਕਿਸ ਤਰ੍ਹਾਂ ਦਾ ਸੀ ?

(6) ਪੰਜਾਬ ਵਿੱਚ ਹੜੱਪਾ ਸਭਿਅਤਾ ਦੇ ਕਿਸੇ ਦੋ ਕੇਂਦਰਾਂ ਬਾਰੇ ਲਿਖੋ ।

## II. ਹੇਠ ਲਿਖੇ ਵਾਕਾਂ ਵਿੱਚ ਖਾਲੀ ਥਾਵਾਂ ਭਰੋ :

(1) ਹੜੱਪਾ ਸਭਿਅਤਾ ਮਿਸਰ ਦੀ ਸਭਿਅਤਾ ਨਾਲੋਂ ਲਗਪਗ .................... ਗੁਣਾਂ ਵੱਡੀ ਸੀ।

(2) ਪੰਜਾਬ ਵਿਚ ................, ................, ................ ਅਤੇ ................ ਵਿਚੋਂ ਇਸ ਸਭਿਅਤਾ ਦੇ ਅਵਸ਼ੇਸ਼ ਮਿਲੇ ਹਨ।

(3) ਮਕਾਨ ................ ਅਤੇ ................ ਬਣੇ ਹੋਏ ਸਨ।

(4) ਇਕ ਵੱਡਾ .................... ਭਵਨ ਮੋਹਿੰਜੋਦੜੋ ਵਿਚੋਂ ਮਿਲਿਆ ਹੈ।

(5) ਮਰਦ ਅਤੇ ਇਸਤਰੀਆਂ ਦੋਵੇ .................... ਅਤੇ .................... ਦੇ ਸ਼ੌਕੀਨ ਸਨ।

(6) ਲੋਕ .................... ਦੀ ਪੂਜਾ ਕਰਦੇ ਸਨ।

(7) ਪਿੱਪਲ ਦੇ ਦਰੱਖਤ ਨੂੰ .................... ਮੰਨਿਆ ਜਾਂਦਾ ਸੀ।

## III. ਹੇਠ ਲਿਖੇ ਸ਼ਬਦਾ ਦਾ ਸਹੀ ਮਿਲਾਨ ਕਰੋ :

| | |
|---|---|
| (1) ਪਸ਼ੂਪਤੀ | (ੳ) ਬੰਦਰਗਾਹ |
| (2) ਮੋਹਿੰਜੋਦੜੋ | (ਅ) ਲਿਖਣ ਕਲਾ |
| (3) ਲੋਥਲ | (ੲ) ਦੇਵਤਾ |
| (4) ਚਿੱਤਰ ਲਿਪੀ | (ਸ) ਵਿਸ਼ਾਲ ਇਸ਼ਨਾਨ-ਘਰ |

**IV. ਹੇਠ ਲਿਖੇ ਵਾਕਾਂ ਸਾਹਮਣੇ ਸਹੀ (✓) ਜਾਂ ਗਲਤ (×) ਦਾ ਨਿਸ਼ਾਨ ਲਗਾਓ :**

(1) ਰੋਪੜ ਪਾਕਿਸਤਾਨ ਵਿੱਚ ਸਥਿਤ ਹੈ। ☐

(2) ਹੜੱਪਾ ਦੇ ਲੋਕ ਮਾਤਾ ਦੇਵੀ ਦੀ ਪੂਜਾ ਨਹੀਂ ਕਰਦੇ ਸਨ। ☐

(3) ਪੰਜਾਬ ਵਿੱਚ ਸਿੰਧ ਘਾਟੀ ਸਭਿਅਤਾ ਦੇ ਕੋਈ ਖੰਡਰ ਨਹੀਂ ਮਿਲੇ ਹਨ। ☐


(4) ਸਿੰਧ ਘਾਟੀ ਸਭਿਅਤਾ ਦੇ ਲੋਕਾਂ ਨੂੰ ਲਿਖਣ ਕਲਾ ਨਹੀਂ ਆਉਂਦੀ ਸੀ। ☐

## ਗਤੀਵਿਧੀ

1. ਅਜਾਇਬ ਘਰ ਦਾ ਨਿਰੀਖਣ ਕਰੋ ਅਤੇ ਹੜੱਪਾ ਸਭਿਅਤਾ ਦੀਆਂ ਪੁੱਟ ਕੇ ਕੱਢੀਆਂ ਹੋਈਆਂ ਵਸਤੂਆਂ ਨੂੰ ਵੇਖੋ।
2. ਭਾਰਤ ਦੇ ਨਕਸ਼ੇ 'ਤੇ ਹੜੱਪਾ ਸਭਿਅਤਾ ਦੇ ਨਗਰ ਦਰਸਾਓ।
3. ਹੜੱਪਾ ਸਭਿਅਤਾ ਦੇ ਲੋਕਾਂ ਦੀਆਂ ਮੋਹਰਾਂ ਅਤੇ ਗਹਿਣਿਆਂ ਦੇ ਰੇਖਾ-ਚਿੱਤਰ ਖਿੱਚੋ ਅਤੇ ਆਪਣੀ ਜਮਾਤ ਵਿੱਚ ਵਿਖਾਓ।

**For Practice**

ਸਿੰਧ ਘਾਟੀ ਦੀ ਸਭਿਅਤਾ ਦੇ ਸਥਾਨ



ਪਾਠ 10

# ਵੈਦਿਕ ਕਾਲ

## (ਲਗਭਗ 1500 ਈਸਾ ਪੂਰਵ ਤੋਂ 500 ਈਸਾ ਪੂਰਵ ਤੱਕ)

ਸ਼ਾਇਦ ਤੁਸੀਂ ਸਭ ਤੋਂ ਪੁਰਾਤਨ ਗ੍ਰੰਥ ਚਾਰ ਵੇਦਾਂ ਬਾਰੇ ਸੁਣਿਆ ਹੋਵੇਗਾ। ਇਹ **ਰਿਗਵੇਦ**, **ਸਾਮਵੇਦ**, **ਯਜੁਰਵੇਦ** ਅਤੇ **ਅਥਰਵਵੇਦ** ਹਨ। ਰਿਗਵੇਦ ਸੰਸਾਰ ਦੀ ਸਭ ਤੋਂ ਪੁਰਾਣੀ ਪੁਸਤਕ ਹੈ। ਇਹ ਕੁਦਰਤੀ ਦੇਵਤਿਆਂ ਦੀ ਪ੍ਰਸ਼ੰਸਾ ਵਿੱਚ ਲਿਖੇ ਗਏ ਮੰਤਰਾਂ ਦਾ ਸੰਗ੍ਰਹਿ ਹੈ। ਇਹ ਇੱਕ ਵਿਅਕਤੀ ਦੁਆਰਾ ਨਹੀਂ ਲਿਖਿਆ ਗਿਆ। ਅਨੇਕ ਵਿਦਵਾਨ ਰਿਸ਼ੀਆਂ ਦੁਆਰਾ ਇੱਕ ਲੰਬੇ ਸਮੇਂ ਤੱਕ ਲਿਖੇ ਸੂਕਤ (ਮੰਤਰ) ਇਸ ਵਿੱਚ ਸ਼ਾਮਿਲ ਹਨ। ਵੇਦਾਂ ਦੇ ਬਾਅਦ ਲੰਬੇ ਸਮੇਂ ਤੱਕ ਹੋਰ ਬਹੁਤ ਸਾਰੇ ਗ੍ਰੰਥ ਲਿਖੇ ਗਏ। ਇਹਨਾਂ ਵਿੱਚੋਂ ਕੁਝ ਤਾਂ ਵੇਦਾਂ ਉੱਪਰ ਵਿਆਖਿਆਵਾਂ ਹਨ। ਹੋਰ ਗ੍ਰੰਥ ਵੇਦਾਂ ਵਿੱਚ ਦਿੱਤੇ ਗਏ ਕਰਮ ਕਾਂਡਾਂ ਦੀ ਵਿਆਖਿਆ ਕਰਦੇ ਹਨ। ਕੁਝ ਧਰਮ-ਦਰਸ਼ਨ 'ਤੇ ਲਿਖੇ ਗਏ ਗ੍ਰੰਥ ਵੀ ਹਨ। ਉਹਨਾਂ ਨੂੰ ਕ੍ਰਮਵਾਰ **ਬ੍ਰਾਹਮਣ**, **ਆਰਣਯਕ**, **ਸੂਤਰ** ਅਤੇ **ਉਪਨਿਸ਼ਦਾਂ** ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਉਹਨਾਂ ਸਾਰਿਆਂ ਨੂੰ **ਵੈਦਿਕ ਸਾਹਿਤ** ਕਿਹਾ ਜਾਂਦਾ ਹੈ। ਜਿਸ ਕਾਲ ਵਿੱਚ ਇਹ ਲਿਖੇ ਗਏ ਸਨ, ਉਸ ਨੂੰ **ਵੈਦਿਕ ਕਾਲ** ਕਿਹਾ ਜਾਂਦਾ ਹੈ। ਵੈਦਿਕ ਕਾਲ ਦਾ ਅੰਦਾਜ਼ਨ ਸਮਾਂ 1500 ਈ.ਪੂ. ਤੋਂ 500 ਈ.ਪੂ. ਤੱਕ ਦਾ ਹੈ। ਇਹਨਾਂ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ। ਪਹਿਲੇ ਕਾਲ ਨੂੰ ਰਿਗਵੈਦਿਕ ਜਾਂ ਆਰੰਭਿਕ ਵੈਦਿਕ ਕਾਲ ਕਿਹਾ ਜਾਂਦਾ ਹੈ। ਬਾਅਦ ਦੇ ਸਮੇਂ ਨੂੰ ਉੱਤਰ-ਵੈਦਿਕ ਕਾਲ ਕਿਹਾ ਜਾਂਦਾ ਹੈ।

*ਸੰਸਾਰ ਦੀ ਸਭ ਤੋਂ ਪੁਰਾਣੀ ਪੁਸਤਕ ਕਿਹੜੀ ਹੈ ?*

ਵੈਦਿਕ ਸਭਿਅਤਾ ਦੇ ਲੋਕਾਂ ਨੂੰ ਆਮ ਤੌਰ ਤੇ **ਆਰੀਆ** ਕਿਹਾ ਜਾਂਦਾ ਹੈ। ਸ਼ੁਰੂ ਵਿੱਚ ਇਹ ਲੋਕ ਪੰਜਾਬ ਵਿੱਚ, ਜਮਨਾ ਨਦੀ ਤੋਂ ਲੈ ਕੇ ਅਫ਼ਗਾਨਿਸਤਾਨ ਦੀ ਸੀਮਾਂ ਤੱਕ ਰਹਿੰਦੇ ਸਨ। ਬਾਅਦ ਵਿੱਚ ਇਹ ਲੋਕ ਪੂਰਵ ਅਤੇ ਦੱਖਣ ਵਿੱਚ ਗੰਗਾ ਨਦੀ ਦੇ ਮੈਦਾਨਾਂ ਵਿੱਚ ਫੈਲ ਗਏ। ਵੈਦਿਕ ਲੋਕਾਂ ਦੇ ਅਸਲੀ ਨਿਵਾਸ ਸਥਾਨ ਬਾਰੇ ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਇਹ ਲੋਕ ਮੱਧ ਏਸ਼ੀਆ ਤੋਂ ਪੰਜਾਬ ਵਿੱਚ ਆਏ ਜਦੋਂ ਕਿ ਦੂਸਰੇ ਵਿਦਵਾਨਾਂ ਦਾ ਵਿਚਾਰ ਹੈ ਕਿ ਇਹ ਲੋਕ ਰੂਸ ਦੇ ਯੂਰਪੀ ਸੀਮਾਂਵਰਤੀ ਇਲਾਕਿਆਂ ਤੋਂ ਆਏ ਸਨ। ਹੁਣ ਬਹੁਤ ਸਾਰੇ ਵਿਦਵਾਨ

*ਆਰੀਆ : ਆਰੀਆ ਦਾ ਅਰਥ ਹੈ ਸਰਵ ਉੱਤਮ, ਸਿੱਖਿਅਤ ਅਤੇ ਸੱਭਿਅ।*

ਇਸ ਵਿਚਾਰ ਨੂੰ ਮੰਨਦੇ ਹਨ ਕਿ ਆਰੀਆਂ ਲੋਕ ਬਾਹਰੋਂ ਨਹੀਂ ਆਏ ਸਗੋਂ ਪੰਜਾਬ ਦੇ ਹੀ ਮੂਲ ਨਿਵਾਸੀ ਸਨ।

*ਕੁਝ ਇਤਿਹਾਸਕਾਰਾਂ ਅਨੁਸਾਰ ਆਰੀਆ ਭਾਰਤ ਦੇ ਵਸਨੀਕ ਸਨ। ਜਦੋਂ ਕਿ ਹੋਰ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਉਹ (ਆਰੀਆ) ਬਾਹਰੋਂ ਆਏ ਸਨ। ਪਰੰਤੂ ਪ੍ਰੋ. ਮੈਕਸ ਮੂਲਰ, ਇੱਕ ਜਰਮਨ ਵਿਦਵਾਨ ਦੇ ਵਿਚਾਰ ਨੂੰ ਠੀਕ ਮੰਨਿਆ ਗਿਆ ਹੈ। ਉਹ ਸਾਰੀਆਂ ਭਾਸ਼ਾਵਾਂ ਦੇ ਅਧਿਐਨ ਪਿਛੋਂ ਇਸ ਨਤੀਜੇ ਤੇ ਪਹੁੰਚਿਆ ਹੈ ਕਿ ਭਾਰਤ ਵਾਸੀਆਂ, ਰੋਮ ਦੇਸ਼ ਵਾਸੀਆਂ, ਯੂਨਾਨੀਆਂ ਅਤੇ ਜਰਮਨ ਲੋਕਾਂ ਦੇ ਵੱਡੇ-ਵਡੇਰੇ ਜ਼ਰੂਰ ਹੀ ਇੱਕ ਸਥਾਨ ਤੇ ਰਹਿੰਦੇ ਹੋਣਗੇ। ਉਸ ਨੇ ਕਈ ਭਾਸ਼ਾਵਾਂ ਦੇ ਕੁਝ ਸ਼ਬਦਾਂ ਨੂੰ ਲੈ ਕੇ ਇਹ ਸਾਬਤ ਕਰਨ ਦੀ ਕੋਸ਼ਸ਼ ਕੀਤੀ ਹੈ ਕਿ ਉਨ੍ਹਾਂ ਵਿੱਚ ਕੋਈ ਖਾਸ ਫ਼ਰਕ ਨਹੀਂ ਸੀ। ਉਸ ਦੇ ਵਿਚਾਰ ਅਨੁਸਾਰ ਆਰੀਆ ਲੋਕ ਸ਼ੁਰੂ ਵਿੱਚ ਮੱਧ ਏਸ਼ੀਆ ਵਿੱਚ ਰਹਿਣ ਵਾਲੇ ਸਨ ਅਤੇ ਜਿਥੋਂ ਉਹ ਭਾਰਤ ਅਤੇ ਯੂਰਪ ਦੇ ਹੋਰ ਦੇਸ਼ਾਂ ਵਿੱਚ ਫ਼ੈਲ ਗਏ।*

**ਰਿਗਵੇਦ** ਵਿੱਚ ਸਿੰਧੂ, ਜਿਹਲਮ (*ਵਿਤਸਤਾ*), ਚਿਨਾਬ (*ਅਸਿਕਨੀ*), ਰਾਵੀ (*ਪਰੁਸ਼ਨੀ*), ਬਿਆਸ (*ਵਿਪਾਸ਼ਾ*), ਸਤਲੁਜ (*ਸ਼ਤੁਦ੍ਰੀ*), ਸਰਸਵਤੀ, ਜਮੁਨਾ ਅਤੇ ਗੰਗਾ ਨਦੀਆਂ ਦਾ ਵਰਨਣ ਕੀਤਾ ਗਿਆ ਹੈ। ਵੈਦਿਕ ਕਾਲ ਵਿੱਚ ਸਰਸਵਤੀ ਨਦੀ ਨੂੰ ਸਭ ਤੋਂ ਵੱਧ ਪਵਿੱਤਰ ਮੰਨਿਆ ਜਾਂਦਾ ਸੀ। ਪੰਜਾਬ ਨੂੰ **'ਸਪਤਸਿੰਧੂ'** ਜਾਂ **'ਸਤ ਨਦੀਆਂ ਦਾ ਪ੍ਰਦੇਸ਼'** ਕਿਹਾ ਜਾਂਦਾ ਸੀ।

### 1. ਰਾਜਨੀਤਿਕ ਜੀਵਨ :

ਆਰੰਭਿਕ ਵੈਦਿਕ ਕਾਲ ਵਿੱਚ ਬਹੁਤ ਸਾਰੇ ਛੋਟੇ-ਛੋਟੇ ਕਬੀਲੇ ਰਾਜ ਕਰਦੇ ਸਨ। ਇਹਨਾਂ ਵਿੱਚੋਂ ਕੁਝ ਜਿਵੇਂ ਕਿ **ਅਨੂ**, **ਯਦੂ**, **ਪੁਰੂ**, **ਭਰਤ** ਆਦਿ ਦਾ ਵਰਨਣ ਰਿਗਵੇਦ ਵਿੱਚ ਮਿਲਦਾ ਹੈ। ਬਾਅਦ ਵਿੱਚ **ਕੁਰੂ**, **ਪੰਚਾਲ**, **ਵਿਦੇਹ** ਆਦਿ ਵੱਡੇ ਰਾਜ ਹੋਂਦ ਵਿੱਚ ਆਏ। ਰਾਜਾ ਆਪਣੇ ਰਾਜ ਦਾ ਮੁੱਖੀਆ ਹੁੰਦਾ ਸੀ। ਇਸ ਲਈ ਰਾਜੇ ਦਾ ਪੁੱਤਰ ਹੀ ਰਾਜ ਦਾ ਉਤਰਾਧਿਕਾਰੀ ਹੁੰਦਾ ਸੀ। ਰਾਜੇ ਨੂੰ **ਰਾਜਨ** ਕਿਹਾ ਜਾਂਦਾ ਸੀ।

***ਸਮਰਾਟ*** *: ਵਧੇਰੇ ਸ਼ਕਤੀਸ਼ਾਲੀ ਰਾਜਿਆਂ ਨੂੰ* ***ਸਮਰਾਟ*** *ਕਿਹਾ ਜਾਂਦਾ ਸੀ।*

ਰਾਜੇ ਦੀ ਪਰਜਾ ਦੁਆਰਾ ਚੋਣ ਕਰਨ ਸੰਬੰਧੀ ਕੁਝ ਉਦਾਹਰਨ ਮਿਲੇ ਹਨ। ਪਰੰਤੂ ਉਸ ਸਮੇਂ ਰਾਜਤੰਤਰ ਪ੍ਰਣਾਲੀ ਹੀ ਲਾਗੂ ਸੀ। ਸ਼ਾਇਦ ਆਧੁਨਿਕ ਸੰਸਦ ਦੀ ਤਰ੍ਹਾਂ ਰਾਜੇ ਦੀ ਸਹਾਇਤਾ ਲਈ ਦੋ ਮਹੱਤਵਪੂਰਨ ਸੰਸਥਾਵਾਂ ਸਨ। ਇਹਨਾਂ ਨੂੰ **ਸਭਾ** ਅਤੇ **ਸਮਿਤੀ** ਕਿਹਾ ਜਾਂਦਾ ਸੀ। ਰਾਜੇ ਦੀ ਸਹਾਇਤਾ ਕਰਨ ਲਈ ਬਹੁਤ ਸਾਰੇ ਅਧਿਕਾਰੀ ਵੀ ਹੁੰਦੇ ਸਨ, ਜਿਵੇਂ ਕਿ **ਪ੍ਰੋਹਿਤ** (ਮੁੱਖ ਸਲਾਹਕਾਰ ਅਤੇ ਧਾਰਮਿਕ ਕੰਮ ਕਰਨ ਵਾਲਾ), **ਸੈਨਾਨੀ** (ਸੈਨਾ ਦਾ ਮੁੱਖੀਆ), **ਗ੍ਰਾਮਣੀ** (ਪਿੰਡ ਦਾ ਮੁੱਖੀਆ) ਆਦਿ।

### 2. ਸਮਾਜਿਕ ਜੀਵਨ :

ਪ੍ਰਾਚੀਨ ਕਾਲ ਵਿੱਚ ਸਮਾਜ ਚਾਰ ਭਾਗਾਂ ਵਿੱਚ ਵੰਡਿਆ ਹੋਇਆ ਸੀ, ਜਿਨ੍ਹਾਂ ਨੂੰ **ਵਰਣ** ਕਿਹਾ ਜਾਂਦਾ ਸੀ। **ਬ੍ਰਾਹਮਣ**, **ਖੱਤਰੀ**, **ਵੈਸ਼** ਅਤੇ **ਸ਼ੂਦਰ** ਚਾਰੇ ਵਰਣ ਕੰਮ ਤੇ ਅਧਾਰਿਤ ਸਨ। ਬ੍ਰਾਹਮਣ, ਜਿਸ ਦਾ ਕੰਮ ਪੜ੍ਹਨਾ, ਪੜ੍ਹਾਉਣਾ ਅਤੇ ਧਾਰਮਿਕ ਕੰਮਾਂ ਦੀ ਦੇਖ-ਰੇਖ ਕਰਨਾ ਸੀ।

**ਖੱਤਰੀ** ਯੋਧਾ ਵਰਗ ਨਾਲ ਸੰਬੰਧ ਰੱਖਦੇ ਸਨ। ਕਿਸਾਨ ਅਤੇ ਵਪਾਰੀ ਵੈਸ਼ ਵਰਗ ਨਾਲ਼ ਸੰਬੰਧਤ ਸਨ। ਸ਼ੂਦਰ ਦਾਸ ਵਰਗ ਨਾਲ਼ ਸੰਬੰਧ ਰੱਖਦੇ ਸਨ। ਸ਼ੁਰੂ ਵਿੱਚ ਜਾਤੀ ਪ੍ਰਥਾ ਕਠੋਰ ਨਹੀਂ ਸੀ ਪ੍ਰੰਤੂ ਬਾਅਦ ਵਿੱਚ ਵੰਸ਼ਗਤ ਅਤੇ ਕਠੋਰ ਹੋ ਗਈ। ਆਮ ਤੌਰ ਤੇ ਲੋਕ ਪਿੰਡਾਂ ਵਿੱਚ ਰਹਿੰਦੇ ਸਨ। ਭਾਵੇਂ ਕਿਲ੍ਹੇਬੰਦੀ ਨਗਰਾਂ ਦਾ ਵੀ ਵਰਨਣ ਮਿਲਦਾ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਵੈਦਿਕ ਕਾਲ ਵਿੱਚ ਵਿਸ਼ਾਲ ਨਗਰ ਵੀ ਮੌਜੂਦ ਸਨ।

ਪਰਿਵਾਰ ਸਮਾਜ ਦੀ ਸਭ ਤੋਂ ਛੋਟੀ ਇਕਾਈ ਸੀ। ਮਾਤਾ-ਪਿਤਾ, ਬੱਚੇ, ਭੈਣ-ਭਰਾ ਆਮ ਤੌਰ ਤੇ ਇਕੱਠੇ ਰਹਿੰਦੇ ਸਨ। ਉਮਰ ਵਿੱਚ ਸਭ ਤੋਂ ਵੱਡਾ ਮਰਦ ਪਰਿਵਾਰ ਦਾ ਮੁੱਖੀਆ ਹੁੰਦਾ ਸੀ। ਵੈਦਿਕ ਕਾਲ ਵਿੱਚ ਇਸਤਰੀਆਂ ਨੂੰ ਸਮਾਜ ਵਿੱਚ ਬਹੁਤ ਸਤਿਕਾਰ ਅਤੇ ਅਜ਼ਾਦੀ ਪ੍ਰਾਪਤ ਸੀ। ਉਹ ਪੜ੍ਹੀਆਂ ਲਿਖੀਆਂ ਹੁੰਦੀਆਂ ਸਨ ਅਤੇ ਆਪਣੀ ਇੱਛਾ ਅਨੁਸਾਰ ਵਿਆਹ ਕਰਵਾ ਸਕਦੀਆਂ ਸਨ। ਉਹ ਸਾਰੇ ਸਮਾਜਿਕ ਅਤੇ ਧਾਰਮਿਕ ਕੰਮਾਂ ਵਿੱਚ ਹਿੱਸਾ ਲੈਂਦੀਆਂ ਸਨ। ਸਾਨੂੰ ਵੱਖ-ਵੱਖ ਕਿੱਤਿਆਂ ਵਿੱਚ ਕੰਮ ਕਰਦੀਆਂ ਇਸਤਰੀਆਂ ਦੇ ਬਹੁਤ ਸਾਰੇ ਵਰਨਣ ਮਿਲਦੇ ਹਨ। ਅਪਲਾ, ਘੋਸ਼ਾ ਅਤੇ ਵਿਸ਼ਵਾਰਾ ਵੈਦਿਕ ਕਾਲ ਦੀਆਂ ਕੁਝ ਪ੍ਰਸਿੱਧ ਇਸਤਰੀਆਂ ਸਨ।

ਵੈਦਿਕ ਲੋਕਾਂ ਦਾ ਮੁੱਖ ਭੋਜਨ ਕਣਕ, ਚਾਵਲ ਅਤੇ ਦਾਲਾਂ ਸਨ। ਉਹ ਫ਼ਲ ਅਤੇ ਸਬਜ਼ੀਆਂ ਤੋਂ ਇਲਾਵਾ ਦੁੱਧ, ਮੱਖਣ ਅਤੇ ਘਿਉ ਦੀ ਬਹੁਤ ਵਰਤੋਂ ਕਰਦੇ ਸਨ। ਲੋਕ ਮਾਸ ਵੀ ਖਾਂਦੇ ਸਨ। ਉਹ ਖ਼ਾਸ ਉੱਤਸਵਾਂ ਦੇ ਮੌਕੇ ਤੇ **ਸੋਮਰਸ** ਪੀਂਦੇ ਸਨ। ਕੁਝ ਲੋਕ ਸ਼ਰਾਬ ਵੀ ਪੀਂਦੇ ਸਨ, ਜਿਸ ਨੂੰ **ਸੁਰਾ** ਕਿਹਾ ਜਾਂਦਾ ਸੀ। ਪ੍ਰੰਤੂ ਇਸ ਨੂੰ ਸਮਾਜ ਵਿੱਚ ਬੁਰਾ ਸਮਝਿਆ ਜਾਂਦਾ ਸੀ।

ਵੈਦਿਕ ਲੋਕ ਖੇਡਾਂ ਦੇ ਬਹੁਤ ਸ਼ੌਕੀਨ ਸਨ। ਰੱਥ-ਦੌੜ, ਘੋੜ ਸਵਾਰੀ, ਸ਼ਿਕਾਰ ਆਦਿ ਉਨ੍ਹਾਂ ਦੀਆਂ ਹਰਮਨ ਪਿਆਰੀਆਂ ਖੇਡਾਂ ਸਨ। ਨੱਚਣਾ, ਗਾਉਣਾ, ਚੋਪਟ ਆਦਿ ਵੀ ਮਨੋਰੰਜਨ ਦੇ ਹਰਮਨ ਪਿਆਰੇ ਸਾਧਨ ਸਨ।

### 3. ਆਰਥਿਕ ਜੀਵਨ :

ਵੈਦਿਕ ਲੋਕ ਪ੍ਰਸਿੱਧ ਯੋਧੇ ਸਨ। ਯੁੱਧਾਂ ਵਿੱਚ ਭਾਗ ਲੈਣਾ ਉਹਨਾਂ ਦਾ ਇੱਕ ਮੁੱਖ ਕਿੱਤਾ ਸੀ। ਪਰੰਤੂ ਆਰਥਿਕ ਜੀਵਨ ਵਿੱਚ ਖੇਤੀਬਾੜੀ, ਪਸ਼ੂ ਪਾਲਣ, ਉਦਯੋਗਿਕ ਧੰਦੇ ਅਤੇ ਵਪਾਰ ਉਨ੍ਹਾਂ ਦੇ ਮੁੱਖ ਕਿੱਤੇ ਸਨ।

ਖੇਤਾਂ ਵਿੱਚ ਦਾਲਾਂ ਅਤੇ ਸਬਜ਼ੀਆਂ ਵੀ ਉਗਾਈਆਂ ਜਾਂਦੀਆਂ ਸਨ। ਪਾਲਤੂ ਜਾਨਵਰਾਂ ਵਿੱਚੋਂ ਗਾਂ, ਘੋੜਾ, ਭੇਡ, ਬੱਕਰੀ, ਖੋਤਾ ਆਦਿ ਪਾਲੇ ਜਾਂਦੇ ਸਨ ਪਰੰਤੂ ਗਊ ਸਭ ਤੋਂ ਮਹੱਤਵਪੂਰਨ ਪਸ਼ੂ ਸੀ। ਕਈ ਵਾਰ ਵਸਤਾਂ ਦੀ ਕੀਮਤ ਗਊਆਂ ਦੀ ਸੰਖਿਆ ਦੁਆਰਾ ਨਿਰਧਾਰਤ ਕੀਤੀ ਜਾਂਦੀ ਸੀ ਕਿਉਂਕਿ ਸ਼ਾਇਦ ਉਸ ਸਮੇਂ ਸਿੱਕਿਆਂ ਦੀ ਵਰਤੋਂ ਨਹੀਂ ਕੀਤੀ ਜਾਂਦੀ ਸੀ। ਵਪਾਰ ਵਿੱਚ ਵਸਤਾਂ ਦੀ ਵਟਾਂਦਰਾ-ਪ੍ਰਣਾਲੀ ਪ੍ਰਚਲਿਤ ਸੀ।

ਲੁਹਾਰ, ਰੱਥਕਾਰ, ਤਰਖਾਣ, ਜੁਲਾਹੇ, ਘਮਿਆਰ ਆਦਿ ਕਾਰੀਗਰ ਵੈਦਿਕ ਆਰਥਿਕ ਜੀਵਨ ਦੇ ਮਹੱਤਵਪੂਰਨ ਅੰਗ ਸਨ। ਉਹਨਾਂ ਦਾ ਕੰਮ ਦੀ ਸਮਰੱਥਾ ਅਨੁਸਾਰ ਆਦਰ ਮਾਣ ਕੀਤਾ ਜਾਂਦਾ ਸੀ। ਸਮਾਜ ਆਪਣੀਆਂ ਰੋਜ਼ਾਨਾ ਜ਼ਰੂਰਤਾਂ ਲਈ ਉਹਨਾਂ ਤੇ ਨਿਰਭਰ ਕਰਦਾ ਸੀ। ਵਪਾਰ ਥਲ ਮਾਰਗ ਦੁਆਰਾ ਅਤੇ ਨਦੀਆਂ, ਸਮੁੰਦਰਾਂ ਵਿੱਚ ਕਿਸ਼ਤੀਆਂ ਅਤੇ ਜਹਾਜ਼ਾਂ ਰਾਹੀਂ ਕੀਤਾ ਜਾਂਦਾ ਸੀ।

### 4. ਧਾਰਮਿਕ ਜੀਵਨ :

ਵੈਦਿਕ ਲੋਕਾਂ ਦੇ ਧਾਰਮਿਕ ਵਿਸ਼ਵਾਸ ਬਹੁਤ ਸਾਦੇ ਸਨ। ਉਹ ਕੁਦਰਤ ਦੀ ਪੂਜਾ ਕਰਦੇ ਸਨ। ਕੁਦਰਤੀ ਦੇਵੀ-ਦੇਵਤਿਆਂ ਦੀ ਪ੍ਰਸ਼ੰਸਾ ਵਿੱਚ ਮੰਤਰ ਲਿਖ ਕੇ ਉਹਨਾਂ ਦਾ ਉਚਾਰਨ ਕਰਦੇ ਅਤੇ ਯੱਗ ਦੁਆਰਾ ਉਹਨਾਂ ਨੂੰ ਅਹੂਤੀਆਂ ਦਿੰਦੇ ਸਨ। ਉਹਨਾਂ ਦੇ ਆਸ ਪਾਸ ਦੀਆਂ ਕਈ ਕੁਦਰਤੀ ਸ਼ਕਤੀਆਂ ਵੀ ਉਹਨਾਂ ਦੇ ਦੇਵਤੇ ਸਨ। ਇਹਨਾਂ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ।

1. ਪ੍ਰਿਥਵੀ ਦੇ ਦੇਵਤੇ ਜਿਵੇਂ ਕਿ ਪ੍ਰਿਥਵੀ, ਅੱਗ, ਸੋਮ ਆਦਿ।
2. ਅਕਾਸ਼ ਦੇ ਦੇਵਤੇ ਜਿਵੇਂ ਕਿ ਇੰਦਰ (ਵਰਖਾ ਅਤੇ ਤੂਫ਼ਾਨ ਦਾ ਦੇਵਤਾ), ਮਾਰੂਤ (ਹਵਾ ਦਾ ਦੇਵਤਾ)।
3. ਪੁਲਾੜ ਦੇ ਦੇਵਤੇ ਜਿਵੇਂ ਕਿ ਵਰੁਣ, ਸੂਰਜ, ਪੂਸ਼ਣ, ਵਿਸ਼ਨੂੰ, ਅਸ਼ਿਵਨੀ ਆਦਿ। ਇਹਨਾਂ ਤੋਂ ਇਲਾਵਾ ਹੋਰ ਵੀ ਦੇਵਤੇ ਸਨ। ਰਿਗਵੈਦਿਕ ਕਾਲ ਵਿੱਚ ਵਰੁਣ ਅਤੇ ਇੰਦਰ ਸਭ ਤੋਂ ਮਹੱਤਵਪੂਰਨ ਦੇਵਤੇ ਸਨ। ਉੱਤਰ ਵੈਦਿਕ ਕਾਲ ਵਿੱਚ ਜਦੋਂ ਬਹੁਤ ਸਾਰੇ ਦੇਵਤੇ ਹੋਂਦ ਵਿੱਚ ਆਏ ਤਾਂ ਇੰਦਰ ਦੇਵਤਾ ਸਭ ਤੋਂ ਮਹੱਤਵਪੂਰਨ ਬਣ ਗਿਆ। ਧਾਰਮਿਕ ਯੱਗ ਜਿਹੜੇ ਕਿ ਰਿਗਵੈਦਿਕ ਕਾਲ ਵਿੱਚ ਸਾਦੇ ਹੁੰਦੇ ਸਨ, ਉੱਤਰ ਵੈਦਿਕ ਕਾਲ ਵਿੱਚ ਬਹੁਤ ਕਠਿਨ ਅਤੇ ਮਹਿੰਗੇ ਹੋ ਗਏ ਸਨ।

*ਮੁੱਢਲੇ ਵੈਦਿਕ ਕਾਲ ਦੇ ਧਾਰਮਿਕ ਰੀਤੀ-ਰਿਵਾਜ ਵਿੱਚ ਬਲੀ ਜਾਂ ਯੱਗ ਦਾ ਮਹੱਤਵਪੂਰਨ ਸਥਾਨ ਸੀ। ਯੱਗਾਂ ਵਿੱਚ ਦੁੱਧ, ਅਨਾਜ, ਘਿਉ ਅਤੇ ਪਸ਼ੂਆਂ ਆਦਿ ਦੀ ਅਹੂੱਤੀ ਦਿੱਤੀ ਜਾਂਦੀ ਸੀ। ਅਗਨੀ ਅੱਗ ਦਾ ਦੇਵਤਾ ਬਹੁਤ ਮਸ਼ਹੂਰ ਸੀ ਕਿਉਂਕਿ ਉਸ ਨੂੰ ਅਹੂੱਤੀ ਦਿੱਤੇ ਬਗੈਰ ਕੋਈ ਵੀ ਯੱਗ ਸੰਪੂਰਨ ਨਹੀਂ ਸਮਝਿਆ ਜਾਂਦਾ ਸੀ।*

### 5. ਵਿਗਿਆਨ :

ਵੈਦਿਕ ਸਾਹਿਤ ਤੋਂ ਸਾਨੂੰ ਉਸ ਸਮੇਂ ਦੇ ਵਿਗਿਆਨ ਅਤੇ ਉਦਯੋਗ-ਵਿਗਿਆਨ ਦੀ ਮਹੱਤਵਪੂਰਨ ਜਾਣਕਾਰੀ ਮਿਲਦੀ ਹੈ। ਗਣਿਤ ਅਤੇ ਇਸ ਦੀਆਂ ਕਈ ਸ਼ਾਖਾਵਾਂ ਜਿਵੇਂ ਬੀਜ ਗਣਿਤ, ਰੇਖਾ ਗਣਿਤ, ਤਿਕੋਣ-ਮਿਤੀ ਬਹੁਤ ਉੱਨਤ ਸਨ। ਖਗੋਲ ਅਤੇ ਜੋਤਿਸ਼ ਵਿੱਦਿਆ ਵੀ ਬਹੁਤ ਉੱਨਤ ਸੀ। ਵੈਦਿਕ ਲੋਕਾਂ ਨੂੰ ਗ੍ਰਹਿਆਂ ਦੀ ਗਤੀ, ਸੂਰਜ ਅਤੇ ਚੰਦਰਮਾ ਗ੍ਰਹਿਣ, ਪ੍ਰਿਥਵੀ ਦਾ ਅਪਣੀ ਧੁਰੀ ਉੱਤੇ ਅਤੇ ਸੂਰਜ ਦੇ ਇਰਦ-ਗਿਰਦ ਪ੍ਰਕਰਮਾ ਬਾਰੇ ਗਿਆਨ ਸੀ। ਚਿਕਿਤਸਾ ਵਿਗਿਆਨ ਨੂੰ ਆਯੁਰਵੈਦ ਕਿਹਾ ਜਾਂਦਾ ਸੀ ਅਤੇ ਇਹ ਵੀ ਉੱਨਤ ਸੀ।

**ਯਾਦ ਰੱਖਣ ਯੋਗ ਨੁਕਤੇ**

1. ਆਰੀਆ ਲੋਕ ਪੰਜਾਬ ਦੇ ਮੂਲ ਨਿਵਾਸੀ ਸਨ।
2. ਵੈਦਿਕ ਕਾਲ ਵਿਚ ਬਹੁਤ ਸਾਰੇ ਕਬੀਲੇ ਰਾਜ ਕਰਦੇ ਸਨ। ਰਾਜੇ ਨੂੰ 'ਰਾਜਨ' ਕਿਹਾ ਜਾਂਦਾ ਸੀ।
3. ਸਮਾਜ ਚਾਰ ਵਰਣਾਂ-ਬ੍ਰਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਵਿੱਚ ਵੰਡਿਆ ਹੋਇਆ ਸੀ।
4. ਰਾਜੇ ਦੀ ਸਹਾਇਤਾ ਲਈ ਸਭਾ ਅਤੇ ਸਮਿਤੀ ਦੋ ਸੰਸਥਾਵਾਂ ਸਨ।
5. ਵੈਦਿਕ ਕਾਲ ਵਿੱਚ ਇਸਤਰੀਆਂ ਨੂੰ ਸਮਾਜ ਵਿੱਚ ਸਤਿਕਾਰ ਅਤੇ ਆਜ਼ਾਦੀ ਪ੍ਰਾਪਤ ਸੀ।

## ਅਭਿਆਸ

**I. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :**

(1) ਰਿਗ ਵੈਦਿਕ ਕਾਲ ਦੀ ਰਾਜਨੀਤਿਕ ਅਵਸਥਾ ਬਾਰੇ ਪੰਜ ਵਾਕ ਲਿਖੋ।

(2) ਵੈਦਿਕ ਲੋਕ ਕਿਹੜੇ ਦੇਵਤਿਆਂ ਦੀ ਪੂਜਾ ਕਰਦੇ ਸਨ ?

(3) ਵੈਦਿਕ ਕਾਲ ਦੇ ਸਮਾਜਿਕ ਜੀਵਨ ਬਾਰੇ ਤੁਸੀ ਕੀ ਜਾਣਦੇ ਹੋ ?

(4) ਵੈਦਿਕ ਲੋਕਾਂ ਦੀਆਂ ਆਰਥਿਕ ਗਤੀਵਿਧੀਆਂ ਕੀ ਸਨ ?

(5) ਸਪਤ ਸਿੰਧੂ ਪ੍ਰਦੇਸ਼ ਵਿੱਚ ਕਿਹੜੀਆਂ ਨਦੀਆਂ ਵਹਿੰਦੀਆਂ ਸਨ ?

**ਸ਼ਬਦਾਵਲੀ :**
ਵੇਦ
ਸੈਨਾਨੀ
ਗ੍ਰਾਮਣੀ
ਰਾਜਨ
ਸੁਰਾ
ਵਰੁਣ

**II. ਹੇਠ ਲਿਖੇ ਵਾਕਾਂ ਵਿੱਚ ਖਾਲੀ ਥਾਵਾਂ ਭਰੋ :**

(1) ਆਰੰਭਿਕ ਵੈਦਿਕ ਕਾਲ ਵਿਚ ਛੋਟੇ-ਛੋਟੇ .................... ਰਾਜ ਕਰਦੇ ਸਨ।

(2) ਸਮਾਜ ਚਾਰ ਭਾਗਾਂ ਵਿਚ ਵੰਡਿਆਂ ਹੋਇਆ ਸੀ, ਜਿਨਾਂ ਨੂੰ .............. ਕਿਹਾ ਜਾਂਦਾ ਸੀ।

(3) ਵੈਦਿਕ ਲੋਕਾਂ ਦਾ ਮੁੱਖ ਭੋਜਨ .............., .............., ਅਤੇ .............. ਸਨ।

(4) ਵੈਦਿਕ ਲੋਕ .................... ਬਹੁਤ ਸ਼ੌਕੀਨ ਸਨ।

(5) ਵੈਦਿਕ ਲੋਕ .................... ਦੀ ਪੂਜਾ ਕਰਦੇ ਸਨ।

## III. ਹੇਠ ਲਿਖੇ ਸ਼ਬਦਾ ਦਾ ਸਹੀ ਮਿਲਾਨ ਕਰੋ :

| | |
|---|---|
| (1) ਵਿਪਾਸ਼ਾ | (ੳ) ਰਾਜਨੀਤਿਕ ਸੰਸਥਾ |
| (2) ਸਭਾ | (ਅ) ਚਿਕਿਤਸਾ ਸ਼ਾਸਤਰ |
| (3) ਆਯੁਰਵੇਦ | (ੲ) ਇੱਕ ਦੇਵਤਾ |
| (4) ਵਰੁਣ | (ਸ) ਇੱਕ ਨਦੀ |

## IV. ਹੇਠ ਲਿਖੇ ਵਾਕਾਂ ਦੇ ਸਾਹਮਣੇ ਸਹੀ (✓) ਜਾਂ ਗਲਤ (×) ਦਾ ਨਿਸ਼ਾਨ ਲਗਾਓ :

(1) ਪਰੁਸ਼ਣੀ ਇੱਕ ਨਦੀ ਦਾ ਨਾਂ ਹੈ। ☐

(2) ਵੈਦਿਕ ਕਾਲ ਵਿੱਚ ਇੰਦਰ ਵਰਖਾ ਦਾ ਦੇਵਤਾ ਸੀ। ☐

(3) ਵੈਦਿਕ ਕਾਲ ਵਿੱਚ ਲੋਕਾਂ ਦੇ ਲਈ ਗਊ ਪਵਿੱਤਰ ਨਹੀਂ ਸੀ। ☐

(4) ਵੈਦਿਕ ਕਾਲ ਵਿੱਚ ਇਸਤਰੀਆਂ ਦਾ ਆਦਰ ਨਹੀਂ ਹੁੰਦਾ ਸੀ। ☐

## ਗਤੀਵਿਧੀ

1. ਵੈਦਿਕ ਕਾਲ ਦੇ ਦੇਵਤਿਆਂ ਦੀ ਸੂਚੀ ਤਿਆਰ ਕਰੋ ਜਿੰਨ੍ਹਾਂ ਦੀ ਅੱਜ-ਕਲ੍ਹ ਵੀ ਪੂਜਾ ਕੀਤੀ ਜਾਂਦੀ ਹੈ।

ਪਾਠ 11

# ਭਾਰਤ 600 ਈ. ਪੂਰਵ ਤੋਂ 400 ਈ. ਪੂਰਵ ਤੱਕ

## 1. ਜਨਪਦ ਅਤੇ ਮਹਾਜਨਪਦ :


ਉੱਤਰੀ ਭਾਰਤ ਵਿੱਚ 600 ਈ. ਪੂ. ਦੇ ਲਗਪਗ ਕਈ ਗਣਤੰਤਰ ਅਤੇ ਰਾਜਤੰਤਰ ਰਾਜਾਂ ਦੀ ਸਥਾਪਨਾ ਹੋਈ, ਜਿਸ ਦੇ ਨਾਲ਼ ਹੀ ਭਾਰਤੀ ਇਤਿਹਾਸ ਦੇ ਇੱਕ ਮਹੱਤਵਪੂਰਨ ਯੁਗ ਦਾ ਅਰੰਭ ਹੋਇਆ। ਇਹਨਾਂ ਵਿੱਚੋਂ ਜ਼ਿਆਦਾ ਤਾਕਤਵਰ ਰਾਜਾਂ ਨੂੰ ਮਹਾਜਨਪਦ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਬੋਧ ਅਤੇ ਜੈਨ ਸਾਹਿਤ ਵਿੱਚ ਇਹਨਾਂ ਦੀ ਗਿਣਤੀ 16 ਦੱਸੀ ਗਈ ਹੈ। ਇਸ ਲਈ ਇਹਨਾਂ ਨੂੰ ਸੋਲ੍ਹਾਂ-ਜਨਪਦ ਜਾਂ ਸ਼ੋਡਸ਼ ਜਨਪਦ ਦਾ ਨਾਂ ਦਿੱਤਾ ਗਿਆ। ਕਾਸ਼ੀ, ਕੌਸ਼ਲ, ਅੰਗ, ਵਤਸ, ਅਵੰਤੀ ਅਤੇ ਮਗਧ ਜ਼ਿਆਦਾ ਮਹੱਤਵਪੂਰਨ ਮਹਾਜਨਪਦ ਸਨ। ਇਹਨਾਂ ਦੀਆਂ ਰਾਜਧਾਨੀਆਂ ਕ੍ਰਮਵਾਰ ਵਾਰਾਨਸੀ, ਅਯੁਧਿਆ ਜਾਂ ਸਾਕੇਤ, ਚੰਪਾ, ਕੌਸ਼ਾਬੀ, ਉਜੈੱਨ ਅਤੇ ਰਾਜਗ੍ਰਿਹ ਸਨ। ਗਣਰਾਜਾਂ ਵਿੱਚੋਂ ਮੱਲ ਅਤੇ ਵੱਜੀ ਪ੍ਰਸਿੱਧ ਸਨ। ਵੰਜੀ ਗਣਰਾਜ ਅੱਠ ਕੁਲਾਂ ਦਾ ਸੰਘ ਸੀ। ਵੈਸ਼ਾਲੀ ਦੇ ਲਿੱਛਵੀ ਵੰਜੀ ਸੰਘ ਦੇ ਇੱਕ ਮਹੱਤਵਪੂਰਨ ਕੁਲ ਸਨ। ਬਾਕੀ ਜਨਪਦਾਂ ਵਿੱਚੋਂ ਕੁਰੂ, ਪੰਚਾਲ, ਮਤਸ, ਸ਼ੁਰਸੇਨ, ਅਸਮਕ, ਚੇਦੀ, ਗੰਧਾਰ ਅਤੇ ਕੰਬੋਜ਼ ਦੇ ਨਾਂ ਪ੍ਰਸਿੱਧ ਹਨ। ਇਹਨਾਂ ਰਾਜਾਂ ਵਿੱਚ ਆਪਸੀ ਵਿਆਹ ਦੇ ਰਿਸ਼ਤੇ ਹੁੰਦੇ ਰਹਿੰਦੇ ਸਨ। ਪਰੰਤੂ ਨਾਲ ਹੀ ਸ਼ਕਤੀ ਲਈ ਲੜਾਈਆਂ ਵੀ ਹੁੰਦੀਆਂ ਰਹਿੰਦੀਆਂ ਸਨ।

**ਮੁੱਖ ਮਹਾਜਨਪਦ**

| | |
|---|---|
| ਅੰਗ | ਮਗਧ |
| ਕਾਸ਼ੀ | ਕੌਸ਼ਲ |
| ਵੱਜੀ | ਮੱਲ |
| ਚੇਦੀ | ਵਤਸ |
| ਕੁਰੂ | ਪੰਚਾਲ |
| ਮਤਸ | ਸ਼ੂਰਸੇਨ |
| ਅਸਮਕ | ਅਵੰਤੀ |
| ਗੰਧਾਰ | ਕੰਬੋਜ |

### 1.1. ਮਗਧ ਦਾ ਉਥਾਨ :

ਸਾਰੇ ਜਨਪਦਾਂ ਵਿੱਚੋਂ ਮਗਧ, ਕੌਸ਼ਲ, ਵਤਸ ਅਤੇ ਅੰਵਤੀ ਜ਼ਿਆਦਾ ਸ਼ਕਤੀਸ਼ਾਲੀ ਸਨ। ਮਗਧ, ਜਿਸ ਵਿੱਚ ਬਿਹਾਰ ਪ੍ਰਾਂਤ ਦੇ ਗਯਾ ਅਤੇ ਪਟਨਾ ਦੇ ਇਲਾਕੇ ਸ਼ਾਮਲ ਸਨ, ਉਹ ਹਰਿਅੰਕ ਵੰਸ਼ ਦੇ ਰਾਜਾ ਬਿੰਬੀਸਾਰ ਦੇ ਰਾਜ ਕਾਲ ਵਿੱਚ ਸਭ ਤੋਂ ਵਧੇਰੇ ਸ਼ਕਤੀਸ਼ਾਲੀ ਬਣ ਗਿਆ।


ਮਹਾਜਨਪਦ
ਕੰਬੋਜ
ਪੇਸ਼ਾਵਰ
ਅਰਾਕੋਸਿਆ
ਗੰਧਾਰ
ਕੁਰੂ
ਸਿੰਧੂ
ਪੰਚਾਲ
ਮੱਲ
ਸ਼ੂਰਸੇਨ
ਮਥੁਰਾ
ਕੌਸ਼ਲ
ਵਿਦੇਹ
ਲਿੱਛਵੀ
ਕਾਸ਼ੀ
ਮਤਸੇਯ
ਅਵੰਤੀ
ਚੇਦੀ
ਵਤਸ
ਮਗਧ
ਅੰਗ
ਗੰਗਾ
ਉੱਜੈਨੀ
ਨਰਮਦਾ
ਅਸਮਕ
ਅਰਬ ਸਾਗਰ
ਬੰਗਾਲ ਦੀ ਖਾੜੀ
ਕ੍ਰਿਸ਼ਨਾ
ਕਾਵੇਰੀ
ਤਾਮ੍ਰਪਰਣੀ (ਸ਼੍ਰੀ ਲੰਕਾ)
ਕੁਰੂ

ਚਿੱਤਰ 11.1

ਬਿੰਬੀਸਾਰ ਨੇ 543 ਤੋਂ 492 ਈ. ਪੂ. ਤਕ ਰਾਜ ਕੀਤਾ। ਉਹ ਮਹਾਤਮਾ ਬੁੱਧ ਦਾ ਸਮਕਾਲੀ ਸੀ। ਉਸ ਦੀ ਰਾਜਧਾਨੀ ਨਾਲੰਦਾ ਦੇ ਨੇੜੇ ਰਾਜਗ੍ਰਹਿ ਸੀ। ਉਸ ਦੇ ਪੁੱਤਰ ਅਜਾਤਸ਼ਤਰੂ ਨੇ ਕਾਸ਼ੀ, ਕੌਸ਼ਲ ਅਤੇ ਵੈਸ਼ਾਲੀ ਨੂੰ ਹਰਾ ਕੇ ਆਪਣੇ ਰਾਜ ਦਾ ਵਿਸਤਾਰ ਕੀਤਾ। ਉਸ ਨੇ ਆਪਣੀ ਨਵੀਂ ਰਾਜਧਾਨੀ ਪਾਟਲੀਪੁੱਤਰ (ਪਟਨਾ) ਬਣਾਈ। ਉਸ ਦੇ ਸਮੇਂ ਤੋਂ ਮਗਧ ਸਭ ਤੋਂ ਸ਼ਕਤੀਸ਼ਾਲੀ ਰਾਜ ਰਿਹਾ। ਜਿਸ ਬਾਰੇ ਅਸੀਂ ਅਗਲੇ ਪਾਠ ਵਿੱਚ ਪੜ੍ਹਾਂਗੇ। ਹੌਲੀ-ਹੌਲੀ ਮਗਧ ਇੱਕ ਮਹਾਨ ਸਾਮਰਾਜ ਬਣ ਗਿਆ। ਅਜਾਤਸ਼ਤਰੂ ਨੇ 492 ਤੋਂ 460 ਈ. ਪੂ. ਤੱਕ ਰਾਜ ਕੀਤਾ। ਉਸ ਦੀ ਮੌਤ ਤੋਂ ਬਾਅਦ ਸ਼ਿਸ਼ੂਨਾਗ ਅਤੇ ਨੰਦ ਨਾਂ ਦੇ ਦੋ ਵੰਸ਼ਾਂ ਨੇ ਮਗਧ ਉੱਤੇ ਰਾਜ ਕੀਤਾ। 414 ਈ. ਪੂ. ਵਿੱਚ ਸ਼ਿਸ਼ੂਨਾਗ ਨੇ ਹਰਿਅੰਕ ਵੰਸ਼ ਤੇ ਜਿੱਤ ਪ੍ਰਾਪਤ ਕੀਤੀ। ਰਾਜਧਾਨੀ ਪਾਟਲੀਪੁੱਤਰ ਵਿਖੇ ਬਦਲ ਦਿੱਤੀ ਗਈ। ਨੰਦਾਂ ਨੇ ਸ਼ਿਸ਼ੂਨਾਗ ਵੰਸ਼ ਤੇ ਜਿੱਤ ਪ੍ਰਾਪਤ ਕੀਤੀ। ਮਹਾਂਪਦਮ ਨੰਦ, ਨੰਦ ਵੰਸ਼ ਦਾ ਪ੍ਰਸਿੱਧ ਰਾਜਾ ਸੀ। ਨੰਦ ਰਾਜਿਆਂ ਨੇ ਸਾਰਾ ਗੰਗਾ ਦਾ ਮੈਦਾਨ ਆਪਣੇ ਅਧੀਨ ਕਰ ਲਿਆ ਸੀ।

> *ਧਨਾਨੰਦ ਅਖੀਰਲਾ ਨੰਦ ਰਾਜਾ ਸੀ। ਉਸ ਕੋਲ 2,00,000 ਪੈਦਲ ਸੈਨਾ, 20,000 ਘੋੜਸਵਾਰ, 3000 ਹਾਥੀ ਅਤੇ 2000 ਰੱਥ ਸਨ। ਸੈਨਾ ਦੀ ਇੰਨੀ ਸੰਖਿਆ ਹੋਣ ਦੇ ਬਾਵਜੂਦ ਵੀ ਆਪਣੀ ਪਰਜਾ ਵਿੱਚ ਉਹ ਹਰਮਨ ਪਿਆਰਾ ਨਹੀਂ ਸੀ। ਉਸ ਦਾ ਧਨ ਨਾਲ ਜ਼ਿਆਦਾ ਮੋਹ ਸੀ, ਜੋ ਉਸ ਨੇ ਲੋਕਾਂ 'ਤੇ ਵੱਧ ਟੈਕਸ ਲਗਾ ਕੇ ਇਕੱਠਾ ਕੀਤਾ ਸੀ। ਇਸ ਕਾਰਨ ਪਰਜਾ ਉਸ ਨੂੰ ਨਫ਼ਰਤ ਕਰਦੀ ਸੀ।*

### 1.2. ਰਾਜਨੀਤਿਕ ਜੀਵਨ ਅਤੇ ਸ਼ਾਸਨ ਪ੍ਰਬੰਧ :

ਇਸ ਕਾਲ ਵਿੱਚ ਬਹੁਤ ਸਾਰੇ ਵੱਡੇ ਸ਼ਹਿਰਾਂ ਦੀ ਸਥਾਪਨਾ ਹੋਈ, ਜਿਹਨਾਂ ਨੂੰ ਪੁਰ, ਨਗਰ ਜਾਂ ਮਹਾਨਗਰ ਕਿਹਾ ਜਾਂਦਾ ਸੀ। ਵਾਰਾਨਸੀ, ਰਾਜਗ੍ਰਹਿ, ਸ਼ਰਾਵਸਤੀ, ਕੋਸ਼ਾਬੀ, ਵੈਸ਼ਾਲੀ, ਚੰਪਾ, ਉਜੈਨੀ, ਤਕਸ਼ਿਲਾ, ਅਯੁਧਿਆ, ਮਥੁਰਾ ਅਤੇ ਪਾਟਲੀਪੁੱਤਰ ਇਹਨਾਂ ਵਿਚੋਂ ਕੁਝ ਪ੍ਰਸਿੱਧ ਨਗਰ ਸਨ। ਇਹਨਾਂ ਸ਼ਹਿਰਾਂ ਦੀ ਸਥਾਪਨਾ ਹੋਣ ਦੇ ਕਾਰਨ ਇਸ ਕਾਲ ਨੂੰ **'ਦੂਜਾ ਨਗਰੀਕਰਣ ਕਾਲ'** ਵੀ ਕਿਹਾ ਜਾਂਦਾ ਹੈ। ਪਹਿਲਾ ਨਗਰੀਕਰਣ ਸਿੰਧੂ ਘਾਟੀ ਦੀ ਸਭਿਅਤਾ ਦੇ ਸਮੇਂ ਹੋਇਆ ਸੀ।

ਇਸ ਕਾਲ ਵਿੱਚ ਰਾਜਾ ਬਹੁਤ ਸ਼ਕਤੀਸ਼ਾਲੀ ਹੋ ਗਿਆ ਸੀ। ਉਹ ਲੜਾਈ ਸਮੇਂ ਸੈਨਾ ਦੀ ਅਗਵਾਈ ਕਰਦਾ ਸੀ। ਰਾਜ ਵਿੱਚ ਟੈਕਸ ਲਗਾਉਂਦਾ ਸੀ ਅਤੇ ਨਿਆਂ ਦਾ ਪ੍ਰਬੰਧ ਕਰਦਾ ਸੀ। ਰਾਜਾ ਸ਼ਾਸਨ ਪ੍ਰਬੰਧ ਲਈ ਕਈ ਅਧਿਕਾਰੀਆਂ ਦੀ ਸਹਾਇਤਾ ਲੈਂਦਾ ਸੀ। ਉਸ ਦੀ ਇੱਕ ਮੰਤ੍ਰੀ ਪਰਿਸ਼ਦ ਹੁੰਦੀ ਸੀ। ਮੰਤਰੀਆਂ ਨੂੰ **ਅਮਾਤਯ** ਵੀ ਕਿਹਾ ਜਾਂਦਾ ਸੀ। **ਪਰੋਹਿਤ** (ਧਾਰਮਿਕ ਸਲਾਹਕਾਰ), **ਸੈਨਾਪਤੀ** (ਸੈਨਾਨਾਇਕ), **ਸੰਗ੍ਰਿਹਤ** (ਖਜ਼ਾਨਚੀ), **ਚੇਰ** (ਜਸੂਸ) ਅਤੇ **ਗ੍ਰਾਮਣੀ** (ਪਿੰਡ ਦਾ ਮੁੱਖੀਆ) ਅਤੇ ਹੋਰ ਮਹੱਤਵਪੂਰਨ ਅਧਿਕਾਰੀ ਸਨ।

## 1.3. ਸਮਾਜਿਕ ਜੀਵਨ :

ਇਸ ਕਾਲ ਵਿੱਚ ਸਮਾਜ ਮੁੱਖ ਤੌਰ ਤੇ ਚਾਰ ਜਾਤੀਆਂ ਵਿੱਚ ਵੰਡਿਆ ਹੋਇਆ ਸੀ। ਬ੍ਰਾਹਮਣ, ਖਤਰੀ, ਵੈਸ਼ ਅਤੇ ਸ਼ੂਦਰ। ਇਹਨਾਂ ਤੋਂ ਇਲਾਵਾ ਕਿੱਤੇ ਅਨੁਸਾਰ ਹੋਰ ਬਹੁਤ ਸਾਰੀਆਂ ਉਪਜਾਤੀਆਂ ਵੀ ਸਨ, ਜਿਵੇਂ ਤਰਖਾਣ, ਲੋਹਾਰ, ਰੱਥਕਾਰ, ਸੁਨਾਰ, ਘੁਮਿਆਰ, ਤੇਲੀ ਆਦਿ। ਜਾਤੀ ਜਨਮ 'ਤੇ ਅਧਾਰਤ ਹੁੰਦੀ ਸੀ। ਵੈਦਿਕ ਕਾਲ ਦੇ ਮੁਕਾਬਲੇ ਵਿੱਚ ਇਸ ਸਮੇਂ ਜਾਤੀ-ਪ੍ਰਥਾ ਕਠੋਰ ਹੋ ਗਈ ਸੀ। ਸ਼ੂਦਰਾਂ ਦੀ ਦਸ਼ਾ ਬਹੁਤ ਖਰਾਬ ਹੋ ਗਈ ਸੀ ਅਤੇ ਉਹਨਾਂ ਦਾ ਸਮਾਜਿਕ ਦਰਜਾ ਬਹੁਤ ਗਿਰ ਗਿਆ ਸੀ। ਮਹਾਤਮਾ ਬੁੱਧ ਨੇ ਜਾਤੀ-ਪ੍ਰਥਾ ਦਾ ਵਿਰੋਧ ਕੀਤਾ ਸੀ।

***ਗਤੀਵਿਧੀ** : ਉਪ-ਜਾਤੀਆਂ ਦੀ ਸੂਚੀ ਬਣਾਓ*

ਲੋਕ ਸ਼ਹਿਰਾਂ ਅਤੇ ਪਿੰਡਾਂ ਵਿੱਚ ਰਹਿੰਦੇ ਸਨ। ਉਹਨਾਂ ਦੁਆਰਾ ਸ਼ਾਕਾਹਾਰੀ ਅਤੇ ਮਾਸਾਹਾਰੀ ਦੋਨਾਂ ਤਰ੍ਹਾਂ ਦਾ ਭੋਜਨ ਕੀਤਾ ਜਾਂਦਾ ਸੀ। ਹਰੇਕ ਵਿਅਕਤੀ ਤੋਂ ਇਹ ਆਸ ਕੀਤੀ ਜਾਂਦੀ ਸੀ ਕਿ ਉਹ ਜੀਵਨ ਦੀਆਂ ਮੁਢਲੀਆਂ ਕਦਰਾਂ-ਕੀਮਤਾਂ ਦਾ ਪਾਲਣ ਕਰੇ। ਮਨੁੱਖ ਦੇ ਜੀਵਨ ਨੂੰ ਚਾਰ ਹਿੱਸਿਆਂ ਵਿੱਚ ਵੰਡਿਆ ਗਿਆ ਸੀ, ਜਿਹਨਾਂ ਨੂੰ **ਆਸ਼ਰਮ** ਕਿਹਾ ਜਾਂਦਾ ਸੀ। ਇਹ ਬ੍ਰਹਮਚਰੀਆ (ਵਿਦਿਆਰਥੀ ਜੀਵਨ), ਗ੍ਰਹਿਸਥ (ਪਾਰਿਵਾਰਿਕ ਜੀਵਨ), ਵਾਨਪ੍ਰਸਥ (ਤਿਆਗਮਈ ਜੀਵਨ) ਅਤੇ ਸੰਨਿਆਸ (ਸੰਨਿਆਸੀ ਜੀਵਨ) ਕਹਾਉਂਦੇ ਸਨ।

## 1.4. ਆਰਥਿਕ ਜੀਵਨ :

ਇਸ ਕਾਲ ਵਿੱਚ ਖੇਤੀਬਾੜੀ ਅਤੇ ਪਸ਼ੂ ਪਾਲਣ ਲੋਕਾਂ ਦੇ ਮੁੱਖ ਕਿੱਤੇ ਸਨ। ਆਮਤੌਰ ਤੇ ਕਿਸਾਨ ਜ਼ਮੀਨ ਦਾ ਮਾਲਕ ਹੁੰਦਾ ਸੀ। ਪਰ ਜਿਹੜੇ ਕਿਸਾਨਾਂ ਦੀ ਆਪਣੀ ਜ਼ਮੀਨ ਨਹੀਂ ਹੁੰਦੀ ਸੀ, ਉਹ ਦੂਜਿਆਂ ਦੇ ਖੇਤਾਂ ਵਿੱਚ ਕੰਮ ਕਰਦੇ ਸਨ। ਖੇਤਾਂ ਵਿੱਚ ਕਈ ਤਰ੍ਹਾਂ ਦੇ ਅਨਾਜ ਜਿਵੇਂ ਕਣਕ, ਚਾਵਲ, ਮੱਕੀ, ਬਾਜਰਾ ਅਤੇ ਜਵਾਰ ਉਗਾਏ ਜਾਂਦੇ ਸਨ। ਇਸ ਦੇ ਇਲਾਵਾ ਖੇਤਾਂ ਵਿੱਚ ਗੰਨਾ, ਤਿਲ, ਸਰ੍ਹੋਂ, ਦਾਲਾਂ ਅਤੇ ਕਈ ਤਰ੍ਹਾਂ ਦੇ ਫ਼ਲ ਅਤੇ ਸਬਜ਼ੀਆਂ ਵੀ ਪੈਦਾ ਕੀਤੀਆਂ ਜਾਂਦੀਆਂ ਸਨ।

*ਸ਼੍ਰੇਣੀ ਕਿਸ ਨੂੰ ਕਿਹਾ ਜਾਂਦਾ ਸੀ ?*

ਹੋਰ ਕਿੱਤਿਆਂ ਵਿੱਚ ਸ਼ਿਲਪ ਅਤੇ ਵਪਾਰ ਦੇ ਕਿੱਤੇ ਮੁੱਖ ਸਨ। ਲੱਕੜੀ ਦਾ ਕੰਮ, ਮਿੱਟੀ ਦੇ ਭਾਂਡੇ ਬਣਾਉਣਾ, ਚਮੜੇ ਦਾ ਕੰਮ, ਕਤਾਈ ਅਤੇ ਬੁਣਾਈ, ਕਿਸ਼ਤੀਆਂ ਬਣਾਉਣਾ, ਹਾਰ ਬਣਾਉਣਾ, ਲੁਹਾਰ ਅਤੇ ਸੁਨਾਰ ਦਾ ਕੰਮ, ਹਾਥੀਦੰਦ ਦਾ ਕੰਮ ਅਤੇ ਹੋਰ ਅਨੇਕ ਕਿੱਤੇ ਲੋਕਾਂ ਦੁਆਰਾ ਕੀਤੇ ਜਾਂਦੇ ਸਨ। ਕੁਝ ਲੋਕ ਸ਼ਿਕਾਰ, ਮੱਛੀ ਫੜਨਾ, ਨਾਚ-ਗਾਣਾ, ਨਾਟਕ ਅਤੇ ਸਪੇਰੇ ਦੇ ਕੰਮ ਦੁਆਰਾ ਵੀ ਆਪਣਾ ਜੀਵਨ ਨਿਰਬਾਹ ਕਰਦੇ ਸਨ। ਇੱਕ ਹੀ ਵਪਾਰ ਵਿੱਚ ਲੱਗੇ ਲੋਕ ਆਪਣੇ-ਆਪਣੇ ਗੁੱਟ (ਗਿਲਡ) ਬਣਾਉਂਦੇ ਸਨ, ਜਿਹਨਾਂ ਨੂੰ ਸ਼੍ਰੇਣੀ ਕਿਹਾ ਜਾਂਦਾ ਸੀ। ਹਰ ਸ਼੍ਰੇਣੀ ਦਾ ਆਪਣਾ ਮੁੱਖੀਆ ਹੁੰਦਾ ਸੀ।

ਦੇਸ ਦੇ ਵੱਖ-ਵੱਖ ਹਿੱਸਿਆਂ ਅਤੇ ਵਿਦੇਸ਼ਾਂ ਨਾਲ ਵੀ ਵਪਾਰ ਕੀਤਾ ਜਾਂਦਾ ਸੀ। ਸਾਰੇ ਦੇਸ ਵਿੱਚ ਸੜਕਾਂ ਦਾ ਜਾਲ ਵਿਛਿਆ ਹੋਇਆ ਸੀ। ਕਈ ਰਸਤੇ ਬੰਦਰਗਾਹਾਂ ਤੱਕ ਜਾਂਦੇ ਸਨ, ਹੋਰ ਕਈ ਰਸਤੇ ਵਿਦੇਸ਼ੀ-ਮਾਰਗਾਂ ਨਾਲ ਜੁੜੇ ਹੋਏ ਸਨ। ਸਮੁੰਦਰ ਅਤੇ ਨਦੀਆਂ ਵਿੱਚ ਮਾਲ, ਜਹਾਜ਼ਾਂ ਅਤੇ ਕਿਸ਼ਤੀਆਂ ਰਾਹੀਂ ਵੀ ਲਿਜਾਇਆ ਜਾਂਦਾ ਸੀ। ਵਪਾਰੀਆਂ ਦੇ ਗੁੱਟ, ਜਿਨ੍ਹਾਂ ਨੂੰ ਸਾਰਥਵਾਹ ਕਹਿੰਦੇ ਸਨ, ਵਸਤੂਆਂ ਨੂੰ ਵਪਾਰ ਲਈ ਇੱਕ ਥਾਂ ਤੋਂ ਦੂਜੀ ਥਾਂ ਲੈ ਜਾਂਦੇ ਸਨ। ਭਾਰਤੀ ਵਸਤੂਆਂ ਦੀ ਵਿਦੇਸ਼ਾਂ ਵਿੱਚ ਬੜੀ ਮੰਗ ਸੀ। ਵਸਤੂਆਂ ਦੀ ਖਰੀਦ, ਵੇਚ ਲਈ ਤਾਂਬੇ ਅਤੇ ਚਾਂਦੀ ਦੇ ਸਿੱਕੇ ਵਰਤੇ ਜਾਂਦੇ ਸਨ। ਇਹ ਸਿੱਕੇ ਇੱਕ ਨਿਸ਼ਚਿਤ ਵਜ਼ਨ ਦੇ ਅਨੁਸਾਰ ਬਣਾਏ ਜਾਂਦੇ ਸਨ, ਪਰੰਤੂ ਇਹਨਾਂ ਦਾ ਕੋਈ ਇੱਕ ਅਕਾਰ ਨਹੀਂ ਹੁੰਦਾ ਸੀ। ਇਹਨਾਂ ਉੱਤੇ ਭਾਂਤ-ਭਾਂਤ ਦੀਆਂ ਸ਼ਕਲਾਂ ਦੇ ਠੱਪੇ ਲਾਏ ਜਾਂਦੇ ਸਨ। ਇਹਨਾਂ ਨੂੰ ਆਹਤ ਜਾਂ ਠੱਪੇਦਾਰ ਸਿੱਕਿਆਂ ਦੇ ਨਾਂ ਨਾਲ ਜਾਣਿਆ ਜਾਂਦਾ ਸੀ।

ਲੋਕ ਰਾਜੇ ਨੂੰ ਕਰ ਦਿੰਦੇ ਸਨ। ਆਮਤੌਰ ਤੇ ਫ਼ਸਲ ਦਾ ਛੇਵਾਂ ਹਿੱਸਾ ਕਿਸਾਨਾਂ ਤੋਂ ਕਰ ਦੇ ਰੂਪ ਵਿੱਚ ਲਿਆ ਜਾਂਦਾ ਸੀ। ਕਾਰਖਾਨਿਆਂ ਵਿੱਚ ਬਣੇ ਮਾਲ ਅਤੇ ਵਪਾਰ ਉੱਤੇ ਕਰ ਵਸਤੂਆਂ ਦੇ ਮੁੱਲ ਅਨੁਸਾਰ ਹੁੰਦਾ ਸੀ।

## 2. ਜੈਨ ਧਰਮ ਅਤੇ ਬੁੱਧ ਧਰਮ :

**2.1. ਜੈਨ ਧਰਮ :** ਜੈਨ ਧਰਮ ਭਾਰਤ ਦਾ ਪ੍ਰਾਚੀਨ, ਸੁਤੰਤਰ ਅਤੇ ਵਿਗਿਆਨਕ ਧਰਮ ਹੈ। ਇਸ ਧਰਮ ਦੇ ਪਹਿਲੇ ਸੰਸਥਾਪਕ ਭਗਵਾਨ ਰਿਸ਼ਭਦੇਵ ਸਨ। ਇਹਨਾਂ ਨੂੰ ਤੀਰਥੰਕਰ ਕਿਹਾ ਜਾਂਦਾ ਹੈ। ਜੈਨ ਧਰਮ ਦੇ ਕੁੱਲ 24 ਤੀਰਥੰਕਰ ਹੋਏ ਹਨ। ਭਗਵਾਨ ਪਾਰਸ਼ਵਨਾਥ ਨੂੰ 23ਵੇਂ ਅਤੇ ਭਗਵਾਨ ਮਹਾਂਵੀਰ ਸਵਾਮੀ ਜੀ ਨੂੰ 24ਵੇਂ ਤੀਰਥੰਕਰ ਹੋਣ ਦਾ ਗੌਰਵ ਪ੍ਰਾਪਤ ਹੈ।

> *ਜੈਨ : ਜੈਨ ਸ਼ਬਦ 'ਜਿਨ' ਸ਼ਬਦ ਤੋਂ ਬਣਿਆ ਹੈ। ਜਿਸ ਦਾ ਅਰਥ ਹੈ 'ਜੇਤੂ'*
> *ਮਹਾਂਵੀਰ ਸਵਾਮੀ ਜੀ ਲਈ ਜਿਨ ਸ਼ਬਦ ਦਾ ਪ੍ਰਯੋਗ ਕਿਓਂ ਕੀਤਾ ਗਿਆ ?*

ਭਾਰਤੀ ਇਤਿਹਾਸ ਦਾ 600 ਈ: ਪੂ: ਦਾ ਸਮਾਂ ਬਹੁਤ ਮਹੱਤਵਪੂਰਣ ਹੈ। ਇਸ ਕਾਲ ਵਿੱਚ ਭਗਵਾਨ ਮਹਾਂਵੀਰ ਸਵਾਮੀ ਜੀ ਦਾ ਜਨਮ ਵੈਸ਼ਾਲੀ ਦੇ ਨੇੜੇ ਕੁੰਡਨਪੁਰ ਨਗਰ (ਵਰਤਮਾਨ ਬਿਹਾਰ) ਵਿੱਚ ਹੋਇਆ ਸੀ। ਇਹਨਾਂ ਦੇ ਪਿਤਾ ਦਾ ਨਾਂ ਰਾਜਾ ਸਿਧਾਰਥ ਅਤੇ ਮਾਤਾ ਦਾ ਨਾਂ ਤ੍ਰਿਸ਼ਲਾ ਰਾਣੀ ਸੀ। ਭਗਵਾਨ ਮਹਾਂਵੀਰ ਜੀ ਨੇ ਲਗਪਗ 30 ਸਾਲਾਂ ਤੱਕ ਗ੍ਰਹਿਸਥੀ ਜੀਵਨ ਬਤੀਤ ਕੀਤਾ। ਆਪਣੇ ਮਾਤਾ-ਪਿਤਾ ਦੀ ਮੌਤ ਹੋ ਜਾਣ ਪਿੱਛੋਂ ਮਹਾਂਵੀਰ ਸਵਾਮੀ ਜੀ ਆਪਣੇ ਵੱਡੇ ਭਰਾ ਨੰਦੀਵਰਨ ਤੋਂ ਇਜਾਜ਼ਤ ਲੈ ਕੇ ਰਾਜਪਾਟ ਅਤੇ ਸਾਰੇ ਸੁੱਖ ਸਾਧਨਾਂ ਦਾ ਤਿਆਗ ਕਰਕੇ ਸੰਜਮ ਦੇ ਮਾਰਗ ਉਤੇ ਚੱਲ ਪਏ। 12 ਸਾਲ, 6 ਮਹੀਨੇ ਅਤੇ 15 ਦਿਨ ਤੱਕ ਕਠੋਰ ਤਪ ਕਰਨ ਪਿੱਛੋਂ ਉਹਨਾਂ ਨੂੰ **ਕੈਵਲਯ** ਗਿਆਨ ਦੀ ਪ੍ਰਾਪਤੀ ਹੋਈ, ਜਿਸ ਦਾ ਭਾਵ ਹੈ-ਬ੍ਰਹਿਮੰਡ ਦਾ

ਸਮਪੂਰਨ ਗਿਆਨ। ਉਹ ਹੁਣ ਵੀਤਰਾਗ, ਜਿਨ ਅਤੇ ਜੇਤੂ ਕਹਾਉਣ ਲੱਗੇ। ਮਹਾਂਵੀਰ ਸਵਾਮੀ ਜੀ ਨੇ ਲਗਪਗ 72 ਸਾਲਾਂ ਦੀ ਉਮਰ ਵਿੱਚ ਪਾਵਾ ਪੁਰੀ ਨਗਰ ਵਿਖੇ ਨਿਰਵਾਣ ਪ੍ਰਾਪਤ ਕੀਤਾ।



*ਚਿੱਤਰ 11.2 ਵਰਧਮਾਨ ਮਹਾਂਵੀਰ*

## ਜੈਨ ਧਰਮ ਦੇ ਪ੍ਰਮੁੱਖ ਸਿਧਾਂਤ :

ਜੈਨ ਧਰਮ ਪੰਜ ਪ੍ਰਮੁੱਖ ਸਿਧਾਂਤਾਂ ਵਿੱਚ ਵਿਸ਼ਵਾਸ ਰੱਖਦਾ ਹੈ। ਇਹ ਸਿਧਾਂਤ ਹਨ :-

1. ਅਹਿੰਸਾ : ਅਹਿੰਸਾ ਭਾਵ ਕਿਸੇ ਜੀਵ ਦੀ ਹੱਤਿਆ ਨਾ ਕਰਨਾ।
2. ਸੱਚ : ਸਦਾ ਸੱਚ ਬੋਲਣਾ
3. ਅਸਤੇਯ : ਚੋਰੀ ਨਾ ਕਰਨਾ।
4. ਬ੍ਰਹਮਚਾਰਿਆ : ਸੰਯਮ ਪੂਰਵਕ ਜੀਵਨ ਬਤੀਤ ਕਰਨਾ।
5. ਅਪਰਿਗ੍ਰਿਹ : ਜਰੂਰਤ ਨਾਲੋਂ ਜਿਆਦਾ ਇਕੱਠ ਨਾ ਕਰਨਾ।

ਜੈਨ ਧਰਮ ਹਰੇਕ ਜੀਵ ਵਿੱਚ ਪ੍ਰਮਾਤਮਾ ਦੀ ਹੋਂਦ ਨੂੰ ਸਵੀਕਾਰ ਕਰਦਾ ਹੈ। ਪ੍ਰਿਥਵੀ, ਪਾਣੀ, ਹਵਾ, ਅੱਗ ਅਤੇ ਸਾਰੀ ਬਨਸਪਤੀ ਵਿੱਚ ਆਤਮਾ ਦਾ ਨਿਵਾਸ ਹੁੰਦਾ ਹੈ। ਇਹ ਧਰਮ ਬਨਸਪਤੀ ਦੀ ਰੱਖਿਆ ਅਤੇ ਵਾਤਾਵਰਨ ਦੀ ਸੰਭਾਲ ਕਰਨ ਦੇ ਪੱਖ ਵਿੱਚ ਹੈ। ਇਹਨਾਂ ਦਾ ਵਿਸ਼ਵਾਸ ਹੈ ਕਿ ਹਰੇਕ ਆਤਮਾ ਆਪਣੇ ਚੰਗੇ ਕਰਮਾਂ ਕਾਰਨ ਈਸ਼ਵਰ ਨੂੰ ਪ੍ਰਾਪਤ ਕਰ ਸਕਦੀ ਹੈ। ਸੱਚੀ ਸ਼ਰਧਾ, ਸੱਚਾ ਗਿਆਨ, ਅਤੇ ਸੱਚੇ ਆਚਰਣ ਦੀ ਪੂਜਾ ਦੁਆਰਾ ਨਿਰਵਾਣ ਪ੍ਰਾਪਤ ਕੀਤਾ ਜਾ ਸਕਦਾ ਹੈ। ਇਹਨਾਂ ਨੂੰ ਤ੍ਰਿਰਤਨ ਕਿਹਾ ਜਾਂਦਾ ਹੈ।

ਜੈਨ ਧਰਮ ਦੀਆਂ ਦੋ ਸੰਪਰਦਾਵਾਂ ਹਨ- ਦਿਗੰਬਰ ਅਤੇ ਸ਼ਵੇਤਾਂਬਰ। ਦਿਗੰਬਰ ਮੁਨੀ ਕੱਪੜੇ ਨਹੀਂ ਪਹਿਨਦੇ ਹਨ ਅਤੇ ਸ਼ਵੇਤਾਂਬਰ ਮੁਨੀ ਚਿੱਟੇ ਕੱਪੜੇ ਪਹਿਨਦੇ ਹਨ। ਜੈਨ ਧਰਮ ਦੇ ਅਨੁਯਾਈ ਸ਼ਾਕਾਹਾਰੀ ਹੁੰਦੇ ਹਨ।

**2.2. ਬੁੱਧ ਧਰਮ :** ਛੇਵੀਂ ਸਦੀ ਈ. ਪੂ. ਵਿੱਚ ਕੁਝ ਮਹੱਤਵਪੂਰਨ ਧਾਰਮਿਕ ਅੰਦੋਲਨ ਸ਼ੁਰੂ ਹੋਏ। ਚੀਨ ਵਿੱਚ ਇਸ ਸਮੇਂ ਇੱਕ ਮਹਾਨ ਧਾਰਮਿਕ ਚਿੰਤਕ ਕਨਫ਼ਿਊਸ਼ਿਸ਼ ਨੇ ਪ੍ਰਚਾਰ ਕੀਤਾ। ਭਾਰਤ ਵਿੱਚ ਦੋ ਮਹਾਨ ਧਰਮ ਬੁੱਧ ਧਰਮ ਅਤੇ ਜੈਨ ਧਰਮ ਦੀ ਨੀਂਹ ਵੀ ਇਸੇ ਸਮੇਂ ਵਿੱਚ ਰੱਖੀ ਗਈ। ਇਹਨਾਂ ਵਿੱਚੋਂ ਬੁੱਧ ਧਰਮ ਬਹੁਤ ਲੋਕਪ੍ਰਿਯ ਹੋਇਆ। ਇਸ ਦਾ ਪ੍ਰਚਾਰ ਸੰਸਾਰ ਦੇ ਬਹੁਤ ਸਾਰੇ ਭਾਗਾਂ ਵਿੱਚ ਹੋਇਆ। ਇਸ ਧਰਮ ਦੇ ਸੰਸਥਾਪਕ ਗੌਤਮ ਬੁੱਧ ਸਨ, ਜਿਨ੍ਹਾਂ ਦਾ ਅਸਲ ਨਾਮ **ਸਿਧਾਰਥ** ਸੀ। ਉਹ ਮਹਾਤਮਾ ਬੁੱਧ ਦੇ ਨਾਮ ਨਾਲ ਪ੍ਰਸਿੱਧ ਹਨ, ਜਿਹੜਾ ਕਿ ਉਹਨਾਂ ਨੂੰ ਗਿਆਨ ਪ੍ਰਾਪਤੀ ਦੇ ਬਾਅਦ ਦਿੱਤਾ ਗਿਆ। ਬੁੱਧ ਦਾ ਅਰਥ ਹੈ ਗਿਆਨਵਾਨ ਪੁਰਸ਼।



*ਚਿੱਤਰ 11.3 ਗੌਤਮ ਬੁੱਧ*

ਸਿਧਾਰਥ ਦਾ ਜਨਮ ਸ਼ਕ ਰਾਜਵੰਸ਼ ਵਿੱਚ ਨੇਪਾਲ ਦੀ ਤਰਾਈ ਵਿੱਚ ਲੁੰਬਿਨੀ ਨਾਂ ਦੇ ਪਿੰਡ ਵਿੱਚ ਹੋਇਆ ਸੀ। ਉਹਨਾਂ ਦੇ ਪਿਤਾ ਸ਼ੁਧੋਦਨ ਦੀ ਰਾਜਧਾਨੀ ਕਪਿਲਵਸਤੂ ਸੀ। ਉਹਨਾਂ ਦੇ ਜਨਮ ਤੋਂ

ਪਿੱਛੋਂ ਛੇਤੀ ਹੀ ਉਹਨਾਂ ਦੀ ਮਾਤਾ **ਮਹਾਂਮਾਇਆ** ਦਾ ਦਿਹਾਂਤ ਹੋ ਗਿਆ। ਉਹਨਾਂ ਦਾ ਪਾਲਣ-ਪੋਸ਼ਣ ਇੱਕ ਰਾਜਕੁਮਾਰ ਦੀ ਤਰ੍ਹਾਂ ਕੀਤਾ ਗਿਆ। ਉਹਨਾਂ ਦਾ ਵਿਆਹ ਇੱਕ ਸੁੰਦਰ ਰਾਜਕੁਮਾਰੀ ਯਸ਼ੋਧਰਾ ਨਾਲ ਹੋਇਆ। ਉਹਨਾਂ ਦੇ ਘਰ ਰਾਹੁਲ ਨਾਂ ਦੇ ਪੁੱਤਰ ਨੇ ਜਨਮ ਲਿਆ। ਗੌਤਮ ਸ਼ੁਰੂ ਤੋਂ ਹੀ ਭਾਵੁਕ ਅਤੇ ਮੌਨ ਰਹਿਣ ਵਾਲੇ ਵਿਅਕਤੀ ਸਨ। ਇੱਕ ਵਾਰ ਉਹਨਾਂ ਨੇ ਚਾਰ ਦ੍ਰਿਸ਼ ਵੇਖੇ– ਇੱਕ ਬਿਮਾਰ ਆਦਮੀ, ਇੱਕ ਬੁੱਢਾ ਆਦਮੀ ਅਤੇ ਇੱਕ ਮੁਰਦਾ ਅਤੇ ਇੱਕ ਸਾਧੂ। ਸੰਸਾਰ ਵਿੱਚ ਇੰਨੇ ਦੁੱਖ ਦੇਖ ਕੇ ਉਨ੍ਹਾਂ ਦਾ ਮਨ ਅਸ਼ਾਤ ਹੋ ਗਿਆ। ਉਨ੍ਹਾਂ ਨੇ 29 ਸਾਲ ਦੀ ਉਮਰ ਵਿੱਚ ਜੀਵਨ ਦੇ ਸੱਚੇ ਆਨੰਦ ਦੀ ਖੋਜ ਕਰਨ ਲਈ ਘਰ ਦਾ ਤਿਆਗ (ਛੱਡ ਦਿੱਤਾ) ਕਰ ਦਿੱਤਾ। ਕਾਫ਼ੀ ਸਮੇਂ ਤੱਕ ਥਾਂ-ਥਾਂ ਤੇ ਘੁੰਮਣ ਅਤੇ ਕਠੋਰ ਤਪੱਸਿਆ ਕਰਨ ਤੋਂ ਬਾਅਦ ਬਿਹਾਰ ਵਿੱਚ ਬੋਧ ਗਯਾ ਵਿਖੇ ਇੱਕ ਪਿੱਪਲ ਦੇ ਦਰਖ਼ਤ ਹੇਠਾਂ ਤਪੱਸਿਆ ਕਰਦੇ ਹੋਏ ਗੌਤਮ ਨੂੰ ਗਿਆਨ ਦੀ ਪ੍ਰਾਪਤੀ ਹੋਈ। ਹੁਣ ਉਹ ਬੁੱਧ ਅਖਵਾਉਣ ਲੱਗੇ।

ਬੁੱਧ ਨੇ ਵਾਰਾਣਸੀ ਦੇ ਨੇੜੇ ਸਾਰਨਾਥ ਵਿੱਚ ਪੰਜ ਭਿਖਸ਼ੂਆਂ ਨੂੰ ਆਪਣਾ ਪਹਿਲਾ ਉਪਦੇਸ਼ ਦਿੱਤਾ। ਇਸ ਤੋਂ ਪਿੱਛੋਂ ਉਨ੍ਹਾਂ ਨੇ ਆਪਣਾ ਸਾਰਾ ਜੀਵਨ ਲੋਕਾਂ ਨੂੰ ਧਰਮ ਦਾ ਉਪਦੇਸ਼ ਦੇਣ ਵਿੱਚ ਬਤੀਤ ਕਰ ਦਿੱਤਾ। ਉਨ੍ਹਾਂ ਦੀਆਂ ਸਿੱਖਿਆਵਾਂ ਜੋ ਬੁੱਧ ਧਰਮ ਦਾ ਮੁੱਖ ਸਿਧਾਂਤ ਹਨ, ਸਰਲ (ਸੌਖੀਆਂ) ਪ੍ਰੰਤੂ ਅਰਥ ਪੂਰਣ ਹਨ। ਉਨ੍ਹਾਂ ਨੇ ਚਾਰ ਮਹਾਨ ਸਚਾਈਆਂ ਬਾਰੇ ਦੱਸਿਆ। ਉਹ ਹਨ :

1. ਸੰਸਾਰ ਦੁੱਖਾਂ ਦਾ ਘਰ ਹੈ।
2. ਦੁੱਖਾਂ ਦਾ ਕਾਰਨ ਇੱਛਾਵਾਂ ਹਨ।
3. ਇੱਛਾਵਾਂ 'ਤੇ ਕਾਬੂ ਪਾ ਲੈਣ ਨਾਲ ਦੁੱਖਾਂ ਤੋਂ ਛੁਟਕਾਰਾ ਮਿਲ ਸਕਦਾ ਹੈ।
4. ਇੱਛਾ ਦਾ ਦਮਨ ਅਸ਼ਟ-ਮਾਰਗ ਦੁਆਰਾ ਹੋ ਸਕਦਾ ਹੈ।

**ਅਸ਼ਟ ਮਾਰਗ** ਇਸ ਤਰ੍ਹਾਂ ਹੈ : (1) ਸੱਚੀ ਦ੍ਰਿਸ਼ਟੀ, (2) ਸੱਚਾ ਸੰਕਲਪ, (3) ਸੱਚਾ ਵਚਨ, (4) ਸੱਚਾ ਕਰਮ, (5) ਸੱਚਾ ਰਹਿਣ-ਸਹਿਣ। (6) ਸੱਚਾ ਯਤਨ, (7) ਸੱਚੀ ਸਮ੍ਰਿਤੀ (8) ਸੱਚਾ ਧਿਆਨ। ਇਸ ਸਦਾਚਾਰ ਦੇ ਮਾਰਗ ਤੇ ਚੱਲ ਕੇ ਦੁੱਖਾਂ ਤੋਂ ਛੁੱਟਕਾਰਾ ਪਾਇਆ ਅਤੇ ਨਿਰਵਾਣ ਪ੍ਰਾਪਤ ਕੀਤਾ ਜਾ ਸਕਦਾ ਹੈ। ਭਾਵ ਇਸ ਤਰ੍ਹਾਂ ਜੀਵਨ ਅਤੇ ਮੌਤ ਦੇ ਚੱਕਰ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

ਬੁੱਧ ਨੇ ਮੱਧ-ਮਾਰਗ ਅਪਨਾਉਣ ਦੀ ਸਿੱਖਿਆ ਵੀ ਦਿੱਤੀ। ਜਿਸ ਦਾ ਅਰਥ ਹੈ ਕਿ ਨਾ ਤਾਂ ਵਿਅਕਤੀ ਨੂੰ ਕਠੋਰ ਤਪੱਸਿਆ ਦੁਆਰਾ ਆਪਣੇ ਸਰੀਰ ਨੂੰ ਜ਼ਿਆਦਾ ਕਸ਼ਟ ਦੇਣਾ ਅਤੇ ਨਾ ਹੀ ਜੀਵਨ ਨੂੰ ਵਿਅਰਥ ਭੋਗ ਵਿਲਾਸ ਵਿੱਚ ਡੁਬੋ ਕੇ ਰੱਖਣਾ ਚਾਹੀਦਾ ਹੈ। ਉਹਨਾਂ ਨੇ ਬੋਧੀ ਸੰਘ ਦੀ ਸਥਾਪਨਾ ਕੀਤੀ ਜੋ ਕਿ ਬੋਧੀ ਭਿਖਸ਼ੂਆਂ ਦੀ ਸਰਵਉੱਚ ਸੰਸਥਾ ਹੈ। ਸਾਰੇ ਭਿਖਸ਼ੂ ਅਤੇ

ਭਿਖਸ਼ਣੀਆਂ ਬੋਧੀ ਸੰਘ ਦੇ ਮੈਂਬਰ ਹੁੰਦੇ ਹਨ। ਜੋ ਲੋਕ ਭਿਖਸ਼ੂ ਨਹੀਂ ਬਣਨਾ ਚਾਹੁੰਦੇ ਉਹ ਵੀ ਉਪਾਸਕ ਦੇ ਰੂਪ ਵਿੱਚ ਧਰਮ ਦਾ ਪਾਲਣ ਕਰ ਸਕਦੇ ਹਨ।

ਬੁੱਧ ਧਰਮ ਨੇ ਜੀਵਨ ਵਿੱਚ ਬਹੁਤ ਸਾਰੀਆਂ ਨੈਤਿਕ ਗੱਲਾਂ ਦੀ ਸਿੱਖਿਆ ਦਿੱਤੀ ਜਿਵੇਂ ਕਿ ਕਿਸੇ ਨੂੰ ਨਾ ਮਾਰਨਾ (ਅਹਿੰਸਾ), ਸੱਚ ਬੋਲਣਾ, ਨਸ਼ੀਲੀਆਂ ਵਸਤਾਂ ਦੀ ਵਰਤੋਂ ਨਾ ਕਰਨਾ, ਧਨ ਨਾ ਲੈਣਾ ਅਤੇ ਨਾ ਰੱਖਣਾ, ਸਮੇਂ ਸਿਰ ਭੋਜਨ ਕਰਨਾ, ਪਰਾਈ ਸੰਪਤੀ ਉੱਪਰ ਨਜ਼ਰ ਨਾ ਰੱਖਣਾ ਆਦਿ। ਬੁੱਧ ਦੀਆਂ ਸਾਰੀਆਂ ਸਿੱਖਿਆਵਾਂ ਤਿੰਨ ਮੁੱਖ ਗ੍ਰੰਥਾਂ ਵਿੱਚ ਸ਼ਾਮਿਲ ਹਨ, ਜਿੰਨ੍ਹਾਂ ਨੂੰ **ਤ੍ਰਿਪਿਟਕ** ਕਹਿੰਦੇ ਹਨ।

ਮਹਾਤਮਾ ਬੁੱਧ ਦੀ ਮੌਤ ਦੇ ਪਿੱਛੋਂ ਛੇਤੀਂ ਹੀ ਉਹਨਾਂ ਦਾ ਧਰਮ ਦੂਰ-ਦੂਰ ਤੱਕ ਫੈਲ ਗਿਆ। ਕਈ ਮਹਾਨ ਰਾਜਿਆਂ ਨੇ ਇਸ ਧਰਮ ਨੂੰ ਅਪਣਾਇਆ। ਇਹਨਾਂ ਵਿੱਚ ਅਸ਼ੋਕ, ਕਨਿਸ਼ਕ, ਹਰਸ਼ਵਰਧਨ ਆਦਿ ਰਾਜੇ ਪ੍ਰਸਿੱਧ ਹਨ। ਅਸ਼ੋਕ ਨੇ ਬੁੱਧ ਧਰਮ ਦੇ ਬਹੁਤ ਸਾਰੇ ਪ੍ਰਚਾਰਕ ਵਿਦੇਸ਼ਾਂ ਵਿੱਚ ਭੇਜੇ। ਉਸ ਦੇ ਯਤਨਾਂ ਨਾਲ ਬੁੱਧ ਧਰਮ ਚੀਨ, ਮਿਆਂਮਾਰ (ਬਰਮਾ), ਸ਼੍ਰੀਲੰਕਾ, ਮੱਧ ਏਸ਼ੀਆ ਅਤੇ ਦੱਖਣੀ-ਪੂਰਬੀ ਏਸ਼ੀਆ ਦੇ ਬਹੁਤ ਸਾਰੇ ਦੇਸਾਂ ਵਿੱਚ ਫੈਲ ਗਿਆ। ਕੁਸ਼ਾਨ ਕਾਲ ਵਿੱਚ ਬੁੱਧ ਧਰਮ **ਮਹਾਯਾਨ** ਅਤੇ **ਹੀਨਯਾਨ** ਦੋ ਹਿੱਸਿਆਂ ਵਿੱਚ ਵੰਡਿਆ ਗਿਆ। ਮਹਾਯਾਨ ਦਾ ਅਰਥ ਹੈ ਵੱਡਾ ਯਾਨ (ਜਹਾਜ਼)। ਇਸ ਦੇ ਅਨੁਯਾਈ ਬੁੱਧ ਦੀ ਮੂਰਤੀ ਪੂਜਾ ਵਿੱਚ ਵਿਸਵਾਸ਼ ਰੱਖਦੇ ਸਨ ਅਤੇ ਭਗਵਾਨ ਦੇ ਰੂਪ ਵਿੱਚ ਬੁੱਧ ਦੀ ਪੂਜਾ ਕਰਦੇ ਸਨ। ਹੀਨਯਾਨ ਦੇ ਅਨੁਯਾਈ ਮਹਾਤਮਾ ਬੁੱਧ ਨੂੰ ਇੱਕ ਮਹਾਨ ਸਿੱਖਿਅਕ ਮੰਨਦੇ ਹੋਏ ਉਹਨਾਂ ਦੀਆਂ ਸਿੱਖਿਆਵਾਂ ਦੀ ਪਾਲਣਾ ਕਰਦੇ ਸਨ।

### ਯਾਦ ਰੱਖਣ ਯੋਗ ਨੁਕਤੇ

1. 600 ਈ. ਪੂ. ਵਿਚ ਕਈ ਗਣਤੰਤਰ ਅਤੇ ਰਾਜਤੰਤਰ ਰਾਜਾਂ ਦੀ ਸਥਾਪਨਾ ਹੋਈ। ਤਾਕਤਵਰ ਰਾਜਾਂ ਨੂੰ ਮਹਾਜਨਪਦ ਕਿਹਾ ਜਾਂਦਾ ਸੀ। ਪ੍ਰਾਚੀਨ ਭਾਰਤ ਵਿਚ 16 ਮਹਾਜਨਪਦ ਸਨ।
2. ਸਾਰੇ ਜਨਪਦਾਂ ਵਿਚੋਂ ਮਗਧ, ਕਾਸ਼ੀ, ਅੰਗ ਕੋਸ਼ਲ, ਵਤਸ ਅਤੇ ਅਵੰਤੀ ਸ਼ਕਤੀਸ਼ਾਲੀ ਸਨ।
3. ਬਿੰਬੀਸਾਰ ਅਤੇ ਅਜਾਤਸ਼ਤਰੂ ਮੱਗਧ ਦੇ ਪ੍ਰਸਿੱਧ ਸ਼ਾਸਕ ਸਨ।
4. ਰਾਜਾ ਸ਼ਾਸਨ ਪ੍ਰਬੰਧ ਲਈ ਅਮਾਤਯ, ਪ੍ਰੋਹਿਤ, ਸੈਨਾਪਤੀ ਦੀ ਸਹਾਇਤਾ ਨਾਲ ਸ਼ਾਸਨ ਪ੍ਰਬੰਧ ਚਲਾਉਂਦਾ ਸੀ।
5. ਮਾਨਵ ਦੇ ਜੀਵਨ ਨੂੰ-ਬ੍ਰਹਮਚਾਰੀਆ, ਗ੍ਰਹਿਸਥ ਵਾਨਪ੍ਰਸਥ ਅਤੇ ਸੰਨਿਆਸ ਚਾਰ ਹਿੱਸਿਆਂ ਵਿਚ ਵੰਡਿਆ ਗਿਆ ਸੀ।
6. ਮਹਾਂਵੀਰ ਸਵਾਮੀ ਜੀ ਜੈਨ ਧਰਮ ਦੇ 24 ਵੇਂ ਤੀਰਥੰਕਰ ਸਨ।
7. ਮਹਾਂਵੀਰ ਸਵਾਮੀ ਜੀ ਨੂੰ 12 ਸਾਲ, 6 ਮਹੀਨੇ ਅਤੇ 15 ਦਿਨ ਤਕ ਕਠੋਰ ਤੱਪ ਕਰਨ ਪਿੱਛੋ ਕੈਵਲਯ ਗਿਆਨ ਦੀ ਪ੍ਰਾਪਤੀ ਹੋਈ।

8. ਗੌਤਮ ਬੁੱਧ ਨੇ ਬੁੱਧ ਧਰਮ ਦੀ ਸਥਾਪਨਾ ਕੀਤੀ। ਉਹਨਾਂ ਨੇ 29 ਸਾਲ ਦੀ ਉਮਰ ਵਿੱਚ ਜੀਵਨ ਦੇ ਸੱਚੇ ਆਨੰਦ ਦੀ ਖੋਜ ਕਰਨ ਲਈ ਘਰ ਤਿਆਗ ਦਿੱਤਾ। ਕਾਫੀ ਸਮਾਂ ਕਠੋਰ ਤੱਪ ਕਰਨ ਪਿੱਛੋ ਬਿਹਾਰ ਵਿੱਚ ਬੋਧ ਗਯਾ ਵਿਖੇ ਇਕ ਪਿੱਪਲ ਦੇ ਦਰੱਖਤ ਹੇਠਾਂ ਤਪੱਸਿਆ ਕਰਦੇ ਹੋਏ ਗੌਤਮ ਨੂੰ ਗਿਆਨ ਦੀ ਪ੍ਰਾਪਤੀ ਹੋਈ ਸੀ।

## ਅਭਿਆਸ

### I. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਵਿੱਚ ਲਿਖੋ :

(1) ਮਹਾਜਨਪਦ ਤੋਂ ਕੀ ਭਾਵ ਹੈ ?

(2) ਕਿਸੇ ਚਾਰ ਮਹੱਤਵਪੂਰਨ ਜਨਪਦਾਂ ਬਾਰੇ ਲਿਖੋ।

(3) ਇਸ ਕਾਲ ਵਿੱਚ ਜਾਤ-ਪ੍ਰਥਾ ਬਾਰੇ ਤੁਸੀਂ ਕੀ ਜਾਣਦੇ ਹੋ ?

(4) ਠੱਪੇ ਵਾਲੇ ਸਿੱਕਿਆਂ ਬਾਰੇ ਇੱਕ ਨੋਟ ਲਿਖੋ।

(5) ਜੈਨ ਧਰਮ ਬਾਰੇ ਤੁਸੀਂ ਕੀ ਜਾਣਦੇ ਹੋ ?

(6) ਬੁੱਧ ਧਰਮ ਦੀਆਂ ਮੁੱਖ ਸਿੱਖਿਆਵਾਂ ਕਿਹੜੀਆਂ ਹਨ ?

**ਸ਼ਬਦਾਵਲੀ :**
ਅਮਾਤਯ
ਪਰੋਹਿਤ
ਸੰਗ੍ਰਹਿਤ
ਚੋਰ
ਗ੍ਰਾਮਣੀ
ਸਾਰਥਵਾਹ
ਕੈਵਲਯ
ਸੰਘ
ਆਤਮਾ
ਤ੍ਰਿਪਿਟਕ

### II. ਹੇਠ ਲਿਖੇ ਵਾਕਾਂ ਵਿੱਚ ਖਾਲੀ ਥਾਵਾਂ ਭਰੋ :

(1) ਬਿੰਬੀਸਾਰ ਨੇ .................... ਤੋਂ .................... ਈ.ਪੂ. ਤੱਕ ਰਾਜ ਕੀਤਾ।

(2) ਮੰਤਰੀਆਂ ਨੂੰ .................... ਵੀ ਕਿਹਾ ਜਾਂਦਾ ਹੈ।

(3) ਖੇਤੀਬਾੜੀ ਅਤੇ ਪਸ਼ੂ ਪਾਲਣ .................... ਮੁੱਖ ਕਿੱਤਾ ਸੀ।

(4) ਜੈਨ ਧਰਮ ਦੇ ਕੁਲ .................... ਤੀਰਥੰਕਰ ਹੋਏ ਹਨ।

(5) ਗੌਤਮ ਬੁੱਧ ਦਾ ਅਸਲ ਨਾਮ .................... ਸੀ।

(6) ਭਗਵਾਨ ਮਹਾਂਵੀਰ ਜੀ ਨੇ ਲਗਪਗ .................... ਸਾਲਾਂ ਤੱਕ ਗ੍ਰਹਿਸਥੀ ਜੀਵਨ ਬਤੀਤ ਕੀਤਾ।

## III. ਹੇਠ ਲਿਖੇ ਸ਼ਬਦਾ ਦਾ ਸਹੀ ਮਿਲਾਨ ਕਰੋ :

| | |
|---|---|
| (1) ਮਗਧ | (ੳ) ਗਣਤੰਤਰ |
| (2) ਅਜਾਤਸ਼ਤਰੂ | (ਅ) ਮਹਾਜਨਪਦ |
| (3) ਵੱਜੀ | (ੲ) ਗਿਲਡ |
| (4) ਸ਼੍ਰੇਣੀ | (ਸ) ਰਾਜਾ |
| (5) ਪਾਰਸ਼ਵ ਨਾਥ | (ਹ) ਅਸ਼ਟਮਾਰਗ |
| (6) ਬੁੱਧ | (ਕ) ਤੀਰਥੰਕਰ |

## IV. ਹੇਠ ਲਿਖੇ ਵਾਕਾਂ ਸਾਹਮਣੇ ਸਹੀ (✓) ਜਾਂ ਗ਼ਲਤ (×) ਦਾ ਨਿਸ਼ਾਨ ਲਗਾਓ :

(1) ਸ਼ੋਡਸ਼ ਜਨਪਦਾਂ ਦਾ ਉਲੇਖ ਬੋਧ ਸਾਹਿਤ ਵਿੱਚ ਹੈ। ☐

(2) ਬਿੰਬੀਸਾਰ ਨੇ 543 ਤੋਂ 492 ਈ. ਤੱਕ ਰਾਜ ਕੀਤਾ। ☐

(3) ਮੰਤਰੀਆਂ ਨੂੰ ਚੇਰ ਦੇ ਨਾਂ ਨਾਲ ਜਾਣਿਆ ਜਾਂਦਾ ਸੀ । ☐

(4) ਖੇਤੀ-ਬਾੜੀ ਉੱਤੇ ਕਰ ਫ਼ਸਲ ਦਾ 1/6 ਹਿੱਸਾ ਹੁੰਦਾ ਸੀ। ☐

(5) ਸਾਰਥਵਾਹ ਵਪਾਰੀਆਂ ਦਾ ਨੇਤਾ ਸੀ। ☐


(6) ਗੌਤਮ ਬੁੱਧ ਸਿਧਾਰਥ ਦਾ ਪੁੱਤਰ ਨਹੀਂ ਸੀ। ☐

## ਗਤੀਵਿਧੀ

1. ਭਾਰਤ ਦੇ ਨਕਸ਼ੇ 'ਤੇ ਗੰਗਾ, ਜਮੁਨਾ ਅਤੇ ਸਿੰਧ ਨਦੀਆਂ ਨੂੰ ਦਰਸਾਓ।
2. ਸਕੂਲ ਦੀ ਲਾਈਬਰੇਰੀ ਵਿੱਚੋਂ ਮਹਾਤਮਾ ਬੁੱਧ ਅਤੇ ਵਰਧਮਾਨ ਮਹਾਂਵੀਰ ਜੀ ਦੇ ਜੀਵਨ ਦੀਆਂ ਪੁਸਤਕਾਂ ਲੱਭੋ ਅਤੇ ਉਨ੍ਹਾਂ ਨੂੰ ਪੜ੍ਹੋ। ਉਨ੍ਹਾਂ ਦੇ ਜੀਵਨ ਦੇ ਜਿਹੜੇ ਕਿੱਸੇ-ਕਹਾਣੀਆਂ ਤੁਹਾਨੂੰ ਚੰਗੇ ਲੱਗਦੇ ਹਨ ਉਨ੍ਹਾਂ ਨੂੰ ਆਪਣੀ ਨੋਟ ਬੁੱਕ ਵਿੱਚ ਨੋਟ ਕਰੋ।

## For Practice

ਮਹਾਜਨਪਦ



ਪਾਠ 12


# ਮੌਰੀਆ ਅਤੇ ਸ਼ੁੰਗ ਕਾਲ

300 ਈ.ਪੂ. ਤੋਂ 200 ਈ.ਪੂ.


ਚੌਥੀ ਸ਼ਤਾਬਦੀ ਈ. ਪੂ. ਦੇ ਅੰਤਿਮ ਹਿੱਸੇ ਵਿੱਚ ਮੌਰੀਆ ਸਾਮਰਾਜ ਦੀ ਸਥਾਪਨਾ ਨਾਲ ਹੀ ਭਾਰਤੀ ਇਤਿਹਾਸ ਦਾ ਇੱਕ ਨਵਾਂ ਯੁਗ ਸ਼ੁਰੂ ਹੁੰਦਾ ਹੈ। *326* ਈ. ਪੂ. ਵਿੱਚ ਸਿਕੰਦਰ ਜਿਹੜਾ ਮਕਦੂਨੀਆਂ ਦਾ ਇੱਕ ਮਹਾਨ ਯੂਨਾਨੀ ਜੇਤੂ ਸੀ, ਨੇ ਭਾਰਤ ਉੱਤੇ ਹਮਲਾ ਕੀਤਾ। ਉਸ ਨੇ ਬਿਆਸ ਨਦੀ ਤੱਕ ਪੰਜਾਬ ਵਿੱਚ ਉੱਤਰ-ਪੱਛਮ ਦੇ ਕਈ ਰਾਜਿਆਂ ਨੂੰ ਹਰਾਇਆ। ਪਹਿਲਾਂ ਉਸ ਨੇ ਤਕਸ਼ਿਲਾ (ਪਾਕਿਸਤਾਨ ਦੇ ਇਸਲਾਮਾਬਾਦ ਦੇ ਨੇੜੇ) ਦੇ ਰਾਜਾ ਅੰਭੀ ਨੂੰ ਹਰਾਇਆ। ਪੋਰਸ (ਪੁਰੂ), ਨੇ ਸਿਕੰਦਰ ਦਾ ਡੱਟ ਕੇ ਮੁਕਾਬਲਾ ਕੀਤਾ। ਸਿਕੰਦਰ ਦੁਆਰਾ ਹਰਾਇਆ ਜਾਣ ਵਾਲਾ ਇਹ ਇੱਕ ਹੋਰ ਪ੍ਰਸਿੱਧ ਰਾਜਾ ਸੀ। ਸਿਕੰਦਰ ਦੇ ਸੈਨਿਕ ਪੰਜਾਬ ਦੇ ਲੋਕਾਂ ਦੀ ਬਹਾਦਰੀ ਵੇਖ ਕੇ ਡਰ ਗਏ ਸਨ। ਉਹ ਲਗਾਤਾਰ ਯੁੱਧ ਅਤੇ ਯਾਤਰਾ ਕਰਨ ਨਾਲ ਵੀ ਥੱਕ ਗਏ ਸਨ। ਇਸ ਕਾਰਨ ਸਿਕੰਦਰ ਨੂੰ ਬਿਆਸ ਨਦੀਂ ਤੋਂ ਹੀ ਵਾਪਸ ਮੁੜਨਾ ਪਿਆ।

## 1. ਮੌਰੀਆ ਵੰਸ਼ :

ਸਿਕੰਦਰ ਦੀ ਵਾਪਸੀ ਦੇ ਸਮੇਂ ਭਾਰਤ ਅਨੇਕ ਛੋਟੇ-ਛੋਟੇ ਰਾਜਾਂ ਵਿੱਚ ਵੰਡਿਆ ਹੋਇਆ ਸੀ। ਮਗਧ ਵਿੱਚ ਰਾਜ ਕਰਨ ਵਾਲਾ ਨੰਦ ਵੰਸ਼ ਬਹੁਤ ਬਦਨਾਮ ਹੋ ਚੁੱਕਾ ਸੀ। **ਚੰਦਰ ਗੁਪਤ ਮੌਰੀਆ** ਨੇ ਆਪਣੇ **ਗੁਰੂ ਚਾਣਕਿਆ** ਦੀ ਸਹਾਇਤਾ ਨਾਲ ਲਗਪਗ *321* ਈ. ਪੂ. ਦੇ ਲਗਪਗ ਨੰਦ ਵੰਸ਼ ਨੂੰ ਖ਼ਤਮ ਕਰਕੇ ਮੌਰੀਆ ਵੰਸ਼ ਦੀ ਨੀਂਹ ਰੱਖੀ।



*ਚਿੱਤਰ 12.1* ਚਾਣਕਿਆ




**ਚਿੱਤਰ 12.2** ਮੌਰੀਆ ਸਾਮਰਾਜ

***ਵੰਸ਼** : ਜਦੋਂ ਇਕ ਹੀ ਪਰਿਵਾਰ ਦੇ ਕਈ ਮੈਂਬਰ ਇਕ ਦੇ ਬਾਦ ਇਕ ਰਾਜਾ ਬਣਦੇ ਹਨ ਤਾਂ ਉਹਨਾਂ ਨੂੰ ਇਕ ਹੀ ਵੰਸ਼ ਕਿਹਾ ਜਾਂਦਾ ਹੈ।*

ਇਸ ਕਾਲ ਵਿੱਚ ਲਿਖੀਆਂ ਦੋ ਪੁਸਤਕਾਂ ਤੋਂ ਸਾਨੂੰ ਮੌਰੀਆਂ ਅਤੇ ਉਹਨਾਂ ਦੇ ਸਮੇਂ ਬਾਰੇ ਜਾਣਕਾਰੀ ਮਿਲਦੀ ਹੈ। **ਕੌਟਿੱਲਿਆ** ਦੁਆਰਾ ਲਿਖੀ ਗਈ **ਅਰਥਸ਼ਾਸਤਰ** ਹੈ। ਕੌਟਿੱਲਿਆ ਚਾਣਕਿਆ ਦਾ ਹੀ ਦੂਜਾ ਨਾਂ ਸੀ। ਉਹ ਇੱਕ ਮਹਾਨ ਵਿਦਵਾਨ ਸੀ ਅਤੇ ਤਕਸ਼ਿਲਾ ਵਿਸ਼ਵ-ਵਿਦਿਆਲਿਆ ਵਿੱਚ ਅਧਿਆਪਕ ਸਨ। ਚੰਦਰ ਗੁਪਤ ਨੂੰ ਮਗਧ ਦਾ ਰਾਜਾ ਬਣਾਉਣ ਤੋਂ ਬਾਅਦ ਚਾਣਕਿਆ ਮੌਰੀਆ ਸਾਮਰਾਜ ਦਾ ਪ੍ਰਧਾਨ ਮੰਤਰੀ ਬਣ ਗਿਆ। **ਅਰਥਸ਼ਾਸਤਰ** ਤੋਂ ਸਾਨੂੰ ਮੌਰੀਆ ਰਾਜ ਪ੍ਰਬੰਧ ਬਾਰੇ ਜਾਣਕਾਰੀ ਮਿਲਦੀ ਹੈ। **ਮੈਗਸਥਨੀਜ਼** ਦੁਆਰਾ ਲਿਖੀ ਗਈ **ਇੰਡਿਕਾ** ਹੈ। **ਮੈਗਸਥਨੀਜ਼** ਚੰਦਰ ਗੁਪਤ ਮੌਰੀਆ ਦੇ ਦਰਬਾਰ ਵਿੱਚ **ਸੈਲਯੂਕਸ ਨਿਕਾਤੋਰ** ਦਾ ਯੂਨਾਨੀ ਰਾਜਦੂਤ ਸੀ। ਸਾਨੂੰ ਅਸ਼ੋਕ ਦੁਆਰਾ ਵੱਡੇ-ਵੱਡੇ ਪੱਥਰਾਂ ਉੱਤੇ ਅਤੇ ਪੱਥਰ ਦੇ ਸਤੰਭਾਂ ਤੇ ਲਿਖਵਾਏ ਸ਼ਿਲਾਲੇਖ ਵੀ ਮਿਲਦੇ ਹਨ। ਕਈ ਸਥਾਨਾਂ ਤੋਂ ਮਿਲੇ ਇਹਨਾਂ ਸ਼ਿਲਾਲੇਖਾਂ ਨੂੰ ਅਸ਼ੋਕ ਦੇ ਸ਼ਾਹੀ ਫੁਰਮਾਨਾਂ ਵਜੋ ਵੀ ਜਾਣਿਆ ਜਾਂਦਾ ਹੈ।

ਚੰਦਰ ਗੁਪਤ ਮੌਰੀਆ ਸਾਰੇ ਭਾਰਤ ਨੂੰ ਇੱਕ ਸੂਤਰ ਵਿੱਚ ਪਿਰੋਣ ਵਾਲਾ ਪਹਿਲਾ ਰਾਜਾ ਸੀ। ਉਸ ਨੇ ਸੈਲਯੂਕਸ ਜਿਸ ਨੂੰ ਸਿਕੰਦਰ ਨੇ ਭਾਰਤ ਤੋਂ ਵਾਪਸ ਜਾਣ ਸਮੇਂ ਅਫ਼ਗਾਨਿਸਤਾਨ ਦਾ ਰਾਜਾ ਬਣਾ ਦਿੱਤਾ ਸੀ, ਨੂੰ ਹਰਾਇਆ। ਇਸ ਹਾਰ ਤੋਂ ਬਾਅਦ ਸੈਲਯੂਕਸ ਨੂੰ ਅਫ਼ਗਾਨਿਸਤਾਨ ਦਾ ਇੱਕ ਵੱਡਾ ਹਿੱਸਾ ਚੰਦਰ ਗੁਪਤ ਨੂੰ ਦੇਣਾ ਪਿਆ, ਜਿਹੜਾ ਕਿ ਮੌਰੀਆ ਸਾਮਰਾਜ ਦਾ ਹਿੱਸਾ ਬਣ ਗਿਆ। ਚੰਦਰ ਗੁਪਤ ਦਾ ਸਾਮਰਾਜ ਉੱਤਰ-ਪੱਛਮ ਵਿੱਚ ਅਫ਼ਗਾਨਿਸਤਾਨ ਤੋਂ ਲੈ ਕੇ ਦੱਖਣ ਵਿੱਚ ਕਰਨਾਟਕ ਤੱਕ ਅਤੇ ਪੂਰਬ ਵਿੱਚ ਆਸਾਮ ਤੋਂ ਲੈ ਕੇ ਪੱਛਮ ਵਿੱਚ ਗੁਜਰਾਤ ਤੱਕ ਫੈਲਿਆ ਹੋਇਆ ਸੀ। ਚੰਦਰ ਗੁਪਤ ਨੇ 321 ਈ.ਪੂ. ਤੋਂ 297 ਈ. ਪੂਰਵ ਤਕ ਰਾਜ ਕੀਤਾ। ਉਸ ਦੇ ਬਾਅਦ ਉਸ ਦੇ ਪੁੱਤਰ ਬਿੰਦੂਸਾਰ ਨੇ 25 ਸਾਲ ਰਾਜ ਕੀਤਾ।

### ਅਸ਼ੋਕ ਮਹਾਨ :

ਬਿੰਦੂਸਾਰ ਦੀ ਮੌਤ ਤੋਂ ਬਾਅਦ 273 ਈ. ਪੂ. ਵਿੱਚ ਉਸ ਦਾ ਪੁੱਤਰ ਅਸ਼ੋਕ ਰਾਜਾ ਬਣਿਆ। ਅਸ਼ੋਕ ਦੀ ਗਿਣਤੀ ਸੰਸਾਰ ਦੇ ਸਭ ਤੋਂ ਮਹਾਨ ਰਾਜਿਆਂ ਵਿੱਚ ਕੀਤੀ ਜਾਂਦੀ ਹੈ। ਉਹ ਆਪਣੇ ਸ਼ਾਂਤੀ ਅਤੇ ਮਾਨਵਤਾ ਦੇ ਸੰਦੇਸ਼ ਲਈ ਪ੍ਰਸਿੱਧ ਹੈ। 261 ਈ. ਪੂਰਵ. ਵਿੱਚ ਉਸ ਨੇ **ਕਲਿੰਗ** (ਉੜੀਸਾ) ਉੱਤੇ ਜਿੱਤ ਪ੍ਰਾਪਤ ਕੀਤੀ। ਇਸ ਲੜਾਈ ਵਿੱਚ ਲੱਖਾਂ ਲੋਕ ਮਾਰੇ ਗਏ, ਬਹੁਤ ਸਾਰੇ ਜ਼ਖ਼ਮੀ ਹੋਏ ਅਤੇ ਬਹੁਤ ਸਾਰੇ ਕੈਦ ਕਰ ਲਏ ਗਏ। ਅਸ਼ੋਕ ਨੂੰ ਇਸ ਖ਼ੂਨ-ਖਰਾਬੇ ਤੋਂ ਬਹੁਤ ਸਦਮਾ ਪਹੁੰਚਿਆ। ਉਸ ਨੇ ਹਮੇਸ਼ਾ ਲਈ ਲੜਾਈ ਦਾ ਤਿਆਗ ਕਰ ਦਿੱਤਾ ਅਤੇ ਬੁੱਧ ਧਰਮ ਨੂੰ ਮੰਨਣ

ਲੱਗ ਪਿਆ। ਉਸ ਨੇ ਬੋਧੀ ਤੀਰਥਾਂ ਜਿਵੇਂ ਕਿ ਬੋਧਗਯਾ, ਸਾਰਨਾਥ ਅਤੇ ਲੁਬਿੰਨੀ ਦੀਆਂ ਯਾਤਰਾਵਾਂ ਕੀਤੀਆਂ। ਸਾਰੇ ਦੇਸ ਵਿੱਚ ਹਜ਼ਾਰਾਂ ਸਤੂਪ ਬਣਵਾਏ ਅਤੇ ਮਹਾਤਮਾ ਬੁੱਧ ਜੀ ਦੇ ਸੰਦੇਸ਼ ਨੂੰ ਫੈਲਾਉਣ ਲਈ ਵਿਦੇਸ਼ਾਂ ਵਿੱਚ ਆਪਣੇ ਦੂਤ ਭੇਜੇ। ਉਸ ਨੇ ਆਪਣੇ ਪੁੱਤਰ ਮਹਿੰਦਰ ਅਤੇ ਪੁੱਤਰੀ ਸੰਘਮਿਤਰਾ ਨੂੰ ਸ੍ਰੀਲੰਕਾ ਵਿੱਚ ਬੁੱਧ ਧਰਮ ਦਾ ਪ੍ਰਚਾਰ ਕਰਨ ਲਈ ਭੇਜਿਆ।



**ਚਿੱਤਰ 12.3** *ਸਮਰਾਟ ਅਸ਼ੋਕ ਮਹਾਨ*

*ਸਮਰਾਟ ਅਸ਼ੋਕ ਨੇ ਕਲਿੰਗ ਯੁੱਧ ਪਿੱਛੋ ਹਮੇਸ਼ਾ ਲਈ ਯੁੱਧ ਕਰਨ ਦਾ ਤਿਆਗ ਕਿਓ ਕੀਤਾ ਸੀ ?*

ਸਮਰਾਟ ਅਸ਼ੋਕ ਨੇ ਆਪਣਾ ਬਾਕੀ ਜੀਵਨ ਪਰਜਾ ਅਤੇ ਮਾਨਵਤਾ ਦੀ ਭਲਾਈ ਕਰਦੇ ਹੋਏ ਬਤੀਤ ਕਰ ਦਿੱਤਾ। ਉਸ ਨੇ ਆਪਣੇ ਸੰਦੇਸ਼ ਚੱਟਾਨਾਂ ਅਤੇ ਪੱਥਰਾਂ ਦੇ ਸਤੰਭਾਂ 'ਤੇ ਖੁਦਵਾ ਦਿੱਤੇ ਅਤੇ ਲੋਕਾਂ ਨੂੰ ਉਹਨਾਂ ਦਾ ਪਾਲਣ ਕਰਨ ਲਈ ਕਿਹਾ। ਉਸ ਨੇ ਸ਼ਿਕਾਰ ਖੇਡਣਾ ਛੱਡ ਦਿੱਤਾ ਅਤੇ ਜਾਨਵਰਾਂ ਅਤੇ ਪੰਛੀਆਂ ਨੂੰ ਮਾਰਨ ਉੱਤੇ ਰੋਕ ਲਗਾ ਦਿੱਤੀ। ਉਸ ਨੇ ਯਾਤਰੀਆਂ ਲਈ ਸੜਕਾਂ ਅਤੇ ਸਰ੍ਹਾਵਾਂ ਬਣਵਾਈਆਂ, ਖੂਹ ਖੁਦਵਾਏ, ਮਨੁੱਖਾਂ ਅਤੇ ਪਸ਼ੂਆਂ ਲਈ ਹਸਪਤਾਲ ਬਣਵਾਏ। ਉਸ ਨੇ ਲੋਕਾਂ ਵਿੱਚ ਜਨ-ਕਲਿਆਣ ਦਾ ਸੰਦੇਸ਼ ਫੈਲਾਉਣ ਲਈ ਖਾਸ ਅਧਿਕਾਰੀ ਨਿਯੁੱਕਤ ਕੀਤੇ। ਉਸ ਨੇ ਸਭ ਨੂੰ ਅਹਿੰਸਾ ਦਾ ਪਾਲਣ, ਵੱਡਿਆਂ ਦਾ ਆਦਰ, ਛੋਟਿਆਂ ਨਾਲ, ਨੌਕਰਾਂ ਨਾਲ ਅਤੇ ਸਾਰੇ ਜੀਵ-ਜੰਤੂਆਂ ਨਾਲ ਪਿਆਰ ਅਤੇ ਦਇਆ ਦਾ ਭਾਵ ਰੱਖਣ ਦਾ ਸੰਦੇਸ਼ ਦਿੱਤਾ। ਉਸ ਨੇ ਗਰੀਬਾਂ ਨੂੰ ਦਾਨ ਦੇਣ ਅਤੇ ਸਭ ਧਰਮਾਂ ਦਾ ਆਦਰ ਕਰਨ ਲਈ ਕਿਹਾ। ਉਸ ਦੀਆਂ ਸਿੱਖਿਆਵਾਂ **ਅਸ਼ੋਕ ਦਾ ਧੰਮ** ਕਹਾਉਂਦੀਆਂ ਹਨ।

232 ਈ. ਪੂਰਵ ਵਿੱਚ ਅਸ਼ੋਕ ਦੀ ਮੌਤ ਹੋ ਗਈ। ਉਸ ਦੀ ਮੌਤ ਦੇ ਛੇਤੀਂ ਬਾਅਦ ਹੀ ਮੌਰੀਆ ਸਾਮਰਾਜ ਦਾ ਪਤਨ ਹੋ ਗਿਆ। ਕਿਉਂਕਿ ਉਸਦੇ ਉੱਤਰਾਧਿਕਾਰੀ ਆਯੋਗ ਸਨ। ਆਖਰੀ ਮੌਰੀਆ ਸਮਰਾਟ ਬ੍ਰਿਹਦਰਥ ਨੂੰ ਉਸ ਦੇ ਸੈਨਾਪਤੀ ਪੁਸ਼ਿਆਮਿੱਤਰ ਸ਼ੁੰਗ ਨੇ ਮਾਰ ਦਿੱਤਾ। ਸ਼ੁੰਗਾਂ ਬਾਰੇ ਅਸੀਂ ਅੱਗੇ ਪੜ੍ਹਾਂਗੇ।

## 1.1. ਮੌਰੀਆ ਰਾਜ ਪ੍ਰਬੰਧ :

ਕੌਟਿੱਲਿਆ ਦੇ **ਅਰਥਸ਼ਾਸਤਰ** ਅਤੇ ਮੈਗਸਥਨੀਜ਼ ਦੀ **ਇੰਡਿਕਾ** ਤੋਂ ਸਾਨੂੰ ਮੌਰੀਆ ਰਾਜ ਪ੍ਰਬੰਧ ਦਾ ਪਤਾ ਚਲਦਾ ਹੈ। ਇਹ ਇੱਕ ਵੱਡਾ ਅਤੇ ਚੰਗਾ ਰਾਜ ਪ੍ਰਬੰਧ ਸੀ। ਅਜਿਹਾ ਚੰਗਾ ਰਾਜ ਪ੍ਰਬੰਧ ਭਾਰਤ ਦੇ ਇਤਿਹਾਸ ਵਿੱਚ ਹੋਰ ਕਦੇ ਨਹੀਂ ਦੇਖਿਆ ਗਿਆ। ਰਾਜਾ ਸਾਮਰਾਜ ਦਾ ਮੁੱਖੀਆ ਹੁੰਦਾ ਸੀ। ਉਹ ਬਹੁਤ ਸ਼ਕਤੀਸ਼ਾਲੀ ਹੁੰਦਾ ਸੀ। ਉਹ ਲੜਾਈ ਸਮੇਂ ਸੈਨਾ ਦੀ ਅਗਵਾਈ ਕਰਦਾ ਸੀ, ਨਿਆਂ ਕਰਦਾ ਸੀ। ਉਹ ਲੋਕ ਭਲਾਈ ਦੇ ਕੰਮਾਂ ਦੀ ਨਿਗਰਾਨੀ ਕਰਦਾ ਅਤੇ ਕਰ ਲਗਾਉਂਦਾ ਸੀ। ਉਸ ਦੀ ਸਹਾਇਤਾ ਲਈ ਇੱਕ ਮੰਤਰੀ ਪਰਿਸ਼ਦ ਹੁੰਦੀ ਸੀ। ਮੰਤਰੀਆਂ ਨੂੰ **ਅਮਾਤਯ** ਵੀ ਕਿਹਾ ਜਾਂਦਾ ਸੀ। ਕਈ ਹੋਰ ਵੱਡੇ ਅਫ਼ਸਰ ਹੁੰਦੇ ਸਨ ਜਿਵੇਂ ਕਿ ਯੁਵਰਾਜ, ਸਨੀਧਾਤਾ (ਮੁੱਖ ਖਜ਼ਾਨਚੀ), ਸਮਾਹਰਤਾ (ਕਰ ਇਕੱਠੇ ਕਰਨ ਦਾ ਅਧਿਕਾਰੀ), ਲੇਖਾ-ਜੋਖਾ ਰੱਖਣ ਦਾ ਅਧਿਕਾਰੀ ਅਤੇ ਬਹੁਤ ਸਾਰੇ ਵਿਭਾਗਾਂ ਦੇ ਅਧਿਕਾਰੀ, ਜਿਵੇਂ ਕਿ ਜੰਗਲਾਂ ਦਾ, ਖਾਣਾਂ ਅਤੇ ਵਿਦੇਸ਼ ਯਾਤਰਾ ਦੇ ਅਧਿਕਾਰੀ ਆਦਿ।

*ਉਪਰੋਕਤ ਪੈਰ੍ਹੇ ਨੂੰ ਪੜ੍ਹਕੇ ਪਤਾ ਲਗਾਉ ਕਿ ਰਾਜਾ ਕੀ ਕਰਦਾ ਸੀ ?*

ਸਾਮਰਾਜ ਨੂੰ ਪ੍ਰਾਂਤਾਂ ਵਿੱਚ ਵੰਡਿਆ ਗਿਆ ਸੀ। ਆਮਤੌਰ ਤੇ ਰਾਜਕੁਮਾਰਾਂ ਨੂੰ ਪ੍ਰਾਂਤਾਂ ਦਾ ਗਵਰਨਰ ਬਣਾਇਆ ਜਾਂਦਾ ਸੀ। **ਰਾਜੁਕ, ਮਹਾਮਾਤਰ, ਯੁੱਕਤ** ਆਦਿ ਪ੍ਰਾਂਤਾਂ ਵਿੱਚ ਹੋਰ ਅਫ਼ਸਰ ਵੀ ਹੁੰਦੇ ਸਨ। ਮੌਰੀਆ ਸੈਨਾ ਵਿੱਚ ਪੈਦਲ ਸੈਨਿਕ, **ਘੋੜੇ** , ਹਾਥੀ ਅਤੇ ਰੱਥ ਸ਼ਾਮਲ ਸਨ। ਮੌਰੀਆ ਸ਼ਾਸਕਾਂ ਕੋਲ ਜਹਾਜ਼ੀ ਬੇੜਾ ਵੀ ਸੀ। ਮੌਰੀਆ ਦਾ ਜਸੂਸੀ ਵਿਭਾਗ ਬੜਾ ਤਾਕਤਵਰ ਸੀ। ਜਸੂਸਾਂ ਨੂੰ ਦੁਸ਼ਮਣਾਂ ਬਾਰੇ ਜਾਣਕਾਰੀ ਇਕੱਠੀ ਕਰਨ ਲਈ ਅਤੇ ਲੋਕਾਂ ਦੇ ਕੰਮਾਂ ਤੇ ਨਜ਼ਰ ਰੱਖਣ ਲਈ ਨਿਯੁਕਤ ਕੀਤਾ ਜਾਂਦਾ ਸੀ।

## 1.2. ਸਮਾਜਿਕ ਅਤੇ ਆਰਥਿਕ ਸਥਿਤੀ :

ਸਮਾਜਿਕ ਹਾਲਤ ਮਹਾਜਨਪਦ ਕਾਲ ਦੀ ਤਰ੍ਹਾਂ ਹੀ ਸੀ, ਜਿਸ ਬਾਰੇ ਤੁਸੀਂ ਪਿਛਲੇ ਪਾਠ ਵਿੱਚ ਪੜ੍ਹ ਚੁੱਕੇ ਹੋ। ਮੈਗਸਥਨੀਜ਼ ਨੇ ਲਿਖਿਆ ਹੈ ਕਿ ਲੋਕ ਭਾਂਤ-ਭਾਂਤ ਦੇ ਕਿੱਤੇ ਅਪਣਾਉਂਦੇ ਸਨ। ਪਾਟਲੀਪੁੱਤਰ ਵਿੱਚ ਬਹੁਤ ਸਾਰੇ ਵਿਦੇਸ਼ੀ ਆਉਂਦੇ ਰਹਿੰਦੇ ਸਨ। ਤਕਸ਼ਿਲਾ, ਪਾਟਲੀਪੁੱਤਰ ਅਤੇ ਵਾਰਾਨਸੀ ਸਿੱਖਿਆ ਦੇ ਮਹਾਨ ਕੇਂਦਰ ਸਨ। ਇਸਤਰੀਆਂ ਨੂੰ ਪੂਰੀ ਅਜ਼ਾਦੀ ਸੀ। ਵੱਖ-ਵੱਖ ਧਰਮਾਂ ਦੇ ਲੋਕ ਇਕੱਠੇ ਰਹਿੰਦੇ ਸਨ ਅਤੇ ਇੱਕ ਦੂਜੇ ਦਾ ਆਦਰ ਕਰਦੇ ਸਨ।

ਰਾਜ ਪ੍ਰਬੰਧ ਕਰਨ ਲਈ ਕਰ ਲਗਾਏ ਜਾਂਦੇ ਸਨ। ਆਮ ਤੌਰ ਤੇ ਉਪਜ ਦਾ 1/6 ਹਿੱਸਾ ਖੇਤੀਬਾੜੀ ਕਰ ਦੇ ਰੂਪ ਵਿੱਚ ਲਿਆ ਜਾਂਦਾ ਸੀ। ਸਿੰਚਾਈ, ਜੰਗਲਾਤ, ਖਣਿਜ, ਆਯਾਤ ਅਤੇ ਨਿਰਯਾਤ, ਵਪਾਰ ਅਤੇ ਉਦਯੋਗਿਕ ਧੰਦਿਆਂ ਤੇ ਵੀ ਟੈਕਸ ਲਗਾਏ ਜਾਂਦੇ ਸਨ। ਇਕੱਠੇ ਕੀਤੇ ਧਨ ਨੂੰ ਸੈਨਿਕਾਂ ਅਤੇ ਦੂਜੇ ਅਫ਼ਸਰਾਂ ਦੀਆਂ ਤਨਖਾਹਾਂ, ਲੋਕ-ਭਲਾਈ ਦੇ ਕੰਮਾਂ, ਸੜਕਾਂ

ਬਣਾਉਣ, ਸਿੰਚਾਈ ਦਾ ਪ੍ਰਬੰਧ ਕਰਨ ਅਤੇ ਹੋਰ ਅਜਿਹੇ ਕੰਮਾਂ ਉੱਤੇ ਖਰਚ ਕੀਤਾ ਜਾਂਦਾ ਸੀ। ਚੰਦਰ ਗੁਪਤ ਮੌਰੀਆ ਨੇ ਗੁਜਰਾਤ ਵਿੱਚ **ਸੁਦਰਸ਼ਨ** ਨਾਂ ਦੀ ਇੱਕ ਵਿਸ਼ਾਲ ਝੀਲ ਬਣਵਾਈ ਸੀ, ਜਿਸ ਨਾਲ ਸਿੰਚਾਈ ਅਤੇ ਪੀਣ ਦੇ ਪਾਣੀ ਦਾ ਪ੍ਰਬੰਧ ਹੋ ਸਕੇ।

### 1.3. ਕਲਾ ਅਤੇ ਭਵਨ ਨਿਰਮਾਣ

ਮੌਰੀਆ ਸਮਰਾਟਾਂ ਨੂੰ ਕਲਾ ਨਾਲ ਬਹੁਤ ਪਿਆਰ ਸੀ। ਚੰਦਰ ਗੁਪਤ ਮੌਰੀਆ ਨੇ ਇੱਕ ਵੱਡਾ ਰਾਜ ਮਹਿਲ ਬਣਵਾਇਆ ਸੀ। ਮੈਗਸਥਨੀਜ਼ ਲਿਖਦਾ ਹੈ ਕਿ ਇਹ ਬਹੁਤ ਸੁੰਦਰ ਮਹਿਲ ਸੀ। ਅਸ਼ੋਕ ਨੇ ਬਹੁਤ ਸਾਰੇ ਸਤੂਪਾਂ ਦਾ ਨਿਰਮਾਣ ਕਰਵਾਇਆ। ਇਹਨਾਂ ਵਿੱਚ ਮੱਧ ਪ੍ਰਦੇਸ਼ ਵਿੱਚ ਸਾਂਚੀ ਦਾ ਸਤੂਪ ਬਹੁਤ ਪ੍ਰਸਿੱਧ ਹੈ। ਉਸ ਨੇ ਭਿਖਸ਼ੂਆਂ ਅਤੇ ਨਿਰਗ੍ਰੰਥਾਂ ਲਈ ਬਿਹਾਰ ਦੇ




*ਚਿੱਤਰ 12.4 ਸਾਂਚੀ ਦਾ ਸਤੂਪ*

ਨਾਗਅਰਜੁਨੀ ਅਤੇ ਬਾਰਾਬਰ ਦੇ ਪਹਾੜਾਂ ਵਿੱਚ ਸੁੰਦਰ ਗੁਫਾਵਾਂ ਬਣਵਾਈਆਂ। ਅਸ਼ੋਕ ਦੇ ਸਮੇਂ ਦੀ ਕਲਾ ਦਾ ਸਭ ਤੋਂ ਸੋਹਣਾ ਨਮੂਨਾ ਉਸ ਦੁਆਰਾ ਬਣਵਾਏ ਪੱਥਰ ਦੇ ਵੱਡੇ-ਵੱਡੇ ਸਤੰਭ ਹਨ।



*ਚਿੱਤਰ 12.5 ਬਾਰਾਬਰ ਦੀ ਗੁਫਾ*

ਚੁਨਾਰ ਦੇ ਪੱਥਰ ਦੇ ਬਣੇ ਇਹ ਸਤੰਭ 34 ਫੁੱਟ ਉੱਚੇ ਹਨ। ਇਹਨਾਂ ਉੱਤੇ ਬਹੁਤ ਵਧੀਆ ਪਾਲਿਸ਼ ਕੀਤੀ ਗਈ ਹੈ, ਜਿਸ ਵਿੱਚ ਸ਼ੀਸ਼ੇ ਵਾਂਗ ਚਮਕ ਹੈ। ਇਹਨਾਂ ਸਤੰਭਾਂ ਉੱਤੇ ਬੈਲ, ਹਾਥੀ,



ਚਿੱਤਰ 12.6 ਅਸ਼ੋਕ ਸਤੰਭ

ਸ਼ੇਰ ਦੀਆਂ ਮੂਰਤੀਆਂ ਲਗਾਈਆਂ ਗਈਆਂ ਸਨ। ਇੱਕ ਅਜਿਹੀ ਮੂਰਤੀ ਵਿੱਚ ਚਾਰ ਸ਼ੇਰ ਪਿੱਠ ਨਾਲ ਪਿੱਠ ਲਗਾ ਕੇ ਬੈਠੇ ਦਿਖਾਏ ਗਏ ਹਨ। ਸਾਰਨਾਥ (ਉੱਤਰ ਪ੍ਰਦੇਸ਼) ਤੋਂ ਪ੍ਰਾਪਤ ਹੋਈ ਇਹ ਮੂਰਤੀ ਹੁਣ ਸਾਡਾ ਰਾਸ਼ਟਰ ਚਿੰਨ੍ਹ ਹੈ। ਇਹਨਾਂ ਸਤੰਭਾਂ ਤੇ ਅਸ਼ੋਕ ਨੇ ਅਪਣੇ ਲੇਖ ਖੁਦਵਾਏ ਸਨ। ਇਹਨਾਂ ਦੇ ਇਲਾਵਾ ਯਕਸ਼ਾਂ ਅਤੇ ਯਕਸ਼ਣੀਆਂ ਦੀਆਂ ਖ਼ੂਬਸੂਰਤ ਮੂਰਤੀਆਂ ਵੀ ਬਣਵਾਈਆਂ ਗਈਆਂ ਸਨ। ਪਟਨਾ ਦੇ ਨੇੜੇ ਦੀਦਾਰ ਗੰਜ ਤੋਂ ਪ੍ਰਾਪਤ ਹੋਈ ਮੋਢੇ ਤੇ ਚੌਰੀ ਚੁੱਕੀ ਹੋਈ ਇੱਕ ਯਕਸ਼ਣੀ ਦੀ ਮੂਰਤੀ ਬਹੁਤ ਪ੍ਰਸਿੱਧ ਹੈ।



ਚਿੱਤਰ 12.7 ਸਾਰਨਾਥ ਵਿਖੇ ਅਸ਼ੋਕ ਸਤੰਭ ਦਾ ਉਪਰਲਾ ਭਾਗ

## 1.4. ਮੌਰੀਆ ਸਾਮਰਾਜ ਦਾ ਪਤਨ :

ਅਸ਼ੋਕ ਦੀ ਮੌਤ ਤੋਂ ਪਿੱਛੋਂ ਮੌਰੀਆ ਸਾਮਰਾਜ ਛੋਟੇ-ਛੋਟੇ ਰਾਜਾਂ ਵਿੱਚ ਵੰਡਿਆ ਗਿਆ, ਜਿਸ ਦੇ ਕਈ ਕਾਰਨ ਸਨ, ਜਿੰਨ੍ਹਾਂ ਵਿੱਚੋਂ ਇੱਕ ਕਾਰਨ ਇਹ ਸੀ ਕਿ ਅਸ਼ੋਕ ਦੇ ਉਤਰਾਧਿਕਾਰੀ ਅਯੋਗ ਸਨ। ਉਹ ਸਾਮਰਾਜ ਤੇ ਠੀਕ ਤਰ੍ਹਾਂ ਨਾਲ ਕਾਬੂ ਨਾ ਰੱਖ ਸਕੇ। ਦੂਜਾ ਕਾਰਨ ਇਹ ਸੀ

ਕਿ ਉਹ ਆਪਣੇ ਰਾਜ ਵਿੱਚ ਸੜਕਾਂ ਦਾ ਜਾਲ ਨਾ ਵਿਛਾਅ ਸਕਿਆ। ਸੜਕਾਂ ਦੀ ਘਾਟ ਕਰਕੇ ਪ੍ਰਾਂਤਾਂ ਵਿਚਕਾਰ ਵਪਾਰ ਅਤੇ ਆਪਸੀ ਸੰਬੰਧ ਖ਼ਤਮ ਹੋ ਗਏ। ਸਰਕਾਰੀ ਆਮਦਨ ਦੀ ਲਗਾਤਾਰ ਆਮਦ ਤੋਂ ਬਿਨਾਂ ਇੱਕ ਵੱਡੀ ਸੈਨਾ ਦਾ ਪ੍ਰਬੰਧ ਚਲਾਉਣਾ ਔਖਾ ਸੀ। **ਤੀਜਾ** ਕਾਰਨ ਇਹ ਸੀ ਕਿ ਅਫ਼ਸਰ ਭ੍ਰਿਸ਼ਟਾਚਾਰੀ ਅਤੇ ਖੁਦਮੁਖਤਾਰ ਹੋ ਗਏ ਸਨ। ਇਸ ਕਰਕੇ ਸ਼ਾਸਨ ਪ੍ਰਬੰਧ ਦੀ ਸਾਰੀ ਵਿਵਸਥਾ ਫੇਲ੍ਹ ਹੋ ਗਈ। ਚੌਥਾ ਕਾਰਨ ਇਹ ਸੀ ਕਿ ਮੌਰੀਆ ਵੰਸ਼ ਦੇ ਆਖ਼ਰੀ ਸ਼ਾਸਕ ਬ੍ਰਿਹਦਰਥ ਦਾ 184 ਈ. ਵਿੱਚ ਪੁਸ਼ਿਆਮਿੱਤਰ ਸ਼ੁੰਗ ਨੇ ਕਤਲ ਕਰ ਦਿੱਤਾ ਸੀ, ਜਿਸ ਕਰਕੇ ਮੌਰੀਆ ਵੰਸ਼ ਦਾ ਪਤਨ ਹੋ ਗਿਆ।

## 2. ਸ਼ੁੰਗ ਵੰਸ਼ :

ਮੌਰੀਆ ਸੈਨਾਪਤੀ ਪੁਸ਼ਿਆਮਿੱਤਰ ਸ਼ੁੰਗ ਨੇ ਅੰਤਿਮ ਮੌਰੀਆ ਸਮਰਾਟ ਬ੍ਰਿਹਦਰਥ ਨੂੰ ਮਾਰ ਕੇ 184 ਈ. ਪੂਰਵ ਵਿੱਚ ਰਾਜਗੱਦੀ ਪ੍ਰਾਪਤ ਕਰ ਲਈ। ਉਸ ਦਾ ਵੰਸ਼ 'ਸ਼ੁੰਗ ਵੰਸ਼' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਪੁਸ਼ਿਆਮਿੱਤਰ ਇੱਕ ਸ਼ਕਤੀਸ਼ਾਲੀ ਰਾਜਾ ਸੀ, ਜਿਸ ਨੇ ਕਈ ਜਿੱਤਾਂ ਪ੍ਰਾਪਤ ਕੀਤੀਆਂ। ਉਸ ਦੇ ਸਮੇਂ ਵਿੱਚ ਯੂਨਾਨੀ ਹਮਲਾਵਰ ਮਿਨਾਂਦਰ ਨੇ ਭਾਰਤ ਉੱਤੇ ਹਮਲਾ ਕੀਤਾ। ਪੁਸ਼ਿਆਮਿੱਤਰ ਨੇ ਆਪਣੇ ਪੋਤੇ ਵਸੁਮਿੱਤਰ ਨੂੰ ਯੂਨਾਨੀਆਂ ਨਾਲ ਲੜਨ ਲਈ ਭੇਜਿਆ। ਵਸੁਮਿੱਤਰ ਨੇ ਹਮਲਾਵਰਾਂ ਨੂੰ ਸਿੰਧ ਨਦੀ ਦੇ ਕੰਢੇ ਹਰਾਇਆ। ਪੁਸ਼ਿਆਮਿੱਤਰ ਨੇ ਦੋ ਅਸ਼ਵਮੇਘ ਯੱਗ ਕੀਤੇ। ਮੱਧ ਪ੍ਰਦੇਸ਼ ਵਿੱਚ **ਭਰਹੁਤ** ਸਤੂਪ ਉਸ ਦੇ ਸਮੇਂ ਬਣਾਇਆ ਗਿਆ। ਉਸ ਦੇ ਬਾਅਦ ਉਸ ਦਾ ਪੁੱਤਰ ਅਗਨੀਮਿੱਤਰ ਰਾਜਾ ਬਣਿਆ। ਛੇਤੀ ਹੀ ਸ਼ੁੰਗ ਵੰਸ਼ ਦਾ ਪਤਨ ਹੋ ਗਿਆ।

### ਯਾਦ ਰੱਖਣ ਯੋਗ ਨੁਕਤੇ

1. 326 ਈ.ਪੂ. ਵਿਚ ਮਕਦੂਨੀਆ ਦੇ ਮਹਾਨ ਸ਼ਾਸਕ ਸਿਕੰਦਰ ਨੇ ਭਾਰਤ ਉਤੇ ਹਮਲਾ ਕੀਤਾ।
2. ਚੰਦਰ ਗੁਪਤ ਮੌਰੀਆ ਨੇ ਆਪਣੇ ਗੁਰੂ ਚਾਣਕਿਆ ਦੀ ਸਹਾਇਤਾ ਨਾਲ 321 ਈ.ਪੂ. ਵਿਚ ਨੰਦ ਵੰਸ਼ ਨੂੰ ਖਤਮ ਕਰਕੇ ਮੌਰੀਆ ਵੰਸ਼ ਦੀ ਨੀਹ ਰੱਖੀ।
3. ਚੰਦਰਗੁਪਤ ਨੇ ਸੈਲਯੂਕਸ ਨੂੰ ਹਰਾ ਕੇ ਅਫਗਾਨਿਸਤਾਨ ਦਾ ਕਾਫੀ ਹਿੱਸਾ ਮੌਰੀਆ ਸਾਮਰਾਜ ਵਿੱਚ ਸ਼ਾਮਲ ਕੀਤਾ।
4. ਅਰਥਸ਼ਾਸਤਰ ਅਤੇ ਇੰਡਿਕਾ ਪੁਸਤਕ ਤੋਂ ਮੌਰੀਆ ਰਾਜ ਪ੍ਰਬੰਧ ਬਾਰੇ ਜਾਣਕਾਰੀ ਮਿਲਦੀ ਹੈ।
5. ਬਿੰਦੂਸਾਰ 297 ਈ.ਪੂ. ਵਿੱਚ ਰਾਜਾ ਬਣਿਆ ਅਤੇ 25 ਸਾਲ ਰਾਜ ਕੀਤਾ।
6. ਅਸ਼ੋਕ ਨੇ 261 ਈ.ਪੂ. ਵਿੱਚ ਕਲਿੰਗ ਉਤੇ ਜਿੱਤ ਪ੍ਰਾਪਤ ਕਰਨ ਪਿੱਛੋ ਸਦਾ ਲਈ ਯੁੱਧ ਦਾ ਤਿਆਗ ਕਰ ਦਿੱਤਾ ਅਤੇ ਬੁੱਧ ਧਰਮ ਨੂੰ ਮੰਨਣ ਲੱਗ ਪਿਆ।ਉਸ ਦੀਆਂ ਸਿੱਖਿਆਵਾਂ ਅਸ਼ੋਕ ਦਾ ਧੰਮ ਕਹਾਉਂਦੀਆਂ ਹਨ।
7. ਮੌਰੀਆ ਸੈਨਾਪਤੀ ਪੁਸ਼ਿਆ ਮਿੱਤਰ ਸ਼ੁੰਗ ਨੇ ਮੌਰੀਆ ਸਮਰਾਟ ਬ੍ਰਿਹਦਰਥ ਨੂੰ ਮਾਰ ਕੇ 184 ਈ.ਪੂ. ਵਿਚ ਰਾਜਗੱਦੀ ਪ੍ਰਾਪਤ ਕਰ ਲਈ।

# ਅਭਿਆਸ

## I. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(1) ਸਿਕੰਦਰ ਬਾਰੇ ਤੁਸੀਂ ਕੀ ਜਾਣਦੇ ਹੋ ?

(2) ਕੌਟੱਲਿਆ ਬਾਰੇ ਇੱਕ ਨੋਟ ਲਿਖੋ।

(3) ਅਸ਼ੋਕ ਨੂੰ 'ਮਹਾਨ' ਕਿਉਂ ਕਿਹਾ ਜਾਂਦਾ ਹੈ ?

(4) ਮੌਰੀਆ ਕਲਾ ਬਾਰੇ ਤੁਸੀਂ ਕੀ ਜਾਣਦੇ ਹੋ ?

## II. ਹੇਠ ਲਿਖੇ ਵਾਕਾਂ ਵਿੱਚ ਖਾਲੀ ਥਾਵਾਂ ਭਰੋ :

(1) ਸਿਕੰਦਰ ਦੇ ਸੈਨਿਕ ਪੰਜਾਬ ਦੇ ਲੋਕਾਂ ਦੀ .................... ਵੇਖਕੇ ਡਰ ਗਏ।

(2) ਚੰਦਰ ਗੁਪਤ ਨੇ .................... ਈ.ਪੂ. ਤੱਕ ਰਾਜ ਕੀਤਾ।

(3) ਸੈਲਯੂਕਸ .................... ਦਾ ਯੂਨਾਨੀ ਰਾਜਦੂਤ ਸੀ।

(4) ਕੌਟੱਲਿਆ ਦੇ .................... ਅਤੇ ਮੈਗਸਥਨੀਜ਼ ਦੀ .................... ਪੁਸਤਕ ਤੋਂ ਸਾਨੂੰ ਮੌਰੀਆ ਸਾਮਰਾਜ ਦੇ ਰਾਜ ਪ੍ਰਬੰਧ ਬਾਰੇ ਜਾਣਕਾਰੀ ਮਿਲਦੀ ਹੈ।

(5) ਮੱਧ ਪ੍ਰਦੇਸ਼ ਵਿਚ .................... ਦਾ ਸਤੂਪ ਬਹੁਤ ਪ੍ਰਸਿੱਧ ਹੈ।

## III. ਹੇਠ ਲਿਖੇ ਸ਼ਬਦਾਂ ਦਾ ਸਹੀ ਮਿਲਾਨ ਕਰੋ :

| | |
|---|---|
| (1) ਮੈਗਸਥਨੀਜ਼ | (ੳ) ਅਰਥਸ਼ਾਸਤਰ |
| (2) ਕੌਟੱਲਿਆ | (ਅ) ਸਤੂਪ |
| (3) ਸਾਂਚੀ | (ੲ) ਮੰਤਰੀ |
| (4) ਅਮਾਤਯਾ | (ਸ) ਇੰਡਿਕਾ |

## IV. ਹੇਠ ਲਿਖੇ ਵਾਕਾਂ ਸਾਹਮਣੇ ਸਹੀ (✓) ਜਾਂ ਗ਼ਲਤ (×) ਦਾ ਨਿਸ਼ਾਨ ਲਗਾਓ :

(1) ਸੈਲਯੂਕਸ ਨੇ ਚੰਦਰ ਗੁਪਤ ਮੌਰੀਆ ਨੂੰ ਹਰਾਇਆ। ☐

(2) ਅਸ਼ੋਕ ਨੇ ਲੋਹੇ ਦੇ ਵਿਸ਼ਾਲ ਸਤੰਭ ਬਣਵਾਏ। ☐

(3) ਮਹਾਮਾਤਰ ਸਿਕੰਦਰ ਦੇ ਅਫ਼ਸਰ ਸਨ। ☐

(4) ਅਸ਼ੋਕ ਨੇ ਕਲਿੰਗ ਯੁੱਧ ਦੇ ਪਿੱਛੋਂ ਬੁੱਧ ਧਰਮ ਅਪਨਾਇਆ। ☐


(5) ਚੰਦਰ ਗੁਪਤ ਨੇ ਸੁਦਰਸ਼ਨ ਝੀਲ ਦਾ ਨਿਰਮਾਣ ਕਰਵਾਇਆ। ☐

**ਗਤੀਵਿਧੀ**

ਅਸ਼ੋਕ ਦੁਆਰਾ ਬਣਾਏ ਗਏ ਸਮਾਰਕਾਂ ਦੀਆਂ ਤਸਵੀਰਾਂ ਇਕੱਠੀਆਂ ਕਰੋ ਅਤੇ ਆਪਣੀ ਨੋਟ ਬੁੱਕ ਵਿੱਚ ਚਿਪਕਾਓ।

## For Practice

ਮੌਰਿਆ ਸਾਮਰਾਜ



ਪਾਠ 13

# ਭਾਰਤ 200 ਈ. ਪੂ. ਤੋਂ 300 ਈ. ਤਕ

## 1. ਦੱਕਨ :

ਵਿੰਧਿਆਚਲ ਪਰਬਤ ਅਤੇ ਨਰਮਦਾ ਨਦੀ ਦੇ ਦੱਖਣੀ ਇਲਾਕੇ ਨੂੰ **'ਦੱਕਨ'** ਕਿਹਾ ਜਾਂਦਾ ਹੈ। ਪ੍ਰਾਚੀਨ ਕਾਲ ਵਿੱਚ ਇਸ ਨੂੰ ਦਕਿਸ਼ਣਾਪੱਥ ਕਿਹਾ ਜਾਂਦਾ ਸੀ।

ਦੱਕਨ ਵਿੱਚ ਮੌਰੀਆ ਦੇ ਪ੍ਰਸਿੱਧ ਸ਼ਾਸਕ ਸਾਤਵਾਹਨ ਸਨ, ਜਿੰਨ੍ਹਾਂ ਨੇ ਲਗਪਗ ਤਿੰਨ ਸੌ ਸਾਲ (ਪਹਿਲੀ ਸਦੀ ਈ. ਪੂਰਵ ਤੋਂ 220 ਈ.) ਤੱਕ ਰਾਜ ਕੀਤਾ।

## 1.1. ਸਾਤਵਾਹਨ :

ਗੌਤਮੀਪੁੱਤਰ ਸ਼ਾਤਕਰਣੀ ਇੱਕ ਮਹਾਨ ਸਾਤਵਾਹਨ ਸ਼ਾਸਕ ਸੀ। ਉਸ ਨੇ 106 ਈ. ਤੋਂ 130 ਈ. ਤੱਕ ਰਾਜ ਕੀਤਾ। ਉਹ ਇੱਕ ਮਹਾਨ ਜੇਤੂ ਅਤੇ ਦਿਆਲੂ ਰਾਜਾ ਸੀ।



*ਚਿੱਤਰ **13.1** ਗੌਤਮੀ ਪੁੱਤਰ ਸ਼ਤਕਰਣੀ*

ਗੌਤਮੀਪੁੱਤਰ ਸ਼ਾਤਕਰਣੀ ਦਾ ਉੱਤਰਾਧਿਕਾਰੀ ਉਸ ਦਾ ਪੁੱਤਰ ਵਸ਼ਿਸ਼ਠੀ ਪੁਲੁਮਾਵਿ ਨੇ 130-154 ਈ. ਤੱਕ ਰਾਜ ਕੀਤਾ। ਉਸ ਨੇ ਮਹਾਰਾਸ਼ਟਰ ਵਿੱਚ ਔਰੰਗਾਬਾਦ ਜ਼ਿਲ੍ਹੇ ਦੇ ਪ੍ਰਤਿਸ਼ਠਾਨ ਨਾਮੀ ਸਥਾਨ ਨੂੰ ਆਪਣੀ ਰਾਜਧਾਨੀ ਬਣਾਇਆ। ਸਾਤਵਾਹਨਾਂ ਦਾ ਅੰਤਿਮ ਮਹਾਨ ਸ਼ਾਸਕ ਯੱਗਸ਼੍ਰੀ ਸ਼ਾਤਕਰਣੀ ਸੀ। ਉਸ ਨੇ ਵਪਾਰ ਨੂੰ ਪ੍ਰਫੁੱਲਿਤ ਕੀਤਾ ਅਤੇ ਮਲਾਇਆ ਵਿੱਚ ਜਹਾਜ਼ੀ ਮੁਹਿੰਮਾਂ ਭੇਜੀਆਂ। ਉਸ ਦੀ ਮੌਤ ਤੋਂ ਬਾਅਦ ਸਾਤਵਾਹਨ ਵੰਸ਼ ਦਾ ਪਤਨ ਅਤੇ 220 ਈ. ਵਿੱਚ ਰਾਜ ਦਾ ਅੰਤ ਹੋ ਗਿਆ।

### 1.2. ਸ਼ਾਸਨ ਪ੍ਰਬੰਧ :

ਰਾਜਾ ਨੂੰ ਧਰਮ ਦਾ ਰੱਖਿਅਕ ਅਤੇ ਦੈਵੀ ਸ਼ਕਤੀਆਂ ਦਾ ਧਾਰਨੀ ਮੰਨਿਆ ਜਾਂਦਾ ਸੀ। ਸਾਮਰਾਜ ਨੂੰ ਪ੍ਰਾਂਤਾਂ ਵਿੱਚ ਵੰਡਿਆ ਹੋਇਆ ਸੀ। ਪ੍ਰਾਂਤ ਦਾ ਪ੍ਰਬੰਧ ਸੈਨਾਪਤੀ ਦੁਆਰਾ ਚਲਾਇਆ ਜਾਂਦਾ ਸੀ। ਪ੍ਰਾਂਤਾਂ ਨੂੰ ਅੱਗੇ ਜ਼ਿਲ੍ਹਿਆਂ ਵਿੱਚ ਵੰਡਿਆ ਹੋਇਆ ਸੀ, ਜਿਨ੍ਹਾਂ ਦੇ ਅਧਿਕਾਰੀਆਂ ਨੂੰ ਅਮਾਤਯ ਅਤੇ ਮਹਾਮਾਤਰ ਕਿਹਾ ਜਾਂਦਾ ਹੈ। ਪੇਂਡੂ ਇਲਾਕਿਆਂ ਦਾ ਰਾਜ ਪ੍ਰਬੰਧ ਗੌਲਮੀਕਾ ਦੁਆਰਾ ਚਲਾਇਆ ਜਾਂਦਾ ਸੀ।

### 1.3. ਆਰਥਿਕ ਦਸ਼ਾ :

ਸਾਤਵਾਹਨਾਂ ਨੇ ਨਗਰਾਂ ਅਤੇ ਪਿੰਡਾਂ ਨੂੰ ਜੋੜਨ ਲਈ ਸੜਕਾਂ ਬਣਾਈਆਂ। ਉਨ੍ਹਾਂ ਨੇ ਅੰਦਰੂਨੀ ਅਤੇ ਵਿਦੇਸ਼ੀ ਦੋਵਾਂ ਤਰ੍ਹਾਂ ਦੇ ਵਪਾਰ ਨੂੰ ਪ੍ਰਫੁੱਲਿਤ ਕੀਤਾ। ਸਾਤਵਾਹਨ ਰਾਜ ਵਿੱਚ ਪੱਛਮੀ ਅਤੇ ਪੂਰਬੀ ਤੱਟਾਂ ਤੇ ਸਥਿਤ ਬੰਦਰਗਾਹਾਂ ਵੀ ਸ਼ਾਮਲ ਸਨ। ਬੰਦਰਗਾਹਾਂ ਅਰਬ, ਈਰਾਨ, ਮਿਸਰ, ਬਰਮਾ (ਮਿਆਂਮਾਰ) ਅਤੇ ਮਲਾਇਆ ਵਰਗੇ ਦੇਸਾਂ ਨਾਲ ਵਿਦੇਸ਼ੀ ਵਪਾਰ ਦਾ ਕੇਂਦਰ ਬਣ ਗਈਆਂ ਸਨ। ਸ਼ਰਾਬ, ਤਾਂਬਾ, ਸ਼ੀਸ਼ਾ ਅਤੇ ਕੀਮਤੀ ਪੱਥਰ ਬਾਹਰਲੇ ਦੇਸਾਂ ਤੋਂ ਭਾਰਤ ਵਿੱਚ ਮੰਗਵਾਏ ਜਾਂਦੇ ਸਨ। ਵਿਦੇਸ਼ਾਂ ਵਿੱਚ ਭੇਜੀਆਂ ਜਾਣ ਵਾਲੀਆਂ ਵਸਤਾਂ ਦੇ ਬਦਲੇ ਸੋਨੇ ਅਤੇ ਚਾਂਦੀ ਦੇ ਸਿੱਕੇ ਭਾਰਤ ਵਿੱਚ ਲਿਆਂਦੇ ਜਾਂਦੇ ਸਨ।

### 1.4. ਧਰਮ :

ਸਾਤਵਾਹਨ ਰਾਜੇ ਹਿੰਦੂ ਧਰਮ ਦੇ ਅਨੁਯਾਈ ਸਨ। ਆਮ ਤੌਰ ਤੇ ਵਿਸ਼ਨੂੰ ਅਤੇ ਸ਼ਿਵ ਦੇਵਤਿਆਂ ਦੀ ਪੂਜਾ ਕੀਤੀ ਜਾਂਦੀ ਸੀ। ਵਪਾਰੀ ਲੋਕ ਬੁੱਧ ਧਰਮ ਦੇ ਅਨੁਯਾਈ ਸਨ।

### 1.5. ਕਲਾ ਅਤੇ ਭਵਨ ਨਿਰਮਾਣ ਕਲਾ :

ਸਾਤਵਾਹਨਾਂ ਨੇ ਪੱਛਮੀ ਦੱਕਨ ਵਿੱਚ ਪੱਥਰ-ਕੱਟ ਭਵਨ ਨਿਰਮਾਣ ਕਲਾ ਅਤੇ ਗੁਫ਼ਾ-ਮੰਦਰਾਂ ਨੂੰ ਸਰਪ੍ਰਸਤੀ ਦਿੱਤੀ। ਪੂਨੇ ਦੇ ਨੇੜੇ ਕਾਰਲੇ ਦਾ ਪੱਥਰ-ਕੱਟ ਗੁਫ਼ਾ ਦੀ ਬਣਤਰ ਦਾ ਚੈਤਿਯਾ ਹਾਲ ਬਹੁਤ ਪ੍ਰਸਿੱਧ ਹੈ। ਚੈਤਿਯ ਦੇ ਨਾਲ ਬੋਧੀ ਭਿਖਸ਼ੂਆਂ ਲਈ ਪ੍ਰਾਰਥਨਾ ਜਾਂ ਸਭਾ ਹਾਲ ਸਨ, ਜੋ



ਚਿੱਤਰ 13.2 ਕਾਰਲੇ ਦੀ ਗੁਫ਼ਾ ਦਾ ਅੰਦਰਲਾ ਦ੍ਰਿਸ਼

ਪੱਥਰ-ਕੱਟ ਵਿਹਾਰਾਂ ਜਾਂ ਮੱਠਾਂ ਦੇ ਨੇੜੇ ਬਣਾਏ ਗਏ। ਇੱਕ ਵਿਹਾਰ ਵਿੱਚ ਇੱਕ ਹਾਲ ਜਿਸ ਦਾ ਦਰਵਾਜ਼ਾ ਉੱਪਰ ਵੱਲ ਇੱਕ ਵਰਾਂਡੇ ਵਿੱਚ ਖੁੱਲ੍ਹਦਾ ਸੀ।



ਚਿੱਤਰ 13.3 ਅਮਰਾਵਤੀ ਸਤੂਪ ਦੇ ਖੰਡਰ

ਸਾਤਵਾਹਨਾਂ ਨੇ ਬਹੁਤ ਸਾਰੇ ਸਤੂਪ ਵੀ ਬਣਾਏ। ਸਾਂਚੀ ਦੇ ਸਤੂਪਾਂ ਨਾਲੋਂ ਅਮਰਾਵਤੀ ਦਾ ਸਤੂਪ ਬਹੁਤ ਸੁੰਦਰਤਾ ਨਾਲ ਸਜਾਇਆ ਗਿਆ ਹੈ। ਇਸ ਵਿੱਚ ਬੁੱਧ ਦੇ ਜੀਵਨ ਦੀ ਸਾਰੀ ਕਹਾਣੀ ਨੂੰ ਦਰਸਾਉਂਦੇ ਹੋਏ ਚਿੱਤਰ ਤਰਾਸ਼ੇ ਗਏ ਹਨ। ਘੰਟ ਸਾਲ ਅਤੇ ਨਾਗਅਰਜੁਨਕੋਂਡਾ ਵਿਖੇ ਗੋਦਾਵਰੀ ਡੈਲਟਾ ਵਿੱਚ ਵੀ ਸਤੂਪ ਸਥਾਪਤ ਕੀਤੇ ਗਏ ਪ੍ਰੰਤੂ ਉਹ ਹੁਣ ਨਹੀਂ ਹਨ।



*ਚਿੱਤਰ **13.4** ਨਾਗਅਰਜੁਨਕੋਂਡਾ ਵਿਖੇ ਸਤੂਪ*


## 2. ਦੱਕਨ ਅਤੇ ਦੱਖਣੀ ਭਾਰਤ ਦੀ ਮਹਾਪਾਸ਼ਾਣ ਸੰਸਕ੍ਰਿਤੀ :

200 ਈ. ਪੂਰਵ ਵਿੱਚ ਲੋਹੇ ਦੀ ਖੋਜ ਭਾਰਤੀ ਸਭਿਅਤਾ ਦੇ ਵਿਕਾਸ ਵਿੱਚ ਇੱਕ ਮਹੱਤਵਪੂਰਨ ਕੜੀ ਮੰਨੀ ਜਾਂਦੀ ਹੈ। ਲੋਹਾ ਤਾਂਬੇ ਅਤੇ ਕਾਂਸੇ ਨਾਲੋਂ ਜ਼ਿਆਦਾ ਮਜ਼ਬੂਤ ਹੁੰਦਾ ਹੈ। ਇਸ ਲਈ ਇਹ ਜ਼ਿਆਦਾ ਲਾਭਦਾਇਕ ਹੈ। ਇਹ ਜਲਦੀ ਹੀ ਲੋਕਪ੍ਰਿਯ ਹੋ ਗਿਆ ਅਤੇ ਲੋਕਾਂ ਨੇ ਇਸ ਦੇ ਔਜ਼ਾਰ, ਹਥਿਆਰ ਅਤੇ ਭਾਂਡੇ ਬਣਾਉਣੇ ਸ਼ੁਰੂ ਕਰ ਦਿੱਤੇ। ਦੱਕਨ ਅਤੇ ਦੱਖਣੀ ਭਾਰਤ ਵਿੱਚ ਇਸ ਦਾ ਪ੍ਰਯੋਗ ਲਗਪਗ 1200 ਈਸਵੀ ਪੂਰਵ ਵਿੱਚ ਸ਼ੁਰੂ ਹੋਇਆ। ਇਸ ਦੀ ਵਰਤੋਂ ਕਰਨ ਵਾਲੇ ਲੋਕ ਮਹਾਂਪਾਸ਼ਾਣ ਨਿਰਮਾਤਾਂ ਦੇ ਨਾਂ ਨਾਲ ਪ੍ਰਸਿੱਧ ਹਨ। ਇਹ ਨਾਂ ਉਹਨਾਂ ਦੇ ਮੁਰਦਿਆਂ ਨੂੰ ਦਫ਼ਨਾਉਣ ਦੇ ਇੱਕ ਖ਼ਾਸ ਰਿਵਾਜ਼ ਕਾਰਨ ਦਿੱਤਾ ਗਿਆ ਹੈ। ਕਿਸੇ ਵਿਸ਼ਾਲ ਪੱਥਰ ਨੂੰ ਮਹਾਪਾਸ਼ਾਣ ਕਿਹਾ ਜਾਂਦਾ ਹੈ। ਇਹ ਲੋਕ ਮੁਰਦਿਆਂ ਨੂੰ ਦਫ਼ਨਾਅ ਕੇ ਉਹਨਾਂ ਦੇ ਚਾਰੇ ਪਾਸੇ ਵਿਸ਼ਾਲ ਪੱਥਰਾਂ ਦਾ ਇੱਕ ਘੇਰਾ ਬਣਾਉਂਦੇ ਸਨ। ਇਸ ਤਰ੍ਹਾਂ ਇੱਕ ਗੋਲ ਬਾੜਾ ਬਣ ਜਾਂਦਾ ਸੀ। ਇਸ ਤਰ੍ਹਾਂ ਦੀਆਂ ਕਬਰਾਂ ਦੁਨੀਆ ਦੇ ਹੋਰ ਭਾਗਾਂ ਵਿੱਚ ਵੀ ਪ੍ਰਾਪਤ ਹੋਈਆਂ ਹਨ। ਹੋ ਸਕਦਾ ਹੈ ਕਿ ਇਹਨਾਂ ਲੋਕਾਂ ਨੂੰ ਇਹ ਵਿਸ਼ਵਾਸ ਹੋਵੇ ਕਿ ਮਨੁੱਖ ਮਰਨ ਤੋਂ ਬਾਅਦ ਦੂਜੀ ਦੁਨੀਆ ਵਿੱਚ ਚਲੇ ਜਾਂਦੇ ਹਨ ਅਤੇ

ਉਨ੍ਹਾਂ ਨੂੰ ਉੱਥੇ ਵੀ ਆਪਣੀਆਂ ਵਸਤੂਆਂ ਦੀ ਜ਼ਰੂਰਤ ਪੈਂਦੀ ਹੋਵੇਗੀ। ਇਸ ਲਈ ਮਰਨ ਵਾਲਿਆਂ ਦੀਆਂ ਵਸਤੂਆਂ ਜਿਵੇਂ ਭਾਂਡੇ, ਔਜ਼ਾਰ, ਹਥਿਆਰ ਆਦਿ ਉਹਨਾਂ ਦੇ ਨਾਲ ਹੀ ਦਫ਼ਨਾਅ ਦਿੱਤੇ ਜਾਂਦੇ ਸੀ। ਖ਼ੁਦਾਈ ਰਾਹੀਂ ਪ੍ਰਾਪਤ ਹੋਈਆਂ ਇਹਨਾਂ ਵਸਤੂਆਂ ਦੀ ਖੋਜ ਉਸ ਸਮੇਂ ਦੀ ਸੰਸਕ੍ਰਿਤੀ ਜਾਨਣ ਬਾਰੇ ਸਹਾਇਤਾ ਕਰਦੀ ਹੈ।

ਮਹਾਂਪਾਸ਼ਾਣ ਕਾਲ ਦੇ ਖੰਡਰ ਕਈ ਸਥਾਨਾਂ ਤੋਂ ਮਿਲੇ ਹਨ ਜਿਵੇਂ ਕਿ ਮਹਾਂਰਾਸ਼ਟਰ ਵਿੱਚ ਇਨਾਮਗਾਉ, ਤਕਲਾਘਾਟ, ਮਹੂਰਝੜੀ ਅਤੇ ਦੱਖਣੀ ਭਾਰਤ ਵਿੱਚ ਮਾਸਕੀ ਕੋਪਬਲ ਅਤੇ ਬ੍ਰਹਮਗਿਰੀ। ਇਹ ਲੋਕ ਕਾਲੇ ਅਤੇ ਲਾਲ ਰੰਗ ਦੇ ਮਿੱਟੀ ਦੇ ਬਰਤਨ ਵਰਤਦੇ ਸਨ। ਇਸ ਕਾਰਨ ਇਹਨਾਂ ਨੂੰ **'ਕਾਲੇ ਅਤੇ ਲਾਲ ਬਰਤਨਾਂ'** ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਨ੍ਹਾਂ ਵਿੱਚ ਕਈ ਤਰ੍ਹਾਂ ਦੇ ਘੜੇ ਅਤੇ ਦੂਜੇ ਬਰਤਨ ਸ਼ਾਮਲ ਹਨ। ਕਈ ਬਰਤਨ ਚੱਕ ਉੱਤੇ ਬਣਾਏ ਜਾਂਦੇ ਸਨ। ਤਾਮਿਲਨਾਡੂ ਵਿੱਚ ਕੁਝ ਵੱਡੇ-ਵੱਡੇ ਘੜਿਆਂ ਵਿੱਚ ਸਵਾਹ ਅਤੇ ਹੱਡੀਆਂ ਭਰੀਆਂ ਹੋਈਆਂ ਪ੍ਰਾਪਤ ਹੋਈਆਂ ਹਨ।

ਲੋਕ ਖੇਤੀਬਾੜੀ ਅਤੇ ਸ਼ਿਕਾਰ ਦੋਵਾਂ ਤਰ੍ਹਾਂ ਦੇ ਕਿੱਤੇ ਕਰਦੇ ਸਨ। ਦਾਤੀ, ਕੁਹਾੜੀ, ਕੁਦਾਲ ਵਰਗੇ ਔਜ਼ਾਰਾਂ ਅਤੇ ਚਾਵਲ ਦੀ ਖੋਜ ਤੋਂ ਪਤਾ ਲੱਗਦਾ ਹੈ ਕਿ ਖੇਤੀ ਦਾ ਕਿੱਤਾ ਕਾਫ਼ੀ ਉੱਨਤ ਸੀ। ਪ੍ਰੰਤੂ ਭਾਲੇ, ਛੁਰੇ, ਤੀਰਾਂ ਦੇ ਨੋਕੀਲੇ ਹਿੱਸੇ ਆਦਿ ਹਥਿਆਰਾਂ ਦੀ ਮਾਤਰਾ ਜ਼ਿਆਦਾ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਸ਼ਿਕਾਰ ਜ਼ਿਆਦਾ ਲੋਕਪ੍ਰਿਯ ਸੀ।



ਚਿੱਤਰ 13.5 ਮਹਾਪਾਸ਼ਣ ਯੁਗ ਦੇ ਪੱਥਰ ਦੇ ਔਜ਼ਾਰ

## 3. ਦੱਖਣੀ ਭਾਰਤ :

**3.1. ਚੋਲ :** ਚੋਲ ਮੰਡਲ (ਕਰੋਮੰਡਲ) ਚੋਲ ਰਾਜ ਕਵੇਰੀ ਡੈਲਟਾ ਵਿੱਚ ਸਥਿਤ ਸੀ ਅਤੇ ਇਸ ਦੀ ਰਾਜਧਾਨੀ ਉਰਯੁਰ (ਵਰਤਮਾਨ ਤ੍ਰਿਚਨਾਪਲੀ) ਸੀ। ਇੱਕ ਪ੍ਰਸਿੱਧ ਚੋਲ ਰਾਜਾ ਕਾਰੀਕਲ ਨੇ ਗੁਆਂਢੀ ਚੇਰ ਅਤੇ ਪਾਂਡਯ ਰਾਜਾਂ ਉੱਤੇ ਬਹੁਤ ਸਾਰੀਆਂ ਜਿੱਤਾਂ ਪ੍ਰਾਪਤ ਕੀਤੀਆਂ।

**3.2. ਪਾਂਡਯਾ :** ਪਾਂਡਯ ਰਾਜ ਦੀ ਰਾਜਧਾਨੀ ਮਦੁਰਾ ਸੀ। ਪਾਂਡਯ ਰਾਜ ਆਪਣੇ ਮੋਤੀਆਂ ਦੇ ਵਪਾਰ ਲਈ ਪ੍ਰਸਿੱਧ ਸੀ। ਨੇਦੂੰਜਦਾਯਨ ਇੱਕ ਪ੍ਰਸਿੱਧ ਪਾਂਡਯ ਸ਼ਾਸਕ ਮਦੁਰਾ ਵਿਖੇ ਹੋਣ ਵਾਲੀਆਂ ਮਹਾਨ ਸਾਹਿਤਕ ਸਭਾਵਾਂ ਦੇ ਸਰਪਰਸਤਾਂ ਵਿੱਚੋਂ ਸ਼ਾਇਦ ਇੱਕ ਸੀ।

**3.3. ਚੇਰ :** ਚੇਰ ਰਾਜ ਜਾਂ ਕੇਰਲਪੁਤਰ ਜਿਸ ਵਿੱਚ ਸਮੁੰਦਰ ਅਤੇ ਪੱਛਮੀ ਘਾਟਾਂ ਵਿਚਕਾਰਲੀ ਜਮੀਨ ਦੀ ਤੰਗ ਪੱਟੀ ਸ਼ਾਮਲ ਸੀ। ਇਸ ਵਿੱਚ ਮਾਲਾਬਾਰ, ਕੋਚੀਨ ਅਤੇ ਵਰਤਮਾਨ ਟਰਾਵਨਕੋਰ ਸ਼ਾਮਲ ਸਨ। ਇਸ ਦੀ ਰਾਜਧਾਨੀ ਵੰਜ਼ੀ ਸੀ। ਪਿਰੁਨਾਰ, ਆਦਨ-ਦੂਜਾ ਅਤੇ ਸੈਨਾਗੁੱਤੇਵਾਲ ਆਦਿ ਮਹਾਨ ਸ਼ਾਸਕ ਸਨ। ਇਹ ਜਾਪਦਾ ਹੈ ਕਿ ਚੇਰ ਰਾਜ ਦੇ ਰੋਮ ਅਤੇ ਮਿਸਰ ਨਾਲ ਪਹਿਲੀ ਸਦੀ ਈਸਵੀ ਤੋਂ ਹੀ ਸੰਬੰਧ ਸਥਾਪਤ ਹੋ ਗਏ ਸਨ।

**3.4. ਵਪਾਰ :** ਚੋਲ, ਪਾਂਡਯ, ਚੇਰ ਇਹ ਤਿੰਨੇ ਰਾਜ ਮਿਸਰ, ਅਰਬ, ਰੋਮ ਸਾਮਰਾਜ ਅਤੇ ਪੂਰਵ ਵੱਲ ਮਲਾਇਆ ਅਤੇ ਚੀਨ ਨਾਲ ਵਪਾਰ ਕਰਦੇ ਸਨ। ਟੋਡੀ, ਮੁਜੀਰਿਸ, ਕਵੇਰੀਪਟਨਮ, ਆਰਿਕਮੇਡੂ ਅਤੇ ਕਾਰਕਾਈ ਵਪਾਰਿਕ ਸੈਂਟਰਾਂ ਵਿੱਚੋਂ ਕੁਝ ਸਨ, ਜੋ ਸਮੁੰਦਰੋਂ ਪਾਰ ਵਪਾਰ ਕਰਕੇ ਖੁਸ਼ਹਾਲ ਹੋਏ ਸਨ। ਕੀਮਤੀ ਪੱਥਰ, ਮਸਾਲੇ, ਹਾਥੀ ਦੰਦ, ਮੋਤੀ, ਸਿਲਕ, ਮਲਮਲ, ਵਧੀਆ ਸੂਤੀ ਕੱਪੜਾ, ਪੰਛੀ ਅਤੇ ਪਸ਼ੂ ਜਿਵੇਂ ਮੋਰ ਅਤੇ ਬਾਂਦਰ ਬਾਹਰਲੇ ਦੇਸਾਂ ਵਿੱਚ ਭੇਜੇ ਜਾਂਦੇ ਸਨ। ਰੋਮ ਦੇ ਲੋਕ ਸ਼ੁੱਧ ਸੋਨੇ ਨਾਲ ਭਾਰਤੀ ਵਸਤੂਆਂ ਖਰੀਦਦੇ ਸਨ। ਰੋਮ ਦੇ ਸੋਨੇ ਨਾਲ ਦੱਖਣ ਦੇ ਭਾਰਤੀ ਰਾਜ ਬਹੁਤ ਅਮੀਰ ਹੋ ਗਏ ਸਨ।

**3.5. ਲੋਕਾਂ ਦਾ ਜੀਵਨ :** ਦੱਖਣੀ ਭਾਰਤ ਦੇ ਜ਼ਿਆਦਾਤਰ ਲੋਕ ਪਿੰਡਾਂ ਵਿੱਚ ਰਹਿੰਦੇ ਸਨ। ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਕਰਨਾ ਸੀ। ਸ਼ਾਹੀ ਖਾਨਦਾਨ ਅਤੇ ਅਮੀਰ ਲੋਕ ਨਗਰਾਂ ਦੇ ਅੰਦਰੂਨੀ ਭਾਗਾਂ ਵਿੱਚ ਰਹਿੰਦੇ ਸਨ। ਬਹੁਤ ਸਾਰੇ ਵਪਾਰੀ ਅਤੇ ਕਾਰੀਗਰ ਤੱਟਾਂ ਨਾਲ ਲੱਗਦੇ ਨਗਰਾਂ ਵਿੱਚ ਰਹਿੰਦੇ ਸਨ, ਜਿੱਥੇ ਵਪਾਰ ਕਰਨਾ ਸੌਖਾ ਹੁੰਦਾ ਸੀ। ਲੋਕ ਆਪਣੇ ਕਿੱਤਿਆਂ ਅਤੇ ਹੁਨਰਾਂ ਤੇ ਟੈਕਸ ਦਿੰਦੇ ਸਨ। ਸੰਗੀਤ, ਨਾਚ, ਕਵਿਤਾ-ਉਚਾਰਣ ਅਤੇ ਜੂਆ ਆਦਿ ਮੰਨੋਰੰਜਨ ਦੀਆਂ ਕਿਸਮਾਂ ਸਨ। ਬੀਣਾਂ, ਬੰਸਰੀਆਂ, ਤਾਰਾਂ ਦੀ ਤਰੰਗ ਵਾਲੇ ਔਜ਼ਾਰ ਅਤੇ ਢੋਲ ਵਰਗੇ ਸੁਰੀਲੇ ਸੰਗੀਤ ਦੇ ਔਜ਼ਾਰਾਂ ਦੀ ਵਰਤੋਂ ਕੀਤੀ ਜਾਂਦੀ ਸੀ।

**3.6. ਧਰਮ** :ਉੱਤਰੀ ਭਾਰਤ ਦੇ ਧਾਰਮਿਕ ਵਿਚਾਰ, ਜਿਵੇਂ ਕਿ ਵੈਦਿਕ ਦੇਵਤਿਆਂ ਦੀ ਪੂਜਾ, ਬੁੱਧ ਮਤ ਅਤੇ ਜੈਨ ਮਤ ਦੇ ਸਿਧਾਂਤ ਦੱਖਣੀ ਲੋਕਾਂ ਵਿੱਚ ਮਸ਼ਹੂਰ ਸਨ। ਫਿਰ ਵੀ ਬਹੁਸੰਖਿਆ ਵਿੱਚ ਲੋਕਾਂ ਨੇ ਆਪਣੇ-ਆਪਣੇ ਦੇਵੀ-ਦੇਵਤਿਆਂ ਦੀ ਪੂਜਾ ਕਰਨੀ ਜਾਰੀ ਰੱਖੀ। ਉੱਤਰ ਦਿਸ਼ਾ ਵਿੱਚ ਕਾਰਤਿਕ ਨਾਂ ਨਾਲ ਜਾਣਿਆ ਜਾਂਦਾ ਮੌਰਗਨ, ਦੱਖਣ ਵਿੱਚ ਇੱਕ ਪ੍ਰਸਿੱਧ ਦੇਵਤਾ ਸੀ। ਤੱਟੀ ਇਲਾਕਿਆਂ ਵਿੱਚ ਰਹਿਣ ਵਾਲੇ ਲੋਕਾਂ ਦਾ ਇੱਕ ਵੱਡਾ ਹਿੱਸਾ ਵੀ ਸਮੁੰਦਰੀ ਦੇਵਤਿਆਂ ਦੀ ਪੂਜਾ ਕਰਦਾ ਸੀ।

**3.7. ਈਸਾਈ ਮਤ** : 100 ਈ. ਵਿੱਚ ਪੱਛਮੀ ਏਸ਼ੀਆ ਵਿੱਚ ਇੱਕ ਨਵਾਂ ਧਰਮ ਈਸਾਈ ਮਤ ਉਤਪੰਨ ਹੋਇਆ, ਜੋ ਭਾਰਤ ਵਿੱਚ ਲਿਆਂਦਾ ਗਿਆ। ਇਸ ਦਾ ਧਰਮ-ਉਪਦੇਸ਼ **ਈਸਾ ਮਸੀਹ** ਦੁਆਰਾ ਦਿੱਤਾ ਗਿਆ। ਇਹ ਮੁੱਢਲੇ ਯਹੂਦੀ ਧਰਮ 'ਤੇ ਅਧਾਰਤ ਸੀ, ਜਿਹੜਾ ਸਿਰਫ਼ ਇੱਕ ਪ੍ਰਮਾਤਮਾ ਦੀ ਪੂਜਾ ਕਰਨ ਦੀ ਸਿੱਖਿਆ ਦਿੰਦਾ ਸੀ। ਈਸਾਈ ਧਰਮ ਦਾ ਸਾਰੇ ਯੂਰਪ ਵਿੱਚ ਬਹੁਤ ਸਾਰੇ ਰੂਪਾਂ ਵਿੱਚ ਪਰਸਾਰ ਹੋਇਆ, ਜਿੱਥੇ ਇਹ ਇੱਕ ਪ੍ਰਸਿੱਧ ਧਰਮ ਬਣ ਗਿਆ। ਭਾਰਤ ਵਿੱਚ ਈਸਾਈ ਧਰਮ ਦਾ ਪਰਸਾਰ ਸਭ ਤੋਂ ਪਹਿਲਾਂ ਮਾਲਾਬਾਰ ਤੱਟ ਅਤੇ ਚੇਨੱਈ (ਮਦਰਾਸ) ਦੇ ਲੋਕਾਂ ਵਿੱਚ ਹੋਇਆ। ਸ਼ਿਲਾਲੇਖ ਪ੍ਰਮਾਣ ਤੋਂ ਪਤਾ ਲੱਗਦਾ ਹੈ ਕਿ 700 ਈ. ਤੋਂ ਕੇਰਲ ਵਿੱਚ ਈਸਾਈ-ਭਾਰਤੀ ਭਾਈਚਾਰੇ ਰਹਿੰਦੇ ਸਨ।

## 4. ਉੱਤਰੀ ਭਾਰਤ :

ਪਿੱਛਲੇ ਪਾਠ ਵਿੱਚ ਅਸੀਂ ਸਿਕੰਦਰ ਬਾਰੇ ਪੜ੍ਹਿਆ ਸੀ। ਉਸ ਨੇ 326 ਈ. ਪੂਰਵ ਵਿੱਚ ਭਾਰਤ ਤੋਂ ਵਾਪਸ ਜਾਣ ਸਮੇਂ ਜਿੱਤੇ ਹੋਏ ਖੇਤਰਾਂ ਵਿੱਚ ਗਵਰਨਰ ਨਿਯੁੱਕਤ ਕਰ ਦਿੱਤੇ ਸਨ। ਉਹ ਗਵਰਨਰ ਭਾਰਤ ਅਤੇ ਸਰਹੱਦੀ ਖੇਤਰਾਂ ਵਿੱਚ ਰਾਜ ਕਰਨ ਲੱਗ ਪਏ ਸਨ। ਇਹਨਾਂ ਨੂੰ ਇੱਡੋ-ਗ੍ਰੀਕ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਮੌਰੀਆ ਰਾਜ ਦੇ ਪਤਨ ਤੋਂ ਬਾਅਦ ਇਹਨਾਂ ਨੇ ਦੁਬਾਰਾ ਭਾਰਤ ਉੱਤੇ ਅਧਿਕਾਰ ਕਰਨ ਦੀ ਕੋਸ਼ਿਸ਼ ਕੀਤੀ। ਡਿਮਿਟਰੀਅਸ ਇਹਨਾਂ ਵਿੱਚੋਂ ਇੱਕ ਸੀ। ਇੱਕ ਹੋਰ ਪ੍ਰਸਿੱਧ ਯੂਨਾਨੀ ਮੀਨੇਂਦਰ ਸੀ, ਜਿਸ ਨੇ ਪੁਸ਼ਯਮਿੱਤਰ ਸ਼ੁੰਗ ਦੇ ਕਾਲ ਵਿੱਚ ਹਮਲਾ ਕੀਤਾ। ਉਸ ਨੇ ਪੰਜਾਬ (ਸਮੇਤ ਅੱਜ-ਕਲ੍ਹ ਦਾ ਪਾਕਿਸਤਾਨ) ਅਤੇ ਕਸ਼ਮੀਰ ਦੇ ਕੁਝ ਹਿੱਸਿਆਂ ਤੇ ਕਬਜ਼ਾ ਕਰ ਲਿਆ। ਬੁੱਧ ਸਾਹਿਤ ਵਿੱਚ ਇਹ ਸਮਰਾਟ ਮਿਲਿੰਦ ਦੇ ਨਾਂ ਨਾਲ ਪ੍ਰਸਿੱਧ ਹੈ। ਇਸ ਨੇ ਬੁੱਧ ਧਰਮ ਅਪਣਾ ਲਿਆ ਸੀ।

### 4.1. ਸ਼ਕ :

ਮੱਧ-ਏਸ਼ੀਆ ਤੋਂ ਆਈਆਂ ਜਾਤੀਆਂ ਵਿੱਚ ਸਿਥੀਅਨ ਇੱਕ ਕਬੀਲਾ ਸੀ, ਜਿੰਨ੍ਹਾਂ ਨੂੰ ਸ਼ਕ ਵੀ ਕਿਹਾ ਜਾਂਦਾ ਹੈ। ਇਹ ਹਮਲਾਵਰ ਦੇ ਰੂਪ ਵਿੱਚ ਭਾਰਤ ਆਏ ਅਤੇ ਇੱਥੇ ਹੀ ਵਸ ਗਏ। ਸ਼ੁਰੂ ਵਿੱਚ ਸ਼ਕਾਂ ਦੀਆਂ ਬਸਤੀਆਂ ਉੱਤਰ-ਪੱਛਮੀ ਪੰਜਾਬ, ਉੱਤਰ ਪ੍ਰਦੇਸ਼ ਵਿੱਚ ਮਥੁਰਾ ਅਤੇ ਮੱਧ

ਭਾਰਤ ਵਿੱਚ ਸਨ। ਪਰੰਤੂ ਬਾਅਦ ਵਿੱਚ ਪੱਛਮੀ ਭਾਰਤ ਦੇ ਗੁਜਰਾਤ ਅਤੇ ਮੱਧ ਪ੍ਰਦੇਸ਼ ਦਾ ਉਜੈਨ ਦਾ ਖੇਤਰ ਇਹਨਾਂ ਦੀ ਸ਼ਕਤੀ ਦਾ ਕੇਂਦਰ ਬਣ ਗਿਆ। ਰੁਦਰਦਾਮਨ ਪਹਿਲਾ, ਜਿਸਨੇ 200 ਈ. ਵਿੱਚ ਰਾਜ ਕੀਤਾ, ਬਹੁਤ ਮਸ਼ਹੂਰ ਸ਼ਕ ਰਾਜਾ ਸੀ। ਚੌਥੀ ਸਦੀ ਦੇ ਅਖੀਰ ਵਿੱਚ ਗੁਪਤ ਸਮਰਾਟ ਚੰਦਰਗੁਪਤ-II ਵਿਕਰਮਾਦਿੱਤਿਆ ਨੇ ਸ਼ਕਾਂ ਨੂੰ ਜਿੱਤ ਕੇ ਉਹਨਾਂ ਦੇ ਸ਼ਾਸਨ ਦਾ ਅੰਤ ਕਰ ਦਿੱਤਾ।

### 4.2. ਪਹਲਵ :

ਪਹਲਵ ਜਿੰਨਾਂ ਨੂੰ ਅੰਗ੍ਰੇਜ਼ੀ ਵਿੱਚ **ਪਾਰਥਿਅਨ** ਕਹਿੰਦੇ ਹਨ, ਈਰਾਨ ਤੋਂ ਭਾਰਤ ਆਉਣ ਵਾਲਾ ਇੱਕ ਹੋਰ ਵਿਦੇਸ਼ੀ ਕਬੀਲਾ ਸੀ। ਗੋਡੋਫਰਨੀਜ਼ ਇਹਨਾਂ ਦਾ ਇੱਕ ਮਸ਼ਹੂਰ ਰਾਜਾ ਸੀ। ਉਸ ਨੇ ਬਹੁਤ ਸਾਰੇ ਤਾਂਬੇ ਦੇ ਸਿੱਕੇ ਜਾਰੀ ਕੀਤੇ। ਪਹਲਵ ਰਾਜ ਪੰਜਾਬ ਅਤੇ ਪੱਛਮੀ ਉੱਤਰ ਪ੍ਰਦੇਸ਼ ਤੱਕ ਹੀ ਫੈਲਿਆ ਸੀ। ਗੋਡੋਫਰਨੀਜ਼ ਦੀ ਮੌਤ ਦੇ ਬਾਅਦ ਪਹਲਵ ਰਾਜ ਦਾ ਅੰਤ ਹੋ ਗਿਆ ਅਤੇ ਉਹ ਸਮੇਂ ਦੇ ਨਾਲ-ਨਾਲ ਭਾਰਤੀ ਸਮਾਜ ਦਾ ਹਿੱਸਾ ਬਣ ਗਏ।

4.3. ਕੁਸ਼ਾਨ : ਮੱਧ-ਏਸ਼ੀਆ ਤੋਂ ਆਏ ਸਾਰੇ ਕਬੀਲਿਆਂ ਵਿੱਚੋਂ ਕੁਸ਼ਾਨ ਸਭ ਤੋਂ ਮਹੱਤਵਪੂਰਨ ਸਨ। ਉਹ ਚੀਨ ਦੀ ਸਰਹੱਦ ਉੱਤੇ ਰਹਿਣ ਵਾਲੇ ਸਨ। ਪੱਛਮ ਦਿਸ਼ਾ ਵੱਲ ਯਾਤਰਾ ਕਰਦੇ ਹੋਏ ਉਹ 100 ਈ. ਪੂਰਵ. ਵਿੱਚ ਅਫ਼ਗਾਨਿਸਤਾਨ ਪਹੁੰਚ ਗਏ। ਇਹਨਾਂ ਦੇ ਰਾਜਾ **ਕੁਜੁਲ ਕੈਡਫਿਸਿਜ਼** ਨੇ ਪੰਜਾਬ ਤੇ ਅਧਿਕਾਰ ਕਰ ਲਿਆ। ਇਸ ਵੰਸ਼ ਦਾ ਸਭ ਤੋਂ ਪ੍ਰਸਿੱਧ ਰਾਜਾ **ਕਨਿਸ਼ਕ** ਸੀ। ਉਸ ਨੇ 78 ਤੋਂ 102 ਈ. ਤੱਕ ਰਾਜ ਕੀਤਾ। ਉਹ ਇੱਕ ਮਹਾਨ ਜੇਤੂ ਸੀ। ਉਸ ਦਾ ਰਾਜ ਬਿਹਾਰ ਤੱਕ ਫੈਲਿਆ ਹੋਇਆ ਸੀ। ਉਸ ਦੇ ਰਾਜ ਵਿੱਚ ਮੱਧ ਭਾਰਤ, ਗੁਜਰਾਤ, ਸਿੰਧ, ਪੰਜਾਬ, ਅਫ਼ਗਾਨਿਸਤਾਨ ਅਤੇ ਬਲਖ ਸ਼ਾਮਿਲ ਸਨ। ਉਸ ਨੇ ਚੀਨੀ ਸੈਨਾਪਤੀ ਪਾਨ ਚਾਓ ਨਾਲ ਵੀ ਯੁੱਧ ਕੀਤਾ ਸੀ।



*ਚਿੱਤਰ 13.6 ਸਿਰ ਦੇ ਬਿਨਾਂ ਕਨਿਸ਼ਕ ਦਾ ਬੁੱਤ*

ਅਸ਼ੋਕ ਦੀ ਤਰ੍ਹਾਂ ਕਨਿਸ਼ਕ ਵੀ ਬੁੱਧ ਧਰਮ ਨੂੰ ਮੰਨਦਾ ਸੀ। ਉਸ ਨੇ ਕਸ਼ਮੀਰ ਵਿੱਚ ਬੁੱਧ ਧਰਮ ਦੇ ਵਿਦਵਾਨਾਂ ਦੀ ਇੱਕ ਸਭਾ ਬੁਲਾਈ ਸੀ, ਜਿਸ ਨੂੰ **ਚੌਥੀ ਬੁੱਧ ਸਭਾ** ਕਿਹਾ ਜਾਂਦਾ ਹੈ। ਉਸ ਨੇ ਬਹੁਤ ਸਾਰੇ ਬੋਧ ਸਤੂਪ ਅਤੇ ਵਿਹਾਰ ਵੀ ਬਣਵਾਏ। ਉਸ ਦੇ ਦਰਬਾਰ ਵਿੱਚ **ਅਸ਼ਵਘੋਸ਼** ਅਤੇ ਹੋਰ ਕਈ ਬੋਧ ਵਿਦਵਾਨ ਰਹਿੰਦੇ ਸਨ। ਉਹ ਕਲਾ ਦਾ ਵੀ ਸਰਪ੍ਰਸਤ ਸੀ। ਉਸ ਦੇ ਸਮੇਂ ਬੁੱਧ ਦੀਆਂ ਬਹੁਤ ਸਾਰੀਆਂ ਸੁੰਦਰ ਮੂਰਤੀਆਂ ਬਣਾਈਆਂ ਗਈਆਂ। ਉੱਤਰ-ਪੱਛਮੀ ਪਾਕਿਸਤਾਨ ਵਿੱਚ ਗੰਧਾਰ ਦਾ ਖੇਤਰ ਬੋਧ ਕਲਾ ਲਈ ਪ੍ਰਸਿੱਧ ਸੀ। ਯੂਨਾਨੀ ਅਤੇ ਭਾਰਤੀ ਮਿਲੀ-ਜੁਲੀ ਇਸ ਕਲਾ ਨੂੰ **ਗੰਧਾਰ ਕਲਾ** ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸੇ ਤਰ੍ਹਾਂ ਮਥੁਰਾ ਵੀ ਕਲਾ ਦਾ ਪ੍ਰਸਿੱਧ ਕੇਂਦਰ ਬਣ ਗਿਆ। ਕੁਸ਼ਾਨ ਕਾਲ ਵਿੱਚ ਇੱਥੇ ਬਹੁਤ ਸੁੰਦਰ ਮੂਰਤੀਆਂ ਬਣਾਈਆਂ ਗਈਆਂ। ਕਨਿਸ਼ਕ ਦੇ ਸਮੇਂ ਬੁੱਧ ਦੀ ਮੂਰਤੀ-ਪੂਜਾ ਸ਼ੁਰੂ ਹੋ ਗਈ ਸੀ। ਕਨਿਸ਼ਕ ਨੇ ਬਹੁਤ ਸਾਰੇ ਸੋਨੇ ਅਤੇ ਤਾਂਬੇ ਦੇ ਸਿੱਕੇ ਵੀ ਜਾਰੀ ਕੀਤੇ। ਉਹ ਇਤਿਹਾਸ ਵਿੱਚ ਇੱਕ ਮਹਾਨ ਸ਼ਾਸਕ ਮੰਨਿਆ ਜਾਂਦਾ ਹੈ।

ਕਨਿਸ਼ਕ ਦੇ ਬਾਅਦ ਵਸ਼ਿਸ਼ਕ, ਹੁਵਿਸ਼ਕ, ਵਾਸੂਦੇਵ ਆਦਿ ਕੁਸ਼ਾਨ ਰਾਜਿਆਂ ਨੇ ਰਾਜ ਕੀਤਾ। ਪਰੰਤੂ ਉਹ ਕਨਿਸ਼ਕ ਵਾਂਗ ਸ਼ਕਤੀਸ਼ਾਲੀ ਨਹੀਂ ਸਨ। ਤੀਜੀ ਸਦੀ ਈ. ਵਿੱਚ ਕੁਸ਼ਾਨ ਰਾਜ ਦਾ ਅੰਤ ਹੋ ਗਿਆ।



*ਚਿੱਤਰ 13.7 ਗੰਧਾਰ ਵਿਖੇ ਮਹਾਤਮਾ ਬੁੱਧ ਦੀ ਮੂਰਤੀ*

### ਯਾਦ ਰੱਖਣ ਯੋਗ ਨੁਕਤੇ

1. ਗੌਤਮੀ ਪੁੱਤਰ ਸ਼ਾਤਕਰਣੀ ਇਕ ਮਹਾਨ ਸਾਤਵਾਹਨ ਸ਼ਾਸਕ ਸੀ।
2. ਚੋਲ, ਪਾਂਡਯ ਅਤੇ ਚੇਰ ਦੱਖਣੀ ਭਾਰਤ ਦੇ ਤਿੰਨ ਪ੍ਰਸਿੱਧ ਰਾਜ ਸਨ।
3. ਕਨਿਸ਼ਕ ਰਾਜਾ ਕੁਸ਼ਾਨ ਵੰਸ਼ ਦਾ ਪ੍ਰਸਿੱਧ ਰਾਜਾ ਸੀ।

## ਅਭਿਆਸ

**I. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :**

(1) ਪਹਿਲਾ ਮਹਾਨ ਚੋਲ ਸ਼ਾਸਕ ਕੌਣ ਸੀ ?

(2) 200 ਈ. ਪੂਰਵ ਤੋਂ 300 ਈ. ਤੱਕ ਦੱਖਣੀ ਭਾਰਤ ਦੇ ਲੋਕਾਂ ਦੇ ਜੀਵਨ ਬਾਰੇ ਲਿਖੋ।

(3) ਮਹਾਂਪਾਸ਼ਾਣ ਸੰਸਕ੍ਰਿਤੀ ਦੇ ਮੁਰਦਿਆਂ ਨੂੰ ਦਫ਼ਨਾਉਣ ਦੇ ਢੰਗ ਬਾਰੇ ਲਿਖੋ ?

(4) ਡਿਮਿਟਰੀਅਸ ਅਤੇ ਮੀਨੇਂਦਰ ਕੌਣ ਸਨ ?

(5) ਸ਼ਕਾਂ (ਸਿਥੀਅਨਜ਼) ਬਾਰੇ ਤੁਸੀਂ ਕੀ ਜਾਣਦੇ ਹੋ ?

(6) ਕਨਿਸ਼ਕ ਤੇ ਇੱਕ ਨੋਟ ਲਿਖੋ ?

**ਸ਼ਬਦਾਵਲੀ :**

ਕਾਲੇ ਅਤੇ ਲਾਲ ਬਰਤਨ

ਪਾਰਥੀਅਨ

ਗੰਧਾਰ ਕਲਾ

## II. ਹੇਠ ਲਿਖੇ ਵਾਕਾਂ ਵਿੱਚ ਖਾਲੀ ਥਾਵਾਂ ਭਰੋ :

(1) ਗੌਤਮੀਪੁੱਤਰ ਸ਼ਾਤਕਰਣੀ ਨੇ .................... ਤੋਂ .................... ਈ. ਤੱਕ ਰਾਜ ਕੀਤਾ।

(2) ਸਾਤਵਾਹਨਾਂ ਨੇ ਨਗਰਾਂ ਅਤੇ ਪਿੰਡਾਂ ਨੂੰ ਜੋੜਨ ਲਈ .................... ਬਣਾਈਆਂ।

(3) ਸਾਤਵਾਹਨ ਰਾਜੇ .................... ਦੇ ਅਨੁਯਾਈ ਸਨ।

(4) ਪਾਂਡਯ ਰਾਜ ਦੀ ਰਾਜਧਾਨੀ .................... ਸੀ।

(5) ਅੰਗਰੇਜੀ ਵਿੱਚ ਪੱਲਵਾਂ ਨੂੰ .................... ਵੀ ਕਹਿੰਦੇ ਸਨ।

(6) ਕੁਸ਼ਾਨ ਵੰਸ਼ ਦਾ ਸਭ ਤੋਂ ਪ੍ਰਸਿੱਧ ਰਾਜਾ .................... ਸੀ।

## III. ਕਾਲਮ 'ੳ' ਅਤੇ 'ਅ' ਦਾ ਸਹੀ ਮਿਲਾਨ ਕਰੋ।

| ਕਾਲਮ 'ੳ' | ਕਾਲਮ 'ਅ' |
|---|---|
| 1. ਗੌਤਮੀਪੁੱਤਰ ਸ਼ਾਤਕਰਣੀ ਦਾ ਉੱਤਰਾਧਿਕਾਰੀ | (ੳ) ਯੱਗਸ਼੍ਰੀ ਸ਼ਾਤਕਰਣੀ |
| 2. ਸਾਤਵਾਹਨਾਂ ਦਾ ਅੰਤਿਮ ਮਹਾਨ ਸ਼ਾਸਕ | (ਅ) ਵਸ਼ਿਸ਼ਠੀ ਪੁੱਤਰ ਪੁਲੁਮਾਵਿ |
| 3. ਕਾਲੇ ਅਤੇ ਲਾਲ ਬਰਤਨ | (ੲ) ਘਮਿਆਰਾ ਕੰਮ |
| 4. ਦਾਤਰੀ ਅਤੇ ਕਹੀ | (ਸ) ਕੁਸ਼ਾਨ ਰਾਜਾ |
| 5. ਮੀਨੇਂਦਰ | (ਹ) ਚੀਨੀ ਸੈਨਪਤੀ |
| 6. ਕੁਜੁਲ ਕੈਡਫ਼ਿਸਿਜ਼ | (ਕ) ਹਿੰਦੀ- ਯੂਨਾਨੀ ਹਮਲਾਵਰ |
| 7. ਪਾਨ ਚਾਓ | (ਖ) ਬੋਧੀ ਵਿਦਵਾਨ |
| 8. ਅਸ਼ਵਘੋਸ਼ | (ਗ) ਔਜ਼ਾਰ |

### IV. ਹੇਠ ਲਿਖੇ ਵਾਂਕਾਂ ਸਾਹਮਣੇ ਸਹੀ (✓) ਜਾਂ ਗ਼ਲਤ (×) ਦਾ ਨਿਸ਼ਾਨ ਲਗਾਓ :

(1) ਦੱਕਨ ਵਿੱਚ ਮੌਰੀਆਂ ਦੇ ਪ੍ਰਸਿੱਧ ਉੱਤਰਾਧਿਕਾਰੀ ਸਾਤਵਾਹਨ ਸਨ। ☐

(2) ਗੌਤਮੀਪੁੱਤਰ ਸ਼ਾਤਕਰਣੀ ਨੇ 106 ਈ. ਤੋਂ 131 ਈ. ਤੱਕ ਰਾਜ ਕੀਤਾ। ☐

(3) ਸੰਗੀਤ, ਨਾਚ, ਕਾਵਿ-ਉਚਾਰਣ ਅਤੇ ਜੂਆ ਮੰਨੋਰੰਜਨ ਦੀਆਂ ਪ੍ਰਸਿੱਧ ਕਿਸਮਾਂ ਸਨ। ☐

(4) ਸ਼ਕਾਂ ਨੂੰ ਚੰਦਰ ਗੁਪਤ ਵਿਕਰਮਾਦਿੱਤਿਆ ਨੇ ਨਹੀਂ ਹਰਾਇਆ ਸੀ। ☐

(5) ਗੋਂਡੋਫਰਨੀਜ਼ ਇੱਕ ਸ਼ਕ ਰਾਜਾ ਸੀ। ☐

(6) ਕਨਿਸ਼ਕ ਨੇ ਚੌਥੀ ਬੋਧੀ ਸਭਾ ਬੁਲਾਈ ਸੀ। ☐

(7) ਹੁਵਿਸ਼ਕ ਇੱਕ ਪੱਲਵ ਰਾਜਾ ਸੀ। ☐

ਪਾਠ 14

# ਗੁਪਤ ਸਾਮਰਾਜ

## 300 ਈ. ਤੋਂ 600 ਈ. ਤੱਕ

300 ਈ. ਵਿੱਚ ਕੁਸ਼ਾਨਾਂ ਦੇ ਪਤਨ ਦੇ ਨਾਲ ਹੀ ਉੱਤਰੀ ਭਾਰਤ ਕਈ ਛੋਟੇ-ਛੋਟੇ ਸੁਤੰਤਰ ਰਾਜਾਂ ਵਿੱਚ ਵੰਡਿਆ ਗਿਆ। ਇਹਨਾਂ ਵਿੱਚੋਂ ਇੱਕ ਅਜਿਹਾ ਰਾਜ ਪੂਰਬੀ ਉੱਤਰ ਪ੍ਰਦੇਸ਼ ਵਿੱਚ ਗੁਪਤਿਆਂ ਦਾ ਸੀ, ਜਿਹੜਾ ਕਿ ਮਹਾਰਾਜਾ **ਗੁਪਤ** ਨੇ ਸਥਾਪਤ ਕੀਤਾ ਸੀ। ਉਸ ਦਾ ਪੋਤਾ ਚੰਦਰ ਗੁਪਤ ਪਹਿਲਾ, ਇਸ ਵੰਸ਼ ਦਾ ਪਹਿਲਾ ਵਰਨਣਯੋਗ ਰਾਜਾ ਸੀ ਜਿਹੜਾ 319 ਈ. ਵਿੱਚ ਸਿੰਘਾਸਨ ਤੇ ਬੈਠਾ। ਉਸ ਨੇ **ਲਿੱਛਵੀ** ਵੰਸ਼ ਦੀ ਰਾਜਕੁਮਾਰੀ **ਕੁਮਾਰਦੇਵੀ** ਨਾਲ ਵਿਆਹ ਕੀਤਾ ਅਤੇ ਆਪਣੇ ਰਾਜ ਵਿੱਚ ਮਗਧ ਨੂੰ ਮਿਲਾ ਕੇ ਇਸ ਦਾ ਵਿਸਥਾਰ ਕੀਤਾ। ਉਸ ਦਾ ਪੁੱਤਰ ਸਮੁਦਰ ਗੁਪਤ ਇਸ ਵੰਸ਼ ਦਾ ਸਭ ਤੋਂ ਮਹਾਨ ਜੇਤੂ ਸੀ।


### 1. ਮਹਾਨ ਗੁਪਤ ਸ਼ਾਸਕ

#### 1.1. ਸਮੁਦਰ ਗੁਪਤ :

ਸਮੁਦਰ ਗੁਪਤ ਨੂੰ ਉਸ ਦੇ ਪਿਤਾ ਚੰਦਰ ਗੁਪਤ ਨੇ ਗੱਦੀ 'ਤੇ ਬੈਠਣ ਲਈ ਚੁਣਿਆ ਸੀ। ਲਗਪਗ 35 ਸਾਲਾਂ ਦੇ ਆਪਣੇ ਰਾਜਕਾਲ ਵਿੱਚ ਉਸ ਨੇ ਬਹੁਤ ਸਾਰੇ ਰਾਜਿਆਂ ਨੂੰ ਜਿੱਤ ਕੇ ਆਪਣੇ ਅਧੀਨ ਕਰ ਲਿਆ। ਉਸ ਦੀਆਂ ਸਫ਼ਲਤਾਵਾਂ ਦਾ ਵਰਣਨ ਉਸ ਦੇ ਰਾਜਕਵੀ ਹਰੀਸੇਨ ਨੇ ਇਲਾਹਾਬਾਦ ਵਿਖੇ ਸਤੰਭ-ਲੇਖ ਵਿੱਚ ਕੀਤਾ ਹੈ।



**14.1** *ਸਮੁਦਰ ਗੁਪਤ*




**ਚਿੱਤਰ 14.2** *ਗੁਪਤ ਸਾਮਰਾਜ*

ਸਮੁਦਰ ਗੁਪਤ ਨੇ ਉੱਤਰੀ ਭਾਰਤ, ਜਿਸ ਨੂੰ ਅਰਿਆਵਰੱਤ ਕਿਹਾ ਜਾਂਦਾ ਸੀ, ਦੇ ਅੱਠ ਰਾਜਿਆਂ ਨੂੰ ਹਰਾ ਕੇ ਆਪਣੇ ਰਾਜ ਵਿੱਚ ਮਿਲਾ ਲਿਆ। ਉਸ ਨੇ ਦੱਖਣੀ ਭਾਰਤ ਉੱਤੇ ਚੜ੍ਹਾਈ ਕਰਕੇ 12 ਰਾਜਿਆਂ ਨੂੰ ਹਰਾਇਆ। ਪਰੰਤੂ ਉਸ ਦੀ ਅਧੀਨਤਾ ਮੰਨਣ ਤੋਂ ਬਾਅਦ ਉਸ ਨੇ ਉਹਨਾਂ ਦੇ ਰਾਜ ਉਹਨਾਂ ਨੂੰ ਵਾਪਸ ਕਰ ਦਿੱਤੇ। ਹੋਰ ਕਈ ਸਰਹੱਦੀ ਰਾਜਾਂ ਅਤੇ ਗਣਤੰਤਰ ਰਾਜਾਂ ਨੇ ਉਸ ਦੀ ਅਧੀਨਤਾ ਸਵੀਕਾਰ ਕਰ ਲਈ। ਇਹਨਾਂ ਵਿੱਚ ਪੰਜਾਬ ਦੇ ਮਦ੍ਰਕ ਅਤੇ ਪੰਜਾਬ ਅਤੇ ਹਰਿਆਣੇ ਦੇ ਯੌਧੇਅ ਵੀ ਸ਼ਾਮਲ ਸਨ। ਕੁਝ ਵਿਦੇਸ਼ੀ ਤਾਕਤਾਂ ਨੇ ਜਿਵੇਂ ਪੱਛਮੀ ਭਾਰਤ ਦੇ ਸ਼ਕ ਅਤੇ ਗੰਧਾਰ ਦੇ ਕੁਸ਼ਾਣ (ਉੱਤਰ-ਪੱਛਮੀ ਸਰਹੱਦੀ ਪ੍ਰਦੇਸ਼, ਪਾਕਿਸਤਾਨ ਅਤੇ ਅਫਗਾਨਿਸਤਾਨ ਦੇ ਕੁਝ ਹਿੱਸੇ), ਸ਼੍ਰੀਲੰਕਾ ਅਤੇ ਕੁਝ ਹੋਰਨਾਂ ਨੇ ਵੀ ਉਸ ਨਾਲ ਸੰਧੀਆਂ ਕਰਕੇ ਉਸ ਦੀ ਅਧੀਨਤਾ ਸਵੀਕਾਰ ਕਰ ਲਈ।

ਸਮੁਦਰ ਗੁਪਤ ਇਕ ਮਹਾਨ ਯੋਧਾ ਅਤੇ ਸ਼ਾਸਕ ਸੀ। ਉਹ ਇੱਕ ਮਹਾਨ ਕਵੀ ਅਤੇ ਸੰਗੀਤਕਾਰ ਵੀ ਸੀ। ਉਸ ਨੇ ਬਹੁਤ ਸਾਰੇ ਸੋਨੇ ਦੇ ਸਿੱਕੇ ਜਾਰੀ ਕੀਤੇ। ਕੁਝ ਸਿੱਕਿਆਂ 'ਤੇ ਸਮੁਦਰ ਗੁਪਤ ਨੂੰ ਬੈਠ ਕੇ ਵੀਨਾ ਵਜਾਉਂਦੇ ਹੋਏ ਦਿਖਾਇਆ ਗਿਆ ਹੈ। ਉਸ ਦੇ ਦਰਬਾਰ ਵਿੱਚ ਬਹੁਤ ਸਾਰੇ ਵਿਦਵਾਨ ਅਤੇ ਕਲਾਕਾਰ ਰਹਿੰਦੇ ਸਨ।

*ਵੀਨਾ ਸਿਤਾਰ ਦੀ ਤਰ੍ਹਾਂ ਦਾ ਇੱਕ ਸਾਜ਼ ਹੈ।*

## 1.2. ਚੰਦਰ ਗੁਪਤ ਦੂਜਾ ਵਿਕਰਮਾਦਿਤਿਆ :

ਤੁਸੀਂ ਉਜੈੱਨ ਦੇ ਮਸ਼ਹੂਰ ਰਾਜਾ ਵਿਕਰਮਾਦਿਤਿਆ ਅਤੇ ਉਸ ਦੇ ਦਰਬਾਰ ਦੇ ਨੌਂ-ਰਤਨਾਂ ਦੀਆਂ ਕਈ ਕਹਾਣੀਆਂ ਸੁਣੀਆਂ ਹੋਣਗੀਆਂ। ਉਹ ਸਮੁਦਰ ਗੁਪਤ ਦਾ ਪੁੱਤਰ ਚੰਦਰ ਗੁਪਤ ਦੂਜਾ ਹੀ ਸੀ। ਉਸ ਦੇ ਨਾਂ ਨਾਲ ਜੁੜੀਆਂ ਸਾਰੀਆਂ ਕਹਾਣੀਆਂ ਸ਼ਾਇਦ ਸੱਚ ਨਾ ਹੋਣ ਜਾਂ ਉਸ ਦੇ ਆਪਣੇ ਜੀਵਨ ਦੀਆਂ ਨਾ ਹੋਣ, ਪਰੰਤੂ ਇਹਨਾਂ ਤੋਂ ਪਤਾ ਚੱਲਦਾ ਹੈ ਕਿ ਉਹ ਪ੍ਰਾਚੀਨ ਕਾਲ ਦਾ ਇੱਕ ਲੋਕਪ੍ਰਿਯ ਰਾਜਾ ਸੀ। ਉਸ ਨੇ ਲਗਪਗ 380 ਤੋਂ 412 ਈ. ਤੱਕ ਰਾਜ ਕੀਤਾ। ਉਸ ਦੀ ਸਭ ਤੋਂ ਮਹੱਤਵਪੂਰਨ ਜਿੱਤ ਪੱਛਮੀ ਭਾਰਤ ਦੇ ਸ਼ਕਾਂ ਉੱਤੇ ਸੀ। ਇਸ ਜਿੱਤ ਨਾਲ ਭਾਰਤ ਉੱਤੇ ਵਿਦੇਸ਼ੀ ਰਾਜ ਖ਼ਤਮ ਹੋ ਗਿਆ। ਦਿੱਲੀ ਵਿੱਚ ਕੁੱਤਬ ਮੀਨਾਰ ਦੇ ਕੋਲ ਲੱਗਿਆ ਲੋਹੇ ਦਾ ਵਿਸ਼ਾਲ ਸਤੰਭ ਇਸ ਦੁਆਰਾ ਹੀ ਬਣਵਾਇਆ ਗਿਆ ਸੀ। ਇਸ ਸਤੰਭ ਉੱਤੇ ਲਿਖੇ ਲੇਖ ਵਿੱਚ ਚੰਦਰ ਗੁਪਤ ਦੀਆਂ ਸਫ਼ਲਤਾਵਾਂ ਦਾ ਵਰਣਨ ਹੈ। ਇਸ ਲੇਖ ਦੇ ਅਨੁਸਾਰ ਉਸ ਨੇ ਬੰਗਾਲ ਵਿੱਚ ਰਾਜਿਆਂ ਦੇ ਇੱਕ ਗੁੱਟ ਨੂੰ ਹਰਾਇਆ ਸੀ। ਉਸ ਦੀ ਮਸ਼ਹੂਰੀ ਦੱਖਣੀ ਭਾਰਤ ਵਿੱਚ ਫੈਲੀ ਹੋਈ ਸੀ ਅਤੇ ਉਸ ਨੇ ਸਿੰਧ ਨਦੀ ਨੂੰ ਪਾਰ ਕਰਕੇ ਉੱਤਰੀ ਅਫ਼ਗਾਨਿਸਤਾਨ ਵਿੱਚ ਬਲਖ ਦੇ ਖੇਤਰ ਨੂੰ ਜਿੱਤਿਆ ਸੀ। ਹੋ ਸਕਦਾ ਹੈ ਕਿ ਉੱਥੇ ਉਸ ਨੇ ਖੂੰਖਾਰ ਹੂਣ ਕਬੀਲੇ ਨੂੰ ਹਰਾਇਆ ਹੋਵੇ।

ਚੰਦਰ ਗੁਪਤ ਦੂਜੇ ਨੇ ਬਹੁਤ ਮਾਤਰਾ ਵਿੱਚ ਸੋਨੇ, ਚਾਂਦੀ ਅਤੇ ਤਾਂਬੇ ਦੇ ਸਿੱਕੇ ਜਾਰੀ ਕੀਤੇ। ਉਸ ਦੇ ਸੋਨੇ ਦੇ ਸਿੱਕੇ ਬਹੁਤ ਸੋਹਣੇ ਹਨ ਅਤੇ ਉਹਨਾਂ ਤੋਂ ਸਾਨੂੰ ਚੰਦਰ ਗੁਪਤ ਦੀਆਂ ਸਫ਼ਲਤਾਵਾਂ ਅਤੇ ਚਰਿੱਤਰ ਦਾ ਪਤਾ ਲੱਗਦਾ ਹੈ। ਚੰਦਰ ਗੁਪਤ ਭਗਵਾਨ ਵਿਸ਼ਨੂੰ ਦਾ ਭਗਤ ਸੀ ਪਰੰਤੂ ਸਾਰੇ ਧਰਮਾਂ ਦਾ ਆਦਰ ਕਰਦਾ ਸੀ। ਉਸ ਨੇ ਵਿਕਰਮਾਦਿਤਿਆ ਦੀ ਉਪਾਧੀ ਧਾਰਨ ਕੀਤੀ ਸੀ, ਜਿਸਦਾ ਅਰਥ ਹੈ 'ਵੀਰਤਾ ਦਾ ਸੂਰਜ'।

**1.3. ਸਕੰਦ ਗੁਪਤ** : ਸਕੰਦ ਗੁਪਤ ਚੰਦਰ ਗੁਪਤ ਦੂਜੇ ਦਾ ਪੋਤਾ ਸੀ। ਇਸ ਨੇ 454 ਤੋਂ 467 ਈ. ਤੱਕ ਰਾਜ ਕੀਤਾ। ਇਹ ਵੀ ਇੱਕ ਮਹਾਨ ਰਾਜਾ ਅਤੇ ਜੇਤੂ ਸੀ। ਉਸ ਦੇ ਰਾਜਗੱਦੀ ਤੇ ਬੈਠਣ ਤੋਂ ਛੇਤੀ ਬਾਅਦ ਹੀ ਹੂਣਾਂ ਨੇ ਭਾਰਤ ਉੱਤੇ ਹਮਲਾ ਕਰ ਦਿੱਤਾ। ਸਕੰਦ ਗੁਪਤ ਨੇ ਉਹਨਾਂ ਨੂੰ ਹਰਾ ਕੇ ਭਾਰਤ ਤੋਂ ਬਾਹਰ ਕੱਢ ਦਿੱਤਾ। ਪੁਸ਼ਿਆਮਿੱਤਰ ਨਾਂ ਦੀ ਇੱਕ ਹੋਰ ਜਾਤੀ ਨੂੰ ਵੀ ਉਸ ਨੇ ਹਰਾਇਆ। ਸਕੰਦ ਗੁਪਤ ਦੇ ਬਾਅਦ ਗੁਪਤ ਵੰਸ਼ ਦਾ ਪਤਨ ਸ਼ੁਰੂ ਹੋ ਗਿਆ। ਸਕੰਦ ਗੁਪਤ ਦੇ ਬਾਅਦ ਕਈ ਗੁਪਤ ਰਾਜੇ ਹੋਏ। ਪਰੰਤੂ ਉਹ ਜ਼ਿਆਦਾ ਸ਼ਕਤੀਸ਼ਾਲੀ ਨਹੀਂ ਸਨ। ਹੌਲ਼ੀ-ਹੌਲ਼ੀ ਉਨ੍ਹਾਂ ਦੇ ਅਧੀਨ ਬਹੁਤ ਸਾਰੇ ਰਾਜੇ ਅਜ਼ਾਦ ਹੋ ਗਏ। ਇਸ ਦੇ ਨਾਲ ਹੀ ਹੂਣਾਂ ਆਦਿ ਵਿਦੇਸ਼ੀਆਂ ਦੇ ਹਮਲਿਆਂ ਨਾਲ 550 ਈ. ਦੇ ਲਗਪਗ ਉਨ੍ਹਾਂ ਦੇ ਰਾਜ ਦਾ ਅੰਤ ਹੋ ਗਿਆ।

## 2. ਰਾਜ ਪ੍ਰਬੰਧ :

ਗੁਪਤ ਕਾਲ ਵਿੱਚ ਰਾਜੇ ਦਾ ਅਹੁਦਾ ਸਭ ਤੋਂ ਉੱਚਾ ਸੀ। ਉਹ ਮੰਤਰੀਆਂ ਅਤੇ ਹੋਰ ਵੱਡੇ ਅਫ਼ਸਰਾਂ ਦੀ ਸਹਾਇਤਾ ਨਾਲ ਰਾਜ ਪ੍ਰਬੰਧ ਕਰਦਾ ਸੀ। ਸਾਮਰਾਜ ਕਈ ਸੂਬਿਆਂ ਵਿੱਚ ਵੰਡਿਆ ਹੋਇਆ ਸੀ ਜਿੰਨ੍ਹਾਂ ਨੂੰ **ਭੁੱਕਤੀ** ਕਹਿੰਦੇ ਸਨ। ਇਹਨਾਂ ਦਾ ਸ਼ਾਸਨ ਪ੍ਰਬੰਧ ਗਵਰਨਰ ਕਰਦੇ ਸੀ ਜਿੰਨ੍ਹਾਂ ਨੂੰ **ਉਪਰਿਕ ਮਹਾਰਾਜ** ਕਿਹਾ ਜਾਂਦਾ ਸੀ। ਜ਼ਿਲ੍ਹਿਆਂ ਨੂੰ **ਵਿਸ਼ਯ** ਕਹਿੰਦੇ ਸਨ। ਉਹਨਾਂ ਤੋਂ ਹੇਠਾਂ ਸ਼ਹਿਰ ਅਤੇ ਪਿੰਡ ਸਨ। ਸਾਮਰਾਜ ਦੀ ਰਾਜਧਾਨੀ ਪਾਟਲੀਪੁੱਤਰ (ਪਟਨਾ) ਸੀ।

ਵੱਡੇ ਸਰਕਾਰੀ ਅਧਿਕਾਰੀਆਂ ਨੂੰ **ਕੁਮਾਰਾਮਾਤਿਯ** ਕਿਹਾ ਜਾਂਦਾ ਸੀ। ਇਹ ਅੱਜ-ਕਲ੍ਹ ਦੇ ਆਈ.ਏ.ਐਸ. (I.A.S.) ਅਫ਼ਸਰਾਂ ਦੀ ਤਰ੍ਹਾਂ ਹੁੰਦੇ ਸਨ। ਇਹਨਾਂ ਨੂੰ ਕਈ ਮਹੱਤਵਪੂਰਨ ਅਹੁਦੇ ਦਿੱਤੇ ਜਾਂਦੇ ਸਨ, ਜਿਵੇਂ ਕਿ ਵਿਦੇਸ਼ ਮੰਤਰੀ, ਸੈਨਾਪਤੀ, ਗ੍ਰਹਿ ਸਕੱਤਰ ਆਦਿ। ਗੁਪਤ ਸ਼ਾਸਨ ਪ੍ਰਬੰਧ ਬੜੇ ਸੁਚੱਜੇ ਢੰਗ ਨਾਲ ਚਲਾਇਆ ਜਾਂਦਾ ਸੀ।

## 3. ਸਮਾਜ :

ਇਸ ਕਾਲ ਵਿੱਚ ਲੋਕ ਖੁਸ਼ਹਾਲ ਅਤੇ ਸੁਖੀ ਸਨ। ਇੱਕ ਚੀਨੀ ਯਾਤਰੀ ਫ਼ਾਹੀਯਾਨ, ਜਿਹੜਾ **ਚੰਦਰ ਗੁਪਤ** ਦੂਜੇ ਦੇ ਸਮੇਂ ਭਾਰਤ ਆਇਆ, ਲਿਖਦਾ ਹੈ ਕਿ ਲੋਕ ਸੁਖੀ ਅਤੇ ਇਮਾਨਦਾਰ ਸਨ। ਉਸ ਸਮੇਂ ਕਿਸੇ ਤਰ੍ਹਾਂ ਦੇ ਅਪਰਾਧ ਜਾਂ ਚੋਰੀਆਂ ਨਹੀਂ ਹੁੰਦੀਆਂ ਸਨ। ਲੋਕ ਬਾਹਰ ਜਾਣ ਲੱਗਿਆਂ ਘਰਾਂ ਨੂੰ ਤਾਲੇ ਨਹੀਂ ਲਗਾਉਂਦੇ ਸਨ। ਉਸ ਸਮੇਂ ਕਰ ਬਹੁਤ ਘੱਟ ਲਗਾਏ ਜਾਂਦੇ ਸਨ।

ਜ਼ਿਆਦਾਤਰ ਲੋਕ ਮਾਂਸ ਨਹੀਂ ਖਾਂਦੇ ਸਨ। ਜਾਤ ਪ੍ਰਥਾ ਬਹੁਤ ਕਠੋਰ ਹੋ ਗਈ ਸੀ। ਕੋਈ ਵੀ ਵਿਅਕਤੀ ਆਪਣੀ ਮਰਜ਼ੀ ਨਾਲ ਜਾਤ ਨਹੀਂ ਬਦਲ ਸਕਦਾ ਸੀ।

*ਲੋਕ ਬਾਹਰ ਜਾਣ ਲੱਗੇ ਘਰਾਂ ਨੂੰ ਤਾਲੇ ਕਿਉਂ ਨਹੀਂ ਲਗਾਉਂਦੇ ਸਨ ?*

### 4. ਆਰਥਿਕ ਜੀਵਨ :

ਅਸੀਂ ਪਹਿਲਾਂ ਹੀ ਦੱਸ ਚੁੱਕੇ ਹਾਂ ਕਿ ਲੋਕ ਖੁਸ਼ਹਾਲ ਸਨ ਅਤੇ ਟੈਕਸ ਬਹੁਤ ਘੱਟ ਲਗਾਏ ਜਾਂਦੇ ਸਨ। ਉਸ ਸਮੇਂ ਰੋਜ਼ਾਨਾ ਲੋੜੀਂਦੀਆਂ ਚੀਜ਼ਾਂ ਬਹੁਤ ਸਸਤੀਆਂ ਸਨ। ਇਹਨਾਂ ਨੂੰ ਖਰੀਦਣ ਲਈ ਆਮ ਆਦਮੀ ਕੌਡੀਆਂ ਜਾਂ ਤਾਂਬੇ ਦੇ ਸਿੱਕੇ ਵਰਤਦੇ ਸਨ। ਪਰ ਸਭ ਤੋਂ ਜ਼ਿਆਦਾ ਸੋਨੇ ਦੇ ਸਿੱਕੇ, ਜਿਹਨਾਂ ਨੂੰ ਦੀਨਾਰ ਕਹਿੰਦੇ ਸਨ, ਇਸ ਕਾਲ ਵਿੱਚ ਜਾਰੀ ਕੀਤੇ। ਗੁਪਤ ਕਾਲ ਦੇ ਸੋਨੇ ਦੇ ਸਿੱਕੇ ਸੰਕੇਤ ਕਰਦੇ ਹਨ ਕਿ ਉਸ ਸਮੇਂ ਦੇਸ-ਵਿਦੇਸ਼ ਨਾਲ ਵਪਾਰ ਬਹੁਤ ਉੱਨਤ ਸੀ। ਦੱਖਣੀ-ਪੂਰਬੀ ਏਸ਼ੀਆ ਦੇ ਦੇਸਾਂ, ਜਿਵੇਂ ਕਿ ਮਿਆਂਮਾਰ (ਬਰਮਾ), ਥਾਈਲੈਂਡ, ਮਲੇਸ਼ੀਆ, ਵਿਯਤਨਾਮ, ਇੰਡੋਨੇਸ਼ੀਆ ਆਦਿ ਦੇ ਨਾਲ ਵਪਾਰਿਕ ਅਤੇ ਸੰਸਕ੍ਰਿਤਕ ਸੰਬੰਧ ਵੀ ਸਥਾਪਤ ਸਨ। ਚੀਨ, ਮੱਧ-ਏਸ਼ੀਆ ਅਤੇ ਯੂਰਪ ਦੇ ਦੇਸਾਂ ਨਾਲ ਵੀ ਭਾਰਤ ਦੇ ਵਪਾਰਿਕ ਸੰਬੰਧ ਸਨ।

*ਸੋਨੇ ਦੇ ਸਿੱਕਿਆਂ ਨੂੰ ਕੀ ਕਿਹਾ ਜਾਂਦਾ ਸੀ ?*



**ਚਿੱਤਰ 14.3** *ਗੁਪਤ ਰਾਜਿਆਂ ਦੇ ਸਿੱਕੇ*

ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਸੀ। ਇਸ ਦੇ ਇਲਾਵਾ ਪਸ਼ੂ-ਪਾਲਣ, ਉਦਯੋਗਿਕ-ਧੰਦੇ ਅਤੇ ਵਪਾਰ ਵੀ ਮਸ਼ਹੂਰ ਕਿੱਤੇ ਸਨ। ਸੇਠਾਂ (ਬੈਂਕਰਾਂ), ਵਪਾਰੀਆਂ ਅਤੇ ਉਤਪਾਦਕਾਂ ਦੇ ਆਪਣੇ-ਆਪਣੇ ਸੰਘ ਸਨ, ਜਿੰਨ੍ਹਾਂ ਨੂੰ **ਸ਼੍ਰੇਣੀ** ਜਾਂ **ਨਿਗਮ** ਕਿਹਾ ਜਾਂਦਾ ਸੀ। ਉਹ ਆਪਣੇ-ਆਪਣੇ ਕਿੱਤੇ ਦਾ ਸੰਗਠਨ ਕਰਦੇ ਸਨ।

### 5. ਕਲਾ ਅਤੇ ਸਾਹਿਤ :

ਗੁਪਤ ਕਾਲ ਵਿੱਚ ਉੱਚ ਦਰਜੇ ਦੇ ਸਾਹਿਤ ਅਤੇ ਕਲਾ ਦੀ ਰਚਨਾ ਹੋਈ। ਸੰਸਕ੍ਰਿਤ ਦੇ ਪ੍ਰਸਿੱਧ ਕਵੀ **ਕਾਲੀਦਾਸ** ਨੇ ਬਹੁਤ ਸਾਰੇ ਨਾਟਕ ਅਤੇ ਕਵਿਤਾਵਾਂ ਲਿਖੀਆਂ। ਉਹਨਾਂ ਦੁਆਰਾ


ਲਿਖਿਆ ਨਾਟਕ **ਸ਼ਕੁੰਤਲਾ** ਅਤੇ **ਕਾਵਿ ਮੇਘਦੂਤ** ਬਹੁਤ ਮਸ਼ਹੂਰ ਹਨ। ਅਮਰ ਸਿੰਘ, ਸ਼ੂਦਰਕ, ਦਨਿਡਨ ਇਸ ਕਾਲ ਦੇ ਹੋਰ ਪ੍ਰਸਿੱਧ ਵਿਦਵਾਨ ਸੀ।



ਚਿੱਤਰ 14.4 ਉਦੈਗਿਰੀ (ਮੱਧ ਪ੍ਰਦੇਸ਼) ਵਿਖੇ ਵਿਸ਼ਨੂੰ ਦੀ ਮੂਰਤੀ

ਮਥੁਰਾ ਇਸ ਕਾਲ ਵਿੱਚ ਕਲਾ ਦਾ ਇੱਕ ਪ੍ਰਸਿੱਧ ਕੇਂਦਰ ਬਣ ਗਿਆ ਸੀ। ਇੱਥੇ ਬੁੱਧ, ਜੈਨ ਅਤੇ ਹਿੰਦੂ ਦੇਵੀ-ਦੇਵਤਿਆਂ ਦੀਆਂ ਬਹੁਤ ਸੁੰਦਰ ਮੂਰਤੀਆਂ ਬਣਾਈਆਂ ਜਾਂਦੀਆਂ ਸਨ। ਉੱਤਰ ਪ੍ਰਦੇਸ਼ ਵਿੱਚ ਵਾਰਾਨਸੀ ਦੇ ਕੋਲ ਸਾਰਨਾਥ ਵੀ ਖ਼ੂਬਸੂਰਤ ਮੂਰਤੀਆਂ ਲਈ ਪ੍ਰਸਿੱਧ ਸੀ।

ਇਸ ਸਮੇਂ ਵਿੱਚ ਕਈ ਸੁੰਦਰ ਮੰਦਰ ਵੀ ਬਣਾਏ ਗਏ। ਮੱਧ ਪ੍ਰਦੇਸ਼ ਵਿੱਚ ਦੇਵਗੜ੍ਹ ਅਤੇ ਕਾਨ੍ਹਪੁਰ ਦੇ ਨੇੜੇ ਭੀਤਰੀ ਪਿੰਡ ਦੇ ਮੰਦਰ ਬਹੁਤ ਪ੍ਰਸਿੱਧ ਹਨ। ਮਹਾਰਾਸ਼ਟਰ ਵਿੱਚ ਔਰੰਗਾਬਾਦ ਦੇ ਨੇੜੇ **ਅਜੰਤਾ** ਦੀਆਂ ਗੁਫ਼ਾਵਾਂ ਆਪਣੇ ਸੁੰਦਰ ਭਿੱਤੀ-ਚਿੱਤਰਾਂ ਲਈ ਮਸ਼ਹੂਰ ਹਨ। ਇਹ ਗੁਫ਼ਾਵਾਂ ਇਸੇ ਕਾਲ ਵਿੱਚ ਬਣਾਈਆਂ ਗਈਆਂ ਸਨ। ਗੁਪਤ ਕਾਲ ਦੇ ਰਾਜਿਆਂ ਨੇ ਇਹਨਾਂ ਗੁਫ਼ਾਵਾਂ ਨੂੰ ਬੋਧ ਭਿਖਸ਼ੂਆਂ ਦੇ ਰਹਿਣ ਅਤੇ ਪੂਜਾ ਕਰਨ ਲਈ ਬਣਵਾਇਆ ਸੀ। ਗੁਪਤ ਕਾਲ ਵਿੱਚ ਸਾਂਚੀ ਦੇ ਸਤੂਪ ਦਾ ਪੁਨਰ-ਨਿਰਮਾਣ ਕੀਤਾ ਗਿਆ।



ਚਿੱਤਰ 14.5 ਖੁਜਰਾਹੋ (ਮੱਧ ਪ੍ਰਦੇਸ਼) ਮੰਦਰ

## 6. ਵਿਗਿਆਨ ਅਤੇ ਤਕਨੀਕ :



ਚਿੱਤਰ 14.6 ਮਹਿਰੌਲੀ ਵਿਖੇ ਲੋਹ ਸਤੰਭ

ਗੁਪਤ ਰਾਜਿਆਂ ਦੀ ਸਰਪ੍ਰਸਤੀ ਵਿੱਚ ਵਿਗਿਆਨ ਅਤੇ ਤਕਨੀਕੀ ਦੀ ਵੀ ਬਹੁਤ ਉੱਨਤੀ ਹੋਈ। ਪ੍ਰਸਿੱਧ ਵਿਗਿਆਨੀ **ਆਰਿਆਭੱਟ** ਨੇ ਆਪਣੀ ਪੁਸਤਕ **ਆਰਿਆਭੱਟੀਯ** ਦੀ ਰਚਨਾ ਕੀਤੀ। ਇਸ ਪੁਸਤਕ ਵਿੱਚ ਦੱਸਿਆ ਗਿਆ ਹੈ ਕਿ ਪ੍ਰਿਥਵੀ ਸੂਰਜ ਦੇ ਆਲ਼ੇ-ਦੁਆਲ਼ੇ ਚੱਕਰ ਕੱਟਦੀ ਹੈ ਅਤੇ ਸੂਰਜ ਤੇ ਚੰਦਰਮਾ ਦੇ ਗ੍ਰਹਿਣ ਕਿਸ ਪ੍ਰਕਾਰ ਲੱਗਦੇ ਹਨ। ਹਿਸਾਬ ਵਿੱਚ **ਦਸ਼ਮਲਵ** ਦੀ ਵਰਤੋਂ ਦਾ ਇਸ ਸਮੇਂ ਗਿਆਨ ਸੀ। ਇਸ ਕਾਲ ਵਿੱਚ ਗਣਿਤ, ਖਗੋਲ ਸ਼ਾਸਤਰ ਅਤੇ ਵਿਗਿਆਨ ਦੇ ਹੋਰ ਵਿਸ਼ਿਆਂ ਉੱਤੇ ਵੀ ਬਹੁਤ ਸਾਰੀਆਂ ਪੁਸਤਕਾਂ ਲਿਖੀਆਂ ਗਈਆਂ।

ਮਹਿਰੌਲੀ (ਦਿੱਲੀ) ਵਿੱਚ ਕੁੱਤਬਮੀਨਾਰ ਦੇ ਨੇੜੇ ਲੱਗਾ ਹੋਇਆ ਲੋਹੇ ਦਾ ਵਿਸ਼ਾਲ ਸਤੰਭ ਇਸੇ ਕਾਲ ਵਿੱਚ ਬਣਾਇਆ ਗਿਆ ਸੀ। ਇਹ ਸਤੰਭ 23 ਫੁੱਟ ਉੱਚਾ ਅਤੇ 7½ ਟਨ ਵਜ਼ਨ ਦਾ ਹੈ। ਲੋਹੇ ਦੇ ਬਣੇ ਇਸ ਸਤੰਭ ਉੱਤੇ 1600 ਸਾਲ ਬਾਅਦ ਵੀ ਜ਼ੰਗ ਦਾ ਨਿਸ਼ਾਨ ਤੱਕ ਨਹੀਂ ਲੱਗਿਆ। ਇਸੇ ਤਰ੍ਹਾਂ ਬਿਹਾਰ ਦੇ ਸੁਲਤਾਨਗੰਜ਼ ਤੋਂ ਮਹਾਤਮਾ ਬੁੱਧ ਦੀ ਇੱਕ ਕਾਂਸੇ ਦੀ ਮੂਰਤੀ ਮਿਲੀ ਸੀ। ਗੁਪਤ ਕਾਲ ਦੀ ਬਣੀ ਹੋਈ ਇਹ 7½ ਫੁੱਟ ਉੱਚੀ ਮੂਰਤੀ ਅੱਜ-ਕਲ੍ਹ ਇੰਗਲੈਂਡ ਦੇ ਬਰਮਿੰਘਮ ਅਜਾਇਬ ਘਰ ਵਿੱਚ ਰੱਖੀ ਹੋਈ ਹੈ। ਇਹਨਾਂ ਸਾਰੀਆਂ ਗੱਲਾਂ ਤੋਂ ਸਾਨੂੰ ਪਤਾ ਚੱਲਦਾ ਹੈ ਕਿ ਗੁਪਤਕਾਲ ਵਿੱਚ ਹਰੇਕ ਖੇਤਰ ਵਿੱਚ ਬਹੁਤ ਉੱਨਤੀ ਹੋਈ। ਇਸ ਕਾਰਨ ਇਸ ਕਾਲ ਨੂੰ ਭਾਰਤ ਦਾ '**ਸੁਨਹਿਰੀ ਯੁੱਗ**' ਕਿਹਾ ਜਾਂਦਾ ਹੈ।

### ਯਾਦ ਰੱਖਣ ਯੋਗ ਨੁਕਤੇ

1. ਸਮੁਦਰ ਗੁਪਤ ਇਕ ਮਹਾਨ ਯੋਧਾ ਅਤੇ ਸ਼ਾਸਕ ਸੀ, ਉਸ ਨੇ ਅਸ਼ਵਮੇਘ ਯੱਗ ਕੀਤਾ। ਉਹ ਇਕ ਮਹਾਨ ਕਵੀ ਅਤੇ ਸੰਗੀਤਕਾਰ ਸੀ। ਉਸ ਨੇ ਬਹੁਤ ਸਾਰੇ ਸੋਨੇ ਦੇ ਸਿੱਕੇ ਜਾਰੀ ਕੀਤੇ।
2. ਚੰਦਰ ਗੁਪਤ ਦੂਜਾ ਇਕ ਪ੍ਰਸਿਧ ਰਾਜਾ ਸੀ। ਉਸ ਨੇ 380 ਤੋਂ 412 ਈ. ਤੱਕ ਰਾਜ ਕੀਤਾ। ਉਸ ਨੇ ਵਿਕਰਮਾਦਿਤਿਆ ਦੀ ਉਪਾਧੀ ਧਾਰਨ ਕੀਤੀ। ਉਸ ਨੇ ਪੱਛਮੀ ਭਾਰਤ ਦੇ ਸ਼ਕਾਂ ਉਤੇ ਜਿੱਤ ਪ੍ਰਾਪਤ ਕੀਤੀ।
3. ਚੰਦਰ ਗੁਪਤ ਭਗਵਾਨ ਵਿਸ਼ਨੂੰ ਦਾ ਭਗਤ ਸੀ। ਪਰੰਤੂ ਉਹ ਸਾਰੇ ਧਰਮਾਂ ਦਾ ਆਦਰ ਕਰਦਾ ਸੀ।
4. ਗੁਪਤ ਕਾਲ ਵਿੱਚ ਸਾਹਿਤ, ਕਲਾ, ਵਿਗਿਆਨ ਅਤੇ ਭਵਨ ਉਸਾਰੀ ਦਾ ਬਹੁਤ ਵਿਕਾਸ ਹੋਇਆ।

## ਅਭਿਆਸ

**I. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :**

(1) ਸਮੁਦਰ ਗੁਪਤ ਦੀਆਂ ਜਿੱਤਾਂ ਦਾ ਵਰਣਨ ਕਰੋ।

(2) ਚੰਦਰ ਗੁਪਤ ਵਿਕਰਮਾਦਿਤਿਆ ਬਾਰੇ ਤੁਸੀਂ ਕੀ ਜਾਣਦੇ ਹੋ ?

(3) ਕਾਲੀਦਾਸ ਬਾਰੇ ਇੱਕ ਨੋਟ ਲਿਖੋ।

(4) ਗੁਪਤ ਕਾਲ ਦੇ ਆਰਥਿਕ ਜੀਵਨ ਬਾਰੇ ਤੁਸੀਂ ਕੀ ਜਾਣਦੇ ਹੋ ?

(5) ਗੁਪਤ ਕਾਲ ਨੂੰ ਭਾਰਤ ਦਾ '**ਸੁਨਹਿਰੀ ਯੁੱਗ**' ਕਿਉਂ ਕਹਿੰਦੇ ਹਨ ?

**ਸ਼ਬਦਾਵਲੀ :**

ਭੁੱਕਤੀ

ਉਪਰਿਕ ਮਹਾਰਾਜ

ਵਿਸ਼ਯ

ਕੁਮਾਰ ਮਾਤਯਾ

ਦਸ਼ਮਲਵ

ਸ਼੍ਰੇਣੀ

ਨਿਗਮ

**II. ਹੇਠ ਲਿਖੇ ਵਾਕਾਂ ਵਿੱਚ ਖਾਲੀ ਥਾਵਾਂ ਭਰੋ :**

(1) ਸਮੁਦਰ ਗੁਪਤ ਇਕ .................... ਅਤੇ .................... ਸੀ।

(2) ਚੰਦਰ ਗੁਪਤ ਦੂਜੇ ਨੇ ਬਹੁਤ ਮਾਤਰਾ ਵਿਚ ...................., .................... ਅਤੇ .................... ਦੇ ਸਿੱਕੇ ਜਾਰੀ ਕੀਤੇ।

(3) ਗੁਪਤ ਸਾਮਰਾਜ ਕਈ ਸੂਬਿਆਂ ਵਿਚ ਵੰਡਿਆ ਹੋਇਆ ਸੀ, ਜਿੰਨਾਂ ਨੂੰ ............ ਕਹਿੰਦੇ ਸਨ।

(4) ਜਿਲਿਆਂ ਨੂੰ .................... ਕਹਿੰਦੇ ਸਨ।

(5) ਕਾਲੀਦਾਸ ਦੁਆਰਾ ਲਿਖਿਆ ਨਾਟਕ ............ ਅਤੇ ਕਾਵਿ ............ ਬਹੁਤ ਪ੍ਰਸਿੱਧ ਹਨ।

**III. ਹੇਠ ਲਿਖੇ ਸ਼ਬਦਾ ਦਾ ਸਹੀ ਮਿਲਾਨ ਕਰੋ :**

| | |
|---|---|
| (1) ਆਰੀਆਵਰੱਤ | (ੳ) ਪੰਜਾਬ |
| (2) ਮਦ੍ਰਕ | (ਅ) ਉੱਤਰੀ ਭਾਰਤ |
| (3) ਲੋਹ-ਸਤੰਭ | (ੲ) ਇੱਕ ਅਫ਼ਸਰ |
| (4) ਕੁਮਾਰਮਾਤਯ | (ਸ) ਦਿੱਲੀ |

**IV. ਹੇਠ ਲਿਖੇ ਵਾਂਕਾਂ ਸਾਹਮਣੇ ਸਹੀ (✓) ਜਾਂ ਗ਼ਲਤ (×) ਦਾ ਨਿਸ਼ਾਨ ਲਗਾਓ :**

(1) ਮਹਾਰਾਜਾ ਗੁਪਤ ਗੁਪਤ ਵੰਸ਼ ਦਾ ਪਹਿਲਾ ਰਾਜਾ ਸੀ। ☐

(2) ਵਿਕਰਮਾਦਿਤਿਆ ਸਮੁਦਰ ਗੁਪਤ ਦੀ ਉਪਾਧੀ ਸੀ। ☐

(3) ਯੌਧੇਅ ਦੱਖਣੀ ਭਾਰਤ 'ਤੇ ਰਾਜ ਕਰਦੇ ਸਨ। ☐

(4) ਫ਼ਾਹਿਯਾਨ ਯੂਨਾਨੀ ਲੇਖਕ ਸੀ। ☐

(5) ਗੁਪਤ ਰਾਜਿਆਂ ਨੇ ਸੋਨੇ ਦੇ ਸਿੱਕੇ ਜਾਰੀ ਕੀਤੇ। ☐


(6) ਆਰੀਆਭੱਟ ਇੱਕ ਪ੍ਰਸਿੱਧ ਵਿਗਿਆਨੀ ਸੀ। ☐

## ਗਤੀਵਿਧੀ

1. ਭਾਰਤ ਦੇ ਨਕਸ਼ੇ 'ਤੇ ਗੁਪਤ ਸਾਮਰਾਜ ਦੀ ਸੀਮਾ ਦਿਖਾਓ।
2. ਗੁਪਤ ਕਾਲ ਦੀਆਂ ਕਲਾ-ਕਿਰਤਾਂ ਦੀਆਂ ਤਸਵੀਰਾਂ ਇਕੱਠੀਆਂ ਕਰੋ ਅਤੇ ਆਪਣੀ ਸਕ੍ਰੈਪਬੁੱਕ ਵਿੱਚ ਚਿਪਕਾਓ।

For Practice

ਗੁਪਤ ਸਾਮਰਾਜ



ਪਾਠ 15

# ਹਰਸ਼ਵਰਧਨ ਕਾਲ (600 ਈ. ਤੋਂ 650 ਈ.)


550 ਈ. ਵਿੱਚ ਗੁਪਤ ਸਾਮਰਾਜ ਦੇ ਪਤਨ ਤੋਂ ਬਾਅਦ ਉੱਤਰੀ ਭਾਰਤ ਕਈ ਛੋਟੇ-ਛੋਟੇ ਸੁਤੰਤਰ ਰਾਜਾਂ ਵਿੱਚ ਵੰਡਿਆ ਗਿਆ। ਕੰਨੌਜ ਦੇ ਮੌਖਰੀ, ਮਗਧ ਦੇ ਪਰਵਰਤੀ (ਉੱਤਰਕਾਲੀਨ) ਗੁਪਤ, ਗੁਜਰਾਤ ਦੇ ਮੈਤਰਕ ਅਤੇ ਬੰਗਾਲ ਦਾ ਸ਼ਸ਼ਾਂਕ ਇਹਨਾਂ ਵਿੱਚੋਂ ਕੁਝ ਸਨ। ਇਹਨਾਂ ਵਿੱਚੋਂ ਇੱਕ ਮਹੱਤਵਪੂਰਨ ਵੰਸ਼ ਪੁਸ਼ਿਆਭੂਤੀ ਸੀ, ਜਿਸ ਨੇ ਅੱਜ-ਕਲ੍ਹ ਦੇ ਹਰਿਆਣੇ ਦੇ ਕੁਰੂਕਸ਼ੇਤਰ ਇਲਾਕੇ ਵਿੱਚ ਆਪਣਾ ਰਾਜ ਸ਼ੁਰੂ ਕੀਤਾ ਸੀ। ਇਹਨਾਂ ਦੀ ਰਾਜਧਾਨੀ **ਸਥਾਨੇਸ਼ਵਰ** (ਵਰਤਮਾਨ ਥਾਨੇਸਰ) ਸੀ।

## 1. ਹਰਸ਼ਵਰਧਨ :

ਪੁਸ਼ਿਆਭੂਤੀ ਵੰਸ਼ ਦਾ ਸਭ ਤੋਂ ਪ੍ਰਸਿੱਧ ਰਾਜਾ ਹਰਸ਼ਵਰਧਨ ਸੀ। ਉਹ ਅਪਣੇ ਵੱਡੇ ਭਰਾ ਦੀ ਅਚਾਨਕ ਹੋਈ ਮੌਤ ਤੋਂ ਬਾਅਦ 606 ਈ. ਵਿੱਚ ਰਾਜਗੱਦੀ ਤੇ ਬੈਠਾ। ਹਰਸ਼ਵਰਧਨ ਦੇ ਵੱਡੇ ਭਰਾ ਰਾਜਵਰਧਨ ਅਤੇ ਜੀਜੇ ਗ੍ਰਹਿਵਰਮਨ, ਜੋ ਕਿ ਮੌਖਰੀ ਵੰਸ਼ ਦਾ ਰਾਜਾ ਸੀ, ਨੂੰ ਬੰਗਾਲ ਦੇ ਰਾਜਾ ਸ਼ਸ਼ਾਂਕ ਨੇ ਮਾਲਵੇ ਦੇ ਰਾਜੇ ਨਾਲ ਮਿਲ ਕੇ ਮਾਰ ਦਿੱਤਾ ਸੀ।



ਚਿੱਤਰ 15.1 ਹਰਸ਼ਵਰਧਨ




**ਚਿੱਤਰ 15.2** *ਹਰਸ਼ ਸਾਮਰਾਜ*

ਹਰਸ਼ਵਰਧਨ ਨੇ ਰਾਜਗੱਦੀ ਤੇ ਬੈਠਣ ਤੋਂ ਬਾਅਦ ਆਪਣੀ ਰਾਜਧਾਨੀ ਕੰਨੌਜ ਬਣਾ ਲਈ। ਉਹ ਦੋਨਾਂ ਰਾਜਾਂ (ਮੌਖਰੀ ਅਤੇ ਪੁਸ਼ਿਆਭੂਤੀ) ਦਾ ਸਮਰਾਟ ਬਣ ਗਿਆ। ਉਸ ਨੇ ਆਪਣੇ ਭਰਾ ਅਤੇ ਜੀਜੇ ਦੀ ਮੌਤ ਦਾ ਬਦਲਾ ਲੈਣ ਦੀ ਕਸਮ ਚੁੱਕੀ ਅਤੇ ਕੁਝ ਸਾਲਾਂ ਬਾਅਦ ਸ਼ਸ਼ਾਂਕ ਨੂੰ ਮਾਰ ਕੇ ਬੰਗਾਲ ਉੱਤੇ ਜਿੱਤ ਪ੍ਰਾਪਤ ਕਰ ਲਈ। ਉਹ ਹੋਰ ਵੀ ਬਹੁਤ ਸਾਰੇ ਖੇਤਰ ਜਿੱਤਕੇ ਉੱਤਰੀ ਭਾਰਤ ਦਾ ਸਭ ਤੋਂ ਸ਼ਕਤੀਸ਼ਾਲੀ ਰਾਜਾ ਬਣ ਗਿਆ। ਉਸ ਨੇ ਦੱਖਣੀ ਭਾਰਤ ਦੇ ਚਾਲੂਕਿਆ ਵੰਸ਼ ਦੇ ਰਾਜਾ ਪੁਲਕੇਸ਼ਿਨ ਦੂਜੇ ਤੇ ਵੀ ਹਮਲਾ ਕੀਤਾ। ਪਰੰਤੂ ਇਸ ਯੁੱਧ ਵਿੱਚ ਉਸ ਨੂੰ ਜਿੱਤ ਪ੍ਰਾਪਤ ਨਹੀਂ ਹੋਈ।

ਹਰਸ਼ਵਰਧਨ ਦੀਆਂ ਸਫ਼ਲਤਾਵਾਂ ਦਾ ਵਰਣਨ ਉਸ ਦੇ ਦਰਬਾਰੀ ਕਵੀ **ਬਾਣਭੱਟ** ਨੇ **ਹਰਸ਼ਚਰਿਤ** ਨਾਮ ਦੀ ਪੁਸਤਕ ਵਿੱਚ ਕੀਤਾ ਹੈ। ਪ੍ਰਸਿੱਧ ਚੀਨੀ ਯਾਤਰੀ ਹਿਊਨਸਾਂਗ ਹਰਸ਼ ਦੇ ਸਮੇਂ ਭਾਰਤ ਆਇਆ ਅਤੇ ਉਸ ਦੇ ਦਰਬਾਰ ਵਿੱਚ ਸ਼ਾਹੀ ਮਹਿਮਾਨ ਬਣ ਕੇ ਰਿਹਾ। ਹਰਸ਼ਵਰਧਨ ਆਪ ਵੀ ਉਚਕੋਟੀ ਦਾ ਵਿਦਵਾਨ ਸੀ। ਇਸ ਨੂੰ ਸੰਸਕ੍ਰਿਤ ਦੇ ਤਿੰਨ ਨਾਟਕਾਂ— **ਪ੍ਰਿਯਾਦਰਸ਼ਿਕਾ**, **ਰਤਨਾਵਲੀ** ਅਤੇ **ਨਾਗਾਨੰਦ** ਦਾ ਲੇਖਕ ਮੰਨਿਆ ਜਾਂਦਾ ਹੈ। ਹਰਸ਼ਵਰਧਨ ਸ਼ੈਵ ਧਰਮ ਨੂੰ ਮੰਨਦਾ ਸੀ। ਪਰੰਤੂ ਉਹ ਬਾਕੀ ਧਰਮਾਂ ਦਾ ਵੀ ਆਦਰ ਕਰਦਾ ਸੀ। ਬੁੱਧ ਧਰਮ ਵਿੱਚ ਉਸਨੂੰ ਵਿਸ਼ੇਸ਼ ਸ਼ਰਧਾ ਸੀ। ਉਸ ਨੇ ਹਿਊਨਸਾਂਗ ਦੀ ਪ੍ਰਧਾਨਗੀ ਵਿੱਚ ਕੰਨੌਜ ਵਿੱਚ ਬੋਧ-ਸਭਾ ਕੀਤੀ ਸੀ। ਪ੍ਰਯਾਗ (ਇਲਾਹਾਬਾਦ) ਵਿੱਚ ਵੀ ਉਹ ਹਰ ਪੰਜ ਸਾਲਾਂ ਬਾਅਦ ਸਭਾਵਾਂ ਕਰਦਾ ਸੀ। ਕਿਹਾ ਜਾਂਦਾ ਹੈ ਕਿ ਇੱਕ ਅਜਿਹੀ ਸਭਾ ਵਿੱਚ ਉਸ ਨੇ ਆਪਣਾ ਸਾਰਾ ਧਨ ਦਾਨ ਕਰ ਦਿੱਤਾ ਸੀ। ਲਗਪਗ 647 ਈ. ਵਿੱਚ ਹਰਸ਼ਵਰਧਨ ਦੀ ਮੌਤ ਹੋ ਗਈ ਅਤੇ ਇਸ ਦੇ ਨਾਲ ਹੀ ਪੁਸ਼ਿਆਭੂਤੀ ਵੰਸ਼ ਦਾ ਅੰਤ ਹੋ ਗਿਆ।

*ਬਾਣਭੱਟ ਦਾ **ਹਰਸ਼ ਚਾਰਿੱਤ** ਅਤੇ ਇੱਕ ਚੀਨੀ ਯਾਤਰੀ ਹਿਊਨਸਾਂਗ ਦਾ ਬਿਰਤਾਂਤ, ਹਰਸ਼ਕਾਲ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੇ ਪ੍ਰਸਿੱਧ ਸ੍ਰੋਤ ਹਨ।*

### 1.1. ਸ਼ਾਸਨ ਪ੍ਰਬੰਧ :

ਸ਼ਾਸਨ ਪ੍ਰਬੰਧ ਗੁਪਤ ਕਾਲ ਦੀ ਤਰ੍ਹਾਂ ਹੀ ਚੱਲਦਾ ਰਿਹਾ, ਜਿਸ ਬਾਰੇ ਤੁਸੀਂ ਪਿਛਲੇ ਪਾਠ ਵਿੱਚ ਪੜ੍ਹਿਆ ਹੈ। **ਕੁਮਾਰਾਮਾਤਿਯ** ਮਹੱਤਵਪੂਰਨ ਅਫ਼ਸਰ ਬਣੇ ਰਹੇ। ਇਹਨਾਂ ਦੇ ਇਲਾਵਾ ਮੰਤਰੀ, ਦੂਤਕ, ਆਯੁਕੱਤ ਅਤੇ ਸੈਨਾਪਤੀ ਦਾ ਵਰਣਨ ਵੀ ਮਿਲਦਾ ਹੈ। ਉਸ ਸਮੇਂ ਸਭ ਲੋਕਾਂ ਨੂੰ ਨਿਆਂ ਮਿਲਦਾ ਸੀ ਅਤੇ ਕਰ ਬਹੁਤ ਘੱਟ ਲਗਾਏ ਜਾਂਦੇ ਸਨ।

### 1.2. ਸਮਾਜਿਕ ਅਤੇ ਆਰਥਿਕ ਜੀਵਨ :

ਬਾਣਭੱਟ ਅਤੇ ਹਿਊਨਸਾਂਗ ਦੇ ਲੇਖਾਂ ਤੋਂ ਸਾਨੂੰ ਪਤਾ ਚਲਦਾ ਹੈ ਕਿ ਲੋਕਾਂ ਦਾ ਮੁੱਖ ਕਿੱਤਾ

ਖੇਤੀਬਾੜੀ ਸੀ। ਇਸਦੇ ਇਲਾਵਾ ਪਸ਼ੂ ਵੀ ਪਾਲੇ ਜਾਂਦੇ ਸਨ। ਵਪਾਰੀ ਅਤੇ ਸ਼ਿਲਪਕਾਰ ਜ਼ਿਆਦਾਤਰ ਨਗਰਾਂ ਵਿੱਚ ਰਹਿੰਦੇ ਸਨ। ਲੋਕ ਨਿਯਮ ਅਨੁਸਾਰ ਸਰਕਾਰ ਨੂੰ ਕਰ ਦਿੰਦੇ ਸਨ। ਕਰ ਧੰਨ ਅਤੇ ਵਸਤੂਆਂ ਦੋਨਾਂ ਰੂਪਾਂ ਵਿੱਚ ਦਿੱਤੇ ਜਾ ਸਕਦੇ ਸਨ।

ਲੋਕ ਸ਼ਾਂਤੀ ਅਤੇ ਸਾਦਗੀ ਦਾ ਜੀਵਨ ਬਤੀਤ ਕਰਦੇ ਸਨ। ਪਰੰਤੂ ਕਨੂੰਨਾਂ ਦੀ ਹਾਲਤ ਗੁਪਤ ਕਾਲ ਵਰਗੀ ਚੰਗੀ ਨਹੀਂ ਸੀ। ਜਾਤ-ਪ੍ਰਥਾ ਕਠੋਰ ਹੋ ਗਈ ਸੀ। ਜ਼ਿਆਦਾਤਰ ਲੋਕ ਸ਼ਾਕਾਹਾਰੀ ਸਨ। ਸਾਰੇ ਧਰਮਾਂ ਦੇ ਲੋਕ ਆਪਸ ਵਿੱਚ ਪਿਆਰ ਨਾਲ ਰਹਿੰਦੇ ਸਨ ਅਤੇ ਇੱਕ ਦੂਜੇ ਦਾ ਆਦਰ ਕਰਦੇ ਸਨ। ਬਿਹਾਰ ਵਿੱਚ **ਨਾਲੰਦਾ** ਇਸ ਸਮੇਂ ਪ੍ਰਸਿੱਧ ਵਿਸ਼ਵਵਿਦਿਆਲਾ ਸੀ। ਇਹ ਗਿਆਨ ਪ੍ਰਾਪਤੀ ਦਾ ਮਹਾਨ ਕੇਂਦਰ ਸੀ, ਜਿੱਥੇ ਦੇਸ-ਵਿਦੇਸ਼ ਤੋਂ ਵਿਦਿਆਰਥੀ ਸਿੱਖਿਆ ਪ੍ਰਾਪਤ ਕਰਨ ਆਉਂਦੇ ਸਨ। ਹਿਊਨਸਾਂਗ ਨੇ ਵੀ ਕੁਝ ਸਮੇਂ ਤੱਕ ਇੱਥੇ ਸਿੱਖਿਆ ਪ੍ਰਾਪਤ ਕੀਤੀ ਸੀ। ਹਰਸ਼ਵਰਧਨ ਨੇ ਲਗਪਗ 200 ਪਿੰਡਾਂ ਦੀ ਆਮਦਨ ਇਸ ਵਿਸ਼ਵਵਿਦਿਆਲਾ ਨੂੰ ਦਾਨ ਕੀਤੀ ਸੀ।



*ਚਿੱਤਰ 15.3 ਨਾਲੰਦਾ (ਬਿਹਾਰ) ਵਿਸ਼ਵਵਿਦਿਆਲੇ ਦੇ ਖੰਡਰ*

ਹਰਸ਼ਵਰਧਨ ਦੀ ਮੌਤ ਤੋਂ ਬਾਅਦ ਉੱਤਰੀ ਭਾਰਤ ਫ਼ੇਰ ਛੋਟੇ-ਛੋਟੇ ਰਾਜਾਂ ਵਿੱਚ ਵੰਡਿਆ ਗਿਆ।

## ਯਾਦ ਰੱਖਣ ਯੋਗ ਨੁਕਤੇ

1. ਪੁਸ਼ਿਆਭੂਤੀ ਵੰਸ਼ ਦਾ ਸਭ ਤੋਂ ਪ੍ਰਸਿੱਧ ਰਾਜਾ ਹਰਸ਼ਵਰਧਨ ਸੀ। ਉਸ ਨੇ ਕਨੌਜ ਨੂੰ ਆਪਣੀ ਰਾਜਧਾਨੀ ਬਣਾਇਆ। ਉਸ ਨੇ ਸ਼ਸ਼ਾਂਕ ਰਾਜੇ ਨੂੰ ਮਾਰ ਕੇ ਬੰਗਾਲ ਉਤੇ ਜਿੱਤ ਪ੍ਰਾਪਤ ਕੀਤੀ।

2. ਪ੍ਰਸਿੱਧ ਚੀਨੀ ਯਾਤਰੀ ਹਿਊਨਸਾਂਗ ਹਰਸ਼ਵਰਧਨ ਦੇ ਸਮੇਂ ਭਾਰਤ ਵਿਚ ਆਇਆ ਅਤੇ ਉਸ ਦੇ ਦਰਬਾਰ ਵਿਚ ਸ਼ਾਹੀ ਮਹਿਮਾਨ ਬਣਕੇ ਰਿਹਾ।
3. ਹਰਸ਼ਵਰਧਨ ਨੇ ਕਨੌਜ ਅਤੇ ਪ੍ਰਯਾਗ ਵਿਚ ਦੋ ਬੁੱਧ ਸਭਾਵਾਂ ਕੀਤੀਆਂ ਅਤੇ ਧਾਰਮਿਕ ਵਿਅਕਤੀਆਂ ਨੂੰ ਦਾਨ ਦਿੱਤਾ।
4. ਲਗਪਗ 647 ਈ. ਵਿਚ ਹਰਸ਼ਵਰਧਨ ਦੀ ਮੌਤ ਹੋ ਗਈ ਅਤੇ ਇਸ ਦੇ ਨਾਲ ਹੀ ਪੁਸ਼ਿਆਭੂਤੀ ਵੰਸ਼ ਦਾ ਅੰਤ ਹੋ ਗਿਆ।

## ਅਭਿਆਸ

### I. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(1) ਹਿਊਨਸਾਂਗ ਬਾਰੇ ਤੁਸੀਂ ਕੀ ਜਾਣਦੇ ਹੋ ?

(2) ਹਰਸ਼ਵਰਧਨ ਬਾਰੇ ਇੱਕ ਨੋਟ ਲਿਖੋ।

(3) ਇਸ ਕਾਲ ਦੇ ਸਮਾਜ ਬਾਰੇ ਤੁਸੀਂ ਕੀ ਜਾਣਦੇ ਹੋ ?

(4) ਹਰਸ਼ਵਰਧਨ ਦੇ ਰਾਜ-ਪ੍ਰਬੰਧ ਬਾਰੇ ਲਿਖੋ।

### II. ਹੇਠ ਲਿਖੇ ਵਾਕਾਂ ਵਿੱਚ ਖਾਲੀ ਥਾਵਾਂ ਭਰੋ :

(1) ਹਰਸ਼ਵਰਧਨ ਨੇ .................... ਨੂੰ ਆਪਣੀ ਰਾਜਧਾਨੀ ਬਣਾਇਆ।

(2) ਪ੍ਰਸਿੱਧ ਚੀਨੀ ਯਾਤਰੀ .................... ਹਰਸ਼ਵਰਧਨ ਦੇ ਸਮੇਂ ਭਾਰਤ ਵਿਚ ਆਇਆ।

(3) ਹਰਸ਼ਵਰਧਨ ਦੀਆਂ ਸਫ਼ਲਤਾਵਾਂ ਦਾ ਵਰਨਣ ਉਸ ਦੇ ਦਰਬਾਰੀ ਕਵੀ ਨੇ .................... ਨਾਮ ਦੀ ਪੁਸਤਕ ਵਿਚ ਕੀਤਾ ਹੈ।

(4) ਹਰਸ਼ਵਰਧਨ .................... ਧਰਮ ਨੂੰ ਮੰਨਦਾ ਸੀ।

(5) ਹਰਸ਼ਵਰਧਨ ਨੇ ਲਗਪਗ .................... ਪਿੰਡਾਂ ਦੀ ਆਮਦਨ ਨਾਲੰਦਾ ਵਿਸ਼ਵ ਵਿਦਿਆਲਾ ਨੂੰ ਦਾਨ ਕੀਤੀ ਸੀ।

### III. ਹੇਠ ਲਿਖੇ ਸ਼ਬਦਾ ਦਾ ਸਹੀ ਮਿਲਾਨ ਕਰੋ :

| | |
|---|---|
| (1) ਪੁਸ਼ਿਆਭੂਤੀ | (ੳ) ਲੇਖਕ |
| (2) ਹਿਊਨਸਾਂਗ | (ਅ) ਕੁਰੂਕਸ਼ੇਤਰ |
| (3) ਬਾਣਭੱਟ | (ੲ) ਚੀਨੀ ਯਾਤਰੀ |
| (4) ਦੂਤ | (ਸ) ਸੰਦੇਸ਼ ਲਿਜਾਣ ਵਾਲਾ |

**IV. ਹੇਠ ਲਿਖੇ ਵਾਕਾਂ ਸਾਹਮਣੇ ਸਹੀ (✓) ਜਾਂ ਗ਼ਲਤ (×) ਦਾ ਨਿਸ਼ਾਨ ਲਗਾਓ :**

(1) ਹਰਸ਼ਵਰਧਨ 606 ਈ. ਵਿੱਚ ਰਾਜਗੱਦੀ ਤੇ ਬੈਠਿਆ। ☐

(2) ਪੁਲਕੇਸ਼ਿਨ ਦੂਜਾ ਬਿਹਾਰ ਦਾ ਰਾਜਾ ਸੀ। ☐

(3) ਲੋਕ (ਪ੍ਰਜਾ) ਰਾਜਾ ਨੂੰ ਕੋਈ ਕਰ ਨਹੀਂ ਦਿੰਦੇ ਸਨ। ☐

(4) ਜ਼ਿਆਦਾਤਰ ਲੋਕ ਸ਼ਾਕਾਹਾਰੀ ਸਨ। ☐


(5) ਰਾਜਵਰਧਨ ਹਰਸ਼ਵਰਧਨ ਦਾ ਪਿਤਾ ਸੀ। ☐

## ਗਤੀਵਿਧੀ

ਭਾਰਤ ਦੇ ਨਕਸ਼ੇ ਤੇ ਥਾਨੇਸਰ, ਕੰਨੌਜ, ਨਾਲੰਦਾ, ਵਾਤਾਪੀ ਅਤੇ ਅਲੋਰਾ ਦਰਸਾਓ।

For Practice

ਹਰਸ਼ ਸਾਮਰਾਜ



# ਪਾਠ 16

# ਚਾਲੂਕਿਆ ਅਤੇ ਪੱਲਵ

## 1. ਚਾਲੂਕਿਆ ਵੰਸ਼ :

ਛੇਵੀਂ ਸਦੀ ਈ. ਵਿੱਚ ਦੱਖਣ (ਦਕੱਣ) ਵਿੱਚ ਸ਼ਕਤੀ ਚਾਲੂਕਿਆ ਵੰਸ਼ ਦੇ ਹੱਥ ਵਿੱਚ ਆ ਗਈ। ਇਸ ਵੰਸ਼ ਦੇ **ਪੁਲਕੇਸ਼ਿਨ ਪਹਿਲਾ** ਅਤੇ **ਕੀਰਤੀਵਰਮਨ** ਪ੍ਰਸਿੱਧ ਰਾਜੇ ਸਨ। ਕਰਨਾਟਕ ਦੇ ਬੀਜਾਪੁਰ




ਚਿੱਤਰ **16.1** *ਕੀਰਤੀਵਰਮਨ*

ਜ਼ਿਲ੍ਹੇ ਵਿੱਚ ਵਤਾਪੀ (ਅੱਜਕਲ੍ਹ ਦੀ ਬਦਾਮੀ) ਇਹਨਾਂ ਦੀ ਰਾਜਧਾਨੀ ਸੀ। ਇਸ ਵੰਸ਼ ਦਾ ਸਭ ਤੋਂ ਪ੍ਰਸਿੱਧ ਰਾਜਾ **ਪੁਲਕੇਸ਼ਿਨ ਦੂਜਾ** ਸੀ। ਉਸ ਨੇ ਦੱਖਣੀ ਭਾਰਤ ਦੇ ਬਹੁਤ ਸਾਰੇ ਖੇਤਰਾਂ ਤੇ ਜਿੱਤ ਪ੍ਰਾਪਤ ਕੀਤੀ ਅਤੇ ਤਾਮਿਲਨਾਡੂ ਦੇ ਪੱਲਵਾਂ ਨੂੰ ਹਰਾਇਆ। ਅਸੀਂ ਪਿੱਛਲੇ ਪਾਠ ਵਿੱਚ ਪੜ੍ਹਿਆ ਸੀ ਕਿ ਹਰਸ਼ਵਰਧਨ ਵੀ ਉਸ ਨੂੰ ਜਿੱਤ ਨਹੀਂ ਸਕਿਆ ਸੀ। 641 ਈ. ਵਿੱਚ ਪ੍ਰਸਿੱਧ ਚੀਨੀ ਯਾਤਰੀ ਹਿਊਨਸਾਂਗ ਉਸ ਦੇ ਰਾਜ ਵਿੱਚ ਆਇਆ ਸੀ। ਉਸ ਨੇ ਪੁਲਕੇਸ਼ਿਨ ਦੂਜੇ ਦੇ ਚਰਿੱਤਰ ਅਤੇ ਸ਼ਕਤੀ ਦੀ ਪ੍ਰਸ਼ੰਸਾ ਕੀਤੀ ਹੈ। ਅਜੰਤਾ ਦੀਆਂ ਗੁਫ਼ਾਵਾਂ ਦੇ ਇੱਕ ਚਿੱਤਰ ਵਿੱਚ ਪੁਲਕੇਸ਼ਿਨ ਨੂੰ ਈਰਾਨ ਦੇ ਰਾਜਦੂਤਾਂ ਦਾ ਆਪਣੇ ਦਰਬਾਰ ਵਿੱਚ ਸਵਾਗਤ ਕਰਦੇ ਹੋਏ ਦਿਖਾਇਆ ਗਇਆ ਹੈ। ਪੱਲਵ ਸਮਰਾਟ **ਨਰਸਿੰਘਵਰਮਨ ਪਹਿਲੇ** ਤੋਂ ਹਾਰਨ ਪਿੱਛੋ 642 ਈ. ਵਿੱਚ ਪੁਲਕੇਸ਼ਿਨ ਦੀ ਮੌਤ ਹੋ ਗਈ। 8 ਵੀਂ. ਸਦੀ ਦੇ ਮੱਧ ਵਿੱਚ ਰਾਸ਼ਟਰਕੂਟਾਂ ਤੋਂ ਹਾਰਨ ਤੋਂ ਬਾਅਦ ਚਾਲੂਕਿਆ ਵੰਸ਼ ਦਾ ਅੰਤ ਹੋ ਗਿਆ।

*ਹਿਊਨਸਾਂਗ ਚੀਨੀ ਯਾਤਰੀ ਦੱਖਣੀ ਭਾਰਤ ਵਿੱਚ **ਪੁਲਕੇਸ਼ਿਨ ਦੂਜੇ** ਦੇ ਰਾਜਕਾਲ ਸਮੇਂ ਆਇਆ। ਉਸ ਸਮੇਂ ਉਸ ਦਾ ਰਾਜ ਆਪਣੀ ਚਰਮ ਸੀਮਾਂ ਤੇ ਸੀ। ਉਸ ਨੇ ਚਾਲੂਕਿਆ ਰਾਜ ਦੇ ਜੀਵਨ, ਸ਼ਾਸਨ ਪ੍ਰਬੰਧ, ਆਰਥਿਕ ਅਤੇ ਧਾਰਮਿਕ ਸਥਿਤੀ ਬਾਰੇ ਇੱਕ ਕੀਮਤੀ ਬਿਰਤਾਂਤ ਲਿਖਿਆ।*

## 1.1. ਕਲਾ ਅਤੇ ਧਰਮ :

ਚਾਲੂਕਿਆ ਰਾਜੇ ਕਲਾ ਦੇ ਮਹਾਨ ਸਰਪ੍ਰਸਤ ਸਨ। ਇਹਨਾਂ ਨੇ ਏਹੋਲ, ਵਤਾਪੀ ਅਤੇ ਪੱਟਦਕਲ ਵਿੱਚ ਕਈ ਪ੍ਰਸਿੱਧ ਮੰਦਰ ਬਣਵਾਏ। ਵੀਰੂਪਾਕੱਸ਼ ਅਤੇ ਪੰਪਨਾਥ ਦੇ ਮੰਦਰ ਬਹੁਤ ਪ੍ਰਸਿੱਧ ਹਨ। ਇਹਨਾਂ ਦੇ ਮੰਦਰ ਹਿੰਦੂ ਦੇਵਤੇ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਦੀ ਪੂਜਾ ਲਈ ਸਨ। ਇਹਨਾਂ ਮੰਦਰਾਂ ਦੀਆਂ ਕੰਧਾਂ 'ਤੇ ਰਾਮਾਇਣ ਦੇ ਦ੍ਰਿਸ਼ ਬੜੇ ਸੋਹਣੇ ਢੰਗ ਨਾਲ ਦਿਖਾਏ ਗਏ ਹਨ। ਇਹਨਾਂ ਨੇ ਬਦਾਮੀ ਵਿੱਚ ਗੁਫ਼ਾ-ਮੰਦਰ ਵੀ ਬਣਵਾਏ ਸਨ, ਜਿਹੜੇ ਕਿ ਕਲਾਪੂਰਨ ਮੂਰਤੀਆਂ ਲਈ ਪ੍ਰਸਿੱਧ ਹਨ। ਚਾਲੂਕਿਆ ਸ਼ਾਸਕਾਂ ਨੇ ਜੈਨ ਧਰਮ ਨੂੰ ਸਰਪ੍ਰਸਤੀ ਦਿੱਤੀ ਅਤੇ ਕਈ ਜੈਨ ਮੁੰਨੀਆਂ ਨੂੰ ਦਾਨ ਵੀ ਦਿੱਤਾ।


ਨਰਮਦਾ
ਤਾਪਤੀ
ਮਹਾਨਦੀ
ਪ.ਚਾਲੂਕਿਆ
ਰਾਸ਼ਟਰਕੂਟ
ਕਲਿਆਣੀ
ਮਾਨਖੇਤ
ਕ੍ਰਿਸ਼ਨਾ
ਪੂ.ਚਾਲੂਕਿਆ
ਤੁੰਗਭਦਰਾ
ਉ.ਪੇਨਾ ਰ
ਨੇਲੌਰ
ਪੱਲਵ
ਤਾਲਗੁੰਡਾ
ਕੋਲਾਰ
ਮਨੇ
ਕਾਂਚੀ
ਮਹਾਂਬਲੀਪੁਰਮ
ਦ.ਪੇਨਾ ਰ
ਚੋਲ
ਕਾਵੇਰੀ
ਸ਼੍ਰੀਪੁਰਮਵਿਆਮ
ਤੰਜੋਰ
ਸਿਤਾਨਵਸਲ
ਮਦੁਰੈ
ਵੈਗੀ
ਪਾਂਡਯ
ਅਨੁਰਾਧਾਪੁਰ
ਦੱਖਣੀ ਭਾਰਤ
320–800 ਈ.
ਤਾਮ੍ਰਪਰਣੀ
(ਸ਼੍ਰੀਲੰਕਾ)
ਹਿੰਦ ਮਹਾਸਾਗਰ

ਚਿੱਤਰ 16.2



*ਚਿੱਤਰ 16.3 ਪੱਟਦਕਲ ਵਿਖੇ ਵੀਰੂਪਾਕੱਸ਼ ਦਾ ਮੰਦਰ*

## 2. ਪੱਲਵ ਵੰਸ਼ :

ਪੱਲਵਾਂ ਨੇ ਤਾਮਿਲਨਾਡੂ ਅਤੇ ਆਂਧਰਾ ਪ੍ਰਦੇਸ਼ ਦੇ ਕਈ ਹਿੱਸਿਆਂ ਤੇ ਰਾਜ ਕੀਤਾ। ਇਹਨਾਂ ਦੀ ਰਾਜਧਾਨੀ ਤਾਮਿਲਨਾਡੂ ਵਿੱਚ ਚੇਨੱਈ ਦੇ ਕੋਲ **ਕਾਂਚੀਪੁਰਮ** ਸੀ। ਗੁਪਤ ਸਮਰਾਟ ਸਮੁਦਰ ਗੁਪਤ ਨੇ ਇਹਨਾਂ ਦੇ ਰਾਜਾ ਵਿਸ਼ਨੂੰ ਗੋਪਵਰਮਨ ਨੂੰ ਹਰਾਇਆ ਸੀ। ਛੇਵੀਂ ਸਦੀ ਦੇ ਅੰਤ ਵਿੱਚ **ਸਿੰਘਵਰਮਨ** ਨੇ ਇੱਕ ਨਵੇਂ ਪੱਲਵ ਵੰਸ਼ ਦੀ ਨੀਂਹ ਰੱਖੀ। ਹੁਣ ਪੱਲਵ ਬਹੁਤ ਸ਼ਕਤੀਸ਼ਾਲੀ ਹੋ ਗਏ। ਸਿੰਘਵਰਮਨ ਦਾ ਪੁੱਤਰ **ਮਹਿੰਦਰ ਵਰਮਨ ਪਹਿਲਾ** ਵੀ ਇੱਕ ਸ਼ਕਤੀਸ਼ਾਲੀ ਰਾਜਾ ਸੀ। ਉਹ ਚਾਲੂਕਿਆ ਰਾਜਾ ਪੁਲਕੇਸ਼ਿਨ ਨਾਲ ਲੰਬੇ ਸਮੇਂ ਤੱਕ ਲੜਾਈ ਕਰਦਾ ਰਿਹਾ। ਉਹ ਚਿੱਤਰਕਲਾ ਅਤੇ ਨਾਚ-ਗਾਣੇ ਦਾ ਬਹੁਤ ਸ਼ੌਕੀਨ ਸੀ। ਉਸ ਦਾ ਪੁੱਤਰ **ਨਰਸਿੰਘਵਰਮਨ ਪਹਿਲਾ** ਵੀ ਇੱਕ ਸ਼ਕਤੀਸ਼ਾਲੀ ਰਾਜਾ ਸੀ। ਉਸ ਨੇ ਚਾਲੂਕਿਆਂ ਨੂੰ ਹਰਾ ਕੇ ਆਪਣੇ ਪਿਤਾ ਦੀ ਹਾਰ ਦਾ ਬਦਲਾ ਲਿਆ। ਉਸ ਨੇ ਸ਼੍ਰੀ ਲੰਕਾ ਤੇ ਵੀ ਦੋ ਵਾਰ ਹਮਲੇ ਕੀਤੇ ਅਤੇ ਸਫ਼ਲ ਰਿਹਾ। ਨੌਵੀਂ ਸਦੀ ਵਿੱਚ ਚੋਲ ਰਾਜਿਆਂ ਨੇ ਪੱਲਵਾਂ ਨੂੰ ਹਰਾ ਕੇ ਇਸ ਵੰਸ਼ ਦਾ ਅੰਤ ਕਰ ਦਿੱਤਾ।

*ਕਾਂਚੀ ਦੇ ਪੱਲਵਾਂ ਦਾ ਯੁਗ ਭਾਰਤ ਦੇ ਰਾਜਨੀਤਿਕ ਅਤੇ ਸਭਿਆਚਾਰਕ ਇਤਿਹਾਸ ਵਿੱਚ ਯਾਦ ਰੱਖਣ ਯੋਗ ਹੈ। ਉਨ੍ਹਾਂ ਨੇ ਇੱਕ ਮਹਾਨ ਸਾਮਰਾਜ ਸਥਾਪਤ ਕੀਤਾ।*

### 2.1. ਕਲਾ ਅਤੇ ਧਰਮ :

ਪੱਲਵ ਰਾਜੇ ਮੂਰਤੀ ਕਲਾ ਅਤੇ ਭਵਨ-ਨਿਰਮਾਣ ਕਲਾ ਦੇ ਪ੍ਰੇਮੀ ਅਤੇ ਸਰਪ੍ਰਸਤ ਸਨ। ਇਹਨਾਂ ਨੇ ਮਹਾਂਬਲੀਪੁਰਮ ਵਿੱਚ ਸਮੁੰਦਰ ਦੇ ਕੰਢੇ ਕਈ ਗੁਫ਼ਾ-ਮੰਦਰਾਂ ਦਾ ਨਿਰਮਾਣ ਕਰਵਾਇਆ। ਇਹਨਾਂ ਵਿੱਚੋਂ ਕੁਝ ਮੰਦਰਾਂ ਨੂੰ ਰੱਥਾਂ ਦੇ ਨਾਂ ਨਾਲ ਪੁਕਾਰਦੇ ਹਨ 'ਤੇ ਜਿੰਨ੍ਹਾਂ ਦੇ ਨਾਮ ਮਹਾਭਾਰਤ ਦੇ ਪਾਂਡਵਾਂ

ਦੇ ਨਾਮਾਂ ਤੇ ਰੱਖੇ ਗਏ ਹਨ। ਮਹਾਂਬਲੀਪੁਰਮ ਵਿੱਚ ਹੀ ਪੱਲਵਾਂ ਦਾ ਇੱਕ ਹੋਰ ਸਮੁੰਦਰ ਦੇ ਕੰਢੇ ਤੇ ਬਣਿਆ ਮੰਦਰ ਵੀ ਬੜਾ ਪ੍ਰਸਿੱਧ ਹੈ। ਇਹਨਾਂ ਨੇ ਆਪਣੀ ਰਾਜਧਾਨੀ ਕਾਂਚੀ ਵਿੱਚ **ਕੈਲਾਸ਼ਨਾਥ** ਨਾਮ ਦਾ ਇੱਕ ਪ੍ਰਸਿੱਧ ਮੰਦਰ ਬਣਵਾਇਆ ਸੀ। ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਤੋਂ ਇਲਾਵਾ ਇਹਨਾਂ ਮੰਦਰਾਂ ਵਿੱਚ ਪੱਲਵ ਰਾਜੇ, ਰਾਣੀਆਂ ਦੀਆਂ ਮੂਰਤੀਆਂ ਵੀ ਲਗਾਈਆਂ ਗਈਆਂ ਸਨ।

ਪੱਲਵ ਰਾਜੇ ਮੁੱਖ ਤੌਰ ਤੇ ਜੈਨ ਅਤੇ ਸ਼ੈਵ ਧਰਮ ਨੂੰ ਮੰਨਦੇ ਸਨ। ਪਰੰਤੂ ਉਹ ਬਾਕੀ ਧਰਮਾਂ ਬਾਰੇ ਵੀ ਸਹਿਨਸ਼ੀਲ ਸਨ। ਹਿਊਨਸਾਂਗ ਨੇ 642 ਈ. ਵਿੱਚ ਕਾਂਚੀ ਦੀ ਯਾਤਰਾ ਕੀਤੀ ਸੀ। ਉਹ ਲਿਖਦਾ ਹੈ ਕਿ ਇੱਥੇ ਬੁੱਧ, ਜੈਨ ਅਤੇ ਹਿੰਦੂ ਧਰਮ ਨਾਲ-ਨਾਲ ਪ੍ਰਫੁਲਤ ਹੋ ਰਹੇ ਸਨ। ਕਾਂਚੀ ਸਿੱਖਿਆ ਦਾ ਵੀ ਇੱਕ ਮਹਾਨ ਕੇਂਦਰ ਸੀ। ਇੱਥੇ ਕਈ ਵਿਦਵਾਨ ਰਹਿੰਦੇ ਸਨ। ਇਸ ਸਮੇਂ ਦੋ ਮਹੱਤਵਪੂਰਨ ਪੁਸਤਕਾਂ—**ਮਣੀਮੇਖਲਾਈ** ਅਤੇ **ਸ਼ਿੱਲਪਾਦਿਕਰਮ** ਲਿਖੀਆਂ ਗਈਆਂ ਸਨ। ਇੱਥੇ ਮੰਦਰ ਕੇਵਲ ਪੂਜਾ ਲਈ ਹੀ ਨਹੀਂ ਸਨ। ਇਹਨਾਂ ਵਿੱਚ ਸਮਾਜਿਕ-ਉਤਸਵ ਅਤੇ ਸਿੱਖਿਆ ਦੇਣ ਦੇ ਕੰਮ ਵੀ ਹੁੰਦੇ ਸਨ। ਪੱਲਵ ਰਾਜਿਆਂ ਨੇ ਵਿਦਵਾਨਾਂ ਨੂੰ ਸਰਪ੍ਰਸਤੀ ਦਿੱਤੀ ਅਤੇ ਸੰਗੀਤ, ਨਾਚ ਅਤੇ ਚਿੱਤਰਕਲਾ ਦੀ ਵੀ ਸਰਪ੍ਰਸਤੀ ਕੀਤੀ।



*ਚਿੱਤਰ 16.4 ਸਮੁੰਦਰ ਕੰਢੇ ਮਹਾਂਬਲੀਪੁਰਮ (ਤਾਮਿਲਨਾਡੂ) ਦਾ ਮੰਦਰ*

## ਯਾਦ ਰੱਖਣ ਯੋਗ ਨੁਕਤੇ

1. ਪੁਲਕੇਸ਼ਿਨ ਦੂਜਾ ਅਤੇ ਕੀਰਤੀਵਰਮਨ ਚਾਲੂਕਿਆ ਵੰਸ਼ ਦੇ ਪ੍ਰਸਿੱਧ ਸ਼ਾਸਕ ਸਨ।
2. ਚਾਲੂਕਿਆ ਸ਼ਾਸਕਾਂ ਨੇ ਜੈਨ ਧਰਮ ਨੂੰ ਸਰਪ੍ਰਸਤੀ ਦਿੱਤੀ।
3. ਚਾਲੂਕਿਆ ਸ਼ਾਸਕਾਂ ਤੇ ਏਹੋਲ, ਵਤਾਪੀ ਅਤੇ ਪੱਟਦਕਲ ਵਿਚ ਕਈ ਪ੍ਰਸਿੱਧ ਮੰਦਰ ਬਣਾਏ।
4. ਸਿੰਘ ਵਰਮਨ ਨੇ ਛੇਵੀਂ ਸਦੀ ਵਿਚ ਪੱਲਵ ਵੰਸ਼ ਦੀ ਨੀਂਹ ਰੱਖੀ।
5. ਹਿਊਨਸਾਂਗ ਨੇ 641 ਈ. ਵਿੱਚ ਕਾਂਚੀ ਦੀ ਯਾਤਰਾ ਕੀਤੀ।
6. ਪੱਲਵ ਰਾਜਿਆਂ ਨੇ ਵਿਦਵਾਨਾਂ, ਸੰਗੀਤ, ਨਾਚ ਅਤੇ ਚਿੱਤਰਕਲਾ ਦੀ ਸਰਪ੍ਰਸਤੀ ਕੀਤੀ।



### I. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(1) ਦੱਖਣੀ ਭਾਰਤ ਦੇ ਚਾਲੂਕਿਆਂ ਬਾਰੇ ਤੁਸੀਂ ਕੀ ਜਾਣਦੇ ਹੋ ?

(2) ਚਾਲੂਕਿਆ ਮੰਦਰਾਂ ਬਾਰੇ ਇੱਕ ਨੋਟ ਲਿਖੋ।

(3) ਪੱਲਵਾਂ ਦੇ ਬਾਰੇ ਤੁਸੀਂ ਕੀ ਜਾਣਦੇ ਹੋ ?

(4) ਪੱਲਵਾਂ ਦੀ ਮੂਰਤੀ ਕਲਾ ਅਤੇ ਭਵਨ-ਨਿਰਮਾਣ ਕਲਾ ਬਾਰੇ ਲਿਖੋ।

### II. ਹੇਠ ਲਿਖੇ ਵਾਕਾਂ ਵਿੱਚ ਖਾਲੀ ਥਾਵਾਂ ਭਰੋ :

(1) ਚਾਲੂਕਿਆ ਵੰਸ਼ ਦੇ .................... ਅਤੇ .................... ਪ੍ਰਸਿੱਧ ਰਾਜੇ ਸਨ।

(2) ਚਾਲੂਕਿਆ ਰਾਜੇ .................... ਦੇ ਮਹਾਨ ਸਰਪ੍ਰਸਤ ਸਨ।

(3) .................... ਨੇ ਪੱਲਵ ਵੰਸ਼ ਦੀ ਨੀਂਹ ਰੱਖੀ।

(4) ਪੱਲਵਾਂ ਦੀ ਰਾਜਧਾਨੀ ਤਾਮਿਲਨਾਡੂ ਵਿਚ ਚੇਨੱਈ ਦੇ ਕੋਲ .................... ਸੀ।

(5) ਪੱਲਵ .................... ਅਤੇ .................... ਕਲਾ ਦੇ ਪ੍ਰੇਮੀ ਅਤੇ ਸਰਪ੍ਰਸਤ ਸਨ।

(6) ਪੱਲਵ ਰਾਜੇ ਮੁਖ ਤੌਰ ਤੇ .................... ਅਤੇ .................... ਧਰਮ ਨੂੰ ਮੰਨਦੇ ਸਨ।

### III. ਹੇਠ ਲਿਖੇ ਸ਼ਬਦਾ ਦਾ ਸਹੀ ਮਿਲਾਨ ਕਰੋ :

| | |
|---|---|
| (1) ਈਰਾਨੀ ਰਾਜਦੂਤ | (ੳ) ਚਾਲੂਕਿਆ ਮੰਦਰ |
| (2) ਵੀਰੂਪਾਕੱਸ਼ | (ਅ) ਪੁਲਕੇਸ਼ਿਨ ਦੂਜਾ |
| (3) ਮਹਾਂਬਲੀਪੁਰਮ | (ੲ) ਪਲੱਵ ਰਾਜਾ |
| (4) ਮਹਿੰਦਰਵਰਮਨ | (ਸ) ਰਥ ਮੰਦਰ |

**IV. ਹੇਠ ਲਿਖੇ ਵਾਂਕਾਂ ਸਾਹਮਣੇ ਸਹੀ (✓) ਜਾਂ ਗ਼ਲਤ (×) ਦਾ ਨਿਸ਼ਾਨ ਲਗਾਓ :**

(1) ਪੁਲਕੇਸ਼ਿਨ ਦੂਜੇ ਦਾ ਹਰਸ਼ਵਰਧਨ ਨਾਲ ਯੁੱਧ ਹੋਇਆ। ☐

(2) ਏਹੋਲ ਅਤੇ ਪੱਟਦਕਲ ਸਮੁੰਦਰ ਤਟ ਲਈ ਮਸ਼ਹੂਰ ਹਨ। ☐

(3) ਕਾਂਚੀਪੁਰਮ ਚਾਲੂਕਿਆ ਦੀ ਰਾਜਧਾਨੀ ਸੀ। ☐


(4) ਕੈਲਾਸ਼ਨਾਥ ਮੰਦਰ ਪੱਲਵਾਂ ਨੇ ਬਣਵਾਇਆ ਸੀ। ☐

## ਗਤੀਵਿਧੀ

ਦੱਖਣੀ ਭਾਰਤ ਦੇ ਪ੍ਰਸਿੱਧ ਪੱਥਰ-ਕੱਟ ਮੰਦਰਾਂ ਦੀਆਂ ਤਸਵੀਰਾਂ ਇਕੱਠੀਆਂ ਕਰੋ।

**For Practice**

ਦੱਖਣੀ ਭਾਰਤ



ਪਾਠ 17

# ਭਾਰਤ ਅਤੇ ਸੰਸਾਰ

## 1. ਭਾਰਤ ਦੇ ਪੱਛਮੀ ਦੇਸਾਂ ਨਾਲ ਸੰਬੰਧ :

ਪ੍ਰਾਚੀਨ ਕਾਲ ਤੋਂ ਭਾਰਤ ਵਿੱਚ ਇੱਕ ਵੱਖਰੀ ਸੰਸਕ੍ਰਿਤੀ ਵਿਕਸਿਤ ਹੋਈ। ਇਤਿਹਾਸ ਦੇ ਹਰੇਕ ਕਾਲ ਅਤੇ ਲਗਪਗ ਉਪ-ਮਹਾਂਦੀਪ ਦੇ ਹਰੇਕ ਖੇਤਰ ਨੇ ਆਪਣੇ ਢੰਗ ਨਾਲ ਭਾਰਤ ਦੀ ਸੰਸਕ੍ਰਿਤੀ ਨੂੰ ਵਿਕਸਿਤ ਕਰਨ ਵਿੱਚ ਯੋਗਦਾਨ ਪਾਇਆ। ਭਾਰਤ ਦੀ ਸੰਸਕ੍ਰਿਤੀ ਭਾਰਤ ਦੇ ਲੋਕਾਂ ਦੀ ਪਹਿਚਾਣ ਬਣ ਗਈ। ਜਦੋਂ ਉਹ ਹੋਰ ਦੇਸਾਂ ਦੀ ਯਾਤਰਾ ਕਰਨ ਗਏ ਤਾਂ ਇਸ ਨੂੰ ਉਹ ਆਪਣੇ ਨਾਲ ਲੈ ਗਏ।

ਪੁਰਾਤਨ ਸਮੇਂ ਤੋਂ ਹੀ ਭਾਰਤ ਦੇ ਵਿਦੇਸ਼ਾਂ ਨਾਲ ਸੰਬੰਧ ਸਨ। ਸੰਸਕ੍ਰਿਤਿਕ ਅਤੇ ਵਪਾਰਿਕ ਸੰਬੰਧ ਹੀ ਸਥਾਪਿਤ ਹੋ ਚੁੱਕੇ ਸਨ। ਸਾਨੂੰ ਪੁਰਾਤੱਤਵਿਕ ਖੋਜਾਂ ਤੋਂ ਪਤਾ ਚੱਲਦਾ ਹੈ ਕਿ ਸਿੰਧੂ ਘਾਟੀ ਦੀ ਸਭਿਅਤਾ ਦੇ ਸਮੇਂ ਲੋਕਾਂ ਦੇ ਮੈਸੋਪੋਟਾਮੀਆ, ਮਿਸਰ ਅਤੇ ਹੋਰ ਦੇਸਾਂ ਨਾਲ ਵਪਾਰਕ ਸੰਬੰਧ ਸਨ। 400 ਈ. ਪੂਰਵ ਵਿੱਚ ਸਿਕੰਦਰ ਦੇ ਹਮਲੇ ਤੋਂ ਬਾਅਦ ਯੂਰਪ ਨਾਲ ਸੰਬੰਧ ਹੋਰ ਵੱਧ ਗਏ। ਭਾਰਤ ਤੋਂ ਐਸ਼-ਅਰਾਮ ਦੀਆਂ ਵਸਤੂਆਂ ਜਿਵੇਂ ਵਧੀਆਂ ਕਿਸਮ ਦੇ ਕੱਪੜੇ, ਗਹਿਣੇ, ਨੱਕਾਸ਼ੀਦਾਰ ਚੀਜ਼ਾਂ, ਹੀਰੇ-ਜਵਾਹਰਾਤ, ਇਤਰ, ਮਲਮਲ, ਹਾਥੀਦੰਦ ਦੀਆਂ ਵਸਤਾਂ ਅਤੇ ਗਰਮ ਮਸਾਲਿਆਂ ਦੀ ਪੱਛਮੀ ਦੇਸਾਂ ਵਿੱਚ, ਵਿਸ਼ੇਸ਼ ਕਰਕੇ ਯੂਨਾਨ ਅਤੇ ਰੋਮ ਵਿੱਚ ਬੜੀ ਮੰਗ ਸੀ। ਇਹ ਵਸਤਾਂ ਨਿਯਮ ਅਨੁਸਾਰ ਭਾਰਤ ਤੋਂ ਬਾਹਰਲੇ ਦੇਸਾਂ ਵਿੱਚ ਭੇਜੀਆਂ ਜਾਂਦੀਆਂ ਸਨ।

ਸਾਤਵਾਹਨਾਂ ਦੇ ਸਮੇਂ ਦੂਜੀ ਸਦੀ ਈ. ਪੂਰਵ ਤੋਂ ਰੋਮ ਅਤੇ ਦੱਖਣੀ ਭਾਰਤ ਵਿੱਚ ਸਮੁੰਦਰੀ ਮਾਰਗ ਰਾਹੀਂ ਵਪਾਰ ਹੁੰਦਾ ਸੀ। ਭਾਰਤ ਦੇ ਸਮੁੰਦਰੀ ਤੱਟ ਦੇ ਨਾਲ-ਨਾਲ ਬਹੁਤ ਸਾਰੀਆਂ ਮਹੱਤਵਪੂਰਨ ਬੰਦਰਗਾਹਾਂ ਸਨ। ਕਾਵੇਰੀਪੱਟਨਮ, ਮਹਾਂਬਲੀਪੁਰਮ, ਪੁਹਾਰ, ਕੋਰਕਈ, ਆਦਿ ਦੱਖਣ ਵਿੱਚ ਅਤੇ ਸ਼ੁਰਪਾਰਕ ਅਤੇ ਭ੍ਰਗੂਕੱਛ ਪੱਛਮੀ ਤੱਟ ਉੱਤੇ ਸਥਿਤ ਸਨ। ਭਾਰਤੀ ਵਸਤਾਂ ਦੇ ਇਲਾਵਾ ਚੀਨ ਅਤੇ ਦੱਖਣੀ-ਪੂਰਬੀ ਏਸ਼ੀਆ ਤੋਂ ਮੰਗਵਾਈਆਂ ਜਾਂਦੀਆਂ ਵਸਤਾਂ ਜਿਵੇਂ ਕਿ ਰੇਸ਼ਮੀ ਕੱਪੜਾ ਵੀ ਇੱਥੋਂ ਬਾਹਰਲੇ ਦੇਸਾਂ ਵਿੱਚ ਭੇਜਿਆ ਜਾਂਦਾ ਸੀ। ਇਹਨਾਂ ਵਸਤਾਂ ਦੇ

ਬਦਲੇ ਯੂਰਪ ਵਿੱਚ ਬਣੀਆਂ ਸ਼ੀਸ਼ੇ ਦੀਆਂ ਵਸਤਾਂ ਅਤੇ ਸ਼ੀਸ਼ੇ ਦਾ ਆਯਾਤ ਕੀਤਾ ਜਾਂਦਾ ਸੀ। ਉੱਤਰੀ ਭਾਰਤ ਵਿੱਚ ਥੱਲ-ਮਾਰਗ ਰਾਹੀਂ ਵਪਾਰ ਕੀਤਾ ਜਾਂਦਾ ਸੀ। ਇਹ ਮਾਰਗ ਅਫ਼ਗਾਨਿਸਤਾਨ, ਮੱਧ ਏਸ਼ੀਆ ਅਤੇ ਪੱਛਮੀ ਏਸ਼ੀਆ ਵਿਚੋਂ ਹੋ ਕੇ ਲੰਘਦਾ ਸੀ। ਚੀਨ ਨੂੰ ਯੂਰਪ ਨਾਲ ਜੋੜਨ ਵਾਲੇ ਮਾਰਗ ਨੂੰ ਰੇਸ਼ਮੀ-ਮਾਰਗ ਕਿਹਾ ਜਾਂਦਾ ਹੈ ਕਿਉਂਕਿ ਇਸ ਮਾਰਗ ਤੇ ਸਭ ਤੋਂ ਜ਼ਿਆਦਾ ਰੇਸ਼ਮ ਦਾ ਵਪਾਰ ਹੁੰਦਾ ਸੀ। ਹੌਲ਼ੀ-ਹੌਲ਼ੀ ਵਪਾਰ ਲਈ ਸਮੁੰਦਰੀ-ਮਾਰਗ ਜ਼ਿਆਦਾ ਪ੍ਰਸਿੱਧ ਹੋ ਗਿਆ।

ਵਪਾਰ ਦਾ ਲਾਭ ਹਮੇਸ਼ਾਂ ਭਾਰਤ ਦੇ ਪੱਖ ਵਿੱਚ ਰਹਿੰਦਾ ਸੀ। ਰੋਮ ਵਾਸੀ ਇਸ ਰਕਮ ਨੂੰ ਸੋਨਾ ਦੇ ਕੇ ਚੁਕਾਉਂਦੇ ਸਨ। ਦੱਖਣੀ ਸਮੁੰਦਰੀ ਤਟ ਦੇ ਨਾਲ ਨਾਲ ਪ੍ਰਾਚੀਨ ਰੋਮ ਦੇ ਸੋਨੇ ਦੇ ਸਿੱਕੇ ਵੱਡੀ ਮਾਤਰਾ ਵਿੱਚ ਪ੍ਰਾਪਤ ਹੋਏ ਹਨ। ਇਹ ਸੋਨੇ ਦੇ ਸਿੱਕੇ ਭਾਰਤ ਤੋਂ ਬਾਹਰਲੇ ਦੇਸਾਂ ਵਿੱਚ ਭੇਜੀਆਂ ਜਾਂਦੀਆਂ ਵਸਤਾਂ ਦੇ ਬਦਲੇ ਵਿੱਚ ਆਉਂਦੇ ਸਨ।

ਰੋਮ ਦੇ ਇੱਕ ਲੇਖਕ **ਪਲਿਨੀ** ਨੇ ਦੁੱਖ ਪ੍ਰਗਟ ਕਰਦੇ ਹੋਏ ਲਿਖਿਆ ਹੈ ਕਿ ਰੋਮ ਦਾ ਸੋਨਾ ਉਸ ਦੇ ਦੇਸ ਦੇ ਅਮੀਰਾਂ ਦੀਆਂ ਐਸ਼ੋ-ਆਰਾਮ ਦੀਆਂ ਜ਼ਰੂਰਤਾਂ ਲਈ ਭਾਰਤ ਜਾ ਰਿਹਾ ਹੈ। ਤੀਸਰੀ ਸਦੀ ਈ. ਦੇ ਬਾਅਦ ਰੋਮ ਨੇ ਭਾਰਤ ਦੇ ਨਾਲ ਵਪਾਰ ਉੱਤੇ ਕਈ ਤਰ੍ਹਾਂ ਦੀਆਂ ਬੰਦਸ਼ਾਂ ਲਗਾ ਦਿੱਤੀਆਂ। ਇਸ ਕਰਕੇ ਭਾਰਤ ਦਾ ਪੱਛਮੀ ਦੇਸਾਂ ਨਾਲ ਵਪਾਰ ਘੱਟ ਗਿਆ।

### 2. ਭਾਰਤ ਦੇ ਇਰਾਨ ਨਾਲ ਸੰਬੰਧ :

600 ਈ: ਪੂ. ਵਿੱਚ ਇਰਾਨ ਦੇ **ਏਚੈਮੀਨਿਡ** ਵੰਸ਼ ਦੇ ਸ਼ਾਸਕਾਂ ਨੇ ਭਾਰਤ ਦੇ ਉੱਤਰ-ਪੱਛਮੀ ਭਾਗਾਂ ਤੇ ਕਬਜ਼ਾ ਕਰ ਲਿਆ। ਇਰਾਨ ਨਾਲ ਇਸ ਸੰਬੰਧ ਦੀ ਪਹਿਚਾਣ ਭਾਰਤ ਵਿੱਚ ਸਤੰਭਾਂ ਦੇ ਉਪਰਲੇ ਸਿਰਿਆਂ ਦੇ ਗੁੰਬਦਾਂ, ਸਤੰਭਾਂ ਤੇ ਸ਼ਿਲਾਲੇਖਾਂ, ਖਰੋਸ਼ਟੀ ਲਿਪੀ ਅਤੇ ਨਵੀਂ ਕਿਸਮ ਦੇ ਸਿੱਕਿਆਂ ਵਰਗੇ ਚਿੰਨ੍ਹਾਂ ਤੋਂ ਹੁੰਦੀ ਹੈ।

### 3. ਭਾਰਤ ਦੇ ਯੂਨਾਨ ਨਾਲ ਸੰਬੰਧ :

ਸਿਕੰਦਰ ਦੁਆਰਾ ਭਾਰਤ ਤੇ ਹਮਲੇ ਦੇ ਕਾਰਣ ਵਪਾਰਕ ਰਸਤੇ ਖੁੱਲ੍ਹ ਗਏ ਅਤੇ ਭਾਰਤੀ ਵਪਾਰੀ **ਸਿਲਕ ਮਾਰਗ** ਰਾਹੀਂ ਵਪਾਰ ਕਰਨ ਦੇ ਯੋਗ ਹੋ ਗਏ। ਹੁਣ ਭਾਰਤ ਦੀਆਂ ਵਸਤਾਂ ਰੋਮ ਅਤੇ ਹੋਰ ਪੱਛਮੀ ਦੇਸਾਂ ਵਿੱਚ ਜਾਣ ਲੱਗੀਆਂ। ਵਿਚਾਰਾਂ ਦਾ ਅਦਾਨ-ਪ੍ਰਦਾਨ ਹੋਇਆ ਅਤੇ ਬੁੱਧ ਧਰਮ ਪੱਛਮੀ ਏਸ਼ੀਆ, ਮਿਸਰ ਅਤੇ ਯੂਰਪ ਵਿੱਚ ਫੈਲ ਗਿਆ। ਭਾਰਤ ਦੇ ਮਿਸਰ ਦੇਸ ਨਾਲ ਵਪਾਰਕ ਸੰਬੰਧ ਕਾਇਮ ਹੋਏ। ਭਾਰਤ ਤੋਂ ਕੀਮਤੀ ਹੀਰੇ, ਮਸਾਲੇ, ਗਊਆਂ ਅਤੇ ਸ਼ਿਕਾਰੀ ਕੁੱਤਿਆਂ ਦੀ ਮਿਸਰ ਵਿੱਚ ਬਹੁਤ ਮੰਗ ਕੀਤੀ ਜਾਂਦੀ ਸੀ।

### 4. ਭਾਰਤ ਦੇ ਮੱਧ ਏਸ਼ੀਆ ਅਤੇ ਚੀਨ ਨਾਲ ਸੰਬੰਧ :

ਅਸ਼ੋਕ ਅਤੇ ਕਨਿਸ਼ਕ ਸ਼ਾਸਕਾਂ ਦੇ ਰਾਜਕਾਲ ਸਮੇਂ ਬੋਧੀ ਭਿਕਸ਼ੂਆਂ ਨੂੰ ਬੁੱਧ ਧਰਮ ਦਾ ਪ੍ਰਚਾਰ ਕਰਨ ਲਈ ਸ਼੍ਰੀ-ਲੰਕਾ, ਬਰਮਾ (ਮਇਆਂਮਾਰ), ਚੀਨ ਅਤੇ ਮੱਧ ਏਸ਼ੀਆ ਵਿੱਚ ਭੇਜਿਆ ਗਿਆ। ਬੋਧੀ ਗ੍ਰੰਥਾਂ ਦਾ ਅਧਿਐਨ ਕਰਨ ਕਈ ਵਿਦਵਾਨ ਭਾਰਤ ਆਏ। ਬਾਮਿਆਨ (ਅਫ਼ਗਾਨਿਸਤਾਨ) ਵਿਖੇ ਪੱਥਰਾਂ ਨੂੰ ਤਰਾਸ਼ ਕੇ ਬਣਾਏ ਗਏ ਬੁੱਧ ਦੇ ਵੱਡੇ ਬੁੱਤ, ਬੁੱਧ ਧਰਮ ਦੇ ਪ੍ਰਸਿੱਧ ਸਮਾਰਕ ਹਨ। ਇਹ ਤਾਲੀਬਾਨ ਰਾਜ ਦੌਰਾਨ 2001 ਈ. ਵਿੱਚ ਤਬਾਹ ਹੋ ਗਏ ਸੀ।



**ਚਿੱਤਰ 17.1** *ਬਾਮਿਆਨ (ਅਫ਼ਗਾਨਿਸਤਾਨ)*

### 5. ਰੋਮ ਨਾਲ ਭਾਰਤ ਦੇ ਸੰਬੰਧ :

ਸਮੁੰਦਰੋਂ ਪਾਰ ਭਾਰਤ ਦਾ ਰੋਮ ਨਾਲ ਵਪਾਰ ਬਾਰੇ ਪਟੋਲਮੀ ਦੇ ਭੂਗੋਲ ਅਤੇ ਸੰਗਮ ਸਾਹਿਤ ਵਿੱਚ ਵਰਣਨ ਕੀਤਾ ਗਿਆ ਹੈ। ਰੋਮ ਦੇ ਬਹੁਤ ਸਾਰੇ ਸਿੱਕੇ ਭਾਰਤ ਦੀਆਂ ਬੰਦਰਗਾਹਾਂ ਦੇ ਸ਼ਹਿਰਾਂ ਵਿੱਚੋਂ ਮਿਲੇ ਹਨ। ਭਾਰਤ ਮਸਾਲੇ, ਕੀਮਤੀ ਹੀਰੇ, ਵਧੀਆ ਕੱਪੜਾ, ਇੱਤਰ, ਹਾਥੀ ਦੰਦ ਦਾ ਸਮਾਨ, ਲੋਹਾ, ਰੰਗ, ਚਾਵਲ, ਤੋਤੇ ਅਤੇ ਮੋਰ ਵਰਗੇ ਪੰਛੀ ਅਤੇ ਬੰਦਰ ਵਰਗੇ ਜਾਨਵਰਾਂ ਆਦਿ ਦਾ ਨਿਰਯਾਤ ਕਰਦਾ ਸੀ। ਇਸ ਦੇ ਬਦਲੇ ਭਾਰਤ ਸੋਨੇ ਅਤੇ ਚਾਂਦੀ ਦੇ ਸਿੱਕੇ, ਧਾਤਾਂ, ਸ਼ਰਾਬ ਅਤੇ ਸ਼ੀਸ਼ਾ ਆਯਾਤ ਕਰਦਾ ਸੀ।

## 6. ਭਾਰਤ ਦੇ ਦੱਖਣੀ-ਪੂਰਬੀ ਏਸ਼ੀਆ ਨਾਲ ਸੰਬੰਧ :

ਚੇਰ, ਚੋਲ ਅਤੇ ਪਾਂਡਯ ਸ਼ਾਸਕਾਂ ਨੇ ਜਹਾਜ਼ ਬਣਾਉਣ ਅਤੇ ਸਮੁੰਦਰੋਂ ਪਾਰ ਖੋਜਾਂ ਨੂੰ ਉਤਸ਼ਾਹਿਤ ਕੀਤਾ। ਇਸ ਨਾਲ ਵਪਾਰ ਵਿਕਸਿਤ ਹੋਇਆ ਅਤੇ ਸ਼੍ਰੀਲੰਕਾ ਅਤੇ ਦੱਖਣੀ ਏਸ਼ੀਆ ਵਿੱਚ ਉਪਨਿਵੇਸ਼ਾਂ ਦੀ ਸਥਾਪਨਾ ਹੋਈ। ਉੱਥੇ ਵਸਦੇ ਭਾਰਤੀਆਂ ਅਤੇ ਸਥਾਨਕ ਲੋਕਾਂ ਨੇ ਇਕ ਦੂਜੇ ਨੂੰ ਪ੍ਰਭਾਵਿਤ ਕੀਤਾ। ਸਿੱਟੇ ਵਜੋਂ ਇਸ ਖੇਤਰ ਵਿੱਚ ਭਾਰਤੀ ਭਾਸ਼ਾ, ਸਾਹਿਤ ਅਤੇ ਕਲਾ ਦਾ ਪਰਸਾਰ ਹੋਇਆ।

ਚੰਪਾ (ਵੀਅਤਨਾਮ) ਅਤੇ ਕੰਬੋਜ਼ (ਕਮਪੂਚੀਆ) ਦੇ ਸ਼ਾਸਕਾਂ ਨੇ ਹਿੰਦੂ ਧਰਮ ਦਾ ਪ੍ਰਸਾਰ ਕੀਤਾ। ਉਹ ਸ਼ਿਵ ਅਤੇ ਵਿਸ਼ਨੂੰ ਦੀ ਪੂਜਾ ਕਰਦੇ ਸਨ ਅਤੇ ਧਾਰਮਿਕ ਰਸਮਾਂ ਨੂੰ ਪੂਰਾ ਕਰਨ ਲਈ ਬ੍ਰਾਹਮਣ ਪੁਜਾਰੀਆਂ ਨੂੰ ਨਿਯੁਕਤ ਕਰਦੇ ਸਨ। ਕਮਪੂਚੀਆ ਦੇ **ਅੰਗਕੋਰਵਾਟ** ਮੰਦਰ ਵਿੱਚ ਭਾਰਤ ਦੇ ਮਹਾਂਕਾਵਿ-ਰਮਾਇਣ ਅਤੇ ਮਹਾਂਭਾਰਤ ਵਿੱਚੋਂ ਦ੍ਰਿਸ਼ ਮੂਰਤੀਕਲਾ ਵਿੱਚ ਚਿੱਤਰਾਏ ਗਏ



*ਚਿੱਤਰ 17.2 ਕਮਪੂਚੀਆ ਵਿਖੇ ਅੰਗਕੋਰਵਾਟ ਮੰਦਰ*

ਹਨ। ਇੰਡੋਨੇਸ਼ੀਆ ਦਾ ਇੱਕ ਨਾਚ ਵੀ ਰਮਾਇਣ ਅਤੇ ਮਹਾਂਭਾਰਤ ਤੋਂ ਲਏ ਗਏ ਕਥਾ-ਪ੍ਰਸੰਗਾਂ ਤੇ ਅਧਾਰਤ ਹੈ। ਇੰਡੋਨੇਸ਼ੀਆ ਭਾਸ਼ਾ ਵਿੱਚ ਬਹੁਤ ਸਾਰੇ ਤਾਮਿਲ ਅਤੇ ਸੰਸਕ੍ਰਿਤ ਦੇ ਸ਼ਬਦ

ਸ਼ਾਮਲ ਹਨ। ਇੰਡੋਨੇਸ਼ੀਆ ਲਿਪੀ ਵੀ ਦੱਖਣੀ-ਪੂਰਬੀ ਏਸ਼ੀਆ ਦੀਆਂ ਦੂਜੀਆਂ ਲਿਪੀਆਂ ਨਾਲ ਮਿਲਦੀ ਹੈ।

ਅਰਬਾਂ ਨੇ ਸਿੰਧ 'ਤੇ 712 ਈ. ਵਿੱਚ ਅਧਿਕਾਰ ਕਰ ਲਿਆ। ਉਨ੍ਹਾਂ ਨੇ ਭਾਰਤ ਵਿੱਚ ਕਈ ਵਪਾਰਕ ਬਸਤੀਆਂ ਸਥਾਪਤ ਕੀਤੀਆਂ। ਅਰਬਾਂ ਨੇ ਭਾਰਤੀ ਰਚਨਾਵਾਂ— ਹਿਸਾਬ, ਚੱਕਿੱਤਸਾ, ਜੋਤਸ਼ ਅਤੇ ਸਾਹਿਤ ਦਾ ਅਰਬੀ ਭਾਸ਼ਾ ਵਿੱਚ ਅਨੁਵਾਦ ਕਰਵਾਇਆ। ਅਰਬਾਂ ਨੇ ਭਾਰਤੀ ਸੰਖਿਆ ਪ੍ਰਣਾਲੀ ਸਮੇਂ ਜ਼ੀਰੋ ਸੰਖਿਆ ਦਾ ਦੁਨੀਆ ਵਿੱਚ ਪ੍ਰਸਾਰ ਕੀਤਾ।

ਇਸ ਲਈ ਉਸ ਸੰਖਿਆ ਪ੍ਰਣਾਲੀ ਨੂੰ ਅੱਜਕਲ੍ਹ **'ਹਿੰਦੂ-ਅਰਬ ਸੰਖਿਆ ਪ੍ਰਣਾਲੀ'** ਕਿਹਾ ਜਾਂਦਾ ਹੈ। ਅਰਬਾਂ ਦੇ ਹਮਲੇ ਨੇ ਹੀ ਇੰਡੋ-ਇਸਲਾਮ ਸੰਸਕ੍ਰਿਤੀ ਦਾ ਅਰੰਭ ਕੀਤਾ।

### ਯਾਦ ਰੱਖਣ ਯੋਗ ਨੁਕਤੇ

1. ਪ੍ਰਾਚੀਨ ਕਾਲ ਤੋਂ ਹੀ ਭਾਰਤ ਦੇ ਵਿਦੇਸ਼ਾਂ ਨਾਲ ਸੰਸਕ੍ਰਿਤਿਕ ਅਤੇ ਵਪਾਰਿਕ ਸਬੰਧ ਸਥਾਪਿਤ ਸਨ।
2. ਭਾਰਤ ਤੋਂ ਕੱਪੜੇ, ਗਹਿਣੇ, ਨੱਕਾਸ਼ੀਦਾਰ ਚੀਜਾਂ, ਹੀਰੇ-ਜਵਾਹਰਾਤ, ਇੱਤਰ, ਮਲਮਲ, ਹਾਥੀਦੰਦ ਦੀਆਂ ਵਸਤਾਂ ਅਤੇ ਗਰਮ ਮਸਾਲੇ ਯੂਨਾਨ ਅਤੇ ਰੋਮ ਆਦਿ ਵਿੱਚ ਭੇਜੇ ਜਾਂਦੇ ਸਨ।
3. 600 ਈ.ਪੂ. ਵਿੱਚ ਇਰਾਨ ਦੇ ਏਚੈਮੀਨਿਡ ਵੰਸ਼ ਦੇ ਸ਼ਾਸਕਾਂ ਨੇ ਭਾਰਤ ਦੇ ਉਤਰ-ਪੱਛਮੀ ਭਾਗਾਂ ਤੇ ਕਬਜ਼ਾ ਕਰ ਲਿਆ।
4. ਸਿਕੰਦਰ ਦੁਆਰਾ ਭਾਰਤ ਤੇ ਹਮਲਾ ਕਰਨ ਦੇ ਕਾਰਨ ਵਪਾਰਕ ਰਸਤੇ ਖੁੱਲ੍ਹ ਗਏ ਅਤੇ ਭਾਰਤੀ ਵਪਾਰੀ ਸਿਲਕ ਮਾਰਗ ਰਾਹੀ ਵਪਾਰ ਕਰਨ ਦੇ ਯੋਗ ਹੋ ਗਏ।
5. ਭਾਰਤ ਦੇ ਕੀਮਤੀ ਹੀਰੇ, ਮਸਾਲੇ, ਗਊਆਂ ਅਤੇ ਸ਼ਿਕਾਰੀ ਕੁੱਤਿਆਂ ਦੀ ਮਿਸਰ ਵਿੱਚ ਬਹੁਤ ਮੰਗ ਕੀਤੀ ਜਾਂਦੀ ਸੀ।
6. ਸਮਰਾਟ ਅਸ਼ੋਕ ਅਤੇ ਕਨਿਸ਼ਕ ਸ਼ਾਸਕਾਂ ਦੇ ਰਾਜਕਾਲ ਸਮੇਂ ਬੋਧੀ ਭਿਕਸ਼ੂਆਂ ਨੂੰ ਬੁੱਧ ਧਰਮ ਦਾ ਪ੍ਰਚਾਰ ਕਰਨ ਲਈ ਸ੍ਰੀਲੰਕਾ, ਬਰਮਾ (ਮਾਇਆਂਮਾਰ), ਚੀਨ ਅਤੇ ਮੱਧ ਏਸ਼ੀਆ ਵਿੱਚ ਭੇਜਿਆ ਗਿਆ।

## ਅਭਿਆਸ

**I. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :**

(1) ਰੇਸ਼ਮੀ-ਮਾਰਗ ਤੋਂ ਕੀ ਭਾਵ ਹੈ ?

(2) ਸਾਤਵਾਹਨ ਕਾਲ ਦੀਆਂ ਕੁਝ ਮਹੱਤਵਪੂਰਨ ਬੰਦਰਗਾਹਾਂ ਦੇ ਨਾਮ ਦੱਸੋ ।

(3) ਭਾਰਤ ਦੇ ਇਰਾਨ ਨਾਲ ਸੰਬੰਧ ਕਿਵੇਂ ਸਥਾਪਤ ਹੋਏ ?

(4) ਭਾਰਤ ਤੋਂ ਰੋਮ ਨੂੰ ਕੀ ਨਿਰਯਾਤ (ਭੇਜਿਆ) ਕੀਤਾ ਜਾਂਦਾ ਸੀ ?

(5) ਯੂਰਪ ਤੋਂ ਕਿਹੜੀਆਂ ਵਸਤਾਂ ਆਯਾਤ (ਮੰਗਵਾਈਆਂ) ਕੀਤੀਆਂ ਜਾਂਦੀਆਂ ਸਨ ?

## II. ਹੇਠ ਲਿਖੇ ਵਾਕਾਂ ਵਿੱਚ ਖਾਲੀ ਥਾਵਾਂ ਭਰੋ :

(1) .................... ਈ.ਪੂ. ਵਿੱਚ ਇਰਾਨ ਦੇ .................... ਵੰਸ਼ ਦੇ ਸ਼ਾਸਕਾਂ ਨੇ ਭਾਰਤ ਦੇ ਉਤਰੀ-ਪੱਛਮੀ ਭਾਗਾਂ ਤੇ ਕਬਜ਼ਾ ਕਰ ਲਿਆ।

(2) ਅਸ਼ੋਕ ਅਤੇ ਕਨਿਸ਼ਕ ਸ਼ਾਸਕਾਂ ਦੇ ਰਾਜਕਾਲ ਸਮੇਂ ਬੋਧੀ ਭਿਕਸ਼ੂਆਂ ਨੂੰ ਬੁੱਧ ਧਰਮ ਦਾ ਪ੍ਰਚਾਰ ਕਰਨ ਲਈ ...................., ...................., .................... ਅਤੇ .................... ਵਿੱਚ ਭੇਜਿਆ ਗਿਆ।

(3) ...................., .................... ਅਤੇ .................... ਸ਼ਾਸਕਾਂ ਨੇ ਜਹਾਜ ਬਣਾਉਣ ਅਤੇ ਸਮੁੰਦਰੋ ਪਾਰ ਖੋਜਾਂ ਨੂੰ ਉਤਸ਼ਾਹਿਤ ਕੀਤਾ।

(4) ਅਰਬਾਂ ਨੇ ਸਿੰਧ 'ਤੇ .................... ਈ. ਵਿੱਚ ਅਧਿਕਾਰ ਕਰ ਲਿਆ।

(5) ਕਮਪੂਚੀਆ ਦੇ .................... ਮੰਦਰ ਵਿੱਚ ਭਾਰਤ ਦੇ ਮਹਾਂਕਾਵਿ .................... ਅਤੇ .................... ਵਿੱਚੋਂ ਦ੍ਰਿਸ਼ ਮੂਰਤੀਕਲਾ ਵਿੱਚ ਚਿੱਤਰਾਏ ਗਏ ਹਨ।

## III. ਹੇਠ ਲਿਖੇ ਸ਼ਬਦਾ ਦਾ ਸਹੀ ਮਿਲਾਨ ਕਰੋ :

| | |
|---|---|
| (1) ਸੋਨੇ ਦੇ ਸਿੱਕੇ | (ੳ) ਸ਼ੂਰਪਾਰਕ |
| (2) ਬੰਦਰਗਾਹ | (ਅ) ਰੇਸ਼ਮ |
| (3) ਚੀਨ | (ੲ) ਥਲ-ਮਾਰਗ |
| (4) ਰੇਸ਼ਮੀ-ਮਾਰਗ | (ਸ) ਰੋਮ |

## IV. ਹੇਠ ਲਿਖੇ ਵਾਕਾਂ ਦੇ ਸਾਹਮਣੇ ਸਹੀ (✓) ਜਾਂ ਗਲਤ (×) ਦਾ ਨਿਸ਼ਾਨ ਲਗਾਓ :

(1) ਭਾਰਤ ਦੀ ਸੰਸਕ੍ਰਿਤੀ ਨੇ ਭਾਰਤੀਆਂ ਦੀ ਪਹਿਚਾਣ ਬਣਾਈ। ☐

(2) ਭਾਰਤ ਦੇ ਮਿਸਰ ਨਾਲ ਕੋਈ ਸੰਬੰਧ ਨਹੀਂ ਸਨ। ☐

(3) ਬੁੱਧ ਦੀਆਂ ਪੱਥਰ ਤਰਾਸ਼ੀ ਦੀਆਂ ਵੱਡੀਆਂ ਮੂਰਤੀਆਂ ਬਾਮੀਆਨ (ਅਫ਼ਗਾਨਿਸਤਾਨ) ਵਿਖੇ ਮਿਲੀਆਂ ਸਨ। ☐

(4) ਭਾਰਤ ਦੀਆਂ ਵਸਤਾਂ ਰੋਮ ਦੀਆਂ ਮੰਡੀਆਂ ਵਿੱਚ ਵੱਧ ਕੀਮਤਾਂ ਤੇ ਵਿਕਦੀਆਂ ਸਨ। ☐

(5) ਚੇਰ, ਚੋਲ ਅਤੇ ਪਾਂਡਯ ਸ਼ਾਸਕਾਂ ਨੇ ਸਮੁੰਦਰੋਂ ਪਾਰ ਜਹਾਜ਼ ਬਣਾਉਣ ਅਤੇ ਖੋਜਾਂ ਨੂੰ ਉਤਸ਼ਾਹਤ ਕੀਤਾ। ☐

## ਗਤੀਵਿਧੀ

ਦੱਖਣੀ ਪੂਰਬੀ ਏਸ਼ਿਆਈ ਦੇਸਾਂ ਦੇ ਹਿੰਦੂ ਅਤੇ ਬੋਧੀ ਮੰਦਰਾਂ ਦੀਆਂ ਤਸਵੀਰਾਂ ਇਕੱਠੀਆਂ ਕਰਕੇ ਆਪਣੀ ਨੋਟ ਬੁੱਕ ਵਿੱਚ ਚਿਪਕਾਓ।

## ਯੂਨਿਟ- 3

# ਨਾਗਰਿਕ ਸ਼ਾਸਤਰ



## ਸੰਸਦ ਅਤੇ ਨਿਯਮਾਂ ਨਿਰਮਾਣ

## ਸਮੁਦਾਇ ਅਤੇ ਇਸ ਦਾ ਵਿਕਾਸ

ਪੁਸਤਕ ਦੇ ਇਸ ਭਾਗ 'ਸਮੁਦਾਇ ਅਤੇ ਇਸ ਦਾ ਵਿਕਾਸ' ਨੂੰ ਪੜ੍ਹਨ ਉਪਰੰਤ ਅਸੀਂ ਜਾਣਕਾਰੀ ਪ੍ਰਾਪਤ ਕਰਾਂਗੇ ਕਿ ਪ੍ਰਾਚੀਨ ਸਮੇਂ ਤੋਂ ਸਮੁਦਾਇ ਭਾਵ ਸਮਾਜ ਦਾ ਵਿਕਾਸ ਕਿਵੇਂ ਹੋਇਆ ? ਕੁਦਰਤੀ ਵਾਤਾਵਰਨ ਨੂੰ ਮਨੁੱਖ ਦੀ ਸੋਚ ਸ਼ਕਤੀ ਨੇ ਕਿਸ ਤਰ੍ਹਾਂ ਬਦਲਿਆ ਅਤੇ ਮਨੁੱਖ ਲਈ ਸਮਾਜ ਦੀ ਲੋੜ ਅਤੇ ਮਹੱਤਤਾ ਬਾਰੇ ਗਿਆਨ ਪ੍ਰਾਪਤ ਹੋਏਗਾ। ਸਿੱਖਿਆਰਥੀ ਇਹ ਵੀ ਜਾਣ ਲੈਣਗੇ ਕਿ ਸਾਡੇ ਦੇਸਵਾਸੀਆਂ ਨੇ ਸਮੇਂ-ਸਮੇਂ ਦੇ ਸੱਭਿਆਚਾਰਕ ਵਿਕਾਸ ਅਤੇ ਭਾਰਤੀ ਅਨੇਕਤਾਵਾਂ ਵਿੱਚ ਏਕਤਾ ਦੇ ਮਹੱਤਵ ਨੂੰ ਸਮਝਦੇ ਹੋਏ ਇਸ ਉੱਤੇ ਫ਼ਖ਼ਰ ਕਿਉਂ ਮਹਿਸੂਸ ਕਰਦੇ ਹਨ।

ਸਿੱਖਿਆਰਥੀ ਸਮਾਜ ਵਿੱਚ ਰਹਿੰਦੇ ਹੋਏ ਪੇਂਡੂ ਅਤੇ ਸ਼ਹਿਰੀ ਸਥਾਨਕ ਸਰਕਾਰ ਦੀ ਲੋੜ, ਮਹੱਤਵ ਅਤੇ ਸਮਾਜ ਦੇ ਵਿਕਾਸ ਵਿੱਚ ਇਸ ਦੀ ਭਾਗੀਦਾਰੀ ਬਾਰੇ ਲੋੜੀਂਦਾ ਗਿਆਨ ਪ੍ਰਾਪਤ ਕਰਨਗੇ। ਇਸੇ ਤਰ੍ਹਾਂ ਸਮਾਜਿਕ ਵਾਤਾਵਰਨ ਵਿੱਚ ਰਹਿੰਦੇ ਹੋਏ ਆਪਣੀ ਸਥਾਨਕ ਸਰਕਾਰ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਦਾ ਅਹਿਸਾਸ ਕਰਨਗੇ। ਉਹ ਆਪਣੇ ਅਤੀਤ ਦੀਆਂ ਪੀੜ੍ਹੀਆਂ ਤੋਂ ਪ੍ਰਾਪਤ ਹੋਈਆਂ ਇਤਿਹਾਸਿਕ ਇਮਾਰਤਾਂ ਅਤੇ ਸਮਾਰਕਾਂ ਦੀ ਸੰਭਾਲ਼ ਕਰਦੇ ਹੋਏ ਕਿਵੇਂ ਵਧੀਆ ਨਾਗਰਿਕ ਦੀਆਂ ਜ਼ਿੰਮੇਵਾਰੀਆਂ ਨਿਭਾਉਣਗੇ।

ਵਿਸ਼ਾ ਮਾਹਿਰ (ਰਾਜਨੀਤੀ ਸ਼ਾਸਤਰ)

ਪਾਠ 18

# ਸਮੁਦਾਇ ਅਤੇ ਮਨੁੱਖੀ ਲੋੜਾਂ

ਕੀ ਤੁਸੀਂ ਜਾਣਦੇ ਹੋ ਕਿ ਮਨੁੱਖੀ ਜੀਵਨ ਨੂੰ ਸੁਖੀ ਅਤੇ ਖ਼ੁਸ਼ਹਾਲ ਬਣਾਉਣ ਲਈ ਇੱਕ ਚੰਗੇ ਸਮਾਜ ਦੀ ਜ਼ਰੂਰਤ ਹੁੰਦੀ ਹੈ ? ਅੱਜ ਜਿਸ ਸਮਾਜ ਵਿੱਚ ਅਸੀਂ ਰਹਿ ਰਹੇ ਹਾਂ ਇਹ ਮਨੁੱਖਤਾ ਦੀ ਇੱਕ ਬਹੁਤ ਲੰਮੀ ਜਦੋ-ਜਹਿਦ ਪਿੱਛੋਂ ਹੋਂਦ ਵਿੱਚ ਆਇਆ ਹੈ। ਸਮਾਜ ਕਈ ਸਮੁਦਾਇਆਂ ਦੇ ਇਕੱਠ ਤੋਂ ਬਣਦਾ ਹੈ। ਸਮੁਦਾਇ ਪਰਿਵਾਰਾਂ ਦਾ ਪਰਿਵਾਰ ਹੁੰਦਾ ਹੈ।

ਜੇਕਰ ਤੁਹਾਨੂੰ ਕੋਈ ਪੁੱਛੇ ਕਿ ਤੁਸੀਂ ਕੌਣ ਹੋ ? ਤੁਸੀਂ ਸਭ ਤੋਂ ਪਹਿਲਾਂ ਆਪਣਾ ਨਾਂ, ਫਿਰ ਆਪਣੇ ਘਰ , ਸਕੂਲ ,ਦੋਸਤਾਂ ਜਾਂ ਰਿਸ਼ਤੇਦਾਰਾਂ ਬਾਰੇ ਦੱਸੋਗੇ। ਇਹਨਾਂ ਸਭ ਤੋਂ ਇਲਾਵਾ ਤੁਹਾਡੀ ਆਪਣੀ ਇੱਕ ਵੱਖਰੀ ਹੋਂਦ ਵੀ ਹੈ, ਪਰ ਤੁਸੀਂ ਇਕੱਲੇ ਨਹੀਂ ਰਹਿ ਸਕਦੇ ਕਿਉਂਕਿ ਪਰਮਾਤਮਾ ਵੱਲੋਂ ਇਨਸਾਨ ਹੀ ਇੱਕ ਅਜਿਹਾ ਜੀਵ ਬਣਾਇਆ ਹੈ ਜੋ ਸੋਚ ਸਕਦਾ ਹੈ। ਧਰਤੀ 'ਤੇ ਵੱਸਦੇ ਬਾਕੀ ਸਾਰੇ ਜੀਵ ਜੰਤੂ, ਪਸ਼ੂ, ਪੰਛੀਆਂ ਵਿੱਚ ਇਸ ਤਰ੍ਹਾਂ ਦੀ ਸੋਚ ਸ਼ਕਤੀ ਨਹੀਂ ਹੁੰਦੀ। ਇਨਸਾਨ ਦੀ ਇਸੇ ਸੋਚ ਸ਼ਕਤੀ ਭਾਵ ਦਿਮਾਗੀ ਸੂਝ ਕਾਰਨ ਸਾਡਾ ਅੱਜ ਦਾ ਵਿਕਸਿਤ ਸਮਾਜ ਹੋਂਦ ਵਿੱਚ ਆਇਆ ਹੈ।

*ਸਮੁਦਾਇ ਵਿੱਚ ਹਰ ਇਨਸਾਨ ਦੀ ਇੱਕ ਵੱਖਰੀ ਹੋਂਦ ਹੈ।*

ਤੁਹਾਡੀ ਇੱਕ ਵੱਖਰੀ ਹੋਂਦ ਹੋਣ ਦੇ ਬਾਵਜੂਦ ਵੀ ਤੁਸੀਂ ਕਈ ਸਮਾਜਿਕ ਸਮੂਹਾਂ, ਜਿਵੇਂ ਕਿ ਪਰਿਵਾਰ, ਸਕੂਲ ਪਿੰਡ/ਸ਼ਹਿਰ, ਦੇਸ ਆਦਿ ਨਾਲ਼ ਜੁੜੇ ਹੋਏ ਹੋ। ਇਹਨਾਂ ਤੋਂ ਇਲਾਵਾ ਤੁਸੀਂ ਹੋਰ ਵੀ ਸਮੂਹਾਂ ਦੇ ਮੈਂਬਰ ਹੋ। ਜਿਵੇਂ ਕਿ ਅਸੀਂ ਸਾਰੇ ਪੰਜਾਬੀ, ਪੰਜਾਬ ਭਾਸ਼ਾ ਬੋਲੀ ਬੋਲਦੇ ਹਾਂ। ਇਸ ਲਈ ਅਸੀਂ ਪੰਜਾਬੀ ਭਾਸ਼ਾ ਬੋਲਣ ਵਾਲ਼ੇ ਖ਼ਾਸ ਸਮੂਹ ਦੇ ਮੈਂਬਰ ਹਾਂ। ਇਸੇ ਤਰ੍ਹਾਂ ਅਸੀਂ ਸਾਰੇ ਕਿਸੇ ਨਾ ਕਿਸੇ ਧਾਰਮਿਕ ਸਮੂਹ ਦੇ ਮੈਂਬਰ ਵੀ ਹੁੰਦੇ ਹਾਂ।

ਪਰਿਵਾਰ ਬੱਚੇ ਦਾ ਮੁੱਢਲਾ ਅਤੇ ਪਹਿਲਾ ਸਮਾਜ ਹੈ। ਜਿਸ ਵਿੱਚ ਉਹ ਆਪਣੇ ਮਾਤਾ-ਪਿਤਾ ਤੇ ਭੈਣ ਭਰਾਵਾਂ ਨਾਲ਼ ਰਹਿੰਦਾ ਹੈ। ਪਰਿਵਾਰ ਵਿੱਚ ਹਰ ਬੱਚਾ, ਪਿਆਰ, ਹਮਦਰਦੀ, ਕੁਰਬਾਨੀ, ਸਤਿਕਾਰ, ਭਾਈਚਾਰਾ ਆਦਿ ਗੁਣ ਸਿੱਖਦਾ ਹੈ। ਪਰਿਵਾਰ ਉਹਨਾਂ ਵਿਅਕਤੀਆਂ ਦਾ ਸਮੂਹ

ਹੁੰਦਾ ਹੈ ਜੋ ਵਿਆਹ ਸਬੰਧਾਂ, ਲਹੂ ਸਬੰਧਾਂ ਅਤੇ ਗੋਦ ਲੈਣ ਦੇ ਸਬੰਧਾਂ ਕਾਰਨ ਪਰਸਪਰ ਬੰਧਨ ਵਿੱਚ ਜੁੜਦੇ ਹਨ। ਸਕੂਲ, ਪਿੰਡ, ਸ਼ਹਿਰ ਦੇਸ਼ ਅਤੇ ਸੰਸਾਰ ਆਦਿ ਵੀ ਮਨੁੱਖੀ ਸਮਾਜ ਦੇ ਵਧੇ ਹੋਏ ਰੂਪ ਹਨ। ਇਹਨਾਂ ਤੋਂ ਇਲਾਵਾ ਵੀ ਮਨੁੱਖ ਆਪਣੇ ਜੀਵਨ ਵਿੱਚ ਹੋਰ ਵੀ ਕਈ ਛੋਟੇ-ਛੋਟੇ ਸਮੂਹਾਂ ਦਾ ਮੈਂਬਰ ਹੁੰਦਾ ਹੈ ਜਿਹਨਾਂ ਦੇ ਵੱਖਰੇ-ਵੱਖਰੇ ਉਦੇਸ਼ ਹੁੰਦੇ ਹਨ।

*ਪਰਿਵਾਰ ਸਮਾਜ ਦੀ ਮੁੱਢਲੀ ਸਮਾਜਿਕ ਇਕਾਈ ਹੈ ਅਤੇ ਸਮਾਜ ਇਸਦਾ ਬਹੁਤ ਵੱਡਾ ਰੂਪ ਹੈ।*

ਸਕੂਲ ਜਿੱਥੇ ਬੱਚਾ ਪੜ੍ਹਨਾ, ਲਿਖਣਾ, ਅਤੇ ਕਈ ਹੋਰ ਗੁਣ, ਅਨੁਸ਼ਾਸਨ, ਸਦਭਾਵਨਾ ਅਤੇ ਆਗਿਆ ਪਾਲਣ ਆਦਿ ਜਿਹੇ ਗੁਣ ਸਿੱਖਦਾ ਹੈ। ਸਕੂਲ ਵਿੱਚ ਵੀ ਹਰੇਕ ਵਿਦਿਆਰਥੀ ਕਈ ਤਰ੍ਹਾਂ ਦੇ ਸਮੂਹਾਂ ਦਾ ਮੈਂਬਰ ਹੁੰਦਾ ਹੈ। ਹਰ ਬੱਚੇ ਦੇ ਆਪਣੇ ਕੁਝ ਨਜ਼ਦੀਕੀ ਦੋਸਤ ਹੁੰਦੇ ਹਨ। ਇੱਕ ਹੀ ਕਲਾਸ ਵਿੱਚ ਬੱਚਿਆਂ ਦੇ ਦੋਸਤਾਂ ਦੇ ਕਈ ਸਮੂਹ ਹੁੰਦੇ ਹਨ। ਕਈ ਜਮਾਤਾਂ ਮਿਲਾ ਕੇ ਇੱਕ ਸਮੁਦਾਇ-ਸਕੂਲ ਬਣਦਾ ਹੈ। ਇਸੇ ਤਰ੍ਹਾਂ ਕਈ ਰਾਜਾਂ ਨੂੰ ਮਿਲਾ ਕੇ ਇੱਕ ਦੇਸ ਬਣਦਾ ਹੈ। ਕਈ ਕੌਮਾਂ ਨੂੰ ਮਿਲਾਕੇ ਸਾਰਾ ਮਨੁੱਖੀ ਸਮਾਜ ਬਣਦਾ ਹੈ ਜਿਸ ਨੂੰ ਸੰਸਾਰ ਸਮੁਦਾਇ ਕਹਿੰਦੇ ਹਾਂ।

### ਸਮੁਦਾਇਕ ਜੀਵਨ ਦਾ ਆਰੰਭ :

ਜ਼ਰ੍ਹਾ ਸੋਚੋ ਕਿ ਅੱਜ ਦਾ ਉੱਨਤ ਸਮਾਜ ਜੋ ਸਾਡੇ ਸਾਹਮਣੇ ਹੈ, ਇਸਦਾ ਵਿਕਾਸ ਕਿਵੇਂ ਹੋਇਆ? ਲੱਖਾਂ ਸਾਲ ਪਹਿਲਾਂ ਧਰਤੀ ਉਪਗ੍ਰਹਿ ਤੇ ਮਨੁੱਖੀ ਜੀਵਨ ਸ਼ੁਰੂ ਹੋਇਆ। ਉਸ ਸਮੇਂ ਤੋਂ ਲੈਕੇ ਅੱਜ ਤੱਕ ਮਨੁੱਖੀ ਸੰਸਕ੍ਰਿਤੀ ਅਤੇ ਸੱਭਿਅਤਾ ਦਾ ਵਿਕਾਸ ਕਈ ਪੜਾਵਾਂ ਵਿੱਚੋਂ ਲੰਘਿਆ ਹੈ। ਮੁੱਢਲੇ ਮਨੁੱਖ ਨੇ ਪ੍ਰਾਚੀਨ ਸਮੇਂ ਵਿੱਚ ਪੱਥਰਾਂ ਦੇ ਹਥਿਆਰ ਬਣਾਏ। ਧਾਤਾਂ ਦੀ



**ਚਿੱਤਰ 18.1** *ਪ੍ਰਾਚੀਨ ਸਮੇਂ ਦੇ ਕਬੀਲੇ*



**ਚਿੱਤਰ 18.2** *ਪੱਥਰਾਂ ਦੇ ਹਥਿਆਰ ਬਣਾਉਂਦਾ ਮਨੁੱਖ*

ਖੋਜ ਕਰਨ ਪਿੱਛੋਂ ਹਥਿਆਰ ਤਾਂਬਾ, ਕਾਂਸਾ ਅਤੇ ਲੋਹੇ ਆਦਿ ਦੇ ਵੀ ਬਣਾਏ ਗਏ। ਮਨੁੱਖੀ ਸੱਭਿਅਤਾ ਦੇ ਵਿਕਾਸ ਵਿੱਚ ਲੋਹੇ ਦੀ ਖੋਜ ਬੜੀ ਮਹੱਤਵਪੂਰਨ ਹੈ ਜਿਸ ਕਾਰਨ ਸ਼ਿਕਾਰ ਕਰਨ ਵਾਲ਼ੇ ਹਥਿਆਰ ਪੱਥਰ ਦੀ ਥਾਂ ਲੋਹੇ ਦੇ ਬਣਨ ਲੱਗ ਪਏ। ਇਸੇ ਤਰ੍ਹਾਂ ਮਨੁੱਖ ਦੁਆਰਾ ਕਈ ਧਾਤਾਂ ਮਿਲ਼ਾ ਕੇ ਮਿਸ਼ਰਤ ਧਾਤਾਂ ਤਿਆਰ ਕੀਤੀਆਂ ਗਈਆਂ ਜਿਸ ਤਰ੍ਹਾਂ ਕਿ ਅੱਜ ਅਸੀਂ ਸਟੀਲ ਦੇ ਰੂਪ ਵਿੱਚ ਵਰਤ ਰਹੇ ਹਾਂ। ਕੁਝ ਚਿਰ ਪਹਿਲਾਂ ਪਲਾਸਟਿਕ ਦੀ ਖੋਜ ਹੋਈ ਜਿਸ ਤੋਂ ਰੋਜ਼ਾਨਾ ਜੀਵਨ ਲਈ ਬਰਤਨ, ਹਥਿਆਰ, ਖਿਡਾਉਣੇ ਅਤੇ ਟਾਇਰ ਆਦਿ ਕਈ ਤਰ੍ਹਾਂ ਦੀਆਂ ਚੀਜ਼ਾਂ ਬਣਾਈਆਂ ਜਾਂਦੀਆਂ ਹਨ।


ਪ੍ਰਾਚੀਨ ਇਤਿਹਾਸ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਮਨੁੱਖ ਦਾ ਮੁੱਢਲਾ ਜੀਵਨ ਜੰਗਲੀ ਜੀਵਾਂ ਵਰਗਾ ਸੀ। ਆਦਿ ਮਨੁੱਖ ਜੰਗਲਾਂ ਵਿੱਚ ਰਹਿੰਦਾ ਸੀ। ਜੰਗਲੀ ਜਾਨਵਰਾਂ, ਪੰਛੀਆਂ ਆਦਿ ਦਾ ਸ਼ਿਕਾਰ ਕਰਕੇ ਆਪਣਾ ਪੇਟ ਭਰਦਾ ਸੀ। ਮਨੁੱਖ ਨੇ ਆਪਣਾ ਜੀਵਨ ਇੱਕ ਸ਼ਿਕਾਰੀ

*ਤੁਸੀਂ ਦੇਖਿਆ ਜਾਂ ਸੁਣਿਆ ਹੋਵੇਗਾ ਕਿ ਅੱਜ ਵੀ ਕੁਝ ਮਨੁੱਖ ਜੰਗਲਾਂ ਵਿੱਚ ਕਬੀਲਿਆਂ ਦੇ ਰੂਪ ਵਿੱਚ ਰਹਿੰਦੇ ਹਨ। ਕਈ ਕਬੀਲੇ ਅਜੇ ਵੀ ਟੱਪਰੀਵਾਸੀ ਹਨ ਭਾਵ ਸਮੇਂ ਸਮੇਂ ਲੋੜ ਅਨੁਸਾਰ ਆਪਣੀ ਥਾਂ ਬਦਲਦੇ ਰਹਿੰਦੇ ਹਨ।*

ਦੇ ਤੌਰ 'ਤੇ ਸ਼ੁਰੂ ਕੀਤਾ। ਇਸ ਤੋਂ ਪਿੱਛੋਂ ਪਸ਼ੂਆਂ ਨੂੰ ਪਾਲਤੂ ਜਾਨਵਰਾਂ ਦੀ ਤਰ੍ਹਾਂ ਪਾਲਣਾ ਸ਼ੁਰੂ ਕੀਤਾ। ਪਸ਼ੂ ਪਾਲਣ ਦਾ ਧੰਦਾ ਸ਼ਿਕਾਰੀ ਜੀਵਨ ਨਾਲੋਂ ਕੁਝ ਅਸਾਨ ਸੀ। ਪਸ਼ੂਆਂ ਤੋਂ ਮਨੁੱਖ ਨੂੰ ਹੋਰ ਕਈ ਤਰ੍ਹਾਂ ਦਾ ਭੋਜਨ ਮਿਲਣ ਲੱਗਾ। ਇਸ ਸਮੇਂ ਨੂੰ ਪਸ਼ੂ-ਪਾਲਣ ਸਟੇਜ ਕਿਹਾ ਜਾਂਦਾ ਹੈ। ਜਦੋਂ ਮਨੁੱਖ ਨੂੰ ਕੁਝ ਵਿਹਲਾ ਸਮਾਂ ਮਿਲਿਆ ਅਤੇ ਉਹ ਕਈ ਹੋਰ ਪਾਸੇ ਸੋਚਣ ਲੱਗਾ ਜਿਸ ਨਾਲ ਸੱਭਿਅਤਾ ਦਾ ਵਿਕਾਸ ਸ਼ੁਰੂ ਹੋਇਆ। ਪਰ ਉਦੋਂ ਦਾ ਮਨੁੱਖ ਵੀ ਟਪਰੀਵਾਸਾਂ ਦੀ ਤਰ੍ਹਾਂ ਹੀ ਰਹਿੰਦਾ ਸੀ ਅਤੇ ਨਵੀਆਂ ਚਰਾਗਾਹਾਂ ਦੀ ਭਾਲ ਵਿੱਚ ਇੱਧਰ-ਉੱਧਰ ਫਿਰਦਾ ਸੀ ।

### ਕੁਦਰਤੀ ਵਾਤਾਵਰਨ ਤੋਂ ਮਨੁੱਖੀ ਵਾਤਾਵਰਨ :

ਹੌਲ਼ੀ-ਹੌਲ਼ੀ ਮਨੁੱਖਾਂ ਦੀ ਗਿਣਤੀ ਵੱਧਦੀ ਗਈ ਅਤੇ ਉਹ ਵੱਖ-ਵੱਖ ਥਾਂਵਾਂ ਤੇ ਝੁੰਡ ਬਣਾਕੇ ਰਹਿਣ ਲੱਗ ਪਏ। ਉਹਨਾਂ ਨੂੰ ਫ਼ਸਲਾਂ ਅਤੇ ਅਨਾਜ ਉਗਾਕੇ ਖਾਣ ਦਾ ਪਤਾ ਲੱਗਾ। ਜਿਸ ਤੋਂ ਪਿੱਛੋਂ ਖੇਤੀ-ਬਾੜੀ ਦਾ ਧੰਦਾ ਸ਼ੁਰੂ ਹੋਇਆ। ਖੇਤੀ-ਬਾੜੀ ਦਾ ਧੰਦਾ ਸ਼ੁਰੂ ਹੋਣ ਨਾਲ਼ ਇੱਕ ਸੰਗਠਤ ਅਤੇ ਟਿਕਾਊ ਸਮੁਦਾਇਕ ਜੀਵਨ ਦਾ ਆਰੰਭ ਹੋਇਆ। ਉਸ ਯੁੱਗ ਦਾ ਮਨੁੱਖ ਇੱਕ ਥਾਂ 'ਤੇ ਟਿੱਕ ਕੇ ਰਹਿਣ ਅਤੇ ਫ਼ਸਲਾਂ



ਚਿੱਤਰ 18.3 ਖੇਤੀ-ਬਾੜੀ ਧੰਦੇ ਦਾ ਆਰੰਭ

ਉਗਾਉਣ ਲੱਗ ਪਿਆ। ਮਨੁੱਖੀ ਪਰਿਵਾਰ ਇਕੱਠੇ ਹੋ ਕੇ ਕੁਝ ਇੱਕ ਥਾਂਵਾਂ 'ਤੇ ਟਿਕ ਕੇ ਰਹਿਣ ਲੱਗ ਪਏ। ਪਰਿਵਾਰਾਂ ਦੇ ਅਜਿਹੇ ਇਕੱਠ ਨੂੰ ਸਮੁਦਾਇ ਕਿਹਾ ਜਾਂਦਾ ਹੈ। ਜਿਹੜੇ ਬਾਅਦ ਵਿੱਚ ਵੱਧਦੇ-ਵੱਧਦੇ ਪਿੰਡ ਬਣਨ ਲੱਗੇ।

*ਪ੍ਰਾਚੀਨ ਸਮੇਂ ਵਿਚ 90% ਭਾਰਤੀ ਵਸੋਂ ਪਿੰਡਾਂ ਵਿੱਚ ਹੀ ਸੀ।*

ਖੇਤੀ-ਬਾੜੀ ਧੰਦੇ ਦੇ ਹੋਂਦ ਵਿੱਚ ਆਉਣ ਅਤੇ ਪੇਂਡੂ ਜੀਵਨ ਸ਼ੁਰੂ ਹੋਣ ਤੋਂ ਪਿੱਛੋਂ ਲੋਕਾਂ ਨੇ ਆਪਣੀਆਂ ਵੱਧਦੀਆਂ ਲੋੜਾਂ ਦੀ ਪੂਰਤੀ ਲਈ ਚੀਜ਼ਾਂ ਦੇ ਵਟਾਂਦਰੇ ਦੇ ਰੂਪ ਵਿੱਚ ਵਪਾਰ ਸ਼ੁਰੂ ਕੀਤਾ। ਇਸੇ ਸਮੇਂ ਦੌਰਾਨ ਪਹੀਏ ਦੀ ਕਾਢ ਹੋਈ ਜਿਸ ਨਾਲ ਆਵਾਜਾਈ ਦੇ ਸਾਧਨਾਂ ਦਾ ਵਿਕਾਸ ਹੋਇਆ।

ਅੱਗ ਦੀ ਕਾਢ ਹੋਣ ਪਿਛੋਂ ਮਨੁੱਖ ਨੇ ਆਪਣਾ ਭੋਜਨ ਵੀ ਕਈ ਢੰਗਾਂ ਨਾਲ਼ ਪਕਾ ਕੇ ਖਾਣਾ ਸ਼ੁਰੂ ਕਰ ਦਿੱਤਾ। ਮਨੁੱਖੀ ਦਿਮਾਗ ਦੇ ਵਿਕਾਸ ਦੇ ਨਾਲ਼ ਮਨੁੱਖੀ ਜ਼ਰੂਰਤਾਂ ਵੀ ਵੱਧਦੀਆਂ ਗਈਆਂ  ਜਿਸ ਕਾਰਨ ਤਰਖਾਣਾ, ਲੁਹਾਰਾ, ਦੁਕਾਨਦਾਰੀ ਅਤੇ ਵਪਾਰ ਆਦਿ ਜਿਹੇ ਕਈ ਧੰਦੇ ਹੋਂਦ ਵਿੱਚ ਆਏ। ਇਸਦੇ ਆਧਾਰ ਤੇ ਸਮਾਜ ਵਿੱਚ ਹੋਰ ਕਈ ਵੱਖ-ਵੱਖ ਸਮੂਹ ਬਣਦੇ ਗਏ ਅਤੇ ਸਮਾਜ ਵੱਡਾ ਹੁੰਦਾ ਗਿਆ।

ਸਮਾਜ ਵਿੱਚ ਵੱਖ-ਵੱਖ ਸਮੂਹਾਂ ਦੀ ਆਪਸੀ ਨਿਰਭਰਤਾ ਵਧਣ ਨਾਲ਼ ਸ਼ਹਿਰੀਕਰਨ ਦਾ ਮੁਢ ਬੱਝਿਆ। ਜੀਵਨ ਨੂੰ ਵਧੇਰੇ ਸੁਖਾਵਾਂ ਬਣਾਉਣ ਲਈ ਮਨੁੱਖੀ ਲੋੜਾਂ ਦੇ ਵਾਧੇ ਨਾਲ਼ ਕਈ ਤਰ੍ਹਾਂ ਦੇ ਹੁੱਨਰਾਂ ਅਤੇ ਦਸਤਕਾਰੀ ਦਾ ਵਿਕਾਸ ਹੋਇਆ। ਮਿੱਟੀ ਦੇ ਭਾਂਡੇ ਬਣਾਉਣ, ਚਮੜਾ ਰੰਗਣ, ਕੱਪੜਾ ਬੁਣਨ, ਲੁਹਾਰਾ ਅਤੇ ਤਰਖਾਣਾ ਜਿਹੇ ਧੰਦੇ ਹੋਂਦ ਵਿੱਚ ਆਏ।



ਸਮੇਂ ਨਾਲ਼ ਮਨੁੱਖ ਨੇ ਆਪਣੀ ਲੋੜ ਤੋਂ ਵਾਧੂ ਅਨਾਜ ਉਗਾਉਣਾ ਅਤੇ ਸਾਂਭ ਕੇ ਰੱਖਣਾ ਸ਼ੁਰੂ ਕੀਤਾ। ਇਸ ਨਾਲ਼ ਹੋਰ ਕਾਫ਼ੀ ਵਿਹਲਾ ਸਮਾਂ ਮਿਲ਼ਿਆ। ਜਿਸ ਸਮੇਂ ਵਿੱਚ ਕਈ ਕਲਾਵਾਂ ਜਿਹਾ ਕਿ ਤਸਵੀਰਾਂ ਬਣਾਉਣ, ਸੰਗੀਤ, ਬੁੱਤ-ਤਰਾਸ਼ੀ ਅਤੇ ਭਵਨ ਕਲਾ ਦਾ ਨਿਰਮਾਣ ਅਤੇ ਵਿਕਾਸ ਹੋਇਆ। ਹੁਣ ਮਨੁੱਖ ਧਾਤਾਂ ਤੋਂ ਵੀ ਕੁਝ ਸਜਾਵਟ ਦੀਆਂ ਚੀਜ਼ਾਂ ਅਤੇ ਗਹਿਣੇ ਆਦਿ ਬਣਾਉਣ ਲੱਗ ਪਿਆ।

ਜਨਸੰਖਿਆ ਦੇ ਵਧਣ ਨਾਲ਼ ਪਰਿਵਾਰਾਂ ਦੇ ਸਮੂਹ ਹੋਰ ਵੱਡੇ ਹੋਣ ਲੱਗੇ  ਜਿਸ ਕਾਰਨ ਸਮਾਜ ਨੂੰ ਸੰਗਠਤ ਕਰਨ ਦੀ ਲੋੜ ਮਹਿਸੂਸ ਹੋਣ ਲੱਗ ਪਈ। ਸੰਗਠਤ ਸਮਾਜ ਬਣਾਉਣ ਲਈ ਸਮਾਜ ਛੋਟੇ-ਛੋਟੇ ਸੰਗਠਤ ਸਮੂਹਾਂ ਵਿੱਚ ਵੰਡਿਆ ਗਿਆ। ਅਜਿਹੇ ਸੰਗਠਤ ਸਮਾਜ ਨੂੰ ਰਾਜ ਕਿਹਾ ਗਿਆ। ਰਾਜ ਦਾ ਪ੍ਰਬੰਧ ਚਲਾਉਣ ਲਈ ਰਾਜ ਸਰਕਾਰ ਬਣਾਈ ਗਈ।

ਕਸਬਿਆਂ ਤੋਂ ਪਿੱਛੋਂ ਹੌਲ਼ੀ-ਹੌਲ਼ੀ ਵਧੇਰੇ ਵਿਕਸਿਤ ਸ਼ਹਿਰ ਬਣਨ ਲੱਗੇ। ਵਿਗਿਆਨ ਅਤੇ

ਤਕਨੀਕੀ ਗਿਆਨ ਵੱਧਣ ਨਾਲ਼ ਸਮਾਜ ਦੀ ਬਹੁ-ਪੱਖੀ ਤਰੱਕੀ ਹੋਣੀ ਸ਼ੁਰੂ ਹੋ ਗਈ। ਜੀਵਨ ਵਧੇਰੇ ਸੁਖਮਈ ਅਤੇ ਖ਼ੁਸ਼ਹਾਲ ਬਣਿਆ। ਕੁਝ ਲੋਕ ਐਸ਼ਪ੍ਰਸਤ ਹੁੰਦੇ ਗਏ। ਸੋ ਇੱਕ ਸ਼ਿਕਾਰੀ ਮਨੁੱਖ ਤੋਂ ਲੈ ਕੇ ਹੁਣ ਤੱਕ ਦੇ ਮਨੁੱਖ ਦਾ ਇਤਿਹਾਸ ਬੜਾ ਲੰਬਾ ਅਤੇ ਹੈਰਾਨੀਜਨਕ ਹੈ।

ਇਸ ਤਰ੍ਹਾਂ ਕੁਦਰਤੀ ਵਾਤਾਵਰਨ ਵਿੱਚ ਵਿਚਰਦਾ ਹੋਇਆ ਮਨੁੱਖ ਹੌਲ਼ੀ-ਹੌਲ਼ੀ ਆਪਣੀ ਸੋਚ ਸ਼ਕਤੀ ਦੀ ਵਰਤੋਂ ਕਰਦਾ-ਕਰਦਾ ਅੱਜ ਦੇ ਤਕਨੀਕੀ ਯੁੱਗ ਤੱਕ ਪਹੁੰਚ ਗਿਆ। ਜਿਸ ਨਾਲ਼ ਆਧੁਨਿਕ ਸਮਾਜ ਦਾ ਜਨਮ ਹੋਇਆ।

**ਚਿੱਤਰ 18.4** *ਪ੍ਰਾਚੀਨ ਮਨੁੱਖ ਅਤੇ ਆਧੁਨਿਕ ਮਨੁੱਖ ਦੇ ਰਹਿਣ ਅਸਥਾਨ*

ਜਿੱਥੇ ਕੁਦਰਤ ਨੇ ਇਨਸਾਨ ਲਈ ਕੁਦਰਤੀ ਸਾਧਨਾਂ ਦੀ ਭਰਮਾਰ ਬਖ਼ਸ਼ੀ ਹੈ ਉੱਥੇ ਮਨੁੱਖ ਨੇ ਇਹਨਾਂ ਭੰਡਾਰਾਂ ਦੀ ਯੋਗ ਵਰਤੋਂ ਕਰਕੇ ਮਨੁੱਖੀ ਜੀਵਨ ਲਈ ਕਈ ਤਰ੍ਹਾਂ ਦੀਆਂ ਸਹੂਲਤਾਂ ਪੈਦਾ ਕੀਤੀਆਂ ਹਨ। ਤੁਸੀਂ ਜਾਣਦੇ ਹੋ ਕਿ ਇਨਸਾਨ ਨੇ ਕੁਦਰਤੀ ਵਾਤਾਵਰਨ ਵਿੱਚ ਕਿੰਨੀਆਂ ਤਬਦੀਲੀਆਂ ਕੀਤੀਆਂ ਅਤੇ ਅਜੇ ਵੀ ਇਸ ਦਾ ਤਕਨੀਕੀ ਵਿਕਾਸ ਜਾਰੀ ਹੈ। ਬਾਕੀ ਸਭ ਤਰ੍ਹਾਂ ਦੇ ਵਿਕਾਸ ਦੀ ਤਰ੍ਹਾਂ ਮਨੁੱਖੀ ਜੀਵਨ ਵਿੱਚ ਕੁਝ ਰੀਤੀ-ਰਿਵਾਜਾਂ, ਵਿਚਾਰਾਂ, ਕਦਰਾਂ-ਕੀਮਤਾਂ ਅਤੇ ਪਰੰਪਰਾਵਾਂ ਦਾ ਵਿਕਾਸ ਹੁੰਦਾ ਹੈ। ਸਮੇਂ ਦੇ ਬੀਤਣ ਨਾਲ਼ ਇਹ ਸਭ ਰੀਤੀ-ਰਿਵਾਜ ਅਤੇ ਪਰੰਪਰਾਵਾਂ ਸਾਡੇ ਇਤਿਹਾਸ ਦੇ ਸੱਭਿਆਚਾਰਕ ਵਿਰਸੇ ਦਾ ਰੂਪ ਲੈ ਲੈਂਦੀਆਂ ਹਨ।

## ਸਮੁਦਾਇਕ ਜੀਵਨ ਦੀ ਲੋੜ :

ਸਮੁਦਾਇ ਦੀ ਜ਼ਰੂਰਤ ਇਸ ਲਈ ਪੈਂਦੀ ਹੈ ਕਿਉਂਕਿ ਕੋਈ ਵੀ ਮਨੁੱਖ ਇਕੱਲਾ ਨਹੀਂ ਰਹਿ ਸਕਦਾ ਅਤੇ ਨਾ ਹੀ ਰਹਿੰਦਾ ਹੈ। ਇਸੇ ਲਈ ਮਨੁੱਖ ਨੂੰ ਸਮਾਜਿਕ ਪ੍ਰਾਣੀ ਕਿਹਾ ਜਾਂਦਾ ਹੈ। ਮਨੁੱਖ ਆਪਣੇ ਸੁਭਾਅ ਅਤੇ ਲੋੜਾਂ ਦੀ ਪੂਰਤੀ ਕਾਰਨ ਇੱਕ ਸਮਾਜਿਕ ਜੀਵ ਹੈ। ਮੋਟੇ ਤੌਰ 'ਤੇ ਸ਼ਹਿਰੀ ਲੋਕ ਆਪਣੇ ਭੋਜਨ ਲਈ ਪੇਂਡੂ ਕਿਸਾਨ ਤੇ ਨਿਰਭਰ ਹਨ ਅਤੇ ਪੇਂਡੂ ਲੋਕ ਸ਼ਹਿਰਾਂ ਵਿੱਚ ਰੋਜ਼ਾਨਾ

ਲੋੜਾਂ ਲਈ ਬਣਾਈਆਂ ਜਾਂਦੀਆਂ ਚੀਜ਼ਾਂ ਕਾਰਨ ਸ਼ਹਿਰੀ ਸਮਾਜ 'ਤੇ ਨਿਰਭਰ ਹਨ। ਇਸੇ ਤਰ੍ਹਾਂ ਹੀ ਅੱਜ ਦੇ ਵਿਸ਼ਵਵਿਆਪੀ ਸੰਸਾਰ ਵਿੱਚ ਵੀ ਸਾਰੇ ਦੇਸ ਕਿਸੇ ਨਾ ਕਿਸੇ ਪੱਖੋਂ ਦੂਜੇ ਦੇਸਾਂ 'ਤੇ ਨਿਰਭਰ ਹਨ ਭਾਵ ਸਾਰੇ ਸੰਸਾਰ ਦਾ ਸਮਾਜ ਹੀ ਕਿਸੇ ਨਾ ਕਿਸੇ ਪੱਖੋਂ ਅੰਤਰ-ਨਿਰਭਰ ਹੈ। ਇਸ ਲਈ ਸਮਾਜ ਦੀ ਮਨੁੱਖ ਨੂੰ ਹਰ ਪੱਧਰ 'ਤੇ ਜ਼ਰੂਰਤ ਹੈ।

ਸਮਾਜ ਜਾਂ ਸਮੁਦਾਇ ਇੱਕ ਥਾਂ 'ਤੇ ਰਹਿਣ ਵਾਲ਼ੇ ਸਾਂਝੇ ਉਦੇਸ਼ ਵਾਲ਼ੇ ਸੰਗਠਤ ਸਮੂਹ ਨੂੰ ਕਿਹਾ ਜਾਂਦਾ ਹੈ। ਦੂਜੇ ਸ਼ਬਦਾਂ ਵਿੱਚ ਸਮਾਜ (ਸਮੁਦਾਇ) ਵਿੱਚ ਉਹ ਸਾਰੇ ਲੋਕ ਹੁੰਦੇ ਹਨ, ਜਿਹਨਾਂ ਦਾ

*ਇੱਕ ਥਾਂ ਤੇ ਰਹਿਣ ਵਾਲ਼ੇ, ਸਾਂਝੇ ਉਦੇਸ਼ ਵਾਲ਼ੇ ਸੰਗਠਤ ਸਮੂਹ ਨੂੰ ਸਮੁਦਾਇ ਕਿਹਾ ਜਾਂਦਾ ਹੈ।*

ਸਾਡੇ ਜੀਵਨ ਤੇ ਪ੍ਰਭਾਵ ਪੈਂਦਾ ਹੈ। ਭਾਵੇਂ ਉਹ ਲੋਕ ਸਾਡੇ ਦੇਸ ਵਿੱਚ ਜਾਂ ਬਾਹਰੀ ਦੁਨੀਆ ਵਿੱਚ ਗੁਆਂਢ, ਪਿੰਡ, ਦੇਸ ਜਾਂ ਵਿਦੇਸ਼ੀ ਸਮਾਜ ਵਿੱਚ ਹੋਣ। ਜਿਹਨਾਂ ਦਾ ਸਾਡੇ ਨਾਲ਼ ਹਰ ਰੋਜ਼ ਵਾਹ ਪੈਂਦਾ ਹੈ। ਉਹ ਸਾਡੇ ਲਈ ਬਹੁਤ ਹੀ ਮਹੱਤਵਪੂਰਨ ਹਨ ਕਿਉਂਕਿ ਸਮੁਦਾਇ (ਸਮਾਜ) :—

1. ਸਾਨੂੰ ਘਰ ਅਤੇ ਸੁਰੱਖਿਆ ਪ੍ਰਦਾਨ ਕਰਦਾ ਹੈ।
2. ਹਰ ਰੋਜ਼ ਦੀਆਂ, ਕੱਪੜਾ, ਭੋਜਨ, ਮਕਾਨ ਆਦਿ ਦੀਆਂ ਲੋੜਾਂ ਪੂਰੀਆਂ ਕਰਦਾ ਹੈ।
3. ਸਾਡੇ ਨਾਲ਼ ਵਿਚਾਰਾਂ ਅਤੇ ਗਿਆਨ ਦਾ ਆਦਾਨ-ਪ੍ਰਦਾਨ ਕਰਕੇ ਸਾਡੇ ਸਭਿਅਚਾਰ ਅਤੇ ਸੱਭਿਅਤਾ ਦਾ ਵਿਕਾਸ ਕਰਦਾ ਹੈ।
4. ਸਾਡੇ ਵਿੱਚ ਲੋੜੀਂਦੀਆਂ ਕਦਰਾਂ ਕੀਮਤਾਂ ਅਤੇ ਗੁਣਾਂ ਦਾ ਵਿਕਾਸ ਕਰਦਾ ਹੈ।

### ਦੇਸ/ਕੌਮ ਅਤੇ ਸਮੁਦਾਇ ਲਈ ਸਾਡੇ ਫ਼ਰਜ਼ :

ਪਰਿਵਾਰ ਸਾਡੀਆਂ ਮੁੱਢਲੀਆਂ ਲੋੜਾਂ ਅਤੇ ਸਮਾਜ ਸਾਡੀਆਂ ਸਾਂਝੀਆਂ ਲੋੜਾਂ ਦੀ ਪੂਰਤੀ ਲਈ ਹੋਂਦ ਵਿੱਚ ਆਏ। ਪਰਿਵਾਰ ਵਿੱਚ ਅਸੀਂ ਆਪਣੇ ਮਾਤਾ, ਪਿਤਾ ਤੇ ਨਿਰਭਰ ਕਰਦੇ ਹਾਂ। ਸਕੂਲ ਵਿੱਚ ਅਸੀਂ ਆਪਣੇ ਅਧਿਆਪਕਾਂ ਤੇ ਨਿਰਭਰ ਕਰਦੇ ਹਾਂ। ਸਾਡੇ ਸਾਰਿਆਂ ਦੇ ਸਮੂਹ ਨਾਲ਼ ਸਮਾਜ ਬਣਦਾ ਹੈ। ਇਹ ਸਮਾਜ ਮਨੁੱਖ ਦੀ ਭਲਾਈ ਲਈ ਹੀ ਹੋਂਦ ਵਿੱਚ ਆਇਆ। ਭਾਵ ਮਨੁੱਖੀ ਜੀਵਨ ਸਮਾਜ ਤੋਂ ਬਿਨਾਂ ਸੰਭਵ ਨਹੀਂ ਹੈ।

ਅਸੀਂ ਸਾਰੇ ਆਪਣੇ ਪਰਿਵਾਰ, ਸਕੂਲ, ਪਿੰਡ, ਸ਼ਹਿਰ ਜਾਂ ਬਾਕੀ ਦੇ ਸਮਾਜ ਦੀ ਭਲਾਈ ਲਈ ਕੁਝ ਨਾ ਕੁਝ ਕਰਦੇ ਹਾਂ। ਇੱਕ ਦੂਸਰੇ ਨਾਲ਼ ਮਿਲਵਰਤਨ ਨਾਲ ਰਹਿੰਦੇ ਹਾਂ। ਆਪਣੇ ਦੁੱਖ, ਸੁੱਖ ਵੀ ਆਪਣੇ ਸਮਾਜ ਵਿੱਚ ਰਹਿੰਦੇ ਹੋਏ ਇੱਕ ਦੂਜੇ ਨਾਲ ਸਾਂਝੇ ਕਰਦੇ ਹਾਂ। ਅਸੀਂ ਸਾਰੇ ਆਪਣੇ ਸਮੁਦਾਇ (ਸਮਾਜ) ਦਾ ਅਨਿਖੜਵਾਂ ਅੰਗ ਹਾਂ।

*ਹਰੇਕ ਇਨਸਾਨ ਆਪਣੇ ਸਮਾਜ ਦਾ ਇੱਕ ਮਹੱਤਵਪੂਰਨ ਹਿੱਸਾ ਹੈ।*

ਜਦੋਂ ਸਾਨੂੰ ਆਪਣੇ ਸਮੁਦਾਇ, ਸਮਾਜ ਤੇ ਆਪਣੀ ਕੌਮ ਕੋਲੋਂ ਏਨਾ ਕੁਝ ਮਿਲਦਾ ਹੈ ਤਾਂ ਸਾਡਾ ਵੀ ਫ਼ਰਜ਼ ਹੈ ਕਿ ਅਸੀਂ ਆਪਣੇ ਸਮਾਜ ਪ੍ਰਤੀ ਆਪਣੇ ਫ਼ਰਜ਼ ਨਿਭਾਈਏ। ਸਾਡਾ ਫਰਜ਼ ਹੈ ਕਿ ਅਸੀਂ ਆਪਣੇ ਸਮਾਜ ਪ੍ਰਤੀ ਵਫ਼ਾਦਾਰ ਰਹੀਏ ਅਤੇ ਇੱਕ ਲਾਹੇਵੰਦ ਨਾਗਰਿਕ ਬਣੀਏ। ਸਾਨੂੰ ਆਪਣੀ ਸਰਕਾਰ ਦੁਆਰਾ ਲਗਾਏ ਜਾਂਦੇ ਟੈਕਸ ਇਮਾਨਦਾਰੀ ਨਾਲ਼ ਅਦਾ ਕਰਨੇ ਚਾਹੀਦੇ ਹਨ ਤਾਂ ਜੋ ਦੇਸ ਤਰੱਕੀ ਕਰ ਸਕੇ। ਇਸੇ ਤਰ੍ਹਾਂ ਦੇਸ ਦੀ ਰੱਖਿਆ ਲਈ ਹਰ ਤਰ੍ਹਾਂ ਦੀ ਕੁਰਬਾਨੀ ਦੇਣ ਲਈ ਵੀ ਤਿਆਰ ਰਹਿਣਾ ਚਾਹੀਦਾ ਹੈ।

ਇੱਕ ਚੰਗਾ ਇਨਸਾਨ ਬਣਨ ਲਈ ਸਾਨੂੰ ਆਪਣੇ ਸਮਾਜ ਦੇ ਚੰਗੇ ਨਾਗਰਿਕ ਬਣਨਾ ਜ਼ਰੂਰੀ ਹੈ। ਸਾਡਾ ਫ਼ਰਜ਼ ਹੈ ਕਿ ਚੰਗੇ ਭਾਰਤੀ ਬਣਕੇ ਦੇਸ ਦੀ ਤਰੱਕੀ ਅਤੇ ਖ਼ੁਸ਼ਹਾਲੀ ਲਈ ਵੱਧ ਤੋਂ ਵੱਧ ਹਿੱਸਾ ਪਾਈਏ। ਆਪਣੇ ਸਮਾਜਿਕ ਅਤੇ ਕੁਦਰਤੀ ਵਾਤਾਵਰਨ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਈਏ।


### ਭਾਰਤੀ ਸੱਭਿਆਚਾਰਕ ਭਿੰਨਤਾਵਾਂ :

ਸਾਡਾ ਦੇਸ਼ ਭਾਰਤ ਇੱਕ ਵਿਸ਼ਾਲ ਦੇਸ਼ ਹੈ। ਇੱਥੇ ਪ੍ਰਕਿਰਤੀ ਦੁਆਰਾ ਬਣਾਏ ਗਏ, ਮੈਦਾਨ, ਪਹਾੜ, ਪਠਾਰਾਂ, ਸਮੁੰਦਰੀ ਤੱਟ ਆਦਿ ਕਈ ਤਰ੍ਹਾਂ ਦੀਆਂ ਭੂਗੋਲਿਕ ਭਿੰਨਤਾਵਾਂ ਹਨ। ਜਿਸ ਕਾਰਨ ਦੇਸ਼ ਦੇ ਵੱਖ-ਵੱਖ ਭਾਗਾਂ ਦਾ ਜਲਵਾਯੂ, ਮੌਸਮ, ਲੋਕਾਂ ਦੀ ਰਿਹਾਇਸ਼, ਪਹਿਰਾਵਾ, ਭੋਜਨ,

*ਕੀ ਤੁਸੀਂ ਜਾਣਦੇ ਹੋ ?*

*ਭਾਰਤ ਉਹਨਾਂ ਕੁਝ ਦੇਸਾਂ ਵਿੱਚੋਂ ਹੈ ਜਿਹਨਾਂ ਦਾ ਸੱਭਿਆਚਾਰਕ ਵਿਰਸਾ ਅਮੀਰ ਅਤੇ ਵਖਰੇਵਿਆਂ ਭਰਿਆ ਹੈ। ਪਰ ਇਹ ਸਾਡੀ ਸ਼ਕਤੀ ਦਾ ਸੋਮਾਂ ਹੈ।*


ਰੀਤੀ-ਰਿਵਾਜ਼ਾਂ, ਲੋਕ-ਨਾਚ ਅਤੇ ਲੋਕ-ਗੀਤ ਵਿੱਚ ਵੀ ਭਿੰਨਤਾ ਹੈ। ਇਹਨਾਂ ਸਭ ਭਿੰਨਤਾਵਾਂ ਦੇ ਹੁੰਦੇ ਹੋਏ ਵੀ ਅਸੀਂ ਸਭ ਭਾਰਤਵਾਸੀ ਹਾਂ ਅਤੇ ਇਹੀ ਸਾਡੀ ਸਾਰਿਆਂ ਦੀ ਪਛਾਣ ਹੈ।



ਚਿੱਤਰ 18.5 ਭਾਰਤੀ ਰਾਜਾਂ ਦੀ (ਭੂਗੋਲਿਕ ਤੇ ਸੱਭਿਆਚਾਰਕ) ਭਿੰਨਤਾ ਦੀ ਇੱਕ ਝਲਕ

ਸਾਡੇ ਦੇਸ ਨੂੰ ਭਿੰਨਤਾਵਾਂ ਵਿੱਚ ਏਕਤਾ ਵਾਲਾ ਦੇਸ ਕਿਹਾ ਜਾਂਦਾ ਹੈ। ਇਹ ਏਕਤਾ ਭਾਵਨਾਵਾਂ ਅਤੇ ਅਹਿਸਾਸਾਂ ਦੀ ਹੈ। ਹਰ ਭਾਰਤੀ ਨੂੰ ਆਪਣੇ ਦੇਸ ਦੀ ਏਕਤਾ 'ਤੇ ਮਾਣ ਹੈ।

ਸਮਾਜਿਕ ਵਿਗਿਆਨ ਦੇ ਵਿਸ਼ੇ ਦੇ ਅਧਿਅਨ ਤੋਂ ਸਾਨੂੰ ਪਤਾ ਲੱਗਦਾ ਹੈ ਕਿ ਸਾਡੇ ਦੇਸ ਦੇ ਵਿਕਾਸ ਵਿੱਚ ਵੱਖ-ਵੱਖ ਸਮੂਹਾਂ ਭਿੰਨਤਾਵਾਂ ਦੇ ਬਾਵਜੂਦ ਵੀ ਮਹੱਤਵਪੂਰਨ ਯੋਗਦਾਨ ਪਾਇਆ ਹੈ। ਇਸ ਸੱਭਿਆਚਾਰਕ ਸਾਂਝ ਦੇ ਮਹੱਤਵ ਨੂੰ ਸਮਝਣ ਨਾਲ਼ ਹੀ ਸਾਡੇ ਵਿੱਚ ਦੇਸ ਪਿਆਰ ਅਤੇ ਦੇਸ ਭਗਤੀ ਦੀ ਭਾਵਨਾ ਪੈਦਾ ਹੁੰਦੀ ਹੈ। ਅਸੀਂ ਸਾਰੇ ਭਾਰਤੀ ਆਪਣੇ ਅਮੀਰ ਸੱਭਿਆਚਾਰ ਵਿਰਸੇ ਤੇ ਫ਼ਖਰ ਮਹਿਸੂਸ ਕਰਦੇ ਹਾਂ।



*ਚਿੱਤਰ **18.6** ਭਾਰਤੀ ਸਮੁਦਾਇ ਦੀ ਅਨੇਕਤਾ ਵਿੱਚ ਏਕਤਾ*

## ਯਾਦ ਰੱਖਣ ਯੋਗ ਨੁਕਤੇ

1. ਸਮੁਦਾਇ ਪਰਿਵਾਰਾਂ ਦਾ ਪਰਿਵਾਰ ਹੁੰਦਾ ਹੈ।
2. ਖੂਨੀ ਰਿਸ਼ਤੇ ਨਾਲ ਸਬੰਧਤ ਇਕੱਠੇ ਰਹਿ ਰਹੇ ਮੈਂਬਰਾਂ ਨੂੰ ਪਰਿਵਾਰ ਕਿਹਾ ਜਾਂਦਾ ਹੈ।
3. ਕਈ ਰਾਜਾਂ ਨੂੰ ਮਿਲਾਕੇ ਇਕ ਦੇਸ਼ ਬਣਦਾ ਹੈ।
4. ਲੱਖਾਂ ਸਾਲ ਪਹਿਲਾਂ ਧਰਤੀ ਤੇ ਮਨੁੱਖੀ ਜੀਵਨ ਸ਼ੁਰੂ ਹੋਇਆ।
5. ਮਨੁੱਖ ਦਾ ਮੁੱਢਲਾ ਜੀਵਨ ਜੰਗਲੀ ਜਾਨਵਰਾਂ ਵਰਗਾ ਸੀ।
6. ਅੱਗ ਦੀ ਕਾਢ ਕਾਰਨ ਮਨੁੱਖ ਨੇ ਆਪਣਾ ਭੋਜਨ ਪਕਾ ਕੇ ਖਾਣਾ ਸ਼ੁਰੂ ਕਰ ਦਿੱਤਾ।
7. ਜਨਸੰਖਿਆ ਦੇ ਵੱਧਣ ਨਾਲ ਸਮੁਦਾਇ ਤੋਂ ਪਿੰਡ, ਕਸਬੇ ਅਤੇ ਸ਼ਹਿਰ ਬਣੇ।
8. ਸਭਿਆਚਾਰਕ ਸਾਂਝ ਨਾਲ ਦੇਸ਼ ਪਿਆਰ ਅਤੇ ਦੇਸ਼ ਭਗਤੀ ਦੀ ਭਾਵਨਾ ਪੈਦਾ ਹੁੰਦੀ ਹੈ।

ਬਹੁ-ਚੋਣਵੇਂ ਪ੍ਰਸ਼ਨ -

**ਪ੍ਰਸ਼ਨ 1. ਸਮਾਜ ਦੀ ਮੁੱਢਲੀ ਸਮਾਜਿਕ ਇਕਾਈ ਕਿਹੜੀ ਹੈ ?**

(1) ਪਰਿਵਾਰ (2) ਸ਼ਹਿਰ

**ਪ੍ਰਸ਼ਨ 2. ਮਨੁੱਖ ਇਕ ਸਮਾਜਿਕ ਪ੍ਰਾਣੀ ਕਿਉਂ ਹੈ ?**

(1) ਮਨੁੱਖ ਇਕੱਲਾ ਰਹਿ ਸਕਦਾ ਹੈ।

(2) ਮਨੁੱਖ ਇਕੱਲਾ ਨਹੀਂ ਰਹਿ ਸਕਦਾ।

**ਪ੍ਰਸ਼ਨ 3. ਸੱਭਿਆਚਾਰਕ ਸਾਂਝ ਨਾਲ ਕਿਹੜੀ ਭਾਵਨਾ ਪੈਦਾ ਹੁੰਦੀ ਹੈ ?**

(1) ਦੇਸ਼ ਭਗਤੀ ਦੀ ਭਾਵਨਾ

(2) ਫਿਰਕੂਭਾਵਨਾ

**ਪ੍ਰਸ਼ਨ 4. ਸਭ ਤੋਂ ਪਹਿਲਾਂ ਮਨੁੱਖ ਨੇ ਪ੍ਰਾਚੀਨ ਸਮੇਂ ਵਿੱਚ ਕਿਹੜੇ ਪਦਾਰਥ ਦੇ ਹਥਿਆਰ ਬਣਾਏ ?**

(1) ਪੱਥਰ (2) ਤਾਂਬਾ

# ਅਭਿਆਸ

## I. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(1) ਮਨੁੱਖ ਨੂੰ ਸਮਾਜਕ ਪ੍ਰਾਣੀ ਕਿਉਂ ਕਿਹਾ ਜਾਂਦਾ ਹੈ ?

(2) ਸਮਾਜ ਦੀ ਮੁੱਢਲੀ ਇਕਾਈ ਕਿਹੜੀ ਹੈ ?

(3) ਕਬੀਲੇ ਦੇ ਅਤੇ ਸ਼ਹਿਰੀ ਜੀਵਨ ਵਿੱਚ ਕੀ ਅੰਤਰ ਹੈ ?

(4) ਸਮਾਜ ਮਨੁੱਖ ਲਈ ਕਿਉਂ ਜ਼ਰੂਰੀ ਹੈ ?

(5) ਕੁਦਰਤੀ ਵਾਤਾਵਰਨ ਤੇ ਸੰਖੇਪ ਨੋਟ ਲਿਖੋ।

(6) ਮਨੁੱਖ ਦਾ ਬਾਕੀ ਸਜੀਵਾਂ ਤੋਂ ਮੁੱਖ ਅੰਤਰ ਕੀ ਹੈ ?

## II. ਹੇਠ ਲਿਖੇ ਖ਼ਾਲੀ ਸਥਾਨ ਭਰੋ :

(1) ਪ੍ਰਾਚੀਨ ਸਮੇਂ ਵਿੱਚ ............................ % ਭਾਰਤੀ ਲੋਕ ਪਿੰਡਾਂ ਵਿੱਚ ਰਹਿੰਦੇ ਸਨ।

(2) ਸ਼ਹਿਰੀ ਜਨਸੰਖਿਆ ਦਿਨ ਬਦਿਨ ........................ ਜਾ ਰਹੀ ਹੈ।

(3) ਸਮੁਦਾਇ ਨੂੰ ਪਰਿਵਾਰਾਂ ਦਾ ............................ ਕਿਹਾ ਜਾਂਦਾ ਹੈ।

(4) ਮੁੱਢਲੇ ਮਨੁੱਖ ਦਾ ਧੰਦਾ ............................ ਸੀ।

(5) ਪਰਿਵਾਰ ਸਮਾਜ ਦੀ ਮੁੱਢਲੀ ............................ ਇਕਾਈ ਹੈ।

## III. ਹੇਠ ਲਿਖੇ ਵਾਕਾਂ ਤੇ ਗ਼ਲਤ (×) ਜਾਂ ਠੀਕ (✓) ਦਾ ਨਿਸ਼ਾਨ ਲਗਾਓ :

(1) ਭਾਰਤ ਨੂੰ ਅਨੇਕਤਾ ਵਿੱਚ ਏਕਤਾ ਵਾਲਾ ਦੇਸ ਕਿਹਾ ਜਾਂਦਾ ਹੈ। ☐

(2) ਕਸ਼ਮੀਰ ਅਤੇ ਰਾਜਸਥਾਨ ਦਾ ਜਲਵਾਯੂ ਇਕੋ-ਜਿਹਾ ਹੈ। ☐

(3) ਹਰ ਮਨੁੱਖ ਆਪਣੇ ਸਮੁਦਾਇ ਦਾ ਮਹੱਤਵਪੂਰਨ ਹਿੱਸਾ ਹੈ। ☐

(4) ਮਨੁੱਖ ਇਕੱਲਾ ਰਹਿ ਸਕਦਾ ਹੈ। ☐

(5) ਖੇਤੀਬਾੜੀ ਧੰਦੇ ਨਾਲ ਪਿੰਡਾਂ ਦਾ ਵਿਕਾਸ ਹੋਇਆ। ☐

## ਗਤੀਵਿਧੀ

1. ਕੁੱਝ ਟਪਰੀਵਾਸ ਕਬੀਲਿਆਂ ਦੀਆਂ ਤਸਵੀਰਾਂ ਇਕੱਠੀਆਂ ਕਰਕੇ ਆਪਣੀ ਸਕਰੈਪ ਬੁੱਕ ਵਿੱਚ ਚਿਪਕਾਓ।
2. ਆਪਣੇ ਰਾਜ ਦੇ ਚਾਰ ਗੁਆਂਢੀ ਰਾਜਾਂ ਦੇ ਲੋਕ-ਨਾਚ ਦਾ ਇੱਕ ਚਾਰਟ ਬਣਾਓ।
3. ਮਨੁੱਖੀ ਸੱਭਿਅਤਾ ਦੇ ਵੱਖ-ਵੱਖ ਪੱਧਰਾਂ ਤੇ ਵਿਕਾਸ ਬਾਰੇ ਅਧਿਆਪਕ ਨਾਲ ਵਿਚਾਰ ਵਟਾਂਦਰਾ ਕਰੋ।

ਪਾਠ 19

# ਪੇਂਡੂ ਵਿਕਾਸ ਅਤੇ ਸਥਾਨਕ ਸਰਕਾਰ

ਸਾਡਾ ਦੇਸ਼ ਭਾਰਤ ਇੱਕ ਖੇਤੀ ਪ੍ਰਧਾਨ ਦੇਸ਼ ਹੈ। ਇੱਥੇ ਦੀ ਲਗਪਗ 75% ਜਨਸੰਖਿਆ ਪਿੰਡਾਂ ਵਿੱਚ ਰਹਿੰਦੀ ਹੈ। ਭਾਰਤ ਵਿੱਚ ਪਿੰਡਾਂ ਦੀ ਗਿਣਤੀ 6 ਲੱਖ ਦੇ ਕਰੀਬ ਹੈ। ਇਸੇ ਲਈ ਇਸ ਨੂੰ ਪਿੰਡਾਂ ਦਾ ਦੇਸ਼ ਕਿਹਾ ਜਾਂਦਾ ਹੈ। ਇਹ ਸਾਰੇ ਪਿੰਡ ਦੂਰ-ਦੁਰਾਡੇ ਇਲਾਕੇ ਵਿੱਚ ਅਤੇ ਸ਼ਹਿਰਾਂ ਤੋਂ ਬਹੁਤ ਦੂਰ ਹਨ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਪਿੰਡ ਕਿਸੇ ਵੀ ਦੇਸ਼ ਦੇ ਸੰਗਠਤ ਸਮਾਜ ਦੀ ਸਭ ਤੋਂ ਛੋਟੀ ਇਕਾਈ ਹੁੰਦੇ ਹਨ।

ਭਾਰਤ ਇੱਕ ਵਿਸ਼ਾਲ ਦੇਸ਼ ਹੈ ਜਿਸ ਵਿੱਚ 28 ਰਾਜ ਅਤੇ 8 ਕੇਂਦਰੀ ਪ੍ਰਸ਼ਾਸਤ ਖੇਤਰ ਹਨ। ਇੰਨੇ ਵੱਡੇ ਦੇਸ ਦਾ ਰਾਜ ਪ੍ਰਬੰਧ ਕੇਂਦਰੀ ਸਰਕਾਰ ਇਕੱਲੀ ਨਹੀਂ ਚਲਾ ਸਕਦੀ। ਇਸ ਲਈ ਸੰਵਿਧਾਨ ਬਣਾਉਣ ਵਾਲਿਆਂ ਨੇ ਭਾਰਤ ਵਿੱਚ ਸੰਘਾਤਮਕ ਸਰਕਾਰ ਦੀ ਸਥਾਪਨਾ ਕੀਤੀ। ਸੰਘਾਤਮਕ ਸਰਕਾਰ ਵਿੱਚ ਇੱਕ ਕੇਂਦਰੀ ਸਰਕਾਰ ਅਤੇ ਬਾਕੀ ਰਾਜ ਸਰਕਾਰਾਂ ਹੁੰਦੀਆਂ ਹਨ। ਇਸ ਸਮੇਂ ਭਾਰਤ ਵਿੱਚ ਕੇਂਦਰੀ ਸਰਕਾਰ ਅਤੇ ਰਾਜ ਸਰਕਾਰਾਂ ਹਨ। ਰਾਜਾਂ ਦੇ ਪ੍ਰਬੰਧ ਨੂੰ ਕੁਸ਼ਲਤਾ ਪੂਰਵਕ ਅਤੇ ਸੁਚੱਜੇ ਢੰਗ ਨਾਲ਼ ਚਲਾਉਣ ਲਈ ਅੱਗੇ ਜ਼ਿਲ੍ਹਿਆਂ ਵਿੱਚ ਵੰਡਿਆ ਜਾਂਦਾ ਹੈ। ਸਾਡੇ ਰਾਜ ਪੰਜਾਬ ਵਿੱਚ ਹੁਣ 23 ਜ਼ਿਲ੍ਹੇ ਹਨ।

ਲੋਕਤੰਤਰੀ ਸਰਕਾਰ ਵਿੱਚ ਰਾਜ-ਪ੍ਰਬੰਧ ਦੀ ਸਭ ਤੋਂ ਛੋਟੀ ਇਕਾਈ (ਗ੍ਰਾਮ) ਪਿੰਡ-ਪੰਚਾਇਤ ਹੁੰਦੀ ਹੈ। ਪੰਚਾਇਤ ਪਿੰਡ ਦੀ ਸਥਾਨਕ ਸਰਕਾਰ ਹੈ। ਇਸ ਤੋਂ ਉੱਪਰ ਪੰਚਾਇਤ ਸੰਮਤੀ ਅਤੇ ਸਿਖ਼ਰ ਤੇ ਜ਼ਿਲ੍ਹਾ ਪ੍ਰੀਸ਼ਦ ਹੁੰਦੀ ਹੈ। ਪੰਚਾਇਤ ਸੰਮਤੀ ਜ਼ਿਲ੍ਹਾ ਪ੍ਰੀਸ਼ਦ ਅਤੇ ਗ੍ਰਾਮ ਪੰਚਾਇਤ ਦੇ ਵਿਚਕਾਰ ਕੜੀ ਦਾ ਕੰਮ ਕਰਦੀ ਹੈ।

ਭਾਰਤ ਦੀ ਇਸ ਸਥਾਨਕ ਸਰਕਾਰ ਦੀ ਰੂਪ-ਰੇਖਾ ਨੂੰ ਪੰਚਾਇਤੀ ਰਾਜ ਕਿਹਾ ਜਾਂਦਾ ਹੈ। ਸਾਡੇ ਦੇਸ ਵਿੱਚ ਪੰਚਾਇਤੀ ਰਾਜ ਦੀ ਸਥਾਪਨਾ ਅੰਗਰੇਜ਼ੀ ਰਾਜ ਤੋਂ ਵੀ ਪਹਿਲਾਂ ਦੀ ਹੈ।

*ਜੰਮੂ ਕਸ਼ਮੀਰ ਰਾਜ ਨੂੰ ਕੇਂਦਰ ਸ਼ਾਸਤ ਪ੍ਰਦੇਸ਼ਾਂ ਜੰਮੂ ਤੇ ਕਸ਼ਮੀਰ ਅਤੇ ਲੱਦਾਖ ਵਿਚ ਵੰਡ ਦਿੱਤਾ ਗਿਆ ਹੈ।*

## ਪਿੰਡਾਂ ਦੀ ਬਦਲਦੀ ਨੁਹਾਰ :

ਅੰਗਰੇਜ਼ੀ ਰਾਜ ਤੋਂ ਪਹਿਲਾਂ ਸਾਡੇ ਦੇਸ ਦੇ ਪਿੰਡ ਆਰਥਿਕ ਪੱਖੋਂ ਆਤਮ-ਨਿਰਭਰ ਸਨ। ਅੰਗਰੇਜ਼ੀ ਰਾਜ ਦੇ ਸਮੇਂ ਪਿੰਡਾਂ ਦੀ ਆਰਥਿਕ ਸਥਿਤੀ ਬਹੁਤ ਖ਼ਰਾਬ ਹੋ ਗਈ ਸੀ। ਅੰਗਰੇਜ਼ੀ

ਸਰਕਾਰ ਕਿਸਾਨਾਂ ਤੋਂ ਭੂਮੀ ਕਰ (ਮਾਲੀਏ) ਦੇ ਰੂਪ ਵਿੱਚ ਬਹੁਤ ਧਨ ਇਕੱਠਾ ਕਰਨ ਲੱਗੀ। ਉਹਨਾਂ ਦੀਆਂ ਆਰਥਿਕ ਨੀਤੀਆਂ ਕਾਰਨ ਪਿੰਡਾਂ ਦੀ ਸਥਿਤੀ ਬਹੁਤ ਡਾਵਾਂਡੋਲ ਹੋ ਗਈ। ਜਿਸ ਕਾਰਨ ਪੇਂਡੂ ਆਤਮਨਿਰਭਰਤਾ ਨੂੰ ਡੂੰਘੀ ਸੱਟ ਵੱਜੀ।

ਅਜ਼ਾਦੀ ਤੋਂ ਪਿੱਛੋਂ ਪਿੰਡਾਂ ਦੀ ਹਾਲਤ ਸੁਧਰਨ ਲੱਗੀ। ਭਾਰਤ ਸਰਕਾਰ ਨੇ ਪਿੰਡਾਂ ਵਿੱਚੋਂ ਅਨਪੜ੍ਹਤਾ, ਗਰੀਬੀ ਅਤੇ ਬਿਮਾਰੀਆਂ ਨੂੰ ਦੂਰ ਕਰਨ ਲਈ ਸੰਭਵ ਉਪਰਾਲ਼ੇ ਕੀਤੇ। ਵਿਦਿਆ ਲਈ ਸਕੂਲ ਅਤੇ ਕਾਲਜ ਖੋਲ੍ਹੇ ਗਏ। 14 ਸਾਲ ਤੱਕ ਦੇ ਬੱਚਿਆਂ ਨੂੰ ਮੁਫ਼ਤ ਸਿੱਖਿਆ ਦਿੱਤੀ ਜਾਣ ਲੱਗੀ। ਵਡੇਰੀ ਉਮਰ ਦੀ ਅਨਪੜ੍ਹ ਜਨਤਾ ਲਈ ਬਾਲਗ਼ ਵਿੱਦਿਆ ਕੇਂਦਰ ਸਥਾਪਿਤ ਕੀਤੇ ਗਏ। ਪਿੰਡਾਂ ਦੇ ਖੇਤੀਬਾੜੀ ਦੇ ਵਿਕਾਸ ਅਤੇ ਉੱਨਤੀ ਲਈ ਖੇਤੀਬਾੜੀ ਵਿਸ਼ਵ ਵਿਦਿਆਲੇ ਵੀ ਸਥਾਪਤ ਕੀਤੇ ਗਏ ਹਨ। ਪੰਜਾਬ ਵਿੱਚ ਅਜਿਹਾ ਖੇਤੀਬਾੜੀ ਵਿਸ਼ਵ ਵਿਦਿਆਲਾ (ਯੂਨੀਵਰਸਿਟੀ) ਲੁਧਿਆਣੇ ਵਿਖੇ ਹੈ। ਜਿੱਥੇ, ਖੇਤੀਬਾੜੀ ਕਿੱਤੇ ਦੀ ਤਰੱਕੀ ਲਈ ਵੱਖ-ਵੱਖ ਫ਼ਸਲਾਂ ਦੇ ਲਈ ਉੱਤਮ ਕਿਸਮ ਦੇ ਬੀਜਾਂ ਦੀ ਖੋਜ ਕੀਤੀ ਜਾ ਰਹੀ ਹੈ। ਕਿਸਾਨਾਂ ਲਈ ਸਾਲ ਵਿੱਚ ਇੱਕ ਵਾਰੀ ਨੁਮਾਇਸ਼ ਲਗਾਈ ਜਾਂਦੀ ਹੈ ਜਿਸ ਵਿੱਚ ਖੇਤੀ-ਬਾੜੀ ਵਿਗਿਆਨੀ ਕਿਸਾਨਾਂ ਨੂੰ ਉੱਨਤ ਖੇਤੀ ਲਈ ਹਰ ਸੰਭਵ ਅਗਵਾਈ ਦਿੰਦੇ ਹਨ। ਕਿਸਾਨਾਂ ਨੂੰ ਵਧੀਆ ਕਿਸਮ ਦੇ ਬੀਜ ਅਤੇ ਫ਼ਸਲਾਂ ਲਈ ਲੋੜੀਂਦੀਆਂ ਕਿਰਮਨਾਸ਼ਕ ਦਵਾਈਆਂ ਦੇ ਵਿਤਰਨ ਦਾ ਪ੍ਰਬੰਧ ਕੀਤਾ ਜਾਂਦਾ ਹੈ। ਇਸ ਨਾਲ਼ ਫ਼ਸਲਾਂ ਦੀ ਉੱਪਜ ਵਿੱਚ ਬਹੁਤ ਵਾਧਾ ਹੋਇਆ ਹੈ। ਇਸ ਤੋਂ ਇਲਾਵਾ ਅਜ਼ਾਦੀ ਪਿੱਛੋਂ ਭਾਰਤ ਸਰਕਾਰ ਨੇ ਮੁਰੱਬੇਬੰਦੀ ਕਰਕੇ ਕਿਸਾਨਾਂ ਦੀ ਭੂਮੀ ਦੇ ਛੋਟੇ-ਛੋਟੇ ਟੁਕੜਿਆਂ ਨੂੰ ਇਕੱਠਾ ਕਰ ਦਿੱਤਾ ਹੈ ਤਾਂ ਕਿ ਖੇਤੀਬਾੜੀ ਦਾ ਮਸ਼ੀਨੀਕਰਨ ਕੀਤਾ ਜਾ ਸਕੇ।

ਅਜ਼ਾਦ ਭਾਰਤ ਵਿੱਚ ਪਿੰਡਾਂ ਦੇ ਸੁਧਾਰ ਲਈ ਸਰਕਾਰ ਵੱਲੋਂ ਇਸਤਰੀ ਵਿੱਦਿਆ ਦੇ ਵਿਕਾਸ ਲਈ ਲੜਕੀਆਂ ਨੂੰ ਵਿਸ਼ੇਸ਼ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਲੋਕਾਂ ਦੀ ਸਿਹਤ ਭਲਾਈ ਲਈ ਪ੍ਰਾਇਮਰੀ ਸਿਹਤ ਕੇਂਦਰ ਖੋਲ੍ਹੇ ਗਏ ਜਿੱਥੇ ਪੇਂਡੂ ਜਨਤਾ ਨੂੰ ਹਰ ਤਰ੍ਹਾਂ ਦੀ ਡਾਕਟਰੀ ਸਹਾਇਤਾ ਮਿਲਦੀ ਹੈ।

ਆਧੁਨਿਕ ਪਿੰਡਾਂ ਦੀ ਪ੍ਰਬੰਧਕੀ, ਸਮਾਜਿਕ ਅਤੇ ਆਰਥਿਕ ਸਥਿਤੀ ਬਹੁਤ ਸੁਧਰ ਗਈ ਹੈ। ਸਰਕਾਰ ਦੀ ਸਹਾਇਤਾ ਨਾਲ਼ ਫ਼ਸਲਾਂ ਦੇ ਮੰਡੀਕਰਨ ਲਈ ਦੇਸ ਦੇ ਸਾਰੇ ਪਿੰਡਾਂ ਨੂੰ ਪਹੁੰਚ ਮਾਰਗਾਂ ਰਾਹੀਂ ਰਾਜ ਮਾਰਗ (ਹਾਈਵੇ) ਨਾਲ਼ ਜੋੜਨ ਦੇ ਯਤਨ ਕੀਤੇ ਜਾ ਰਹੇ ਹਨ। ਕੇਂਦਰ ਅਤੇ ਰਾਜ ਸਰਕਾਰ ਦੁਆਰਾ ਪਿੰਡਾਂ ਦੀ ਆਰਥਿਕ ਸਥਿਤੀ ਸੁਧਾਰਨ ਲਈ ਅਤੇ ਲੋਕਾਂ ਨੂੰ ਸ਼ਹਿਰਾਂ ਵਿੱਚ ਜਾਣ ਤੋਂ ਰੋਕਣ ਲਈ ਲਘੂ ਉਦਯੋਗਾਂ ਲਈ ਸਸਤੇ ਦਰ ਤੇ ਕਰਜ਼ੇ ਦਿੱਤੇ ਜਾ ਰਹੇ ਹਨ। ਪਿੰਡਾਂ ਵਿੱਚ ਪੀਣ ਵਾਲ਼ੇ ਸਾਫ਼ ਪਾਣੀ ਦਾ ਪ੍ਰਬੰਧ ਕਰਨ ਅਤੇ ਬਿਜਲੀਕਰਨ ਕਰਨ ਲਈ ਹਰ

ਤਰ੍ਹਾਂ ਦੇ ਸੰਭਵ ਯਤਨ ਕੀਤੇ ਜਾ ਰਹੇ ਹਨ। ਸਹਿਕਾਰੀ ਖੇਤੀ ਅਤੇ ਸਹਿਕਾਰੀ ਬੈਂਕਾਂ ਦੇ ਖੁੱਲ੍ਹਣ ਨਾਲ਼ ਵੀ ਕਿਸਾਨਾਂ ਦੀ ਆਰਥਿਕ ਸਥਿਤੀ ਬਹੁਤ ਸੁਧਰ ਗਈ ਹੈ। ਸਹਿਕਾਰੀ ਬੈਂਕਾਂ ਦੇ ਖੁੱਲ੍ਹਣ ਨਾਲ਼ ਪੇਂਡੂ ਕਿਸਾਨਾਂ ਨੂੰ ਸ਼ਾਹੂਕਾਰਾਂ ਦੇ ਪੰਜੇ ਤੋਂ ਛੁਟਕਾਰਾ ਮਿਲ਼ ਗਿਆ ਹੈ। ਪਰੰਤੂ ਅੱਜ ਵੀ ਪੰਜਾਬ ਦੇ ਕੁਝ ਕਿਸਾਨ ਖੇਤੀ ਦੇ ਮਸ਼ੀਨੀਕਰਨ ਹੋ ਜਾਣ ਕਾਰਨ ਕਰਜ਼ੇ ਥੱਲੇ ਦੱਬੇ ਹੋਏ ਹਨ।

ਪਿੰਡਾਂ ਦੀ ਇਸ ਬਦਲਦੀ ਨੁਹਾਰ ਵਿੱਚ ਸਥਾਨਕ ਲੋਕਾਂ ਦੀ ਸਹਿਯੋਗਤਾ ਅਤੇ ਭਾਗੀਦਾਰੀ ਦਾ ਬਹੁਤ ਹੱਥ ਹੈ। ਸਾਡੇ ਦੇਸ ਦੇ ਪਿੰਡਾਂ ਵਿੱਚ ਪੰਚਾਇਤੀ ਰਾਜ ਬਹੁਤ ਲੰਬੇ ਸਮੇਂ ਤੋਂ ਚਲ ਰਿਹਾ ਹੈ। ਅਜ਼ਾਦੀ ਮਿਲਣ ਤੋਂ ਪਿੱਛੋਂ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਨੇ ਵੀ ਪੰਚਾਇਤੀ ਰਾਜ ਨੂੰ ਮਜ਼ਬੂਤ ਬਣਾਉਣ ਤੇ ਜ਼ੋਰ ਦਿੱਤਾ ਸੀ।

## ਪੰਚਾਇਤੀ ਰਾਜ


### ਸਥਾਨਕ ਸ਼ਾਸਨ-ਪੇਂਡੂ :

ਜਿਸ ਵੀ ਪਿੰਡ ਜਾਂ ਸ਼ਹਿਰ ਵਿੱਚ ਅਸੀਂ ਰਹਿੰਦੇ ਹਾਂ ਉੱਥੇ ਹੋਰ ਵੀ ਬਹੁਤ ਲੋਕ ਹੁੰਦੇ ਹਨ। ਜਿਨ੍ਹਾਂ ਦੀਆਂ ਰੋਜ਼ਾਨਾ ਜੀਵਨ ਦੀਆਂ ਲੋੜਾਂ ਦੀ ਪੂਰਤੀ, ਜ਼ਰੂਰੀ ਸਹੂਲਤਾਂ ਅਤੇ ਵਿਕਾਸ ਲਈ ਉੱਥੇ ਸਥਾਨਕ ਸਰਕਾਰ ਦਾ ਹੋਣਾ ਬਹੁਤ ਜ਼ਰੂਰੀ ਹੈ। ਕਿਸੇ ਵੀ ਪਿੰਡ ਜਾਂ ਸ਼ਹਿਰ ਦੇ ਲੋਕ ਆਪਣੇ ਖੇਤਰ ਦਾ ਪ੍ਰਬੰਧ ਚਲਾਉਣ ਲਈ ਆਪਣੇ ਵਿੱਚੋਂ ਹੀ ਕੁਝ ਪ੍ਰਤੀਨਿਧ ਚੁਣਦੇ ਹਨ। ਅਜਿਹੇ ਪ੍ਰਤੀਨਿਧਾਂ ਦੁਆਰਾ ਚਲਾਈ ਜਾਣ ਵਾਲ਼ੀ ਸਰਕਾਰ ਨੂੰ ਸਥਾਨਕ ਸਵੈ-ਸ਼ਾਸਨ ਜਾਂ ਸਥਾਨਕ ਸਰਕਾਰ ਕਿਹਾ ਜਾਂਦਾ ਹੈ। ਸਥਾਨਕ ਸਵੈ-ਸ਼ਾਸਨ ਤੋਂ ਭਾਵ ਹੈ ਇਲਾਕੇ ਦੇ ਸਥਾਨਕ ਲੋਕਾਂ ਦੁਆਰਾ ਆਪਣੇ ਸਥਾਨ ਦਾ ਸ਼ਾਸਨ ਪ੍ਰਬੰਧ ਆਪ ਚਲਾਉਣਾ ।

*ਕੀ ਤੁਸੀਂ ਜਾਣਦੇ ਹੋ ?*

*ਪਿੰਡ ਭਾਰਤੀ ਪ੍ਰਸ਼ਾਸਕੀ ਪ੍ਰਬੰਧ ਦੀ ਸਭ ਤੋਂ ਛੋਟੀ ਇਕਾਈ ਹੈ।*


ਕਿਸੇ ਵੀ ਸਥਾਨ ਤੇ ਰਹਿਣ ਵਾਲ਼ੇ ਲੋਕ ਆਪਣੀਆਂ ਸਥਾਨਕ ਲੋੜਾਂ ਅਤੇ ਮੁਸ਼ਕਲਾਂ ਤੋਂ ਭਲੀ-ਭਾਂਤ ਜਾਣੂ ਹੁੰਦੇ ਹਨ। ਉਦਾਹਰਨ ਵੱਜੋਂ, ਸਕੂਲ ਦਾ ਸ਼ਾਸਨ ਪ੍ਰਬੰਧ ਮੁੱਖ ਅਧਿਆਪਕ ਅਤੇ ਵਿਦਿਆਰਥੀ ਮਿਲ਼ ਕੇ ਚਲਾਉਂਦੇ ਹਨ। ਸਕੂਲ ਵਿੱਚ ਹਰ ਕਲਾਸ ਦੇ ਮਨੀਟਰ ਦਾ ਫਰਜ਼ ਆਪਣੀ ਕਲਾਸ ਵਿੱਚ ਅਧਿਆਪਕ ਦੀ ਗੈਰ-ਹਾਜ਼ਰੀ ਵਿੱਚ ਅਨੁਸ਼ਾਸਨ ਕਾਇਮ ਕਰਨਾ ਹੈ। ਅਧਿਆਪਕ ਬੱਚਿਆਂ ਵਿੱਚ ਕੰਮ ਦੀ ਵੰਡ ਕਰਦੇ ਹਨ। ਬੱਚਿਆਂ ਦੇ ਵੱਖ-ਵੱਖ ਗਰੁੱਪਾਂ ਨੂੰ ਵੱਖ-ਵੱਖ ਤਰ੍ਹਾਂ ਦੀ ਡਿਊਟੀ ਦਿੱਤੀ ਜਾਂਦੀ ਹੈ। ਇਸੇ ਤਰ੍ਹਾਂ ਸਥਾਨਕ ਸਰਕਾਰ ਰਾਹੀਂ ਲੋਕ ਇੱਕ ਦੂਜੇ ਦੇ ਸਹਿਯੋਗ ਨਾਲ਼, ਆਪਣੇ ਪਿੰਡ ਦੀਆਂ ਲੋੜਾਂ ਅਨੁਸਾਰ ਆਪਣਾ ਸ਼ਾਸਨ ਪ੍ਰਬੰਧ ਚਲਾਉਂਦੇ ਹਨ।




ਪੇਂਡੂ ਸਥਾਨਕ ਸ਼ਾਸਨ ਦੀਆਂ ਤਿੰਨ ਸੰਸਥਾਵਾਂ ਹਨ। ਪਿੰਡ ਪੱਧਰ ਤੇ ਪਿੰਡ (ਗ੍ਰਾਮ) ਪੰਚਾਇਤਾਂ ਹਨ। ਇਸ ਤੋਂ ਉੱਪਰ ਪੰਚਾਇਤਾਂ ਦੇ ਕੰਮ ਦੀ ਨਿਗਰਾਨੀ ਅਤੇ ਵਿਕਾਸ ਲਈ ਪੰਚਾਇਤ ਸੰਮਤੀਆਂ ਹਨ। ਸਭ ਤੋਂ ਸਿਖ਼ਰ ਦੀ ਕੜੀ ਜ਼ਿਲ੍ਹਾ ਪ੍ਰੀਸ਼ਦ ਹੈ ਜੋ ਕਿ ਹਰ ਜ਼ਿਲ੍ਹੇ ਦੀ ਸਥਾਨਕ ਸਰਕਾਰ ਦੇ ਕੰਮਾਂ ਦੀ ਦੇਖ-ਭਾਲ਼ ਕਰਦੀ ਹੈ।

## ਗ੍ਰਾਮ ਪੰਚਾਇਤ

ਹਰੇਕ ਪਿੰਡ ਜਿਸ ਦੀ ਜਨਸੰਖਿਆ 200 ਤੋਂ ਵੱਧ ਹੋਵੇ, ਦੇ ਸਥਾਨਕ ਕੰਮਾਂ ਲਈ ਗ੍ਰਾਮ ਪੰਚਾਇਤ ਬਣਾਈ ਜਾਂਦੀ ਹੈ। ਪਿੰਡ ਦੇ 18 ਸਾਲ ਤੋਂ ਵੱਧ ਉਮਰ ਵਾਲ਼ੇ ਵਿਅਕਤੀ ਗ੍ਰਾਮ (ਪਿੰਡ) ਪੰਚਾਇਤ ਦੀ ਚੋਣ ਵਿੱਚ ਹਿੱਸਾ ਲੈਂਦੇ ਹਨ। ਗ੍ਰਾਮ ਸਭਾ ਦੇ ਸਾਰੇ ਮੈਂਬਰਾਂ ਦੇ ਨਾਂ ਪਿੰਡ ਦੀ ਵੋਟਰ




*ਇੱਕ ਪੰਚਾਇਤੀ ਖੇਤਰ ਵਿੱਚ ਵਸਣ ਵਾਲੇ ਸਾਰੇ ਵੋਟਰਾਂ ਜਾਂ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਵਿਅਕਤੀ ਜਿਨ੍ਹਾਂ ਦੇ ਨਾਮ ਪਿੰਡ ਦੀ ਵੋਟਰ ਸੂਚੀ ਵਿੱਚ ਦਰਜ ਹੋਣ ਨੂੰ ਸਮੂਹਿਕ ਰੂਪ ਵਿੱਚ ਗ੍ਰਾਮ ਸਭਾ ਕਿਹਾ ਜਾਂਦਾ ਹੈ।*

ਸੂਚੀ ਵਿੱਚ ਹੁੰਦੇ ਹਨ। ਇਹ ਸਾਰੇ ਮੈਂਬਰ ਵੋਟ ਪਾ ਕੇ ਆਪਣੇ ਪਿੰਡ ਦੀ ਪੰਚਾਇਤ ਦੇ ਮੈਂਬਰਾਂ ਅਤੇ ਸਰਪੰਚ ਦੀ ਚੋਣ ਕਰਦੇ ਹਨ। ਗ੍ਰਾਮ ਪੰਚਾਇਤ ਦੀ ਚੋਣ ਲੜਨ ਲਈ ਘੱਟੋ-ਘੱਟ ਉਮਰ 21 ਸਾਲ ਹੋਣੀ ਚਾਹੀਦੀ ਹੈ।



***ਚਿੱਤਰ 19.1*** *ਪਿੰਡ ਪੰਚਾਇਤ*

ਜਨਸੰਖਿਆ ਦੇ ਆਧਾਰ ਤੇ ਪੰਜਾਬ ਵਿੱਚ ਪਿੰਡ ਪੰਚਾਇਤ ਦੇ ਮੈਂਬਰਾਂ ਦੀ ਗਿਣਤੀ 5 ਤੋਂ 13 ਤੱਕ ਹੋ ਸਕਦੀ ਹੈ। ਪੰਚਾਇਤ ਦੀ ਚੋਣ ਸਮੇਂ ਔਰਤਾਂ, ਪੱਛੜੀਆਂ ਤੇ ਅਨੁਸੂਚਿਤ ਜਾਤੀਆਂ ਦੀਆਂ ਸੀਟਾਂ ਰਾਖਵੀਆਂ ਰੱਖੀਆਂ ਗਈਆਂ ਹਨ। 1992 ਤੋਂ ਨਵੇਂ ਬਣਾਏ ਗਏ ਕੇਂਦਰੀ ਅਤੇ ਰਾਜ ਕਾਨੂੰਨ ਦੇ ਆਧਾਰ ਤੇ ਪੰਚਾਇਤ ਦੇ ਕੁੱਲ ਮੈਂਬਰਾਂ ਦਾ ਤੀਸਰਾ ਹਿੱਸਾ ਇਸਤਰੀ ਮੈਂਬਰਾਂ ਦਾ ਹੋਣਾ ਜ਼ਰੂਰੀ ਹੈ।



*ਚਿੱਤਰ **19.2** ਪੰਚਾਇਤ ਦੀ ਚੋਣ ਵਿੱਚ ਵੋਟਾਂ ਪਾਏ ਜਾਣ ਦੇ ਦ੍ਰਿਸ਼ ਦਾ ਸਕੈੱਚ*

> *ਕੀ ਤੁਸੀਂ ਜਾਣਦੇ ਹੋ ?*
>
> *ਗ੍ਰਾਮ ਪੰਚਾਇਤ ਵਿੱਚ 1/3 ਹਿੱਸਾ ਸੀਟਾਂ ਔਰਤਾਂ ਲਈ ਰਾਖਵੀਆਂ ਹਨ।*


ਪੰਚਾਇਤ ਦੇ ਪ੍ਰਧਾਨ ਭਾਵ ਸਰਪੰਚ ਦੀ ਚੋਣ ਵੀ ਗ੍ਰਾਮ ਸਭਾ ਦੁਆਰਾ ਸਿੱਧੀ ਕੀਤੀ ਜਾਂਦੀ ਹੈ। ਸਰਪੰਚ ਪਿੰਡ ਦੀ ਪੰਚਾਇਤ ਦੀਆਂ ਮੀਟਿੰਗਾਂ ਦੀ ਪ੍ਰਧਾਨਗੀ ਕਰਦਾ ਹੈ। ਪੰਚਾਇਤ ਦੇ ਕੰਮਾਂ ਦੀ ਸਹਾਇਤਾ ਲਈ ਇੱਕ ਸਰਕਾਰੀ ਕਰਮਚਾਰੀ ਵੀ ਹੁੰਦਾ ਹੈ ਜਿਸ ਨੂੰ ਪੰਚਾਇਤ ਸਕੱਤਰ ਕਹਿੰਦੇ ਹਨ। ਪੰਚਾਇਤ ਸਕੱਤਰ ਪੰਚਾਇਤ ਦੀ ਆਮਦਨ ਅਤੇ ਖਰਚ ਦਾ ਹਿਸਾਬ ਕਿਤਾਬ ਰੱਖਦਾ ਹੈ। ਇਹ ਪੰਚਾਇਤ ਦੇ ਕੰਮਾਂ ਦੀ ਰਿਪੋਰਟ ਤਿਆਰ ਕਰਕੇ ਬਲਾਕ ਪੰਚਾਇਤ ਅਫ਼ਸਰ ਨੂੰ ਦਿੰਦਾ ਹੈ।

## ਪੰਚਾਇਤ ਦੇ ਕੰਮ :

**ਪੰਚਾਇਤ ਪਿੰਡਾਂ ਵਿੱਚ ਹੇਠ ਲਿਖੇ ਕੰਮ ਕਰਦੀਆਂ ਹਨ :**

1. ਪਿੰਡ ਵਿੱਚ ਬਿਜਲੀ, ਸਫ਼ਾਈ, ਪੀਣ ਦੇ ਪਾਣੀ, ਜਨਮ-ਮੌਤ ਪੰਜੀਕਰਨ, ਗਲ਼ੀਆਂ ਵਿੱਚ ਰੌਸ਼ਨੀ ਅਤੇ ਸਫ਼ਾਈ ਦਾ ਪ੍ਰਬੰਧ ਕਰਨਾ। ਸਿਹਤ ਕੇਂਦਰ ਖੋਲ੍ਹਣੇ। ਪਿੰਡਾਂ ਵਿੱਚ ਮੇਲੇ, ਮੰਡੀਆਂ ਅਤੇ ਸਹਿਕਾਰੀ ਬੈਂਕਾਂ ਦਾ ਪ੍ਰਬੰਧ ਕਰਨਾ।

2. ਪਿੰਡਾਂ ਵਿੱਚ ਲੱਗੇ ਸਰਕਾਰੀ ਕਰਮਚਾਰੀਆਂ ਦੇ ਕੰਮਾਂ ਦੀ ਨਿਗਰਾਨੀ ਕਰਨਾ ਜਿਵੇਂ ਕਿ ਸਕੂਲ ਦੇ ਅਧਿਆਪਕ ਅਤੇ ਪੇਂਡੂ ਡਿਸਪੈਂਸਰੀਆਂ ਦੇ ਕਰਮਚਾਰੀ। ਕਾਨੂੰਨ ਦੀ ਵਿਵਸਥਾ ਬਣਾ ਕੇ ਰੱਖਣਾ ਅਤੇ ਸ਼ਾਮਲਾਟ ਭੂਮੀ ਦੀ ਯੋਗ ਵਰਤੋਂ ਕਰਨੀ।

*ਚਿੱਤਰ 19.3 ਗ੍ਰਾਮ ਪੰਚਾਇਤ ਦੇ ਕੰਮ*

3. ਪਿੰਡ ਦੀ ਪੰਚਾਇਤ ਛੋਟੇ-ਮੋਟੇ ਲੜਾਈ, ਝਗੜਿਆਂ ਦਾ ਫੈਸਲਾ ਵੀ ਕਰਦੀ ਹੈ।

**ਆਮਦਨ ਦੇ ਸਾਧਨ :** ਪੰਚਾਇਤ ਪਿੰਡ ਦੇ ਵਿਕਾਸ ਲਈ ਧਨ ਖਰਚਦੀ ਹੈ। ਇਹ ਧਨ ਮਕਾਨ ਕਰ, ਮੇਲਿਆਂ ਤੇ ਦੁਕਾਨਾਂ ਦੇ ਕਰ ਤੋਂ ਇਕੱਠਾ ਕੀਤਾ ਜਾਂਦਾ ਹੈ। ਕੁਝ ਆਮਦਨ ਪੰਚਾਇਤ ਸ਼ਾਮਲਾਟ ਦੀ ਜ਼ਮੀਨ ਤੋਂ ਵੀ ਪ੍ਰਾਪਤ ਕਰਦੀ ਹੈ। ਰਾਜ ਸਰਕਾਰ ਵੱਲੋਂ ਵੀ ਪੰਚਾਇਤ ਨੂੰ ਗ੍ਰਾਂਟ ਦੇ ਰੂਪ ਵਿੱਚ ਕੁਝ ਆਰਥਿਕ ਸਹਾਇਤਾ ਦਿੱਤੀ ਜਾਂਦੀ ਹੈ। ਹਰ ਸਾਲ ਪੰਚਾਇਤ ਗ੍ਰਾਮ ਸਭਾ ਕੋਲੋਂ ਸਾਲਾਨਾ ਬਜਟ ਦੀ ਪ੍ਰਵਾਨਗੀ ਲੈਂਦੀ ਹੈ।

## ਪੰਚਾਇਤ/ਬਲਾਕ ਸੰਮਤੀ

ਹਰੇਕ ਜ਼ਿਲ੍ਹੇ ਦੇ ਪੇਂਡੂ ਸ਼ਾਸਨ ਪ੍ਰਬੰਧ ਨੂੰ ਠੀਕ ਤਰ੍ਹਾਂ ਚਲਾਉਣ ਲਈ ਬਲਾਕਾਂ ਵਿੱਚ ਵੰਡਿਆ ਜਾਂਦਾ ਹੈ। ਹਰੇਕ ਬਲਾਕ ਲਈ ਇੱਕ ਬਲਾਕ ਸੰਮਤੀ ਬਣਾਈ ਜਾਂਦੀ ਹੈ। ਪੰਚਾਇਤ ਸੰਮਤੀ ਪੇਂਡੂ ਸਥਾਨਕ ਸ਼ਾਸਨ (ਪੰਚਾਇਤੀ ਰਾਜ) ਦੀ ਵਿਚਕਾਰਲੀ ਕੜੀ ਹੈ। 100 ਪੰਚਾਇਤਾਂ ਲਈ ਇੱਕ ਪੰਚਾਇਤ ਸੰਮਤੀ ਬਣਾਈ ਜਾਂਦੀ ਹੈ। ਪੰਚਾਇਤ ਸੰਮਤੀ ਨੂੰ ਬਲਾਕ ਸੰਮਤੀ ਵੀ ਕਿਹਾ ਜਾਂਦਾ ਹੈ। ਪਿੰਡਾਂ ਦੀਆਂ ਪੰਚਾਇਤਾਂ ਦੀਆਂ ਕੁੱਝ ਸਾਂਝੀਆਂ ਸਮੱਸਿਆਵਾਂ ਅਤੇ ਪਿੰਡਾਂ ਦੇ ਵਿਕਾਸ ਲਈ

ਪੰਚਾਇਤ ਸੰਮਤੀਆਂ ਦੀ ਸਥਾਪਨਾ ਕੀਤੀ ਜਾਂਦੀ ਹੈ। ਬਲਾਕ ਸੰਮਤੀ ਦੀ ਚੋਣ ਲੜਨ ਲਈ ਘੱਟੋ-ਘੱਟ ਉਮਰ 21 ਸਾਲ ਹੋਣੀ ਚਾਹੀਦੀ ਹੈ। ਪੰਚਾਇਤ ਸੰਮਤੀ ਦੇ ਘੱਟ ਤੋਂ ਘੱਟ 15 ਅਤੇ ਵੱਧ ਤੋਂ ਵੱਧ 25 ਮੈਂਬਰ ਸਿੱਧੇ ਤੋਰ ਤੇ ਵੋਟਰਾਂ ਵਲੋਂ ਚੁਣੇ ਜਾਂਦੇ ਹਨ।

**ਸੰਗਠਨ :** ਬਲਾਕ ਵਿੱਚ ਪੈਣ ਵਾਲੇ ਸਾਰੇ ਸਰਪੰਚ ਬਲਾਕ ਸੰਮਤੀ ਦੇ ਮੈਂਬਰ ਹੁੰਦੇ ਹਨ। ਇਸ ਤੋਂ ਇਲਾਵਾ ਬਲਾਕ ਵਿੱਚ ਪੈਣ ਵਾਲ਼ੇ ਇਲਾਕੇ ਵਿੱਚ ਰਾਜ ਵਿਧਾਨ-ਸਭਾ, ਰਾਜ ਵਿਧਾਨ-ਪ੍ਰੀਸ਼ਦ ਦੇ ਮੈਂਬਰ ਵੀ ਇਸ ਦੇ ਮੈਂਬਰ ਹੁੰਦੇ ਹਨ। ਗ੍ਰਾਮ ਪ੍ਰਚਾਇਤ ਦੀ ਤਰ੍ਹਾਂ ਇਸ ਦੇ ਕੁੱਲ ਮੈਂਬਰਾਂ ਦਾ 1/3 ਹਿੱਸਾ ਔਰਤਾਂ ਦਾ ਹੋਣਾ ਵੀ ਜ਼ਰੂਰੀ ਹੈ।

*ਪੰਜਾਬ ਵਿੱਚ ਕੁਲ 150 ਬਲਾਕ ਜਾਂ ਪੰਚਾਇਤ ਸੰਮਤੀਆਂ ਹਨ।*

ਬਲਾਕ ਸੰਮਤੀ ਦੇ ਮੈਂਬਰ ਦੀ ਚੋਣ 5 ਸਾਲ ਲਈ ਕੀਤੀ ਜਾਂਦੀ ਹੈ। ਬਲਾਕ ਪੰਚਾਇਤ ਸੰਮਤੀ ਦੇ ਮੈਂਬਰ ਆਪਣੇ ਵਿੱਚੋਂ ਇੱਕ ਸਭਾਪਤੀ ਅਤੇ ਉਪ-ਸਭਾਪਤੀ ਚੁਣਦੇ ਹਨ। ਬਲਾਕ ਸੰਮਤੀ ਦੀ ਮਹੀਨੇ ਵਿੱਚ ਇੱਕ ਵਾਰੀ ਮੀਟਿੰਗ ਹੁੰਦੀ ਹੈ। ਇਸ ਵਿੱਚ ਬਹੁਮਤ ਨਾਲ਼ ਫ਼ੈਸਲੇ ਲਏ ਜਾਂਦੇ ਹਨ।

## ਬਲਾਕ/ਪੰਚਾਇਤ ਸੰਮਤੀ ਦੇ ਕੰਮ :

ਪੰਚਾਇਤ ਸੰਮਤੀ, ਪੰਚਾਇਤਾਂ ਦੇ ਵਿਕਾਸ ਲਈ ਹਰ ਤਰ੍ਹਾਂ ਦੇ ਕੰਮ ਕਰਦੀ ਹੈ ਜਿਵੇਂ ਖੇਤੀ ਦੀ ਉਪਜ ਵਧਾਉਣ ਲਈ ਚੰਗੇ ਬੀਜਾਂ, ਖਾਦ ਅਤੇ ਡੇਅਰੀ ਫਾਰਮਿੰਗ ਦਾ ਪ੍ਰਬੰਧ ਕਰਨਾ। ਪੰਚਾਇਤ ਸੰਮਤੀ ਛੋਟੇ ਘਰੇਲੂ ਉਦਯੋਗ ਜਿਵੇਂ ਮੱਛੀ ਪਾਲਣ, ਪਸ਼ੂ ਪਾਲਣ, ਮਿੱਟੀ ਦੇ ਭਾਂਡੇ ਬਣਾਉਣ ਆਦਿ ਖੋਲ੍ਹਣ ਵਿੱਚ ਆਪਣੇ ਅਧੀਨ ਪੰਚਾਇਤਾਂ ਦੀ ਸਹਾਇਤਾ ਕਰਦੀ ਹੈ। ਪਿੰਡਾਂ ਨੂੰ ਜੋੜਨ ਲਈ ਸੜਕਾਂ ਤੇ ਪੁਲ਼ੀਆਂ ਆਦਿ ਵੀ ਬਣਵਾਉਂਦੀ ਹੈ। ਪੀਣ ਵਾਲ਼ੇ ਪਾਣੀ ਅਤੇ ਸਿਹਤ ਕੇਂਦਰ




*ਚਿੱਤਰ 19.4 ਬਲਾਕ/ਪੰਚਾਇਤ ਸੰਮਤੀ ਦੇ ਕਾਰਜਾਂ ਦੀ ਇੱਕ ਝਲਕ*



ਚਿੱਤਰ **19.5** ਬਲਾਕ/ਪੰਚਾਇਤ ਸੰਮਤੀ ਦੇ ਕੰਮਾਂ ਦੀ ਝਲਕ

ਦਾ ਪ੍ਰਬੰਧ ਕਰਦੀ ਹੈ। ਪੰਚਾਇਤ ਸੰਮਤੀ ਆਪਣੇ ਖੇਤਰ ਵਿੱਚ ਪੈਂਦੀਆਂ ਪੰਚਾਇਤਾਂ ਦੇ ਕੰਮਾਂ ਦੀ ਨਿਗਰਾਨੀ ਕਰਦੀ ਹੈ। ਉਹਨਾਂ ਨੂੰ ਹੁਕਮ ਅਤੇ ਸਲਾਹ ਵੀ ਦਿੰਦੀ ਹੈ। ਪੰਚਾਇਤਾਂ ਲਈ ਜ਼ਰੂਰੀ ਨਿਯਮ ਬਣਾਉਣਾ ਅਤੇ ਪੰਚਾਇਤ ਸੰਮਤੀ ਦੇ ਕੰਮਾਂ ਬਾਰੇ ਜ਼ਿਲ੍ਹਾ ਪ੍ਰੀਸ਼ਦ ਨੂੰ ਜਾਣੂ ਕਰਵਾਉਣਾ ਇਸ ਦੀ ਹੀ ਜ਼ਿੰਮੇਵਾਰੀ ਹੈ।

**ਆਮਦਨ ਦੇ ਸਾਧਨ :** ਪੰਚਾਇਤ ਸੰਮਤੀ ਘਰਾਂ, ਜ਼ਮੀਨ, ਦੁਕਾਨਾਂ, ਪਸ਼ੂ ਮੇਲਿਆਂ ਅਤੇ ਪਾਣੀ ਕਰ ਆਦਿ ਤੋਂ ਧਨ ਪ੍ਰਾਪਤ ਕਰਦੀ ਹੈ। ਇਸ ਤੋਂ ਬਿਨਾਂ ਕੁਝ ਧਨ ਸਰਕਾਰ ਵੱਲੋਂ ਗ੍ਰਾਂਟ ਦੇ ਰੂਪ ਵਿੱਚ ਵੀ ਮਿਲਦਾ ਹੈ।

## ਜ਼ਿਲ੍ਹਾ-ਪ੍ਰੀਸ਼ਦ

ਜ਼ਿਲ੍ਹਾ-ਪ੍ਰੀਸ਼ਦ ਪੰਚਾਇਤੀ ਰਾਜ ਦੀ ਸਭ ਤੋਂ ਸਿਖਰ ਦੀ ਸੰਸਥਾ ਹੈ। ਜ਼ਿਲ੍ਹੇ ਦੀਆਂ ਸਾਰੀਆਂ ਪੰਚਾਇਤਾਂ ਅਤੇ ਪੰਚਾਇਤ ਸੰਮਤੀਆਂ ਇਸਦੇ ਅਧੀਨ ਹੁੰਦੀਆਂ ਹਨ। ਇਹ ਜ਼ਿਲ੍ਹਾ ਪੱਧਰ ਦੀ ਪੰਚਾਇਤ ਹੈ। ਇਸੇ ਲਈ ਇਸ ਨੂੰ ਜ਼ਿਲ੍ਹਾ ਪੰਚਾਇਤ ਵੀ ਕਿਹਾ ਜਾਂਦਾ ਹੈ। ਜ਼ਿਲ੍ਹਾ ਪ੍ਰੀਸ਼ਦ, ਜ਼ਿਲ੍ਹੇ ਦੀਆਂ ਵਿਕਾਸ ਯੋਜਨਾਵਾਂ ਬਣਾਉਣ ਦਾ ਕੰਮ ਕਰਦੀ ਹੈ। ਜ਼ਿਲ੍ਹਾ ਪੱਧਰ ਤੇ ਸਾਰੇ ਵਿਭਾਗਾਂ ਦੇ ਕਰਮਚਾਰੀ ਜ਼ਿਲ੍ਹਾ ਪ੍ਰੀਸ਼ਦ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਵਿੱਚ ਸਹਿਯੋਗ ਦਿੰਦੇ ਹਨ। ਜ਼ਿਲ੍ਹਾ ਪ੍ਰੀਸ਼ਦ ਜ਼ਿਲ੍ਹੇ ਦੀਆਂ ਸਥਾਨਕ ਸੰਸਥਾਵਾਂ (ਪੰਚਾਇਤਾਂ ਅਤੇ ਪੰਚਾਇਤ ਸੰਮਤੀਆਂ) ਅਤੇ ਰਾਜ ਸਰਕਾਰ ਵਿੱਚ ਕੜੀ ਦਾ ਕੰਮ ਕਰਦੀ ਹੈ। ਪੰਜਾਬ ਰਾਜ ਵਿੱਚ ਇਸ ਸਮੇਂ 23 ਜ਼ਿਲ੍ਹੇ ਹਨ ਅਤੇ 23 ਹੀ ਜ਼ਿਲ੍ਹਾ ਪ੍ਰੀਸ਼ਦਾਂ ਹਨ। ਜ਼ਿਲ੍ਹਾ ਪ੍ਰੀਸ਼ਦ ਦੇ ਘੱਟ ਤੋਂ ਘੱਟ 10 ਅਤੇ ਵੱਧ ਤੋਂ ਵੱਧ 25 ਮੈਂਬਰ ਵੋਟਰਾਂ ਵਲੋਂ ਚੁਣੇ ਜਾਂਦੇ ਹਨ।

**ਜ਼ਿਲ੍ਹਾ-ਪ੍ਰੀਸ਼ਦ ਦੇ ਮੈਂਬਰ ਹੇਠ ਲਿਖੇ ਅਨੁਸਾਰ ਹੁੰਦੇ ਹਨ** :

1. ਬਲਾਕ ਸੰਮਤੀਆਂ ਦੇ ਸਭਾਪਤੀ ਆਪਣੀ ਪਦਵੀ ਕਾਰਨ ਹੀ ਜ਼ਿਲ੍ਹਾ ਪ੍ਰੀਸ਼ਦ ਦੇ ਮੈਂਬਰ ਹੁੰਦੇ ਹਨ।
2. ਸੰਬੰਧਤ ਜ਼ਿਲ੍ਹੇ ਵਿੱਚ ਪੈਣ ਵਾਲ਼ੇ ਇਲਾਕੇ ਦੇ ਵਿਧਾਨ ਸਭਾ, ਵਿਧਾਨ ਪ੍ਰੀਸ਼ਦ ਅਤੇ ਸੰਸਦ ਦੇ ਮੈਂਬਰ ਵੀ ਜ਼ਿਲ੍ਹਾ ਪ੍ਰੀਸ਼ਦ ਦੇ ਮੈਂਬਰ ਹੁੰਦੇ ਹਨ। ਜ਼ਿਲ੍ਹਾ ਪ੍ਰੀਸ਼ਦ ਵਿੱਚ ਇਸਤਰੀਆਂ, ਅਨੁਸੂਚਿਤ ਅਤੇ ਪਛੜੀਆਂ ਜਾਤੀਆਂ ਲਈ ਸੀਟਾਂ (ਜਨਸੰਖਿਆ ਦੇ ਅਨੁਪਾਤ ਦੇ ਆਧਾਰ 'ਤੇ) ਰਾਖਵੀਆਂ ਰੱਖੀਆਂ ਗਈਆਂ ਹਨ।

ਜ਼ਿਲ੍ਹਾ ਪ੍ਰੀਸ਼ਦ ਦੇ ਮੈਂਬਰ ਆਪਣੇ ਵਿੱਚੋਂ ਇੱਕ ਪ੍ਰਧਾਨ ਅਤੇ ਉਪ-ਪ੍ਰਧਾਨ ਚੁਣਦੇ ਹਨ। ਰਾਜ ਦੀਆਂ ਦੂਜੀਆਂ ਸਥਾਨਕ ਸੰਸਥਾਵਾਂ ਵਾਂਗ ਜ਼ਿਲ੍ਹਾ ਪ੍ਰੀਸ਼ਦ ਦਾ ਕਾਰਜਕਾਲ ਵੀ ਪੰਜ ਸਾਲ ਹੁੰਦਾ ਹੈ ਪਰ ਸਰਕਾਰ ਦੇ ਕਾਨੂੰਨਾਂ ਦੀ ਉਲੰਘਣਾ ਕਰਨ ਦੀ ਹਾਲਤ ਵਿੱਚ ਸਰਕਾਰ ਇਸ ਨੂੰ ਸਮੇਂ ਤੋਂ ਪਹਿਲਾਂ ਵੀ ਭੰਗ ਕਰ ਸਕਦੀ ਹੈ।

*ਜ਼ਿਲ੍ਹਾ ਪ੍ਰੀਸ਼ਦ ਦੀ ਚੋਣ ਲੜਨ ਲਈ ਘੱਟੋ-ਘੱਟ ਉਮਰ 21 ਸਾਲ ਚਾਹੀਦੀ ਹੈ।*

## ਜ਼ਿਲ੍ਹਾ ਪ੍ਰੀਸ਼ਦ ਦੇ ਕੰਮ :

ਜ਼ਿਲ੍ਹਾ ਪ੍ਰੀਸ਼ਦ ਦਾ ਮੁੱਖ ਕੰਮ ਪੰਚਾਇਤਾਂ ਅਤੇ ਪੰਚਾਇਤ ਸੰਮਤੀਆਂ ਦੇ ਕੰਮਾਂ ਵਿੱਚ ਸਹਾਇਤਾ ਕਰਨਾ ਹੈ। ਜ਼ਿਲ੍ਹਾ ਪ੍ਰੀਸ਼ਦ ਪੰਚਾਇਤ ਸੰਮਤੀਆਂ ਨੂੰ ਸਲਾਹ ਦਿੰਦੀ ਹੈ। ਪੇਂਡੂ ਵਿਕਾਸ ਲਈ ਯੋਜਨਾਵਾਂ ਤਿਆਰ ਕਰਦੀ ਹੈ। ਖੇਤੀ, ਸਿੰਚਾਈ, ਸਿੱਖਿਆ ਅਤੇ ਸੰਚਾਰ ਆਦਿ ਦੇ ਵਿਕਾਸ ਸੰਬੰਧੀ ਲੋੜੀਂਦੇ ਕੰਮ ਕਰਦੀ ਹੈ। ਇਸ ਤੋਂ ਬਿਨਾਂ ਲੋੜ ਪੈਣ ਤੇ ਪੰਚਾਇਤਾਂ ਦੇ ਆਪਸੀ ਝਗੜੇ ਜਾਂ ਪੰਚਾਇਤ ਸੰਮਤੀਆਂ ਨਾਲ਼ ਹੋਣ ਵਾਲ਼ੇ ਝਗੜਿਆਂ ਦੇ ਫੈਸਲੇ ਵੀ ਕਰਦੀ ਹੈ।

ਜ਼ਿਲ੍ਹਾ ਪ੍ਰੀਸ਼ਦ ਦੀ ਆਮਦਨ ਦੇ ਸਾਧਨ ਟੈਕਸ, ਰਾਜ ਸਰਕਾਰ ਤੋਂ ਮਿਲ਼ੀ ਗ੍ਰਾਂਟ, ਘਰਾਂ ਜਾਂ ਦੁਕਾਨਾਂ ਤੋਂ ਮਿਲ਼ੇ ਕਿਰਾਏ ਆਦਿ ਹਨ।

ਪੇਂਡੂ ਸਥਾਨਕ ਸਰਕਾਰ ਬੜੀ ਯੋਗਤਾ ਅਤੇ ਘੱਟ ਖਰਚ ਨਾਲ਼ ਆਪਣੇ ਆਪਣੇ ਇਲਾਕੇ ਦਾ ਸ਼ਾਸਨ ਪ੍ਰਬੰਧ ਚਲਾਉਂਦੀ ਹੈ। ਆਪਣਾ ਸ਼ਾਸਨ ਆਪ ਚਲਾਉਣ ਨਾਲ਼ ਪਿੰਡ ਦੇ ਲੋਕਾਂ ਵਿੱਚ ਉੱਦਮ ਅਤੇ ਆਤਮ ਵਿਸ਼ਵਾਸ ਦੀ ਭਾਵਨਾ ਦਾ ਵਿਕਾਸ ਹੁੰਦਾ ਹੈ। ਇੰਨਾ ਹੀ ਨਹੀਂ ਆਪਣੇ ਇਲਾਕੇ ਦਾ ਸ਼ਾਸਨ ਪ੍ਰਬੰਧ ਆਪ ਚਲਾਉਣ ਨਾਲ਼ ਸਥਾਨਕ ਲੋਕਾਂ ਨੂੰ ਲੋਕਤੰਤਰੀ ਸ਼ਾਸਨ ਪ੍ਰਬੰਧ ਲਈ ਤਜ਼ਰਬਾ ਵੀ ਪ੍ਰਾਪਤ ਹੁੰਦਾ ਹੈ। ਜਿਸ ਨਾਲ਼ ਲੋਕ ਭਵਿੱਖ ਵਿੱਚ ਦੇਸ਼ ਦੇ ਸ਼ਾਸਨ ਦੀ ਵਾਗਡੋਰ ਵਧੇਰੇ ਸੁਚਾਰੂ ਢੰਗ ਨਾਲ਼ ਸੰਭਾਲਣ ਦੇ ਯੋਗ ਹੋ ਜਾਂਦੇ ਹਨ।

ਸਥਾਨਕ ਸੰਸਥਾਵਾਂ ਨੂੰ ਸਾਰੀਆਂ ਸਹੂਲਤਾਂ ਜਿਵੇਂ ਕਿ ਸੜਕਾਂ ਦੀ ਮੁਰੰਮਤ, ਆਲ਼ੇ-ਦੁਆਲ਼ੇ ਦੀ ਸਫ਼ਾਈ, ਪੀਣ ਵਾਲ਼ੇ ਪਾਣੀ ਦਾ ਪ੍ਰਬੰਧ, ਮਨੋਰੰਜਨ ਦੀਆਂ ਸੰਸਥਾਵਾਂ, ਪਾਰਕਾਂ ਆਦਿ ਪ੍ਰਦਾਨ ਕਰਨ ਲਈ ਧਨ ਚਾਹੀਦਾ ਹੈ। ਜਿਹੜਾ ਪੈਸਾ ਅਸੀਂ ਟੈਕਸਾਂ ਦੇ ਰੂਪ ਵਿੱਚ ਦਿੰਦੇ ਹਾਂ, ਉਹ ਸੇਵਾਵਾਂ ਦੇ ਰੂਪ ਵਿੱਚ ਸਾਡੇ ਕੋਲ਼ ਵਾਪਸ ਆ ਜਾਂਦਾ ਹੈ। ਇਸ ਲਈ ਜ਼ਰੂਰੀ ਹੈ ਕਿ ਅਸੀਂ ਆਪਣੇ ਸਥਾਨਕ ਸਰਕਾਰ ਦੇ ਅਤੇ ਰਾਸ਼ਟਰੀ ਟੈਕਸ ਸਮੇਂ ਸਿਰ ਭਰਦੇ ਰਹੀਏ। ਅਜਿਹਾ ਕਰਨ ਨਾਲ਼ ਸਾਡੇ ਦੇਸ ਦਾ ਸਮਾਜਿਕ ਅਤੇ ਕੌਮੀ ਵਾਤਾਵਰਨ ਵਧੀਆ ਹੋਵੇਗਾ।

## ਯਾਦ ਰੱਖਣ ਯੋਗ ਨੁਕਤੇ

1. ਵਰਤਮਾਨ ਸਮੇਂ ਭਾਰਤ ਦੀ ਲਗਭਗ 75% ਵਸੋਂ ਪਿੰਡਾਂ ਵਿੱਚ ਰਹਿੰਦੀ ਹੈ।
2. ਭਾਰਤ ਵਿੱਚ ਪਿੰਡਾਂ ਦੀ ਗਿਣਤੀ ਲਗਭਗ 6 ਲੱਖ ਹੈ।
3. ਭਾਰਤ ਵਿੱਚ 28 ਰਾਜ ਅਤੇ 8 ਕੇਂਦਰੀ ਸ਼ਾਸਤ ਪ੍ਰਦੇਸ਼ ਹਨ।
4. ਪੰਜਾਬ ਦੇ ਕੁਲ 23 ਜ਼ਿਲ੍ਹੇ ਹਨ।
5. ਪੰਜਾਬ ਦੀਆਂ ਕੁਲ 13,262 ਪੰਚਾਇਤਾਂ ਹਨ।
6. 3 ਜੁਲਾਈ 2013 ਨੂੰ ਪੰਜਾਬ ਵਿੱਚ ਹੋਈਆਂ ਪੰਚਾਇਤ ਚੋਣਾਂ ਪਹਿਲੀ ਵਾਰ ਪੰਚਾਂ ਦੀ ਚੋਣ ਵਾਰਡ ਬੰਦੀ ਦੇ ਅਧਾਰ ਤੇ ਅਤੇ ਸਰਪੰਚ ਦੀ ਚੋਣ ਵੋਟਰਾਂ ਰਾਹੀ ਸਿੱਧੀ ਹੋਈ ਹੈ।
7. ਗ੍ਰਾਮ ਪੰਚਾਇਤ, ਪੰਚਾਇਤੀ ਰਾਜ ਦੀ ਸਭ ਤੋਂ ਛੋਟੀ ਇਕਾਈ ਹੈ।
8. 200 ਤੋਂ ਵੱਧ ਵਸੋਂ ਵਾਲੇ ਪਿੰਡ ਵਿੱਚ ਗ੍ਰਾਮ ਪੰਚਾਇਤ ਸਥਾਪਿਤ ਕੀਤੀ ਜਾਂਦੀ ਹੈ।
9. ਪੰਜਾਬ ਵਿੱਚ ਗ੍ਰਾਮ ਪੰਚਾਇਤ ਦੇ ਘੱਟ ਤੋਂ ਘੱਟ 5 ਮੈਂਬਰ ਅਤੇ ਵੱਧ ਤੋਂ ਵੱਧ 13 ਮੈਂਬਰ ਹੋ ਸਕਦੇ ਹਨ।
10. ਪੰਚਾਇਤ ਸਕੱਤਰ ਪੰਚਾਇਤ ਦੀ ਆਮਦਨ ਅਤੇ ਖਰਚ ਦਾ ਹਿਸਾਬ ਕਿਤਾਬ ਰਖਦਾ ਹੈ।
11. ਪੰਜਾਬ ਵਿੱਚ ਕੁਲ 150 ਬਲਾਕ ਸੰਮਤੀਆਂ ਹਨ।
12. ਪੰਜਾਬ ਵਿੱਚ ਕੁਲ 23 ਜਿਲ੍ਹਾ ਪ੍ਰੀਸ਼ਦਾਂ ਹਨ।

### ਵਿਕਲਪੀ ਪ੍ਰਸ਼ਨ —

**ਪ੍ਰਸ਼ਨ 1. ਗ੍ਰਾਮ ਪੰਚਾਇਤ, ਪੰਚਾਇਤ ਸਮੰਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਦੀ ਚੋਣ ਲੜਨ ਲਈ ਘੱਟ ਤੋਂ ਘੱਟ ਉਮਰ ਕਿੰਨੀ ਹੋਣੀ ਚਾਹੀਦੀ ਹੈ?**

(1) 20 ਸਾਲ (2) 22 ਸਾਲ (3) 21 ਸਾਲ

**ਪ੍ਰਸ਼ਨ 2. ਪੰਚਾਇਤ ਸੰਮਤੀ ਦੇ ਵੋਟਰਾਂ ਦੁਆਰਾ ਸਿੱਧੇ ਚੁਣੇ ਜਾਣ ਵਾਲੇ ਮੈਂਬਰਾਂ ਦੀ ਘੱਟ ਤੋਂ ਘੱਟ ਅਤੇ ਵੱਧ ਤੋਂ ਵੱਧ ਸੰਖਿਆ ਕਿੰਨੀ ਹੋ ਸਕਦੀ ਹੈ?**

(1) 9 ਤੋ 25 (21) 15 ਤੋ 25 (3) 6 ਤੋ 29

**ਪ੍ਰਸ਼ਨ 3. ਜ਼ਿਲ੍ਹਾ ਪ੍ਰੀਸ਼ਦ ਦੇ ਵੋਟਰਾਂ ਦੁਆਰਾ ਸਿੱਧੇ ਚੁਣੇ ਜਾਣ ਵਾਲੇ ਮੈਂਬਰਾਂ ਦੀ ਘੱਟ ਤੋਂ ਘੱਟ ਅਤੇ ਵੱਧ ਤੋਂ ਵੱਧ ਸੰਖਿਆ ਕਿੰਨੀ ਹੋ ਸਕਦੀ ਹੈ।**

(1) 10 ਤੋ 25 (2) 12 ਤੋ 25 (3) 14 ਤੋ 25

**ਪ੍ਰਸ਼ਨ 4. ਪੰਚਾਇਤ ਦੀ ਆਮਦਨ ਅਤੇ ਖਰਚ ਦਾ ਹਿਸਾਬ ਰੱਖਣ ਵਾਲੇ ਕਰਮਚਾਰੀ ਨੂੰ ਕੀ ਕਹਿੰਦੇ ਹਨ?**

(1) ਸੁਪਰਡੰਟ (2) ਪੰਚਾਇਤ ਸਕੱਤਰ

# ਅਭਿਆਸ

## I. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(1) ਭਾਰਤ ਵਿੱਚ ਪਿੰਡਾਂ ਦੀ ਗਿਣਤੀ ਕਿੰਨੀ ਹੈ ?
(2) ਪੰਚਾਇਤੀ ਰਾਜ ਤੋਂ ਤੁਹਾਡਾ ਕੀ ਭਾਵ ਹੈ ?
(3) ਪੰਚਾਇਤੀ ਰਾਜ ਦੀ ਮੁੱਢਲੀ ਅਤੇ ਸਿਖਰ ਦੀ ਸੰਸਥਾ ਦੇ ਨਾਂ ਲਿਖੋ।
(4) ਪੰਜਾਬ ਵਿੱਚ ਗ੍ਰਾਮ ਪੰਚਾਇਤ ਦੇ ਮੈਂਬਰਾਂ ਦੀ ਗਿਣਤੀ ਘੱਟ ਤੋਂ ਘੱਟ ਅਤੇ ਵੱਧ ਤੋਂ ਵੱਧ ਕਿੰਨੀ ਹੁੰਦੀ ਹੈ ?
(5) ਜ਼ਿਲ੍ਹਾ ਪ੍ਰੀਸ਼ਦ ਦੇ ਕੋਈ ਦੋ ਕੰਮ ਲਿਖੋ।
(6) ਵਰਤਮਾਨ ਸਮੇਂ ਪਿੰਡਾਂ ਵਿੱਚ ਕਿਹੜੀਆਂ-ਕਿਹੜੀਆਂ ਸਹੂਲਤਾਂ ਉਪਲਬਧ ਹਨ ?
(7) ਗ੍ਰਾਮ ਸਭਾ ਤੋਂ ਕੀ ਭਾਵ ਹੈ ? ਗ੍ਰਾਮ ਪੰਚਾਇਤ ਤੇ ਗ੍ਰਾਮ ਸਭਾ ਵਿੱਚ ਕੀ ਫ਼ਰਕ ਹੈ ?
(8) ਪੰਚਾਇਤ ਸੰਮਤੀ ਦਾ ਸਭ ਤੋਂ ਮਹੱਤਵਪੂਰਨ ਕੰਮ ਕਿਹੜਾ ਹੈ ?

## II. ਹੇਠ ਲਿਖੇ ਖ਼ਾਲੀ ਸਥਾਨ ਭਰੋ :

(1) ਭਾਰਤ ਵਿੱਚ .................... ਰਾਜ ਅਤੇ .................... ਕੇਂਦਰੀ ਪ੍ਰਸ਼ਾਸਿਤ ਕੇਂਦਰ ਹਨ।
(2) ਪੰਚਾਇਤ ਸੰਮਤੀ ਪੰਚਾਇਤੀ ਰਾਜ ਦੀ .................... ਸੰਸਥਾ ਹੈ।
(3) ਗ੍ਰਾਮ ਪੰਚਾਇਤ ਅਤੇ ਪੰਚਾਇਤ ਸੰਮਤੀ ਦਾ ਕਾਰਜ ਕਾਲ .................... ਸਾਲ ਹੁੰਦਾ ਹੈ।
(4) ਪੰਜਾਬ ਰਾਜ ਵਿੱਚ .................... ਜ਼ਿਲ੍ਹਾ ਪ੍ਰੀਸ਼ਦ ਹਨ।
(5) ਪੇਂਡੂ ਖੇਤਰ ਵਿੱਚ ਪੰਚਾਇਤੀ ਰਾਜ ਦੀ ਸਭ ਤੋਂ ਉੱਚੀ ਸੰਸਥਾ .................... ਹੈ।

## III. ਹੇਠ ਲਿਖੇ ਵਾਕਾਂ ਤੇ ਠੀਕ (✓) ਜਾਂ ਗ਼ਲਤ (×) ਦਾ ਨਿਸ਼ਾਨ ਲਗਾਓ :

(1) ਅੰਗਰੇਜ਼ੀ ਰਾਜ ਸਮੇਂ ਪਿੰਡਾਂ ਦੀ ਆਰਥਿਕ ਹਾਲਤ ਬਹੁਤ ਮਾੜੀ ਸੀ। ☐
(2) ਗ੍ਰਾਮ ਪੰਚਾਇਤ ਵਿੱਚ ਇਸਤਰੀਆਂ ਲਈ ਸੀਟਾਂ ਰਾਖਵੀਆਂ ਨਹੀਂ ਹੁੰਦੀਆਂ। ☐
(3) ਜ਼ਿਲ੍ਹੇ ਦਾ ਪ੍ਰਬੰਧ ਠੀਕ ਤਰ੍ਹਾਂ ਚਲਾਉਣ ਲਈ ਵੱਖ-ਵੱਖ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀ ਹੁੰਦੇ ਹਨ। ☐
(4) ਜ਼ਿਲ੍ਹਾ ਪ੍ਰੀਸ਼ਦ ਨੂੰ ਜ਼ਿਲ੍ਹਾ ਪੰਚਾਇਤ ਵੀ ਕਿਹਾ ਜਾਂਦਾ ਹੈ। ☐
(5) ਪੰਚਾਇਤ ਸੰਮਤੀ/ਬਲਾਕ ਸੰਮਤੀ 100 ਪਿੰਡਾਂ ਲਈ ਬਣਾਈ ਜਾਂਦੀ ਹੈ। ☐

## ਗਤੀਵਿਧੀ

1. ਇੱਕ ਚਾਰਟ ਬਣਾਓ ਜਿਸ ਉੱਤੇ ਆਪਣੇ ਪਿੰਡ ਦੇ ਸਰਪੰਚ ਅਤੇ ਪੰਚਾਂ ਦੇ ਨਾਂ ਲਿਖੋ।
2. ਆਪਣੇ ਪਿੰਡ ਦੇ ਪੰਚਾਇਤ ਘਰ ਦੀ ਤਸਵੀਰ ਆਪਣੀ ਕਾਪੀ ਵਿੱਚ ਬਣਾਕੇ ਰੰਗ ਭਰੋ।
3. ਸਥਾਨਕ ਵਾਤਾਵਰਨ ਨੂੰ ਸੁੰਦਰ ਬਣਾਉਣ ਲਈ ਆਪਣੇ ਘਰ ਜਾਂ ਸਕੂਲ ਵਿੱਚ ਇੱਕ ਗਮਲੇ ਵਿੱਚ ਫੁੱਲਾਂ ਦਾ ਇੱਕ ਬੂਟਾ ਲਗਾਓ।

ਪਾਠ 20

# ਸ਼ਹਿਰੀ ਵਿਕਾਸ ਅਤੇ ਸਥਾਨਕ ਸਰਕਾਰ

ਆਧੁਨਿਕ ਪਿੰਡਾਂ ਦੀ ਤਰ੍ਹਾਂ ਸ਼ਹਿਰਾਂ ਦੀ ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਪੱਖਾਂ ਵਿੱਚ ਵੀ ਕਾਫ਼ੀ ਤਬਦੀਲੀਆਂ ਆ ਚੁੱਕੀਆਂ ਹਨ। ਭਾਵੇਂ ਮਨੁੱਖੀ ਇਤਿਹਾਸ ਵਿੱਚ ਪਿੰਡ ਪਹਿਲਾਂ ਹੋਂਦ ਵਿੱਚ ਆਏ ਸਨ ਅਤੇ ਸ਼ਹਿਰ ਪਿੱਛੋਂ। ਮਨੁੱਖੀ ਵਿਕਾਸ ਦੇ ਇਤਿਹਾਸ ਵਿੱਚ ਪਿੰਡਾਂ ਦੇ ਹੋਂਦ ਵਿੱਚ ਆਉਣ ਪਿੱਛੋਂ ਵਪਾਰ ਦਾ ਧੰਦਾ ਸ਼ੁਰੂ ਹੋਣ ਤੇ ਛੋਟੇ-ਛੋਟੇ ਕਸਬਿਆਂ ਦਾ ਵਿਕਾਸ ਹੋਇਆ। ਉਦਯੋਗੀਕਰਨ ਅਤੇ ਵਪਾਰ ਦੇ ਧੰਦਿਆਂ ਦੇ ਵਿਕਾਸ ਨਾਲ਼ ਸ਼ਹਿਰ ਹੋਂਦ ਵਿੱਚ ਆਏ। ਪਿੰਡਾਂ ਵਿੱਚ ਕੱਚੇ ਮਾਲ ਦੇ ਵਧੇਰੇ ਉਤਪਾਦਨ ਅਤੇ ਮਨੁੱਖੀ ਲੋੜਾਂ ਦੇ ਵਧਣ ਨਾਲ਼ ਪਿੰਡ ਅਤੇ ਕਸਬਿਆਂ ਵਿੱਚ ਲਘੂ(ਛੋਟੇ)ਉਦਯੋਗ ਆਰੰਭ ਹੋਏ। ਸਮੇਂ ਦੇ ਨਾਲ਼-ਨਾਲ਼ ਕੱਚੇ ਮਾਲ ਦੀ ਖਪਤ ਲਈ ਛੋਟੇ ਉਦਯੋਗਾਂ (ਉਦਾਹਰਨ ਵਜੋਂ ਕੱਪੜੇ ਬੁਣਨ ਵਾਲ਼ੀਆਂ ਖੱਡੀਆਂ) ਦਾ ਜਨਮ ਹੋਇਆ। ਕੁਝ ਸਮੇਂ ਪਿੱਛੋਂ ਮਨੁੱਖੀ ਲੋੜਾਂ ਹੋਰ ਵੱਧਦੀਆਂ ਗਈਆਂ ਅਤੇ ਮਨੁੱਖ ਦੀ ਦਿਮਾਗ਼ੀ ਸੂਝ ਵੱਧਣ ਨਾਲ਼ ਮਸ਼ੀਨੀ ਕੱਪੜਾ, ਕਈ ਤਰ੍ਹਾਂ ਦੇ ਮਸ਼ੀਨੀ ਪੁਰਜ਼ੇ ਅਤੇ ਖਰਾਕ ਪਦਾਰਥ ਆਦਿ ਵੱਡੇ ਕਾਰਖਾਨਿਆਂ ਵਿੱਚ ਤਿਆਰ ਹੋਣ ਲੱਗੇ। ਪਿੰਡਾਂ ਦੀ ਜਨ-ਸੰਖਿਆ ਵਧਣ ਨਾਲ਼ ਖੇਤੀ ਦੇ ਧੰਦੇ ਵਿੱਚ ਸਾਰੇ ਲੋਕਾਂ ਨੂੰ ਰੁਜ਼ਗਾਰ ਨਹੀਂ ਸੀ ਮਿਲਦਾ। ਇਸ ਕਾਰਨ ਗਰੀਬ ਪੇਂਡੂ ਜਨਤਾ ਰੁਜ਼ਗਾਰ ਦੀ ਭਾਲ਼ ਵਿੱਚ ਸ਼ਹਿਰਾਂ ਵਿੱਚ ਜਾਣ ਲੱਗੀ। ਇਸ ਤਰ੍ਹਾਂ ਹੌਲ਼ੀ-ਹੌਲ਼ੀ ਸ਼ਹਿਰੀਕਰਨ ਹੋਇਆ।

ਆਧੁਨਿਕ ਸੰਸਾਰ ਵਿੱਚ ਆਵਾਜਾਈ ਅਤੇ ਸੰਚਾਰ ਦੇ ਸਾਧਨ ਬਹੁਤ ਹੀ ਵਿਕਸਿਤ ਹੋ ਚੁੱਕੇ ਹਨ। ਸ਼ਹਿਰਾਂ ਅਤੇ ਕਸਬਿਆਂ ਦੀ ਗਿਣਤੀ ਦਿਨ ਬ ਦਿਨ ਵੱਧ ਰਹੀ ਹੈ। ਪਿੰਡਾਂ ਦੀ ਵਸੋਂ ਜੋ ਸੰਨ 1947 ਵਿੱਚ 90% ਸੀ ਤੋਂ ਘੱਟ ਕੇ ਹੁਣ ਲਗ-ਪਗ 75% ਰਹਿ ਗਈ ਹੈ।

ਸ਼ਹਿਰੀ ਵਸੋਂ ਦੀਆਂ ਸਥਾਨਕ ਲੋੜਾਂ ਦੀ ਪੂਰਤੀ ਲਈ ਪਿੰਡਾਂ ਦੇ ਪੰਚਾਇਤੀ ਰਾਜ ਦੀ ਤਰ੍ਹਾਂ ਸ਼ਹਿਰਾਂ ਦਾ ਰਾਜ-ਪ੍ਰਬੰਧ ਚਲਾਉਣ ਲਈ ਵੀ ਸਥਾਨਕ ਸਰਕਾਰ ਦੀ ਲੋੜ ਹੁੰਦੀ ਹੈ। ਸ਼ਹਿਰਾਂ ਵਿੱਚ ਉਦਯੋਗੀਕਰਨ ਕਾਰਨ ਜਨ-ਸੰਖਿਆ ਵਧੇਰੇ ਤੇਜ਼ੀ ਨਾਲ਼ ਵੱਧ ਰਹੀ ਹੈ। ਇਸ ਲਈ ਸ਼ਹਿਰਾਂ ਵਿੱਚ ਘਰਾਂ, ਬਿਜਲੀ, ਪੀਣ ਦੇ ਸਾਫ਼ ਪਾਣੀ, ਆਵਾਜਾਈ ਦੇ ਸਾਧਨਾਂ ਅਤੇ ਸ਼ਹਿਰ ਦੀ ਸਫ਼ਾਈ ਅਤੇ ਕੂੜੇ ਕਰਕਟ ਦੇ ਸਹੀ ਨਿਪਟਾਰੇ ਦੀ ਲੋੜ ਪਿੰਡਾਂ ਨਾਲ਼ੋਂ ਵਧੇਰੇ ਹੁੰਦੀ ਹੈ। ਸ਼ਹਿਰ ਵਾਸੀਆਂ ਦੀਆਂ

ਵਧੇਰੇ ਲੋੜਾਂ ਦੀ ਪੂਰਤੀ ਲਈ ਧਨ ਦੀ ਵਧੇਰੇ ਜ਼ਰੂਰਤ ਹੁੰਦੀ ਹੈ। ਸਥਾਨਕ ਲੋੜਾਂ ਦੀ ਪੂਰਤੀ ਅਤੇ ਕੇਂਦਰੀ ਅਤੇ ਰਾਜ ਸਰਕਾਰ ਦੇ ਪ੍ਰਬੰਧਕੀ ਕੰਮਾਂ ਵਿੱਚ ਸਹਾਇਤਾ ਕਰਨ ਲਈ ਸ਼ਹਿਰੀ ਸਥਾਨਕ ਸਰਕਾਰ ਦੀ ਵੀ ਜ਼ਰੂਰਤ ਹੁੰਦੀ ਹੈ।

**ਸ਼ਹਿਰੀ ਸਥਾਨਕ ਸਰਕਾਰ**

| ਨਗਰ ਪੰਚਾਇਤ | ਨਗਰ-ਪਾਲਿਕਾ | ਨਗਰ-ਨਿਗਮ |
|---|---|---|
| (ਪਰਿਵਰਤਨੀ ਖੇਤਰ) | (ਛੋਟੇ ਸ਼ਹਿਰ) | (ਵੱਡੇ ਸ਼ਹਿਰ) |

ਪਿੰਡਾਂ ਦੀ ਤਰ੍ਹਾਂ ਸ਼ਹਿਰਾਂ ਵਿੱਚ ਵੀ ਸਥਾਨਕ ਸਰਕਾਰ ਦੀਆਂ ਹੁਣ ਤਿੰਨ ਸੰਸਥਾਵਾਂ ਹਨ। ਕੁਝ ਸਮਾਂ ਪਹਿਲਾਂ ਸ਼ਹਿਰੀ ਸਥਾਨਕ ਸੰਸਥਾਵਾਂ ਦੋ ਪੱਧਰੀ ਹੀ ਸਨ—ਨਗਰ-ਪਾਲਿਕਾਵਾਂ ਅਤੇ ਨਗਰ-ਨਿਗਮ ਪਰੰਤੂ 1992 ਵਿੱਚ ਭਾਰਤੀ ਸੰਸਦ ਦੇ ਮਿਉਂਸਿਪਲ ਸੋਧ ਐਕਟ ਰਾਹੀਂ ਸ਼ਹਿਰੀ ਸਥਾਨਕ ਸੰਸਥਾਵਾਂ ਤਿੰਨ ਪੱਧਰੀ ਹੋ ਗਈਆਂ ਹਨ।

1. ਨਗਰ ਪੰਚਾਇਤ ਜਾਂ ਨਗਰ ਕੌਂਸਿਲ
2. ਨਗਰ-ਪਾਲਿਕਾ
3. ਨਗਰ-ਨਿਗਮ

ਕਿਹਾ ਜਾਂਦਾ ਹੈ ਕਿ ਭਾਰਤ ਵਿੱਚ ਸਭ ਤੋਂ ਪਹਿਲੀ ਨਗਰ-ਪਾਲਿਕਾ ਦੀ ਸਥਾਪਨਾ ਸਤਾਰ੍ਹਵੀਂ ਸਦੀ ਵਿੱਚ ਮਦਰਾਸ (ਹੁਣ ਚੇਨਈ) ਵਿੱਚ ਕੀਤੀ ਗਈ ਸੀ। ਭਾਰਤ ਆਜ਼ਾਦ ਹੋਣ ਸਮੇਂ ਕੇਵਲ ਤਿੰਨ ਸ਼ਹਿਰਾਂ— ਮਦਰਾਸ (ਹੁਣ ਚੇਨਈ), **ਮੁੰਬਈ (ਓਦੋਂ ਬੰਬਈ) ਅਤੇ ਕਲਕੱਤਾ** (ਹੁਣ ਕੋਲਕਾਤਾ)ਵਿੱਚ ਹੀ ਨਗਰ-ਪਾਲਿਕਾਵਾਂ ਹੁੰਦੀਆਂ ਸਨ। ਅਜ਼ਾਦੀ ਤੋਂ ਪਿੱਛੋਂ ਨਗਰ-ਪਾਲਿਕਾਵਾਂ ਅਤੇ ਨਗਰ-ਨਿਗਮਾਂ ਦੀ ਗਿਣਤੀ ਬਹੁਤ ਵੱਧ ਗਈ ਹੈ। ਸ਼ਹਿਰਾਂ ਵਿੱਚ ਨਗਰ-ਪਾਲਿਕਾਵਾਂ ਜਾਂ ਨਗਰ-ਨਿਗਮਾਂ ਦੀ ਸਥਾਪਨਾ ਦਾ ਫੈਸਲਾ ਰਾਜ ਸਰਕਾਰ ਜਨ-ਸੰਖਿਆ ਦੇ ਆਧਾਰ ਤੇ ਕਰਦੀ ਹੈ। ਨਗਰ-ਨਿਗਮਾਂ ਦੀ ਸਥਾਪਨਾ ਬਹੁਤ ਵੱਡੇ ਸ਼ਹਿਰਾਂ ਵਿੱਚ ਕੀਤੀ ਜਾਂਦੀ ਹੈ।

## ਨਗਰ-ਪੰਚਾਇਤ/ਕੌਂਸਲ

ਪਿੰਡ ਤੋਂ ਬਦਲਦੇ ਹੋਏ ਕਸਬੇ ਜਿੱਥੋਂ ਦੀ ਜਨਸੰਖਿਆ 20,000 ਤੋਂ ਘੱਟ ਹੋਵੇ, ਵਿੱਚ ਨਗਰ ਕੌਂਸਲ ਦੀ ਸਥਾਪਨਾ ਕੀਤਾ ਜਾਂਦੀ ਹੈ। ਵੱਖ-ਵੱਖ ਰਾਜਾਂ ਵਿੱਚ ਇਸ ਨੂੰ ਵੱਖ-ਵੱਖ ਨਾਵਾਂ ਨਾਲ਼ ਜਾਣਿਆ ਜਾਂਦਾ ਹੈ। ਪੰਜਾਬ ਵਿੱਚ ਇਸ ਨੂੰ ਨਗਰ ਪੰਚਾਇਤ ਕਿਹਾ ਜਾਂਦਾ ਹੈ।

ਨਗਰ ਪੰਚਾਇਤ ਸ਼ਹਿਰੀ ਸਥਾਨਕ ਸਰਕਾਰ ਦੀ ਮੁੱਢਲੀ ਸੰਸਥਾ ਹੈ। ਇਸ ਦੇ ਮੈਂਬਰਾਂ ਦੀ ਗਿਣਤੀ ਜਨ-ਸੰਖਿਆ ਦੇ ਅਧਾਰ 'ਤੇ ਮਿੱਥੀ ਜਾਂਦੀ ਹੈ। ਸਾਰੇ ਖੇਤਰ ਨੂੰ ਵਾਰਡਾਂ ਵਿੱਚ ਵੰਡ ਕੇ ਇੱਕ-ਇੱਕ ਮੈਂਬਰ ਦੀ ਚੋਣ ਕੀਤੀ ਜਾਂਦੀ ਹੈ। ਪੰਜਾਬ ਵਿੱਚ ਨਗਰ ਕੌਂਸਲ ਦੇ ਮੈਂਬਰਾਂ ਦੀ

ਗਿਣਤੀ ਘੱਟ ਤੋਂ ਘੱਟ 6 ਰੱਖੀ ਗਈ ਹੈ। ਇਸ ਦੇ ਮੈਂਬਰ ਇਲਾਕੇ ਦੇ ਵੋਟਰਾਂ ਦੁਆਰਾ ਸਿੱਧੇ ਹੀ ਚੁਣੇ ਜਾਂਦੇ ਹਨ। ਇਸ ਤੋਂ ਇਲਾਵਾ ਉਸ ਇਲਾਕੇ ਦੇ ਵਿਧਾਨ ਸਭਾ ਦੇ ਮੈਂਬਰ ਵੀ ਇਸ ਦੇ ਮੈਂਬਰ ਹੁੰਦੇ ਹਨ।

### ਨਗਰ ਪੰਚਾਇਤ ਦੀਆਂ ਸ਼ਕਤੀਆਂ ਅਤੇ ਕੰਮ :

ਬਦਲਦੇ ਜਾਂ ਵੱਧਦੇ ਕਸਬੇ ਲਈ ਯੋਜਨਾਵਾਂ ਬਨਾਉਣੀਆਂ। ਨਗਰ ਨੂੰ ਸੁੰਦਰ ਬਨਾਉਣਾ ਅਤੇ ਪੁਰਾਣੇ ਮਕਾਨਾਂ ਨੂੰ ਤਬਦੀਲੀ ਕਰਨ ਦੀ ਮਨਜ਼ੂਰੀ ਦੇਣਾ। ਆਪਣੇ ਖੇਤਰ ਅੰਦਰ ਜਨਸਿਹਤ, ਸਫ਼ਾਈ, ਸੜਕਾਂ ਅਤੇ ਪੁਲ਼ਾਂ ਦੇ ਨਿਰਮਾਣ ਆਦਿ ਦਾ ਪ੍ਰਬੰਧ ਕਰਨਾ। ਪਾਰਕਾਂ ਅਤੇ ਖੇਡ ਦੇ ਮੈਦਾਨਾਂ ਦਾ ਪ੍ਰਬੰਧ ਕਰਨਾ। ਵਾਤਾਵਰਨ ਨੂੰ ਸਾਫ਼ ਸੁਥਰਾ ਰੱਖਣ ਲਈ ਨਵੇਂ ਪੌਦੇ ਆਦਿ ਲਗਾਉਣਾ।

ਨਗਰ ਪੰਚਾਇਤ ਨੂੰ ਆਪਣੇ ਕੰਮਾਂ ਲਈ ਧਨ ਦੀ ਜ਼ਰੂਰਤ ਹੁੰਦੀ ਹੈ ਜੋ ਕਿ ਮਕਾਨ ਕਰ, ਵਿਕਰੀ ਕਰ ਅਤੇ ਵਾਹਨ ਕਰ ਆਦਿ ਤੋਂ ਇਕੱਠਾ ਕੀਤਾ ਜਾਂਦਾ ਹੈ। ਨਗਰ ਪੰਚਾਇਤ ਨੂੰ ਸਥਾਨਕ ਵਿਕਾਸ ਲਈ ਸਰਕਾਰ ਵੱਲੋਂ ਵੀ ਕਾਫ਼ੀ ਸਹਾਇਤਾ ਮਿਲਦੀ ਹੈ।

*ਕੀ ਤੁਸੀਂ ਜਾਣਦੇ ਹੋ ?*

*ਸ਼ਹਿਰ ਵਿੱਚ ਤਿੰਨ ਤਰ੍ਹਾਂ ਦੀਆਂ ਸਥਾਨਕ ਸੰਸਥਾਵਾਂ— ਨਗਰ ਪੰਚਾਇਤ, ਨਗਰ-ਪਾਲਿਕਾ, ਅਤੇ ਨਗਰ-ਨਿਗਮ ਹਨ।*

## ਨਗਰ-ਪਾਲਿਕਾ ਜਾਂ ਨਗਰ-ਕੌਂਸਲ

ਨਗਰ-ਪਾਲਿਕਾ ਛੋਟੇ ਸ਼ਹਿਰਾਂ ਦਾ ਸਥਾਨਕ ਪ੍ਰਬੰਧ ਚਲਾਉਣ ਵਾਲ਼ੀ ਸੰਸਥਾ ਹੁੰਦੀ ਹੈ। ਵੱਡੇ ਸ਼ਹਿਰ ਜਿਨ੍ਹਾਂ ਦੀ ਜਨ-ਸੰਖਿਆ ਦਸ ਲੱਖ ਤੋਂ ਵੱਧ ਹੋਵੇ, ਨਗਰ-ਨਿਗਮ ਸਥਾਪਤ ਕੀਤੇ ਜਾਂਦੇ ਹਨ।

ਨਗਰ-ਪਾਲਿਕਾ ਦੀ ਸਥਾਪਨਾ ਹਰੇਕ ਰਾਜ ਵਿੱਚ ਮਿਉਂਸਿਪਲ ਐਕਟ ਰਾਹੀਂ ਕੀਤੀ ਜਾਂਦੀ ਹੈ। ਪੰਜਾਬ ਸਰਕਾਰ ਦੁਆਰਾ 1994 ਵਿੱਚ ਨਗਰ-ਪਾਲਿਕਾ ਸੋਧ ਅਧਿਨਿਯਮ ਪਾਸ ਕੀਤਾ ਗਿਆ। ਇਸ ਦੇ ਅਧੀਨ ਸ਼ਹਿਰੀ ਸਥਾਨਕ ਸਰਕਾਰ ਦੀ ਬਣਤਰ, ਸ਼ਕਤੀਆਂ, ਆਮਦਨ ਦੇ ਸਾਧਨਾਂ ਵਿੱਚ ਕੁੱਝ ਤਬਦੀਲੀਆਂ ਕੀਤੀਆਂ ਗਈਆਂ ਹਨ। ਇਹ ਸਭ ਤਬਦੀਲੀਆਂ ਸ਼ਹਿਰੀ ਸਥਾਨਕ ਸਰਕਾਰ ਨੂੰ ਵਧੇਰੇ ਸ਼ਕਤੀਸ਼ਾਲੀ ਬਣਾਉਣ ਲਈ ਹੀ ਹਨ।

ਨਗਰ-ਪਾਲਿਕਾ ਛੋਟੇ ਸ਼ਹਿਰ ਜਿਨ੍ਹਾਂ ਦੀ ਜਨ-ਸੰਖਿਆ 20,000 ਤੋਂ ਵੱਧ ਹੋਵੇ ਵਿੱਚ ਬਣਾਈਆਂ ਜਾਂਦੀਆਂ ਹਨ। ਕਈ ਰਾਜਾਂ ਵਿੱਚ ਇਹਨਾਂ ਨੂੰ ਨਗਰ ਸਭਾ ਜਾਂ ਨਗਰ ਕਮੇਟੀ ਵੀ ਕਿਹਾ ਜਾਂਦਾ ਹੈ ਪਰੰਤੂ ਪੰਜਾਬ ਵਿੱਚ ਇਸ ਨੂੰ **ਨਗਰ-ਪਾਲਿਕਾ ਜਾਂ ਨਗਰ-ਕੌਂਸਲ** ਦੇ ਨਾਂ ਨਾਲ਼ ਜਾਣਿਆ ਜਾਂਦਾ ਹੈ। ਨਗਰ-ਪਾਲਿਕਾ ਸ਼ਹਿਰ ਦੀ ਵਸੋਂ ਦੇ ਆਧਾਰ ਤੇ ਤਿੰਨ ਤਰ੍ਹਾਂ ਦੀਆਂ ਹੁੰਦੀਆਂ ਹਨ —ਪਹਿਲਾ ਦਰਜਾ, ਦੂਜਾ ਦਰਜਾ ਅਤੇ ਤੀਜਾ ਦਰਜਾ।

## ਨਗਰ-ਪਾਲਿਕਾ ਦਾ ਸੰਗਠਨ

ਨਗਰ-ਪਾਲਿਕਾ ਦੇ ਮੈਂਬਰਾਂ ਨੂੰ ਕੌਂਸਲਰ ਕਿਹਾ ਜਾਂਦਾ ਹੈ। ਇਸ ਦੇ ਮੈਂਬਰ ਦੋ ਤਰ੍ਹਾਂ ਦੇ ਹੁੰਦੇ ਹਨ। (1) ਪਹਿਲੀ ਤਰ੍ਹਾਂ ਦੇ ਮੈਂਬਰਾਂ ਦੀ ਚੋਣ, ਸਿੱਧੀ ਸ਼ਹਿਰ ਦੇ ਵੋਟਰਾਂ ਦੁਆਰਾ ਕੀਤੀ ਜਾਂਦੀ ਹੈ। ਪੰਜਾਬ ਵਿੱਚ ਨਗਰ-ਪਾਲਿਕਾ ਦੇ ਚੁਣੇ ਜਾਣ ਵਾਲ਼ੇ ਮੈਂਬਰਾਂ ਦੀ ਗਿਣਤੀ 9 ਤੋਂ 29 ਤੱਕ ਨਿਸਚਤ ਕੀਤੀ ਗਈ ਹੈ। ਹਰੇਕ ਸ਼ਹਿਰ ਵਿੱਚੋਂ ਚੁਣੇ ਜਾਣ ਵਾਲ਼ੇ ਮੈਂਬਰਾਂ ਦੀ ਗਿਣਤੀ ਉੱਥੇ ਦੀ ਜਨ-ਸੰਖਿਆ ਦੇ ਆਧਾਰ 'ਤੇ ਮਿੱਥੀ ਜਾਂਦੀ ਹੈ। (2) ਦੂਜੀ ਤਰ੍ਹਾਂ ਦੇ ਮੈਂਬਰ ਸ਼ਹਿਰ ਦੇ ਚੋਣ ਖੇਤਰ ਵਿੱਚੋਂ ਚੁਣੇ ਗਏ, ਲੋਕ ਸਭਾ, ਰਾਜ ਸਭਾ ਅਤੇ ਰਾਜ ਵਿਧਾਨ ਸਭਾ ਦੇ ਮੈਂਬਰ ਪਦਵੀ ਕਾਰਨ ਇਸ ਦੇ ਮੈਂਬਰ ਹੁੰਦੇ ਹਨ।

ਹਰੇਕ ਨਗਰ-ਪਾਲਿਕਾ ਆਪਣਾ ਇੱਕ ਪ੍ਰਧਾਨ ਅਤੇ ਇੱਕ ਉਪ-ਪ੍ਰਧਾਨ ਚੁਣਦੀ ਹੈ। ਪ੍ਰਧਾਨ ਨਗਰ-ਪਾਲਿਕਾ ਦੀਆਂ ਬੈਠਕਾਂ ਦੀ ਪ੍ਰਧਾਨਗੀ ਕਰਦਾ ਹੈ। ਉਹ ਨਗਰ-ਪਾਲਿਕਾ ਦੇ ਕਰਮਚਾਰੀਆਂ ਦੀ ਨਿਯੁਕਤੀ ਕਰਦਾ ਅਤੇ ਬਜਟ ਤਿਆਰ ਕਰਵਾਉਂਦਾ ਹੈ। ਨਗਰ-ਪਾਲਿਕਾ ਦਾ ਕਾਰਜਕਾਲ 5 ਸਾਲ ਹੁੰਦਾ ਹੈ।

ਨਗਰ-ਪਾਲਿਕਾ ਦੇ ਕੰਮ ਨੂੰ ਚਲਾਉਣ ਲਈ ਬਹੁਤ ਸਾਰੇ ਸਰਕਾਰੀ ਅਧਿਕਾਰੀ ਅਤੇ ਕਰਮਚਾਰੀ ਹੁੰਦੇ ਹਨ। ਇਹ ਕਰਮਚਾਰੀ, ਅਧਿਕਾਰੀ— ਕਾਰਜਕਾਰੀ ਅਧਿਕਾਰੀ, ਇੰਜੀਨੀਅਰ, ਲੇਖਾਕਾਰ ਸੁਪਰਡੈਂਟ, ਸਿਹਤ ਅਫ਼ਸਰ, ਸਫ਼ਾਈ ਅਫ਼ਸਰ, ਸਫ਼ਾਈ ਸੇਵਕ ਅਤੇ ਚਪੜਾਸੀ ਆਦਿ ਹੁੰਦੇ ਹਨ।

### ਨਗਰ-ਪਾਲਿਕਾ ਦੇ ਕੰਮ :

ਨਗਰ-ਪਾਲਿਕਾ ਦੇ ਮੁੱਖ ਜ਼ਰੂਰੀ ਕੰਮ ਹੇਠ ਲਿਖੇ ਹਨ :

1. ਸ਼ਹਿਰ ਵਿੱਚ ਬਿਜਲੀ ਪਾਣੀ, ਸਿਹਤ ਕੇਂਦਰਾਂ, ਸ਼ਹਿਰ ਦੀ ਸਫ਼ਾਈ ਦਾ ਪ੍ਰਬੰਧ ਕਰਨਾ।
2. ਸੜਕਾਂ ਅਤੇ ਪੁਲ਼ਾਂ ਦੀ ਦੇਖ-ਭਾਲ਼ ਕਰਨ ਦਾ ਕੰਮ ਕਰਨਾ ਹੈ।
3. ਨਜਾਇਜ਼ ਕਬਜ਼ੇ ਹਟਾਉਣਾ ਅਤੇ ਅਸੁਰੱਖਿਅਤ ਇਮਾਰਤਾਂ ਨੂੰ ਢਾਉਣਾ।




*ਚਿੱਤਰ 20.1* *ਨਗਰ-ਪਾਲਿਕਾ ਦੇ ਕੰਮ*

ਇਸ ਤੋਂ ਇਲਾਵਾ ਨਗਰ-ਪਾਲਿਕਾ ਦੇ ਕੁਝ ਇੱਕ ਕੰਮ ਹੇਠ ਲਿਖੇ ਹਨ : (i) ਪਾਰਕਾਂ, ਅਜਾਇਬ ਘਰਾਂ ਦਾ ਪ੍ਰਬੰਧ ਅਤੇ ਦੇਖ-ਭਾਲ਼ ਕਰਨਾ। (ii) ਸ਼ਹਿਰ ਨੂੰ ਸੁੰਦਰ ਬਨਾਉਣਾ ਅਤੇ ਮਕਾਨਾਂ ਦੇ ਨਕਸ਼ੇ ਪਾਸ ਕਰਨਾ ਆਦਿ ਹਨ।

## ਨਗਰ-ਨਿਗਮ

ਨਗਰ-ਨਿਗਮ ਸ਼ਹਿਰੀ ਸਥਾਨਕ ਪ੍ਰਬੰਧ ਦੀ ਸਭ ਤੋਂ ਵਧੇਰੇ ਸ਼ਕਤੀਸ਼ਾਲੀ ਅਤੇ ਸਿਖਰ ਦੀ ਸੰਸਥਾ ਹੈ। ਇਸਦੀ ਸਥਾਪਨਾ ਬਹੁਤ ਵੱਡੇ ਸ਼ਹਿਰ, ਜਿਹਨਾਂ ਦੀ ਜਨਸੰਖਿਆ ਲੱਖਾਂ ਵਿੱਚ ਹੋਵੇ, ਕੀਤੀ ਜਾਂਦੀ ਹੈ। ਨਗਰ-ਨਿਗਮ ਰਾਜ ਸਰਕਾਰ ਦੇ ਕਾਨੂੰਨ ਰਾਹੀਂ ਬਣਾਏ ਜਾਂਦੇ ਹਨ। ਕੇਂਦਰੀ ਪ੍ਰਸ਼ਾਸਤ ਖੇਤਰ (ਜਿਵੇਂ ਕਿ ਚੰਡੀਗੜ੍ਹ) ਵਿੱਚ ਨਗਰ ਨਿਗਮ ਦੀ ਸਥਾਪਨਾ ਕੇਂਦਰੀ ਸਰਕਾਰ ਦੁਆਰਾ ਕੀਤੀ ਜਾਂਦੀ ਹੈ। ਇਸ ਸਮੇਂ ਭਾਰਤ ਵਿੱਚ ਨਗਰ-ਨਿਗਮਾਂ ਦੀ ਗਿਣਤੀ 75 ਤੋਂ ਵੀ ਵੱਧ ਹੈ। ਸਾਡੇ ਰਾਜ ਪੰਜਾਬ ਵਿੱਚ ਹੁਣ ਦਸ ਨਗਰ-ਨਿਗਮ ਅੰਮ੍ਰਿਤਸਰ, ਜਲੰਧਰ, ਲੁਧਿਆਣਾ ਪਟਿਆਲਾ, ਮੋਗਾ, ਐੱਸ.ਏ.ਐੱਸ. ਨਗਰ ਮੁਹਾਲੀ, ਫਗਵਾੜਾ, ਬਠਿੰਡਾ, ਹੁਸ਼ਿਆਰਪੁਰ ਅਤੇ ਪਠਾਨਕੋਟ ਵਿਖੇ ਹਨ।

ਨਗਰ-ਨਿਗਮ ਦੇ ਮੈਂਬਰਾਂ ਦੀ ਚੋਣ ਵੀ ਸ਼ਹਿਰ ਦੇ ਬਾਲਗ਼ ਵੋਟਰਾਂ ਰਾਹੀਂ ਸਿੱਧੀ ਕੀਤੀ ਜਾਂਦੀ ਹੈ। ਸਾਰੇ ਸ਼ਹਿਰ ਨੂੰ ਵਾਰਡਾਂ ਵਿੱਚ ਵੰਡ ਦਿੱਤਾ ਜਾਂਦਾ ਹੈ ਅਤੇ ਹਰੇਕ ਵਾਰਡ ਵਿੱਚੋਂ ਇੱਕ-ਇੱਕ ਕੌਂਸਲਰ ਚੁਣਿਆ ਜਾਂਦਾ ਹੈ। ਨਗਰ-ਨਿਗਮ ਅਤੇ ਨਗਰ-ਪਾਲਿਕਾ ਦੀ ਚੋਣ ਲੜਨ ਵਾਲ਼ੇ ਉਮੀਦਵਾਰ ਦੀ ਉਮਰ 21 ਸਾਲ ਹੋਣੀ ਜ਼ਰੂਰੀ ਹੈ।

ਨਗਰ-ਨਿਗਮ ਦੇ ਮੈਂਬਰਾਂ ਦੀ ਗਿਣਤੀ ਸ਼ਹਿਰ ਦੀ ਜਨ-ਸੰਖਿਆ ਦੇ ਅਧਾਰ 'ਤੇ ਮਿੱਥੀ ਜਾਂਦੀ ਹੈ। ਬਾਕੀ ਸਥਾਨਕ ਸੰਸਥਾਵਾਂ ਦੀ ਤਰ੍ਹਾਂ ਸ਼ਹਿਰੀ ਇਲਾਕੇ ਦੇ ਵਿਧਾਨ ਸਭਾ, ਲੋਕ ਸਭਾ ਜਾਂ ਰਾਜ ਸਭਾ ਦੇ ਮੈਂਬਰ ਪਦਵੀ ਕਾਰਨ ਇਸ ਦੇ ਮੈਂਬਰ ਹੁੰਦੇ ਹਨ।

*ਕੀ ਤੁਸੀਂ ਜਾਣਦੇ ਹੋ ?*

*ਤੁਹਾਡੇ ਸ਼ਹਿਰ ਵਿੱਚ ਰਹਿਣ ਵਾਲ਼ੇ ਵਿਦੇਸ਼ੀ ਨਾਗਰਿਕ ਤੁਹਾਡੇ ਸ਼ਹਿਰ ਦੀ ਨਗਰ ਨਿਗਮ ਦੀ ਚੋਣ ਸਮੇਂ ਵੋਟ ਨਹੀਂ ਪਾ ਸਕਦੇ।*


ਨਗਰ-ਨਿਗਮ ਦੇ ਪ੍ਰਧਾਨ ਨੂੰ ਮੇਅਰ ਕਿਹਾ ਜਾਂਦਾ ਹੈ। ਕੌਂਸਲਰ ਆਪਣੇ ਵਿੱਚੋਂ ਇੱਕ ਮੇਅਰ ਅਤੇ ਉਪ-ਮੇਅਰ ਚੁਣਦੇ ਹਨ। ਨਗਰ-ਨਿਗਮ ਦਾ ਕਾਰਜਕਾਲ 5 ਸਾਲ ਹੁੰਦਾ ਹੈ।

ਨਗਰ-ਨਿਗਮ ਦੇ ਮੁੱਖ ਕਾਰਜਕਾਰੀ ਅਧਿਕਾਰੀ ਨੂੰ ਕਮਿਸ਼ਨਰ ਕਿਹਾ ਜਾਂਦਾ ਹੈ। ਇਹ ਪ੍ਰਸ਼ਾਸਕੀ ਸੇਵਾਵਾਂ ਵਿੱਚੋਂ ਤਜ਼ਰਬੇ ਦੇ ਅਧਾਰ 'ਤੇ ਚੁਣਿਆ ਜਾਂਦਾ ਹੈ। ਕਮਿਸ਼ਨਰ ਨੂੰ ਮੇਅਰ ਦੀ ਸਿਫ਼ਾਰਸ਼ ਤੇ ਪੰਜ ਸਾਲ ਲਈ ਨਿਯੁਕਤ ਕੀਤਾ ਜਾਂਦਾ ਹੈ ਪਰ ਲੋੜ ਪੈਣ ਤੇ ਪਹਿਲਾਂ ਵੀ

ਹਟਾਇਆ ਜਾ ਸਕਦਾ ਹੈ। ਕਮਿਸ਼ਨਰ ਤੋਂ ਇਲਾਵਾ ਨਗਰ-ਨਿਗਮ ਦੇ ਪ੍ਰਬੰਧਕੀ ਕੰਮਾਂ ਨੂੰ ਕਰਨ ਲਈ ਹੋਰ ਵੀ ਬਹੁਤ ਸਾਰੇ ਸਰਕਾਰੀ ਅਧਿਕਾਰੀ ਜਿਵੇਂ ਸਿਹਤ ਸਿੱਖਿਆ ਅਫ਼ਸਰ, ਕਰ ਅਫ਼ਸਰ, ਲੇਖਾ ਅਫ਼ਸਰ ਅਤੇ ਸਕੱਤਰ ਆਦਿ ਹੁੰਦੇ ਹਨ। ਇਹ ਸਾਰੇ ਸਰਕਾਰੀ ਕਰਮਚਾਰੀ ਅਤੇ ਅਧਿਕਾਰੀ ਨਗਰ-ਨਿਗਮ ਦੇ ਕਮਿਸ਼ਨਰ ਦੇ ਅਧੀਨ ਕੰਮ ਕਰਦੇ ਹਨ।

### ਨਗਰ-ਨਿਗਮ ਦੇ ਕੰਮ :

ਨਗਰ-ਪਾਲਿਕਾ ਦੀ ਤਰ੍ਹਾਂ ਨਗਰ-ਨਿਗਮ ਦੇ ਕੰਮ ਵੀ ਦੋ ਤਰ੍ਹਾਂ ਦੇ ਹਨ—ਜ਼ਰੂਰੀ ਅਤੇ ਇੱਛੁਕ। ਨਗਰ-ਨਿਗਮ ਹੀ ਉਹੀ ਸਾਰੇ ਕੰਮ ਕਰਦੀ ਹੈ ਜਿਹੜੇ ਕਿ ਨਗਰ-ਪਾਲਿਕਾ ਦੁਆਰਾ ਕੀਤੇ ਜਾਂਦੇ ਹਨ ਪਰੰਤੂ ਵੱਡੇ ਸ਼ਹਿਰਾਂ ਦੀ ਜਨਸੰਖਿਆ ਵਧੇਰੇ ਹੋਣ ਕਾਰਨ ਇਸ ਦੇ ਕੰਮ ਅਤੇ ਅਧਿਕਾਰ ਖੇਤਰ ਬਹੁਤ ਵਿਸ਼ਾਲ ਹੁੰਦਾ ਹੈ।



*ਚਿੱਤਰ 20.2 ਨਗਰ-ਨਿਗਮ ਦੇ ਕੰਮ*

### ਨਗਰ-ਨਿਗਮ ਅਤੇ ਨਗਰ-ਪਾਲਿਕਾ ਦੀ ਆਮਦਨੀ ਦੇ ਸਾਧਨ :

ਨਗਰ-ਪਾਲਿਕਾ ਅਤੇ ਨਗਰ-ਨਿਗਮ ਦੀ ਆਮਦਨੀ ਦੇ ਮੁੱਖ ਸਾਧਨ ਹੇਠ ਲਿਖੇ ਹਨ :

1. **ਕਰ** : ਮਕਾਨ ਕਰ, ਜਾਇਦਾਦ ਕਰ, ਚੁੰਗੀ ਕਰ ਅਤੇ ਮਨੋਰੰਜਨ ਕਰ ਆਦਿ।
2. **ਫ਼ੀਸ ਅਤੇ ਜੁਰਮਾਨੇ** : ਨਗਰ-ਨਿਗਮ ਨੂੰ ਘਰਾਂ ਦੇ ਨਕਸ਼ੇ ਪਾਸ ਕਰਨ ਤੋਂ ਫ਼ੀਸ, ਟਾਂਗੇ

ਰਿਕਸ਼ੇ, ਠੇਲਿਆਂ ਆਦਿ ਦੀ ਫ਼ੀਸ ਤੋਂ ਆਮਦਨ ਹੁੰਦੀ ਹੈ। ਨਗਰ-ਨਿਗਮ ਨਿਯਮਾਂ ਦੀ ਉਲੰਘਣਾ ਕਰਨ ਵਾਲ਼ਿਆਂ ਤੋਂ ਜੁਰਮਾਨਾ ਵੀ ਇਕੱਠਾ ਕਰਦੀ ਹੈ।

3. **ਸਰਕਾਰੀ ਗ੍ਰਾਂਟ ਅਤੇ ਕਰਜ਼ੇ :** ਨਗਰ-ਨਿਗਮ ਨੂੰ ਸਰਕਾਰ ਵੱਲੋਂ ਗ੍ਰਾਂਟ ਦੇ ਤੌਰ ਤੇ ਕੁੱਝ ਪੈਸਾ ਮਿਲਦਾ ਹੈ। ਲੋੜ ਪੈਣ ਤੇ ਕਰਜ਼ੇ ਵੀ ਲੈ ਸਕਦੀ ਹੈ।

ਨਗਰ-ਨਿਗਮ ਦੀਆਂ ਸ਼ਕਤੀਆਂ ਨਗਰ-ਪਾਲਿਕਾ ਤੋਂ ਬਹੁਤ ਜ਼ਿਆਦਾ ਹੁੰਦੀਆਂ ਹਨ ਕਿਉਂਕਿ ਵੱਡੇ ਸ਼ਹਿਰਾਂ ਦੀ ਜਨਸੰਖਿਆ ਵਧੇਰੇ ਹੋਣ ਕਾਰਨ ਸ਼ਹਿਰੀਆਂ ਨੂੰ ਦਿੱਤੀਆਂ ਜਾਣ ਵਾਲ਼ੀਆਂ ਸਹੂਲਤਾਂ ਅਤੇ ਰੋਜ਼ਾਨਾ ਜ਼ਰੂਰਤਾਂ ਵਿੱਚ ਫ਼ਰਕ ਹੁੰਦਾ ਹੈ। ਨਗਰ-ਪਾਲਿਕਾ ਅਤੇ ਨਗਰ-ਨਿਗਮ 'ਤੇ ਰਾਜ ਸਰਕਾਰ ਦਾ ਪੂਰਾ ਕੰਟਰੋਲ ਹੁੰਦਾ ਹੈ।

ਤੁਹਾਡੇ ਸ਼ਹਿਰ ਦੀ ਨਗਰ-ਪਾਲਿਕਾ ਜਾਂ ਨਗਰ-ਨਿਗਮ ਸ਼ਹਿਰ ਨੂੰ ਸਾਫ਼-ਸੁਥਰਾ ਰੱਖ ਕੇ ਤੁਹਾਡੇ ਰਹਿਣ ਲਈ ਵਧੀਆ ਵਾਤਾਵਰਨ ਮੁੱਹਈਆ ਕਰਾਉਂਦੀ ਹੈ। ਸ਼ਹਿਰ ਦੇ ਆਰਥਿਕ ਅਤੇ ਸਮਾਜਿਕ ਵਿਕਾਸ ਲਈ ਕਈ ਤਰ੍ਹਾਂ ਦੇ ਕੰਮ ਕਰਦੀ ਹੈ। ਇਸ ਲਈ ਸਾਰਿਆਂ ਦਾ ਇਹ ਫਰਜ਼ ਹੈ ਕਿ ਆਪਣੀ ਸ਼ਹਿਰੀ ਸਥਾਨਕ ਸਰਕਾਰ ਦੀ ਸਹਾਇਤਾ ਕਰੋ। ਇਸ ਦੇ ਦੁਆਰਾ ਪ੍ਰਦਾਨ ਕੀਤੇ ਪਾਣੀ, ਬਿਜਲੀ ਦੀ ਸੰਜਮ ਨਾਲ਼ ਵਰਤੋਂ ਕਰੋ ਅਤੇ ਆਪਣੇ ਸ਼ਹਿਰ ਵਿੱਚ ਕੂੜਾ ਕਰਕਟ ਵੀ ਘੱਟ ਖਿਲਾਰੋ। ਇਸ ਤਰ੍ਹਾਂ ਤੁਸੀਂ ਦੇਸ ਦੇ ਸਵੱਸਥ ਸ਼ਹਿਰੀ ਅਤੇ ਆਦਰਸ਼ ਨਾਗਰਿਕ ਬਣ ਕੇ ਦੇਸ ਦੇ ਵਿਕਾਸ ਵਿੱਚ ਸਹਾਇਕ ਸਿੱਧ ਹੋ ਸਕਦੇ ਹੋ।


## ਜ਼ਿਲ੍ਹਾ ਪ੍ਰਬੰਧ

ਸਾਡਾ ਦੇਸ਼ ਭਾਰਤ ਦੁਨੀਆ ਭਰ ਵਿੱਚ ਸਭ ਤੋਂ ਵੱਡਾ ਲੋਕਤੰਤਰੀ ਦੇਸ਼ ਹੈ। ਅਕਾਰ ਦੇ ਨਾਲ਼ ਇਸ ਦੀ ਜਨ-ਸੰਖਿਆ ਵੀ ਬਹੁਤ ਵਧੇਰੇ ਹੈ ਜਿਵੇਂ ਕਿ ਪਹਿਲਾਂ ਵੀ ਦੱਸਿਆ ਜਾ ਚੁੱਕਾ ਹੈ ਕਿ ਸਾਡੇ ਦੇਸ਼ ਵਿੱਚ ਲਗ ਪਗ 6 ਲੱਖ ਪਿੰਡ ਹਨ ਅਤੇ ਇਸ ਦਾ ਖ਼ੇਤਰਫ਼ਲ ਲੱਗਪੱਗ 33 ਲੱਖ ਵਰਗ ਕਿਲੋਮੀਟਰ ਹੈ। ਸਾਡੇ ਦੇਸ਼ ਦੀ ਕੇਂਦਰੀ ਸਰਕਾਰ, ਰਾਸ਼ਟਰੀ ਰਾਜਧਾਨੀ ਦਿੱਲੀ ਵਿੱਖੇ ਹੈ। ਜਿਸ ਦੇ ਪ੍ਰਧਾਨ ਮੰਤਰੀ ਹਨ। ਸਾਡੇ ਦੇਸ਼ ਦੇ ਸੰਵਿਧਾਨਕ ਮੁਖੀ ਰਾਸ਼ਟਰਪਤੀ ਹਨ। ਵਿਸ਼ਾਲ ਦੇਸ਼ ਹੋਣ ਕਾਰਨ ਇੱਕ ਕੇਂਦਰੀ ਸਰਕਾਰ ਸਾਰੇ ਦੇਸ਼ ਦਾ ਰਾਜ ਪ੍ਰਬੰਧ ਨਹੀਂ ਚਲਾ ਸਕਦੀ। ਇਸ ਲਈ ਸਾਰੇ ਦੇਸ਼ ਨੂੰ ਰਾਜਾਂ ਅਤੇ ਕੇਂਦਰੀ ਪ੍ਰਸ਼ਾਸਤ ਖੇਤਰਾਂ ਵਿੱਚ ਵੰਡਿਆ ਗਿਆ ਹੈ। ਇੱਥੇ 28 ਰਾਜ ਅਤੇ 8 ਕੇਂਦਰੀ ਪ੍ਰਸ਼ਾਸਤ ਖੇਤਰ ਹਨ। ਹਰੇਕ ਰਾਜ ਦੀ ਆਪਣੀ ਸਰਕਾਰ ਹੈ। ਹਰੇਕ ਰਾਜ ਦੀ ਸਰਕਾਰ ਦੇ ਮੁਖੀ ਮੁੱਖ ਮੰਤਰੀ ਹਨ ਅਤੇ ਰਾਜ ਦੇ ਸੰਵਿਧਾਨਕ ਮੁਖੀ ਰਾਜਪਾਲ ਹਨ। ਜੋ ਕਿ ਹਰੇਕ ਰਾਜ ਦੀ ਰਾਜਧਾਨੀ ਤੋਂ

ਆਪਣੇ ਰਾਜ ਦਾ ਸ਼ਾਸਨ ਪ੍ਰਬੰਧ ਚਲਾਉਂਦੇ ਹਨ। ਸਾਡੇ ਰਾਜ, ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿਖੇ ਹੈ। ਕੇਂਦਰੀ ਪ੍ਰਸ਼ਾਸਿਤ ਖੇਤਰਾਂ ਦਾ ਸ਼ਾਸਨ ਪ੍ਰਬੰਧ ਕੇਂਦਰੀ ਸਰਕਾਰ ਦੁਆਰਾ ਚਲਾਇਆ ਜਾਂਦਾ ਹੈ। ਇਸੇ ਲਈ ਇਹਨਾਂ ਨੂੰ ਕੇਂਦਰੀ ਪ੍ਰਸ਼ਾਸਤ ਖੇਤਰ ਕਹਿੰਦੇ ਹਨ।

ਰਾਜਾਂ ਦੇ ਸ਼ਾਸਨ ਪ੍ਰਬੰਧ ਨੂੰ ਕੁਸ਼ਲਤਾ ਤੇ ਅਸਾਨੀ ਨਾਲ਼ ਚਲਾਉਣ ਲਈ ਰਾਜਾਂ ਨੂੰ ਜ਼ਿਲ੍ਹਿਆਂ ਵਿੱਚ ਵੰਡਿਆ ਜਾਂਦਾ ਹੈ। ਜ਼ਿਲ੍ਹਿਆਂ ਦੇ ਰਾਜ ਪ੍ਰਬੰਧ ਨੂੰ ਚਲਾਉਣ ਵਾਲ਼ੀ ਇਕਾਈ ਨੂੰ ਜ਼ਿਲ੍ਹਾ ਪ੍ਰਬੰਧ ਕਿਹਾ ਜਾਂਦਾ ਹੈ। ਪਿੰਡਾਂ ਦੀ ਪੇਂਡੂ ਸਥਾਨਕ ਸਰਕਾਰ (ਪੰਚਾਇਤੀ ਰਾਜ) ਅਤੇ ਸ਼ਹਿਰੀ ਸਥਾਨਕ ਸਰਕਾਰ ਜ਼ਿਲ੍ਹਾ-ਪ੍ਰਬੰਧ ਦੇ ਅਧੀਨ ਹਨ।

### ਰਾਜ ਦਾ ਰਾਜ-ਪ੍ਰਬੰਧ




ਅੱਜ-ਕਲ੍ਹ ਸਾਡੇ ਰਾਜ ਪੰਜਾਬ ਦੇ ਪ੍ਰਬੰਧਕੀ ਕੰਮਾਂ ਨੂੰ ਠੀਕ ਤਰ੍ਹਾਂ ਚਲਾਉਣ ਲਈ 23 ਜ਼ਿਲ੍ਹਿਆਂ ਵਿੱਚ ਵੰਡਿਆ ਹੋਇਆ ਹੈ। ਦੇਸ਼ ਦੇ ਵਿਕਾਸ ਲਈ ਜ਼ਿਲ੍ਹੇ-ਪੱਧਰ ਤੇ ਵਧੀਆ ਸ਼ਾਸਨ ਪ੍ਰਬੰਧ ਹੋਣਾ ਬਹੁਤ ਜ਼ਰੂਰੀ ਹੈ ਕਿਉਂਕਿ ਜ਼ਿਲ੍ਹਾ, ਰਾਜ ਸਰਕਾਰ ਦੇ ਪ੍ਰਬੰਧਕੀ ਢਾਂਚੇ ਦੀ ਮਹੱਤਵਪੂਰਨ ਇਕਾਈ ਹੈ। ਜ਼ਿਲ੍ਹੇ ਦਾ ਰਾਜ ਪ੍ਰਬੰਧ ਹੇਠ ਲਿਖੇ ਪੱਧਰਾਂ ਤੋਂ ਚਲਾਇਆ ਜਾਂਦਾ ਹੈ।

(ੳ) ਜ਼ਿਲ੍ਹਾ-ਪੱਧਰ


(ਅ) ਤਹਿਸੀਲ-ਪੱਧਰ

(ੲ) ਸ਼ਹਿਰ/ਕਸਬਾ/ਪਿੰਡ-ਪੱਧਰ

ਜ਼ਿਲ੍ਹੇ ਦੇ ਰਾਜ-ਪ੍ਰਬੰਧ ਨੂੰ ਚਲਾਉਣ ਲਈ ਜ਼ਿਲ੍ਹਾ-ਪੱਧਰ ਤੇ ਵੱਖ-ਵੱਖ ਵਿਭਾਗਾਂ ਦੇ ਜ਼ਿਲ੍ਹਾ ਅਫ਼ਸਰ ਹੁੰਦੇ ਹਨ। ਇਹਨਾਂ ਨੂੰ ਜ਼ਿਲ੍ਹਾ ਪ੍ਰਬੰਧਕ ਕਿਹਾ ਜਾਂਦਾ ਹੈ। ਇਹ ਸਾਰੇ ਜ਼ਿਲ੍ਹਾ ਅਫ਼ਸਰ ਸਰਕਾਰੀ ਅਧਿਕਾਰੀ ਹੁੰਦੇ ਹਨ। ਇਹਨਾਂ ਦੇ ਅਧੀਨ ਹੋਰ ਵੀ ਕਈ ਕਮਰਚਾਰੀ ਕੰਮ ਕਰਦੇ ਹਨ।

ਜ਼ਿਲ੍ਹੇ ਦੇ ਪਬ੍ਰੰਧਕੀ ਕੰਮਾਂ ਨੂੰ ਨਿਭਾਉਣ ਲਈ ਸਭ ਤੋਂ ਉੱਚ ਅਧਿਕਾਰੀ ਡਿਪਟੀ ਕਮਿਸ਼ਨਰ ਹੁੰਦਾ ਹੈ। ਜਿਸਦੇ ਅਧੀਨ ਵਿਦਿਅਕ ਵਿਭਾਗ ਲਈ ਜ਼ਿਲ੍ਹਾ ਸਿੱਖਿਆ ਅਫ਼ਸਰ (ਡੀ. ਈ. ਓ.), ਜ਼ਿਲ੍ਹਾ ਟਰਾਂਸਪੋਰਟ ਅਫ਼ਸਰ (ਡੀ. ਟੀ. ਓ.) ਮੁੱਖ ਮੈਡੀਕਲ ਅਫ਼ਸਰ, (ਸੀ. ਐੱਮ. ਓ.), ਜ਼ਿਲ੍ਹਾ ਖੇਤੀਬਾੜੀ ਅਫ਼ਸਰ (ਡੀ. ਏ. ਓ.) ਅਤੇ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ (ਡੀ. ਪੀ. ਆਰ. ਓ.) ਆਦਿ ਹੁੰਦੇ ਹਨ। ਇਹ ਸਾਰੇ ਅਧਿਕਾਰੀ ਉਸ ਦੀ ਅਗਵਾਈ ਅਤੇ ਨਿਗਰਾਨੀ ਹੇਠ ਕੰਮ ਕਰਦੇ ਹਨ।

## ਜ਼ਿਲ੍ਹਾ ਪ੍ਰਬੰਧਕ





ਡਿਪਟੀ-ਕਮਿਸ਼ਨਰ ਜ਼ਿਲ੍ਹੇ ਦੇ ਵਿਕਾਸ ਲਈ ਵੱਖ-ਵੱਖ ਵਿਭਾਗਾਂ ਵਿੱਚ ਹੋ ਰਹੇ ਵਿਕਾਸ ਦੇ ਕੰਮਾਂ ਦੀ ਦੇਖ-ਭਾਲ਼ ਕਰਦਾ ਹੈ।

ਡਿਪਟੀ-ਕਮਿਸ਼ਨਰ ਪੇਂਡੂ ਸਥਾਨਕ ਸੰਸਥਾਵਾਂ (ਪੰਚਾਇਤੀ ਰਾਜ) ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਦੇ ਕੰਮਾਂ ਦੀ ਨਿਗਰਾਨੀ ਕਰਦਾ ਹੈ। ਜੇ ਕੋਈ ਸਥਾਨਕ ਸੰਸਥਾ ਠੀਕ ਤਰ੍ਹਾਂ ਕੰਮ ਨਾ ਕਰਦੀ ਹੋਵੇ ਤਾਂ ਉਹ ਰਾਜ ਸਰਕਾਰ ਨੂੰ ਅਜਿਹੀ ਸੰਸਥਾ ਨੂੰ ਭੰਗ ਕਰਨ ਦੀ ਸਲਾਹ ਵੀ ਦੇ ਸਕਦਾ ਹੈ।

### ਜ਼ਿਲ੍ਹਾ ਪ੍ਰਬੰਧਕਾਂ ਦੇ ਕੰਮ :

ਜ਼ਿਲ੍ਹਾ ਪ੍ਰਬੰਧਕਾਂ ਦਾ ਸਭ ਤੋਂ ਵੱਧ ਮਹੱਤਵਪੂਰਨ ਕੰਮ ਜ਼ਿਲ੍ਹੇ ਵਿੱਚ ਪੁਲੀਸ ਅਧਿਕਾਰੀਆਂ ਐੱਸ. ਐੱਸ. ਪੀ. ਅਤੇ ਡੀ. ਐੱਸ. ਪੀ. ਦੀ ਸਹਾਇਤਾ ਨਾਲ਼ ਅਮਨ ਸ਼ਾਂਤੀ ਕਾਇਮ ਕਰਨਾ ਹੈ। ਇਲਾਕੇ ਦੇ ਕਿਸਾਨਾਂ ਦੀ ਭੂਮੀ ਅਤੇ ਮਾਲੀਏ ਦਾ ਹਿਸਾਬ ਕਿਤਾਬ ਰੱਖਣਾ ਹੈ। ਸਾਰੇ ਜ਼ਿਲ੍ਹੇ ਦੇ ਲੋਕਾਂ ਦੀਆਂ ਸਹੂਲਤਾਂ ਜਿਵੇਂ ਕਿ ਸਿਹਤ, ਆਵਾਜਾਈ ਦੇ ਸਾਧਨ, ਸਰਕਾਰੀ ਇਮਾਰਤਾਂ ਅਤੇ ਸੜਕਾਂ ਦੀ ਦੇਖ-ਭਾਲ਼ ਆਦਿ ਦੇ ਸਾਰੇ ਕੰਮ ਜ਼ਿਲ੍ਹੇ-ਪੱਧਰ ਦੇ ਅਫ਼ਸਰਾਂ ਦੁਆਰਾ ਨਿਭਾਏ ਜਾਂਦੇ ਹਨ। ਜ਼ਿਲ੍ਹੇ ਦੇ ਵਿਕਾਸਕਾਰੀ ਕੰਮ ਡਿਪਟੀ-ਕਮਿਸ਼ਨਰ ਦੀ ਨਿਗਰਾਨੀ ਹੇਠ ਬਾਕੀ ਜ਼ਿਲ੍ਹਾ ਅਫ਼ਸਰਾਂ ਦੀ ਸਹਾਇਤਾ ਨਾਲ਼ ਕੀਤੇ ਜਾਂਦੇ ਹਨ।

ਜ਼ਿਲ੍ਹਾ ਪ੍ਰਬੰਧਕ




*ਚਿੱਤਰ 20.3*

ਜ਼ਿਲ੍ਹਾ ਪੱਧਰ 'ਤੇ ਨਿਆਂ ਪ੍ਰਬੰਧ ਦੇ ਲਈ ਨਿਆਂ ਪ੍ਰਬੰਧ ਵਿਵਸਥਾ ਕੀਤੀ ਗਈ ਹੈ। ਦੀਵਾਨੀ ਤੇ ਫ਼ੌਜਦਾਰੀ ਝਗੜਿਆਂ ਦਾ ਨਿਆਂ ਕਰਨ ਲਈ ਅਲੱਗ-ਅਲੱਗ ਅਦਾਲਤਾਂ ਹੁੰਦੀਆਂ ਹਨ। ਦੀਵਾਨੀ ਅਦਾਲਤ ਜਾਇਦਾਦ ਤੇ ਪੈਸੇ ਸੰਬੰਧੀ ਝਗੜਿਆਂ ਦਾ ਨਿਪਟਾਰਾ ਕਰਦੀ ਹੈ ਜਦਕਿ ਫ਼ੌਜਦਾਰੀ ਅਦਾਲਤ ਚੋਰੀ, ਕਤਲ ਤੇ ਲੜਾਈ ਝਗੜਿਆਂ ਦਾ ਨਿਰਣਾ ਕਰਦੀ ਹੈ। ਜ਼ਿਲ੍ਹੇ ਵਿੱਚ ਸੈਸ਼ਨ ਜੱਜ ਦੀ ਅਦਾਲਤ ਸਭ ਤੋਂ ਉੱਚੀ ਹੁੰਦੀ ਹੈ। ਇਹ ਦੀਵਾਨੀ ਤੇ ਫ਼ੌਜਦਾਰੀ ਅਦਾਲਤਾਂ ਦੇ ਕੰਮਾਂ ਦੀ ਦੇਖ-ਭਾਲ਼ ਕਰਦੀ ਹੈ। ਜ਼ਿਲ੍ਹੇ ਵਿੱਚ ਫ਼ੌਜਦਾਰੀ ਮੁਕੱਦਮੇ ਲਈ ਸਰਵਉੱਚ ਅਦਾਲਤ ਸੈਸ਼ਨ ਜੱਜ ਦੀ ਹੁੰਦੀ ਹੈ। ਦੀਵਾਨੀ ਮੁਕੱਦਮੇ ਦੇ ਨਿਆਂ ਕਰਦੇ ਸਮੇਂ ਸੈਸ਼ਨ ਜੱਜ ਨੂੰ ਜ਼ਿਲ੍ਹਾ ਜੱਜ ਕਿਹਾ ਜਾਂਦਾ ਹੈ।

ਇਸ ਪ੍ਰਕਾਰ ਪੰਚਾਇਤੀ ਰਾਜ ਦੀਆਂ ਸੰਸਥਾਵਾਂ, ਸ਼ਹਿਰੀ ਸਥਾਨਿਕ ਸੰਸਥਾਵਾਂ ਤੇ ਜ਼ਿਲ੍ਹਾ ਪੱਧਰ ਦੇ ਅਧਿਕਾਰੀ ਤੇ ਕਰਮਚਾਰੀ ਸਾਰੇ ਮਿਲਕੇ ਆਪਣੇ ਆਪਣੇ ਜ਼ਿਲ੍ਹਿਆਂ ਦੇ ਰਾਜਪ੍ਰਬੰਧ ਨੂੰ ਕੁਸ਼ਲਤਾ ਪੂਰਵਕ ਚਲਾਉਂਦੇ ਹਨ। ਇਸ ਤਰ੍ਹਾਂ ਕਰਨ ਨਾਲ ਲੋਕਤੰਤਰ ਰਾਜ ਵਿੱਚ ਰਾਜ ਸਰਕਾਰ ਤੇ ਕੇਂਦਰੀ ਸਰਕਾਰ ਦੇ ਕੰਮਾਂ ਦਾ ਬੋਝ ਘਟਾਇਆ ਜਾਂਦਾ ਹੈ। ਇਸ ਦੇ ਨਾਲ਼ ਹੀ ਦੇਸ ਵਾਸੀਆਂ ਨੂੰ ਦੇਸ ਦੀ ਰਾਜਨੀਤੀ ਦੇ ਬਾਰੇ ਵਿੱਚ ਸਿੱਖਿਆ ਮਿਲਦੀ ਹੈ ਜਿਸ ਨਾਲ਼ ਆਉਣ ਵਾਲ਼ੇ ਸਮੇਂ ਵਿੱਚ ਲੋਕਤੰਤਰ ਪ੍ਰਣਾਲੀ ਨੂੰ ਹੋਰ ਵੀ ਸਫਲ ਬਣਾਇਆ ਜਾ ਸਕਦਾ ਹੈ।

# ਸੜਕ ਸੁਰੱਖਿਆ

ਪਿਆਰੇ ਵਿਦਿਆਰਥੀਓ! ਪਿਛਲੀਆਂ ਜਮਾਤਾਂ ਵਿੱਚ ਤੁਸੀਂ ਸੜਕ 'ਤੇ ਚੱਲਣ ਦੇ ਨਿਯਮਾਂ ਅਤੇ ਸਾਈਕਲ ਚਲਾਉਣ ਬਾਰੇ ਕੁੱਝ ਸੜਕ ਨਿਯਮਾਂ ਦਾ ਅਧਿਐਨ ਕਰ ਚੁੱਕੇ ਹੋ। ਹੁਣ, ਤੁਹਾਨੂੰ ਸੜਕ ਨਿਯਮਾਂ ਨਾਲ਼ ਸੰਬੰਧਤ ਕੁਝ ਨਵੇਂ ਸ਼ਬਦਾਂ ਤੋਂ ਜਾਣੂ ਕਰਾਵਾਂਗੇ। ਜਿਨ੍ਹਾਂ ਵਿੱਚੋਂ ਬਹੁਤੇ ਸ਼ਬਦਾਂ ਦਾ ਸੰਬੰਧ ਸ਼ਹਿਰੀ ਵਿਕਾਸ ਨਾਲ਼ ਹੈ। ਤੁਸੀਂ ਇਸ ਜਮਾਤ ਵਿੱਚ ਪੇਂਡੂ ਅਤੇ ਸ਼ਹਿਰੀ ਸਮੁਦਾਇ ਦੇ ਵਿਕਾਸ ਬਾਰੇ ਪੜ੍ਹਿਆ ਹੈ। ਆਪਣੇ ਦੇਸ਼ ਦੇ ਵਧੇਰੇ ਵਿਦਿਆਰਥੀ ਭਾਵੇਂ ਪਿੰਡਾਂ ਵਿੱਚ ਰਹਿੰਦੇ ਹਨ, ਫਿਰ ਵੀ ਸਾਰਿਆਂ ਨੂੰ ਕਦੇ ਨਾ ਕਦੇ ਸ਼ਹਿਰਾਂ ਵਿੱਚ ਜਾਣਾ ਪੈਂਦਾ ਹੈ। ਇਸ ਲਈ ਤੁਹਾਨੂੰ ਹੇਠ ਲਿਖੇ ਕੁੱਝ ਜ਼ਰੂਰੀ ਸ਼ਬਦਾਂ ਬਾਰੇ ਜਾਣਕਾਰੀ ਦੇਵਾਂਗੇ :-

### 1. ਸੁਰੰਗ ਪੱਥ/ਭੂਮੀਗਤ ਰਸਤੇ (ਸਬ-ਵੇ)

ਸ਼ਹਿਰ ਵਿੱਚ ਕੁੱਝ ਸੜਕਾਂ ਨੂੰ ਪਾਰ ਕਰਨ ਲਈ ਪੈਦਲ ਚੱਲਣ ਵਾਲਿਆਂ ਨੂੰ ਮੁਸ਼ਕਲ ਆਉਂਦੀ ਹੈ। ਇਸ ਲਈ ਅਜਿਹੇ ਥਾਂਵਾਂ ਤੇ ਮੁੱਖ/ਅਸਲੀ ਸੜਕ ਦੇ ਹੇਠੋਂ ਦੀ ਇੱਕ ਸੁਰੰਗ ਕੱਢ ਕੇ ਇੱਕ ਸੜਕ ਮੁੱਖ ਸੜਕ ਨੂੰ ਪਾਰ ਕਰਨ ਲਈ ਬਣਾਈ ਜਾਂਦੀ ਹੈ, ਜਿਸ ਨੂੰ ਸਬ-ਵੇ ਕਿਹਾ ਜਾਂਦਾ ਹੈ।



*ਚਿੱਤਰ 20.4*

### 2. ਲਾਂਭਵੀ ਸੜਕ (ਬਾਇਪਾਸ ਸੜਕ)

ਵੱਡੇ ਸ਼ਹਿਰਾਂ ਦੇ ਅੰਦਰੋਂ ਦੀ ਲੰਘਕੇ ਅਗਲੇ ਕਿਸੇ ਵੱਡੇ ਸ਼ਹਿਰ ਵਿੱਚ ਪਹੁੰਚਣ ਲਈ ਸ਼ਹਿਰ ਦੇ ਬਾਹਰ-ਵਾਰ (ਲਾਂਭੇ ਜਾਂ ਹੱਟਣੀ) ਇੱਕ ਸੜਕ ਕੱਢ ਦਿੱਤੀ ਜਾਂਦੀ ਹੈ। ਇਸ ਨਾਲ਼ ਅਗਲੇ ਵੱਡੇ ਸ਼ਹਿਰ ਵਿੱਚ ਪਹੁੰਚਣ ਲਈ ਰਸਤਾ ਵੱਖਰਾ ਹੋ ਜਾਂਦਾ ਹੈ। ਇਸ ਦੇ ਨਾਲ਼ ਸਮੇਂ ਦੀ ਬੱਚਤ ਤੇ ਸ਼ਹਿਰ ਦੇ ਅੰਦਰ ਭੀੜ ਘੱਟਣ ਨਾਲ਼ ਸੜਕ ਦੁਰਘਟਨਾਵਾਂ ਨੂੰ ਘਟਾਇਆ ਜਾ ਸਕਦਾ ਹੈ। ਅਜਿਹੀ ਸੜਕ ਨੂੰ ਲਾਂਭਵੀ ਜਾਂ ਬਾਇਪਾਸ ਸੜਕ ਕਿਹਾ ਜਾਂਦਾ ਹੈ।

### 3. ਨੀਂਵੀਂ ਉਡਾਣ ਸੜਕ (ਫ਼ਲਾਈ ਓਵਰ )

ਕੁਝ ਵੱਡੇ ਸ਼ਹਿਰਾਂ ਵਿੱਚ ਵਧੇਰੇ ਭੀੜ ਵਾਲ਼ੀ ਸੜਕ ਦੀ ਭੀੜ ਘਟਾਉਣ ਲਈ ਉਪਰੋਂ ਦੀ ਇੱਕ ਹੋਰ ਸੜਕ ਬਣਾਈ ਜਾਂਦੀ ਹੈ, ਜਿਸ ਨੂੰ ਫ਼ਲਾਈਓਵਰ ਕਿਹਾ ਜਾਂਦਾ ਹੈ। ਅਜਿਹੀ ਸੜਕ ਵੀ ਸੜਕ ਸੁਰੱਖਿਆ ਲਈ ਜ਼ਰੂਰੀ ਹੁੰਦੀ ਹੈ। ਇਹ ਸੜਕ ਦੇ ਉਪਰੋਂ ਦੀ ਸੜਕ ਦਾ ਹੀ ਪੁੱਲ ਹੁੰਦਾ ਹੈ।



*ਚਿੱਤਰ 20.5*

### 4. ਸਲਿਪ ਰੋਡ (ਸਲਿਪ ਰੋਡ)

ਕੁਝ ਵੱਡੇ ਸ਼ਹਿਰਾਂ ਵਿੱਚ ਕਿਸੇ ਵੀ ਚੁਰਸਤੇ/ਚੌਂਕ ਦੇ ਚਾਰੇ ਪਾਸੇ ਤੋਂ ਮੁੜਨ ਵਾਸਤੇ ਛੋਟੀਆਂ ਸੜਕਾਂ ਕੱਢੀਆਂ ਜਾਂਦੀਆਂ ਹਨ। ਜਿਨ੍ਹਾਂ ਦੇ ਖੱਬੇ ਪਾਸੇ ਜਾਣ ਵਾਲ਼ੇ ਵਾਹਨ ਜਿਵੇਂ ਸਾਇਕਲ, ਰਿਕਸ਼ਾ ਅਤੇ ਰੇਹੜੇ ਆਦਿ ਚੁਰਾਹੇ 'ਤੇ ਪਹੁੰਚਣ ਤੋਂ ਪਹਿਲਾਂ ਹੀ ਖੱਬੇ ਵੱਲ ਮੁੜ ਸਕਦੇ ਹਨ। ਇਸ ਨਾਲ਼ ਚੌਂਕ ਤੇ ਭੀੜ ਘੱਟ ਜਾਂਦੀ ਹੈ। ਅਜਿਹੀਆਂ ਸੜਕਾਂ ਨੂੰ ਸਲਿੱਪ ਰੋਡ ਕਿਹਾ ਜਾਂਦਾ ਹੈ।



*ਚਿੱਤਰ 20.6*

### 5. ਲਿੰਕ ਰੋਡ/ਸੰਪਰਕ ਸੜਕਾਂ

ਹਰੇਕ ਰਾਜ ਵਿੱਚ ਵਧੇਰੇ ਪਿੰਡ, ਰਾਜ ਦੀਆਂ ਮੁੱਖ ਸੜਕਾਂ ਤੋਂ ਦੂਰ ਹੁੰਦੇ ਹਨ। ਇਹਨਾਂ ਪਿੰਡਾਂ ਨੂੰ ਮੁੱਖ ਸੜਕਾਂ ਨਾਲ਼ ਜੋੜਨ ਲਈ ਕੁਝ ਅਜਿਹੀਆਂ ਸੜਕਾਂ ਬਣਾਈਆਂ ਜਾਂਦੀਆਂ ਹਨ, ਜਿੰਨ੍ਹਾਂ ਨੂੰ ਲਿੰਕ ਰੋਡ ਕਿਹਾ ਜਾਂਦਾ ਹੈ।

### 6. ਸਾਇਕਲ ਟਰੈਕ

ਵੱਡੇ-ਵੱਡੇ ਸ਼ਹਿਰਾਂ ਵਿੱਚ ਸ਼ਹਿਰ ਦੇ ਅੰਦਰ ਦੀਆਂ ਮੁੱਖ ਸੜਕਾਂ ਦੇ ਨਾਲ਼-ਨਾਲ਼ ਸੜਕ ਦੇ ਦੋਵਾਂ ਪਾਸਿਆਂ ਤੇ ਸਾਇਕਲ ਅਤੇ ਰਿਕਸ਼ੇ ਚਲਾਉਣ ਵਾਲਿਆਂ ਲਈ ਵੱਖਰੇ ਰਸਤੇ ਬਣਾ ਦਿੱਤੇ

ਜਾਂਦੇ ਹਨ। ਜਿੰਨ੍ਹਾਂ ਤੇ ਮੋਟਰਵਾਹਨ ਨਹੀਂ ਚਲ ਸਕਦੇ। ਅਜਿਹੇ ਰਸਤਿਆਂ ਨੂੰ ਸਾਇਕਲ ਟਰੈਕ ਕਿਹਾ ਜਾਂਦਾ ਹੈ। ਚਾਹੇ ਸੜਕ ਉੱਤੇ ਵਾਹਨ ਚਾਲਕਾਂ ਦੀ ਸੁਰੱਖਿਆ ਲਈ ਸਖ਼ਤ ਨਿਯਮ ਬਣਾਏ



*ਚਿੱਤਰ 20.7 ਸਾਇਕਲ ਹਮੇਸ਼ਾਂ ਹੈਲਮੇਟ ਪਾ ਕੇ ਚਲਾਓ*

ਗਏ ਹਨ, ਫਿਰ ਵੀ ਸਾਇਕਲ ਇੱਕ ਛੋਟਾ ਤੇ ਹਲਕਾ ਵਾਹਨ ਹੋਣ ਕਰਕੇ ਇਸ ਨੂੰ ਚਲਾਉਣ ਵਾਲ਼ਿਆਂ ਲਈ ਸੜਕ ਉੱਪਰ ਸਭ ਤੋਂ ਵੱਧ ਖ਼ਤਰਾ ਹੈ। ਸਾਡੇ ਦੇਸ ਵਿੱਚ ਸਾਇਕਲ ਚਾਲਕਾਂ ਲਈ ਕੋਈ ਨਿਸ਼ਚਤ ਨਿਯਮ ਨਹੀਂ ਹਨ ਪਰ ਸਾਇਕਲ ਚਾਲਕਾਂ ਨੂੰ ਆਪਣੇ ਬਚਾਅ ਲਈ ਕੁੱਝ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ।

ਸਾਨੂੰ ਸਾਇਕਲ ਚਲਾਉਂਦੇ ਸਮੇਂ ਆਪਣੀ ਸੁਰੱਖਿਆ ਲਈ ਹੈਲਮੇਟ ਪਹਿਨਣਾ ਚਾਹੀਦਾ ਹੈ। ਭਾਵੇਂ ਸਾਡੇ ਦੇਸ ਵਿੱਚ ਹੈਲਮੇਟ ਪਹਿਨਣਾ ਜ਼ਰੂਰੀ ਨਹੀਂ ਹੈ ਪਰ ਕੈਨੇਡਾ ਦੇ ਰਾਜ (ਸੂਬੇ) ਔਨਟੇਰੀਓ ਵਿੱਚ 18 ਸਾਲ ਤੋਂ ਘੱਟ ਉਮਰ ਦੇ ਹਰ ਬੱਚੇ ਨੂੰ ਸਾਇਕਲ ਚਲਾਉਂਦੇ ਸਮੇਂ ਹੈਲਮੇਟ ਪਹਿਨਣਾ ਜ਼ਰੂਰੀ ਹੈ। ਸਾਨੂੰ ਆਪਣੇ ਸਾਇਕਲ ਦੀਆਂ ਬਰੇਕਾਂ ਤੇ ਘੰਟੀ ਠੀਕ ਹਾਲਤ ਵਿੱਚ ਰੱਖਣੇ ਚਾਹੀਦੇ ਹਨ ਤਾਂ ਕਿ ਲੋੜ ਪੈਣ ਤੇ ਵਰਤ ਸਕੀਏ। ਮੁੜਨ ਸਮੇਂ ਹੱਥ ਦਾ ਇਸ਼ਾਰਾ ਕਰਨਾ ਚਾਹੀਦਾ ਹੈ। ਕਾਰਾਂ, ਟਰੱਕਾਂ ਤੇ ਬੱਸਾਂ ਤੋਂ ਉਚਿਤ ਦੂਰੀ ਰੱਖ ਕੇ ਸਾਇਕਲ ਚਲਾਉਣੀ ਚਾਹੀਦੀ ਹੈ। ਸੁਰੱਖਿਅਤ ਰਹਿਣ ਲਈ ਜਿੱਥੇ ਕਿਤੇ ਸਾਇਕਲ ਟਰੈਕ ਬਣਿਆ ਹੋਵੇ ਉਸ ਦੀ ਵਰਤੋਂ ਕਰਨੀ ਚਾਹੀਦੀ ਹੈ।

## ਯਾਦ ਰੱਖਣ ਯੋਗ ਨੁਕਤੇ

1. ਸ਼ਹਿਰਾਂ ਵਿੱਚ ਸਥਾਨਿਕ ਸ਼ਾਸਨ ਪ੍ਰਬੰਧ ਲਈ ਨਗਰ ਪੰਚਾਇਤ, ਨਗਰ ਪ੍ਰੀਸ਼ਦ ਅਤੇ ਨਗਰ ਨਿਗਮ ਸੰਸਥਾਵਾਂ ਸਥਾਪਿਤ ਕੀਤੀਆਂ ਗਈਆਂ ਹਨ।
2. 20,000 ਦੀ ਵੱਸੋਂ ਤਕ ਦੇ ਕਸਬਿਆਂ ਵਿੱਚ ਨਗਰ ਪੰਚਾਇਤਾਂ ਸਥਾਪਿਤ ਕੀਤੀਆਂ ਗਈਆਂ ਹਨ।
3. 20,000 ਤੋਂ ਵੱਧ ਵੱਸੋਂ ਵਾਲੇ ਛੋਟੇ ਸ਼ਹਿਰਾਂ ਵਿੱਚ ਨਗਰ ਪ੍ਰੀਸ਼ਦਾਂ ਸਥਾਪਿਤ ਕੀਤੀਆਂ ਗਈਆਂ ਹਨ।
4. ਵੱਡੇ ਸ਼ਹਿਰਾਂ ਵਿੱਚ ਨਗਰ ਨਿਗਮ ਸਥਾਪਿਤ ਕੀਤੇ ਗਏ ਹਨ।
5. ਨਗਰ ਨਿਗਮ ਦੇ ਮੁੱਖੀ ਨੂੰ ਮੇਅਰ ਕਿਹਾ ਜਾਂਦਾ ਹੈ।
6. ਪੰਜਾਬ ਦੇ ਵੱਡੇ ਸ਼ਹਿਰਾਂ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਪਠਾਨਕੋਟ, ਫਗਵਾੜਾ, ਪਟਿਆਲਾ, ਬਠਿੰਡਾ, ਮੋਗਾ ਅਤੇ ਮੋਹਾਲੀ ਵਿਖੇ ਨਗਰ ਨਿਗਮ ਸਥਾਪਿਤ ਕੀਤੇ ਗਏ ਹਨ।
7. ਨਗਰ ਪੰਚਾਇਤ, ਨਗਰ ਪ੍ਰੀਸ਼ਦ ਅਤੇ ਨਗਰ ਨਿਗਮ ਦਾ ਕਾਰਜਕਾਲ 5 ਸਾਲ ਹੁੰਦਾ ਹੈ।
8. ਦੇਸ਼ ਦੀ ਕੇਂਦਰੀ ਸਰਕਾਰ, ਰਾਸ਼ਟਰੀ ਰਾਜਧਾਨੀ ਨਵੀ ਦਿੱਲੀ ਵਿਖੇ ਹੈ।
9. ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਹੈ।
10. ਡਿਪਟੀ ਕਮਿਸ਼ਨਰ ਜ਼ਿਲ੍ਹੇ ਦੇ ਪ੍ਰਬੰਧਕੀ ਕੰਮਾਂ ਨੂੰ ਨਿਭਾਉਣ ਲਈ ਸਭ ਤੋਂ ਉੱਚ-ਅਧਿਕਾਰੀ ਹੁੰਦਾ ਹੈ।

ਬਹੁ-ਚੋਣਵੇਂ ਪ੍ਰਸ਼ਨ -

**ਪ੍ਰਸ਼ਨ 1. ਸ਼ਹਿਰੀ ਸਥਾਨਕ ਸਰਕਾਰ ਦੀ ਮੁੱਢਲੀ ਸੰਸਥਾ ਦਾ ਕੀ ਨਾਂ ਹੈ?**

(1) ਨਗਰ ਨਿਗਮ (2) ਗ੍ਰਾਮ ਪੰਚਾਇਤ (3) ਨਗਰ ਪੰਚਾਇਤ

**ਪ੍ਰਸ਼ਨ 2. ਨਗਰ ਨਿਗਮ ਦੇ ਮੁਖੀ ਦੇ ਅਹੁਦੇ ਨੂੰ ਕੀ ਕਹਿੰਦੇ ਹਨ?**

(1) ਪ੍ਰਧਾਨ (2) ਮੇਅਰ (3) ਸਰਪੰਚ

**ਪ੍ਰਸ਼ਨ 3. ਨਗਰ ਨਿਗਮ ਦੇ ਕਾਰਜਕਾਰੀ ਅਧਿਕਾਰੀ ਨੂੰ ਕੀ ਕਹਿੰਦੇ ਹਨ?**

(1) ਸੁਪਰਡੈਂਟ (2) ਡਿਪਟੀ ਡਾਇਰੈਕਟਰ (3) ਕਮਿਸ਼ਨਰ

**ਪ੍ਰਸ਼ਨ 4. ਹੇਠ ਲਿਖਿਆਂ ਵਿੱਚੋਂ ਪੰਜਾਬ ਦੇ ਕਿਹੜੇ ਸ਼ਹਿਰ ਵਿੱਚ ਨਗਰ ਨਿਗਮ ਨਹੀਂ ਹੈ?**

(1) ਅੰਮ੍ਰਿਤਸਰ (2) ਪਟਿਆਲਾ (3) ਰੂਪਨਗਰ (4) ਲੁਧਿਆਣਾ (5) ਬਠਿੰਡਾ (6) ਜਲੰਧਰ

**ਪ੍ਰਸ਼ਨ 5. ਜ਼ਿਲ੍ਹਾ ਪ੍ਰਬੰਧ ਦੇ ਸੱਭ ਤੋਂ ਉੱਚ ਅਧਿਕਾਰੀ ਨੂੰ ਕੀ ਕਹਿੰਦੇ ਹਨ?**

(1) ਡੀ.ਈ.ਓ (2) ਐੱਸ ਐੱਸ ਪੀ (3) ਡੀ.ਪੀ. ਆਰ.ਓ (4) ਡਿਪਟੀ ਕਮਿਸ਼ਨਰ (5) ਸੀ.ਐੱਮ.ਓ

**ਪ੍ਰਸ਼ਨ 6. ਵੱਡੇ ਸ਼ਹਿਰਾਂ ਵਿੱਚ ਵਧੇਰੇ ਭੀੜ ਵਾਲੀ ਸੜਕ ਦੀ ਭੀੜ ਨੂੰ ਘਟਾਉਣ ਲਈ ਇਕ ਸੜਕ ਦੇ ਉੱਪਰੋਂ ਦੀ ਇਕ ਹੋਰ ਸੜਕ ਬਣਾਈ ਜਾਂਦੀ ਹੈ, ਇਸ ਸੜਕ ਨੂੰ ਕੀ ਕਹਿੰਦੇ ਹਨ।**

(1) ਸਾਇਕਲ ਰਿਕਸ਼ਾ ਟ੍ਰੈਕ (2) ਬਾਈ ਪਾਸ (3) ਭੂਮੀ ਗਤ ਮਾਰਗ (4) ਫਲਾਈ ਓਵਰ

(5) ਲਿੰਕ ਰੋਡ

# ਅਭਿਆਸ

**I. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :**

(1) ਆਜ਼ਾਦੀ ਪਿੱਛੋਂ ਹੋਏ ਸ਼ਹਿਰੀ ਵਿਕਾਸ ਬਾਰੇ ਸੰਖੇਪ ਨੋਟ ਲਿਖੋ।

(2) ਸ਼ਹਿਰੀ ਸਥਾਨਕ ਸੰਸਥਾਵਾਂ ਕਿਹੜੀਆਂ-ਕਿਹੜੀਆਂ ਹਨ ?

(3) ਨਗਰ-ਨਿਗਮ ਅਤੇ ਨਗਰ-ਪਾਲਿਕਾ ਦੀ ਚੋਣ ਲੜਨ ਲਈ ਕਿੰਨੀ ਉਮਰ ਹੋਣੀ ਜ਼ਰੂਰੀ ਹੈ ?

(4) ਨਗਰ-ਨਿਗਮ ਦੇ ਚਾਰ ਸਰਕਾਰੀ ਕਰਮਚਾਰੀਆਂ ਦੇ ਨਾਂ ਲਿਖੋ।

(5) ਸ਼ਹਿਰੀ ਸਥਾਨਕ ਸਰਕਾਰ ਦੀ ਆਮਦਨ ਦੇ ਕੋਈ ਚਾਰ ਸਾਧਨ ਦੱਸੋ।

(6) ਜ਼ਿਲ੍ਹਾ ਪ੍ਰਬੰਧ ਦਾ ਮੁਖੀਆ ਕੌਣ ਹੁੰਦਾ ਹੈ ?

(7) ਸ਼ਹਿਰੀ ਸਥਾਨਕ ਸਰਕਾਰ ਪ੍ਰਤੀ ਤੁਹਾਡੇ ਕੀ ਫਰਜ਼ ਹਨ ?

(8) ਨਗਰ-ਪਾਲਿਕਾ/ਨਗਰ-ਨਿਗਮ ਦੇ ਕੋਈ ਦੋ ਕੰਮ ਲਿਖੋ।

(9) ਸ਼ਹਿਰੀ ਸਥਾਨਕ ਸਰਕਾਰ ਦੇ ਕੋਈ ਦੋ ਜ਼ਰੂਰੀ ਕੰਮ ਲਿਖੋ।

(10) ਸੜਕ 'ਤੇ ਸਾਇਕਲ ਚਲਾਉਣ ਸਮੇਂ ਹੈਲਮੇਟ ਕਿਉਂ ਪਾਉਣਾ ਚਾਹੀਦਾ ਹੈ ?

**II. ਹੇਠ ਲਿਖੇ ਖ਼ਾਲੀ ਸਥਾਨ ਭਰੋ :**

(1) ਨਗਰ ਪੰਚਾਇਤ .................... ਵਿੱਚ ਬਣਾਈ ਜਾਂਦੀ ਹੈ।

(2) ਸ਼ਹਿਰੀ ਸਥਾਨਕ ਸਰਕਾਰ ਦੇ ਕੰਮਾਂ ਦੀ ਦੇਖ-ਭਾਲ .................... ਕਰਦੀ ਹੈ।

(3) ਨਗਰ-ਪਾਲਿਕਾ/ਨਗਰ-ਨਿਗਮ ਦੀ ਚੋਣ ਲੜਨ ਲਈ ਘਟੋ-ਘੱਟ .................... ਸਾਲ ਅਤੇ ਵੋਟ ਪਾਉਣ ਲਈ .................... ਸਾਲ ਦੀ ਉਮਰ ਹੋਣੀ ਚਾਹੀਦੀ ਹੈ।

(4) ਪੇਂਡੂ ਤੋਂ ਸ਼ਹਿਰੀ ਖੇਤਰ ਵਿੱਚ ਬਦਲਦੇ ਇਲਾਕੇ ਨੂੰ .................... ਕਿਹਾ ਜਾਂਦਾ ਹੈ।

**III. ਹੇਠ ਲਿਖੇ ਵਾਕਾਂ ਵਿੱਚ ਠੀਕ (✓) ਜਾਂ ਗ਼ਲਤ (×) ਦੇ ਨਿਸ਼ਾਨ ਲਗਾਓ :**

(1) ਕੋਈ ਵਿਦੇਸ਼ੀ ਨਾਗਰਿਕ ਸਥਾਨਕ ਸਰਕਾਰ ਦੀ ਚੋਣ ਵਿੱਚ ਵੋਟ ਪਾ ਸਕਦਾ ਹੈ। ☐

(2) ਸਾਡੇ ਪੰਜਾਬ ਵਿੱਚ ਇਸ ਸਮੇਂ ਨੌਂ ਸ਼ਹਿਰਾਂ ਵਿੱਚ ਨਗਰ-ਨਿਗਮ ਹਨ। ☐

(3) ਪੰਜਾਬ ਵਿੱਚ ਨਗਰ-ਨਿਗਮ ਦੇ ਪ੍ਰਧਾਨ ਨੂੰ ਮੇਅਰ ਕਿਹਾ ਜਾਂਦਾ ਹੈ। ☐

(4) ਸਥਾਨਕ ਸਰਕਾਰੀ ਸੰਸਥਾਵਾਂ ਦੀ ਚੋਣ ਲੜਣ ਲਈ ਵੋਟਰ ਦੀ ਉਮਰ 18 ਸਾਲ ਹੁੰਦੀ ਹੈ। ☐

(5) ਜ਼ਿਲ੍ਹਾ ਪ੍ਰਬੰਧਕ, ਡਿਪਟੀ-ਕਮਿਸ਼ਨਰ ਦੀ ਨਿਗਰਾਨੀ ਹੇਠ ਕੰਮ ਕਰਦੇ ਹਨ। ☐

(6) ਜ਼ਿਲ੍ਹੇ ਪ੍ਰਬੰਧ ਦਾ ਮੁੱਖ ਸਰਕਾਰੀ ਅਧਿਕਾਰੀ ਡਿਪਟੀ ਕਮਿਸ਼ਨਰ ਨਹੀਂ ਹੈ। ☐

## ਗਤੀਵਿਧੀ

1. ਆਪਣੇ ਸ਼ਹਿਰ ਦੇ ਕਿਸੇ ਝੁੱਗੀ ਝੌਂਪੜੀ ਵਾਲ਼ੇ ਖੇਤਰ ਵਿੱਚ ਜਾ ਕੇ ਉੱਥੇ ਰਹਿੰਦੇ ਲੋਕਾਂ ਦੀਆਂ ਸਮੱਸਿਆਵਾਂ ਦੀ ਸੂਚੀ ਬਣਾਓ।
2. ਆਪਣੇ ਸ਼ਹਿਰ ਦੀ ਨਗਰ-ਪਾਲਿਕਾ/ਨਗਰ-ਨਿਗਮ ਦੇ ਦਫ਼ਤਰ ਵਿੱਖੇ ਜਾਓ, ਦੇਖੋ ਅਤੇ ਇਸ ਬਾਰੇ ਆਪਣੀ ਕਾਪੀ ਵਿੱਚ ਲਿਖੋ।
3. ਆਪਣੇ ਘਰ ਜਾਂ ਘਰ ਦੇ ਨੇੜੇ ਕਿਸੇ ਪਾਰਕ ਵਿੱਚ ਇੱਕ ਬੂਟਾ (ਪੌਦਾ) ਲਗਾਓ ਅਤੇ ਵੱਡਾ ਹੋਣ ਤੱਕ ਇਸ ਦੀ ਦੇਖ-ਭਾਲ਼ ਕਰੋ।

ਪਾਠ 21

# ਸਰਵਜਨਕ ਸੰਪਤੀ ਦੀ ਸੰਭਾਲ਼

ਸਾਡਾ ਦੇਸ਼ ਭਾਰਤ, ਦੁਨੀਆ ਦਾ ਸਭ ਤੋਂ ਵੱਡਾ ਵਸੋਂ ਪੱਖੋਂ ਲੋਕਤੰਤਰੀ ਦੇਸ਼ ਹੈ। ਇੱਥੇ ਦੀ ਸਰਕਾਰ ਲੋਕਤੰਤਰੀ ਹੈ। ਲੋਕਤੰਤਰੀ ਸਰਕਾਰ ਵਿੱਚ ਲੋਕ ਆਪਣੇ ਪ੍ਰਤੀਨਿੱਧ ਆਪ ਚੁਣਦੇ ਹਨ। ਚੁਣੇ ਹੋਏ ਪ੍ਰਤੀਨਿੱਧ ਸਰਕਾਰ ਬਣਾਉਂਦੇ ਹਨ। ਸਰਕਾਰ ਦੇ ਤਿੰਨ ਅੰਗ—ਵਿਧਾਨਪਾਲਿਕਾ, ਕਾਰਜਪਾਲਿਕਾ ਅਤੇ ਨਿਆਂਪਾਲਿਕਾ—ਕ੍ਰਮਵਾਰ ਕਾਨੂੰਨ ਬਣਾਉਣ, ਲਾਗੂ ਕਰਨ ਅਤੇ ਕਾਨੂੰਨ ਲਾਗੂ ਕੀਤੇ ਜਾਣ 'ਤੇ ਨਜ਼ਰ ਰੱਖਣ ਦਾ ਕੰਮ ਕਰਦੇ ਹਨ। ਅਜਿਹੀ ਸਰਕਾਰ ਵਧੇਰੇ ਕੰਮ ਲੋਕ ਭਲਾਈ ਲਈ ਕਰਦੀ ਹੈ।

ਨਾਗਰਿਕਾਂ ਦੇ ਸਰਵਪੱਖੀ ਵਿਕਾਸ ਲਈ ਉਹਨਾਂ ਦੇਸ਼ ਦੇ ਕਾਨੂੰਨ ਰਾਹੀਂ ਕੁਝ ਅਧਿਕਾਰ ਦਿੱਤੇ ਜਾਂਦੇ ਹਨ। ਜਿੰਨ੍ਹਾਂ ਦੀ ਵਰਤੋਂ ਕਰਦੇ ਹੋਏ ਨਾਗਰਿਕਾਂ ਨੂੰ ਕੁਝ ਫ਼ਰਜ਼ ਵੀ ਨਿਭਾਉਣੇ ਪੈਂਦੇ ਹਨ। ਕੁਝ ਫ਼ਰਜ਼ ਨਾਗਰਿਕਾਂ ਨੂੰ ਕਾਨੂੰਨੀ ਤੌਰ'ਤੇ ਲਾਜ਼ਮੀ ਨਿਭਾਉਣੇ ਪੈਂਦੇ ਹਨ ਪਰ ਕੁੱਝ ਸਾਡੇ ਨੈਤਿਕ ਫ਼ਰਜ਼ ਵੀ ਹੁੰਦੇ ਹਨ। ਆਪਣੇ ਦੇਸ ਦੀ ਸਰਬਸਾਂਝੀ ਸੰਪਤੀ ਦੀ ਸੰਭਾਲ਼ ਕਰਨਾ ਸਾਡਾ ਨੈਤਿਕ ਫਰਜ਼ ਹੈ।

ਲੋਕਤੰਤਰੀ ਸਰਕਾਰ ਦੇਸ਼ ਦੀ ਜਨਤਾ ਦੀ ਸਹੂਲਤ ਲਈ ਕੁਝ ਸਰਵਜਨਕ ਸੇਵਾਵਾਂ ਪ੍ਰਦਾਨ ਕਰਦੀ ਹੈ। ਲੋਕਾਂ ਦੀ ਸਹੂਲਤ ਲਈ ਸਰਕਾਰ-ਸਕੂਲ, ਸੜਕਾਂ, ਹਸਪਤਾਲ, ਬੱਸਾਂ, ਰੇਲ-ਗੱਡੀਆਂ, ਡਾਕਖ਼ਾਨੇ ਅਤੇ ਪਾਰਕਾਂ ਆਦਿ ਦਾ ਪ੍ਰਬੰਧ ਕਰਦੀ ਹੈ। ਇਹਨਾਂ ਸਾਰੀਆਂ ਸਹੂਲਤਾਂ ਦਾ ਸਹੀ ਲਾਭ ਉਠਾਉਣ ਲਈ ਇਹਨਾਂ ਨੂੰ ਸਾਂਭ ਕੇ ਵਰਤਣਾ ਸਾਡੀ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ। ਇਹ ਸਹੂਲਤਾਂ ਸਭ ਦੀਆਂ ਸਾਂਝੀਆਂ ਹਨ ਅਤੇ ਲੋਕਾਂ ਤੋਂ ਇਕੱਠੇ ਕੀਤੇ ਟੈਕਸਾਂ ਵਾਲ਼ੇ ਧਨ ਤੋਂ ਹੀ ਬਣਾਈਆਂ ਜਾਂਦੀਆਂ ਹਨ।


ਸਾਂਝੀਆਂ ਸਹੂਲਤਾਂ ਤੋਂ ਇਲਾਵਾ ਪਰਿਵਾਰ ਵਿੱਚ ਰਹਿੰਦੇ ਹੋਏ, ਪਰਿਵਾਰ ਦੇ ਸਾਰੇ ਮੈਂਬਰਾਂ ਦੀਆਂ ਕੁਝ ਨਿੱਜੀ ਵਸਤਾਂ ਵੀ ਹੁੰਦੀਆਂ ਹਨ ਜਿਵੇਂ ਕਿ ਹਰੇਕ ਬੱਚੇ ਦੇ ਨਿੱਜੀ ਕੱਪੜੇ, ਕਿਤਾਬਾਂ, ਵਰਦੀ, ਕਾਪੀਆਂ, ਪੈੱਨ-ਪੈੱਨਸਿਲ ਅਤੇ ਕਿਤਾਬਾਂ ਆਦਿ। ਤੁਸੀਂ ਸਾਰੇ ਹੀ ਆਪਣੀਆਂ ਇਹਨਾਂ ਨਿੱਜੀ ਵਸਤਾਂ ਨੂੰ ਸੰਭਾਲਕੇ ਰੱਖਦੇ ਹੋ। ਇਹਨਾਂ ਉੱਤੇ ਤੁਹਾਡਾ ਆਪਣਾ ਅਧਿਕਾਰ ਹੈ। ਤੁਹਾਡੀਆਂ ਇਹ ਚੀਜ਼ਾਂ ਤੁਹਾਡੀ ਮਰਜ਼ੀ ਤੋਂ ਬਿਨਾਂ ਕੋਈ ਨਹੀਂ ਵਰਤ ਸਕਦਾ। ਨਾ ਹੀ ਇਹਨਾਂ ਨੂੰ ਕੋਈ ਖ਼ਰਾਬ ਕਰ

ਸਕਦਾ ਹੈ। ਇਹ ਸਾਰੀਆਂ ਚੀਜ਼ਾਂ ਤੁਹਾਡੀ ਨਿੱਜੀ ਸੰਪਤੀ ਹਨ। ਇਸ ਲਈ ਇਹਨਾਂ ਦੇ ਗਵਾਚਣ ਜਾਂ ਖ਼ਰਾਬ ਹੋਣ ਤੇ ਤੁਹਾਡਾ ਆਪਣਾ ਨੁਕਸਾਨ ਹੁੰਦਾ ਹੈ।



ਚਿੱਤਰ 21.1 ਨਿੱਜੀ ਸੰਪਤੀ

ਨਿੱਜੀ ਸੰਪਤੀ ਦੀ ਤਰ੍ਹਾਂ ਹੀ ਕੁਝ ਚੀਜ਼ਾਂ ਜਿਵੇਂ ਕਿ ਘਰ, ਸਕੂਟਰ, ਕਾਰ, ਟੈਲੀਵਿਜ਼ਨ ਅਤੇ ਫਰਨੀਚਰ (ਕੁਰਸੀ, ਮੇਜ਼, ਅਲਮਾਰੀਆਂ) ਆਦਿ ਪਰਿਵਾਰਿਕ ਸੰਪਤੀ ਹਨ। ਘਰ ਦੇ ਸਾਰੇ ਮੈਂਬਰ ਇਹਨਾਂ ਚੀਜ਼ਾਂ ਨੂੰ ਸੰਭਾਲ਼ ਕੇ ਰੱਖਦੇ ਹਨ। ਜੇਕਰ ਇਹਨਾਂ ਵਿੱਚੋਂ ਕੋਈ ਚੀਜ਼ ਗੁਆਚ ਜਾਵੇ ਜਾਂ ਖ਼ਰਾਬ ਹੋ ਜਾਵੇ ਤਾਂ ਤੁਹਾਡੇ ਮਾਤਾ-ਪਿਤਾ ਜੀ ਦੇ ਧਨ ਦਾ ਨੁਕਸਾਨ ਹੁੰਦਾ ਹੈ। ਤੁਹਾਡੇ ਪਿਤਾ ਜੀ ਨੂੰ ਪੈਸੇ ਖਰਚ ਕੇ ਨਵੀਆਂ ਖਰੀਦਣੀਆਂ ਪੈਂਦੀਆਂ ਹਨ। ਇਸ ਲਈ ਪਰਿਵਾਰਿਕ ਸੰਪਤੀ ਨੂੰ ਸੰਭਾਲਣਾ ਘਰ ਦੇ ਸਾਰੇ ਮੈਂਬਰਾਂ ਦੀ ਸਾਂਝੀ ਜ਼ਿੰਮੇਵਾਰੀ ਹੈ।



ਚਿੱਤਰ 21.2 ਪਰਿਵਾਰਿਕ ਸੰਪਤੀ

ਨਿੱਜੀ ਸੰਪਤੀ ਅਤੇ ਪਰਿਵਾਰਿਕ ਸੰਪਤੀ ਤੋਂ ਬਿਨਾਂ ਸਾਰੇ ਸਮਾਜ ਦੀਆਂ ਸਾਂਝੀਆਂ ਇਮਾਰਤਾਂ ਅਤੇ ਸਹੂਲਤਾਂ ਵੀ ਹੁੰਦੀਆਂ ਹਨ ਜਿਨ੍ਹਾਂ ਨੂੰ ਸਰਬਸਾਂਝੀ ਸੰਪਤੀ ਕਿਹਾ ਜਾਂਦਾ ਹੈ।

ਸਰਬਸਾਂਝੀ ਸੰਪਤੀ ਤੋਂ ਭਾਵ ਹੈ ਸਾਰਿਆਂ ਦੀ ਸਾਂਝੀ ਸੰਪਤੀ। ਇਹ ਸੰਪਤੀ ਸਰਕਾਰ ਦੁਆਰਾ ਦੇਸ ਦੇ ਨਾਗਰਿਕਾਂ ਕੋਲੋਂ ਧਨ ਇਕੱਠਾ ਕਰਕੇ ਲੋਕਾਂ ਦੀ ਸਹੂਲਤ ਲਈ ਬਣਾਈ ਜਾਂਦੀ ਹੈ।


ਸਕੂਲ, ਬੱਸਾਂ, ਰੇਲ ਗੱਡੀਆਂ, ਹਸਪਤਾਲ, ਡਾਕਖਾਨੇ ਆਦਿ ਸੰਸਥਾਵਾਂ ਅਤੇ ਸਹੂਲਤਾਂ ਦੀ ਵਰਤੋਂ ਹਜ਼ਾਰਾਂ, ਲੱਖਾਂ ਦੇਸ ਵਾਸੀ ਕਰਦੇ ਹਨ। ਇਹ ਸਹੂਲਤਾਂ ਸਰਕਾਰ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

**ਸਰਵਜਨਕ ਸੰਪਤੀ ਦੀਆਂ ਕਿਸਮਾਂ ਅਤੇ ਸੰਭਾਲ :**

ਸਰਵਜਨਕ ਸੰਪਤੀ ਦੋ ਤਰ੍ਹਾਂ ਦੀ ਹੁੰਦੀ ਹੈ :

1. ਸਰਵਜਨਕ ਸੰਸਥਾਵਾਂ/ਸੇਵਾਵਾਂ
2. ਇਤਿਹਾਸਕ ਇਮਾਰਤਾਂ ਜਾਂ ਸਮਾਰਕ

ਮਨੁੱਖ ਦੀਆਂ ਰੋਜ਼ ਵਰਤੋਂ ਦੀਆਂ ਲੋੜੀਂਦੀਆਂ ਚੀਜ਼ਾਂ ਜਿਹਾ ਕਿ ਬਿਜਲੀ, ਪਾਣੀ, ਸੜਕਾਂ, ਹਸਪਤਾਲ, ਸਕੂਲ ਅਤੇ ਪਾਰਕ ਆਦਿ ਹਨ ਜੋ ਕਿ ਆਧੁਨਿਕ ਤਕਨੀਕੀ ਯੁੱਗ ਵਿੱਚ ਨਾਗਰਿਕਾਂ ਦੀਆਂ ਘੱਟੋ-ਘੱਟ ਜ਼ਰੂਰਤਾਂ ਹਨ। ਇਹ ਸਭ ਸੇਵਾਵਾਂ ਸਾਨੂੰ ਸਾਰਿਆਂ ਨੂੰ ਸਰਕਾਰ ਦੁਆਰਾ ਪ੍ਰਦਾਨ




*ਚਿੱਤਰ **21.3** ਸਰਵਜਨਕ ਸੇਵਾਵਾਂ*

ਕੀਤੀਆਂ ਜਾਂਦੀਆਂ ਹਨ ਇਨ੍ਹਾਂ ਨੂੰ ਲੋਕ ਉਪਯੋਗੀ (ਸਰਵਜਨਕ) ਸੇਵਾਵਾਂ ਕਿਹਾ ਜਾਂਦਾ ਹੈ।

ਜਿਸ ਤਰ੍ਹਾਂ ਤੁਹਾਡੀ ਕਿਸੇ ਨਿੱਜੀ ਚੀਜ਼ ਦੇ ਗੁਆਚਣ ਜਾਂ ਖ਼ਰਾਬ ਹੋਣ ਨਾਲ਼ ਤੁਹਾਡਾ ਨਿੱਜੀ ਅਤੇ ਪਰਿਵਾਰਿਕ ਨੁਕਸਾਨ ਹੁੰਦਾ ਹੈ। ਇਸੇ ਤਰ੍ਹਾਂ ਕੁੱਝ ਲੋਕ ਸਰਵਜਨਕ-ਸੰਪਤੀ ਦੀਆਂ ਲੋਕ ਉਪਯੋਗੀ ਸੰਸਥਾਵਾਂ ਨੂੰ ਜਾਣੇ ਅਣਜਾਣੇ ਨੁਕਸਾਨ ਪਹੁੰਚਾਉਂਦੇ ਜਾਂ ਖ਼ਰਾਬ ਕਰਦੇ ਹਨ। ਜਿਸ ਨਾਲ਼ ਤੁਹਾਡਾ, ਤੁਹਾਡੇ ਪਰਿਵਾਰ ਦਾ ਅਤੇ ਮੋਟੇ ਤੌਰ 'ਤੇ ਸਾਰੇ ਦੇਸ਼ ਦਾ ਆਰਥਿਕ ਅਤੇ ਸਮਾਜਿਕ ਨੁਕਸਾਨ ਹੁੰਦਾ ਹੈ।

## (ੳ) ਸਰਵਜਨਕ ਸੰਸਥਾਵਾਂ/ਸੇਵਾਵਾਂ ਦੀ ਸੰਭਾਲ :

ਕੁਝ ਲੋਕ, ਲੋਕ-ਉਪਯੋਗੀ ਸੇਵਾਵਾਂ ਭਾਵ ਸਰਵਜਨਕ ਸੰਸਥਾਵਾਂ ਦਾ ਸਹੀ ਢੰਗ ਨਾਲ਼ ਉਪਯੋਗ ਨਹੀਂ ਕਰਦੇ। ਕਈ ਵਾਰੀ ਉਹ ਸਰਕਾਰ ਵਿਰੁੱਧ ਆਪਣੇ ਰੋਸ ਦਾ ਪ੍ਰਗਟਾਵਾ ਬੱਸਾਂ, ਗੱਡੀਆਂ ਜਾਂ ਸਾਂਝੀਆਂ ਸੰਸਥਾਵਾਂ ਨੂੰ ਭੰਨ ਤੋੜਕੇ ਜਾਂ ਸਾੜ ਕੇ ਕਰਦੇ ਹਨ  ਜਿਸ ਨਾਲ਼ ਬਾਕੀ ਸਾਰੇ ਲੋਕਾਂ ਦੇ ਸਮੇਂ ਅਤੇ ਧਨ ਦਾ ਨੁਕਸਾਨ ਹੁੰਦਾ ਹੈ। ਲੋਕ-ਉਪਯੋਗੀ ਸੇਵਾਵਾਂ ਨੂੰ ਖ਼ਰਾਬ ਜਾਂ ਤਬਾਹ ਕਰਨਾ ਨੈਤਿਕ ਅਤੇ ਕਾਨੂੰਨੀ ਜੁਰਮ ਹੈ। ਇਹਨਾਂ ਦੀ ਸੰਭਾਲ਼ ਅਤੇ ਦੇਖ-ਭਾਲ਼ ਕਰਨਾ ਸਾਡੀ ਸਾਰਿਆਂ ਦੀ ਮਹੱਤਵਪੂਰਨ ਜ਼ਿੰਮੇਵਾਰੀ ਹੈ।



**ਚਿੱਤਰ 21.4** *ਪਾਣੀ ਅਜ਼ਾਈਂ ਨਾ ਗਵਾਓ*

ਦੇਸ਼ ਦੇ ਨਾਗਰਿਕਾਂ ਨੂੰ ਹੇਠ ਲਿਖੀਆਂ ਕੁੱਝ ਸਰਵਜਨਕ ਸੰਸਥਾਵਾਂ ਜਾਂ ਸੇਵਾਵਾਂ ਦਾ ਸਹੀ ਉਪਯੋਗ ਕਰਨ ਲਈ ਚਾਹੀਦਾ ਹੈ ਕਿ :

1. ਸਕੂਲ ਜਿੱਥੇ ਤੁਸੀਂ ਪੜ੍ਹਕੇ ਕਈ ਤਰ੍ਹਾਂ ਦੇ ਸਮਾਜਿਕ ਅਤੇ ਨੈਤਿਕ ਗੁਣ ਗ੍ਰਹਿਣ ਕਰਦੇ ਹੋ, ਇੱਕ ਮਹੱਤਵਪੂਰਨ ਸੰਸਥਾ ਹੈ। ਇਸ ਲਈ ਸਕੂਲ ਦੇ ਵਿੱਚ ਆਪਣੀ ਕਲਾਸ ਦੇ ਕਮਰੇ ਵਿੱਚ ਪਏ ਫ਼ਰਨੀਚਰ ਤੇ ਝਰੀਟਾਂ ਮਾਰਕੇ ਜਾਂ ਇੱਧਰ ਉੱਧਰ ਸੁੱਟਕੇ ਖ਼ਰਾਬ ਨਾ ਕਰੋ। ਖੇਡ ਦੇ ਮੈਦਾਨ ਵਿੱਚ ਪਏ ਗ਼ਮਲੇ ਅਤੇ ਕਿਆਰੀਆਂ ਵਿੱਚੋਂ ਫੁੱਲ ਨਾ ਤੋੜੋ। ਲਾਇਬਰੇਰੀ ਦੀਆਂ ਕਿਤਾਬਾਂ ਧਿਆਨ ਨਾਲ਼ ਪੜ੍ਹੋ, ਪੰਨੇ ਨਾ ਪਾੜੋ। ਸਕੂਲ ਵਿੱਚ ਪੀਣ ਵਾਲ਼ੇ ਪਾਣੀ ਦੀਆਂ ਫਜ਼ੂਲ ਵਗਦੀਆਂ ਟੂਟੀਆਂ ਨੂੰ ਫ਼ੌਰਨ ਬੰਦ ਕਰੋ। ਖੇਡਣ ਵਾਲ਼ੀਆਂ ਚੀਜ਼ਾਂ ਜਿਹਾ ਕਿ ਹਾਕੀ, ਫੁਟਬਾਲ ਅਤੇ ਝੂਲਿਆਂ ਨੂੰ ਨੁਕਸਾਨ ਨਾ ਪੁਚਾਓ।  ਇਨ੍ਹਾਂ ਸਭ ਚੀਜ਼ਾਂ ਨੂੰ ਖ਼ਰਾਬ ਕਰਨ ਨਾਲ਼ ਤੁਹਾਡੇ ਮਾਪਿਆਂ ਦਾ ਅਤੇ ਸਰਕਾਰ ਦਾ ਧਨ ਅਜ਼ਾਈਂ ਜਾਂਦਾ ਹੈ। ਇਹਨਾਂ ਨੂੰ ਸੰਭਾਲ਼ ਕੇ ਤੁਸੀਂ ਆਪਣੇ ਮਾਪਿਆਂ ਦੀ, ਸਰਕਾਰ ਦੀ ਅਤੇ ਦੇਸ ਦੀ ਸੇਵਾ ਕਰਦੇ ਹੋ।
2. ਸਰਕਾਰ ਦੁਆਰਾ ਦੇਸ਼ ਵਾਸੀਆਂ ਲਈ ਆਵਾਜਾਈ ਦੀਆਂ ਸਹੂਲਤਾਂ ਜਿਵੇਂ ਕਿ ਬੱਸਾਂ ਗੱਡੀਆਂ ਆਦਿ ਦਾ ਪ੍ਰਬੰਧ ਕੀਤਾ ਜਾਂਦਾ ਹੈ। ਇਨ੍ਹਾਂ ਵਾਹਨਾਂ ਨੂੰ ਕਿਸੇ ਤਰ੍ਹਾਂ ਦਾ ਨੁਕਸਾਨ ਨਾ ਪੁਚਾਓ। ਕਈ ਵਾਰੀ ਬੱਚੇ, ਬੱਸਾਂ ਦੀਆਂ ਸੀਟਾਂ ਪਾੜਕੇ ਜਾਂ ਝਰੀਟਾਂ ਮਾਰਕੇ ਜਾਂ ਕੁਝ ਨਾਗਰਿਕ ਆਪਣੀਆਂ ਮੰਗਾਂ ਮਨਵਾਉਣ ਲਈ ਬੱਸਾਂ ਜਾਂ ਗੱਡੀਆਂ ਨੂੰ ਅੱਗ ਲਗਾ ਕੇ ਸਾੜ ਦਿੰਦੇ ਹਨ। ਇਸ ਤਰ੍ਹਾਂ ਕਰਨ ਨਾਲ਼ ਹਰ ਰੋਜ਼ ਬੱਸਾਂ ਗੱਡੀਆਂ ਵਿੱਚ ਜਾਣ ਵਾਲ਼ੇ ਲੋਕਾਂ ਨੂੰ ਮੁਸ਼ਕਲ ਹੁੰਦੀ ਹੈ ਅਤੇ ਉਹਨਾਂ ਦਾ ਸਮਾਂ ਖ਼ਰਾਬ ਹੁੰਦਾ ਹੈ।
3. ਸੜਕਾਂ ਦੇ ਕਿਨਾਰੇ ਲੱਗੀਆਂ ਟਿਊਬਾਂ ਜਾਂ ਬਲਬਾਂ ਨੂੰ ਨੁਕਸਾਨ  ਨਹੀਂ ਪੁਚਾਉਣਾ ਚਾਹੀਦਾ। ਅਜਿਹਾ ਕਰਨ ਨਾਲ਼ ਰਾਤ ਸਮੇਂ ਲੋਕਾਂ ਨੂੰ ਮੁਸ਼ਕਲ ਆਉਂਦੀ ਹੈ ਅਤੇ ਸੜਕ ਹਾਦਸੇ ਵੀ ਵੱਧਦੇ ਹਨ।


4. ਬਾਗ਼, ਪਾਰਕਾਂ, ਚਿੜੀਆ-ਘਰਾਂ ਅਤੇ ਅਜਾਇਬ ਘਰਾਂ ਆਦਿ ਨੂੰ ਵੀ ਕੂੜਾ ਖਿਲਾਰਕੇ ਗੰਦਾ ਨਹੀਂ ਕਰਨਾ ਚਾਹੀਦਾ।
5. ਕਈ ਬੱਚੇ ਚਿੜੀਆ-ਘਰਾਂ ਵਿੱਚ ਜਾ ਕੇ ਜਾਨਵਰਾਂ ਨੂੰ ਤੰਗ ਕਰਦੇ ਹਨ। ਅਜਿਹਾ ਕਰਨ ਨਾਲ਼ ਸਾਡੇ ਕੁਦਰਤੀ ਅਤੇ ਮਨੁੱਖੀ ਵਾਤਾਵਰਨ ਦਾ ਨੁਕਸਾਨ ਹੁੰਦਾ ਹੈ।

*ਕੀ ਤੁਸੀਂ ਜਾਣਦੇ ਹੋ ?*

*ਪਾਰਕਾਂ, ਚਿੜੀਆਘਰਾਂ, ਜਾਨਵਰ ਅਤੇ ਰੁੱਖਾਂ ਨੂੰ ਨੁਕਸਾਨ ਪੁਚਾਉਣ ਨਾਲ਼ ਮਨੁੱਖੀ ਅਤੇ ਕੁਦਰਤੀ ਵਾਤਾਵਰਨ ਦਾ ਸੰਤੁਲਨ ਵਿਗੜਦਾ ਹੈ।*

### (ਅ) ਇਤਿਹਾਸਕ ਇਮਾਰਤਾਂ ਅਤੇ ਸਮਾਰਕਾਂ ਦੀ ਸੰਭਾਲ਼ :

ਭਾਰਤ ਇੱਕ ਵਿਸ਼ਾਲ ਦੇਸ ਹੈ ਅਤੇ ਇੱਥੋਂ ਦੀ ਸੱਭਿਆਚਾਰਕ ਸੰਸਕ੍ਰਿਤੀ ਬਹੁਪੱਖੀ ਹੈ। ਇਸੇ ਲਈ ਸਾਡੇ ਦੇਸ ਵਿੱਚ ਇਤਿਹਾਸਕ ਇਮਾਰਤਾਂ ਅਤੇ ਸਮਾਰਕ ਬਹੁਤ ਹਨ। ਜਿਹੜੀਆਂ ਸਾਨੂੰ ਆਪਣੇ ਅਮੀਰ ਸੱਭਿਆਚਾਰਕ ਵਿਰਸੇ ਅਤੇ ਸ਼ਾਨਦਾਰ ਪਿਛੋਕੜ ਦੀ ਯਾਦ ਦਿਵਾਉਂਦੀਆਂ ਹਨ।




ਕੁਤਬ ਮੀਨਾਰ, ਦਿੱਲੀ | ਗੋਲ ਗੁੰਬਦ, ਬੀਜਾਪੁਰ-ਕਰਨਾਟਕ | ਵਿਜੈ ਸਤੰਭ, ਚਿਤੌੜਗੜ੍ਹ

**ਚਿੱਤਰ 21.5**

ਕੁਝ ਪੁਰਾਣੀਆਂ ਇਤਿਹਾਸਕ ਇਮਾਰਤਾਂ, ਦਿੱਲੀ ਦਾ ਲਾਲ ਕਿਲ੍ਹਾ ਤੇ ਕੁਤੱਬ ਮੀਨਾਰ, ਆਗਰੇ ਦਾ ਤਾਜਮਹਲ, ਵਿਜੈ ਸਤੰਭ ਚਿਤੌੜਗੜ੍ਹ, ਗੋਲ਼ ਗੁਬੰਦ, ਬੀਜਾਪੁਰ (ਕਰਨਾਟਕ) ਅਤੇ ਅਜੰਤਾ-ਇਲੋਰਾ ਦੀਆਂ ਗੁਫ਼ਾਵਾਂ ਹਨ। ਪੂਰਬ ਅਤੇ ਦੱਖਣ ਵਿੱਚ ਸ਼ਾਨਦਾਰ ਮੰਦਰ ਭੁਵਨੇਸ਼ਵਰ, ਕੋਨਾਰਕ, ਖੁਜਰਾਹੋ, ਤਿੰਜੋਰ, ਮਦੁਰਾਇ ਅਤੇ ਮਹਾਂਬਲੀਪੁਰਮ ਵਿੱਚ ਹਨ। ਇਹ ਸਾਰੀਆਂ ਇਤਿਹਾਸਕ ਇਮਾਰਤਾਂ ਅਤੇ ਸਮਾਰਕ ਭਾਰਤੀ ਕਾਰੀਗਰੀ ਪੱਖੋਂ ਬਹੁਤ ਮਹੱਤਵਪੂਰਨ ਹਨ ਜੋ ਕਿ ਸਾਡੇ ਵੱਡੇ-

ਵਡੇਰਿਆਂ ਨੇ ਬਹੁਤ ਮਿਹਨਤ ਅਤੇ ਲਗਨ ਨਾਲ਼ ਤਿਆਰ ਕੀਤੀਆਂ ਸਨ। ਇਹ ਸਾਰੇ ਸਮਾਰਕ ਪ੍ਰਾਚੀਨ ਭਾਰਤ ਦੀ ਸੰਸਕ੍ਰਿਤੀ ਦਾ ਅਦੱਭੁਤ ਨਮੂਨਾ ਹਨ। ਕੁਝ ਇਤਿਹਾਸਕ ਸਮਾਰਕ, ਪ੍ਰਾਚੀਨ ਭਾਰਤ ਦੇ ਇਤਿਹਾਸ ਦਾ ਮੁੱਖ ਸੋਮਾ ਵੀ ਹਨ। ਇਹਨਾਂ ਇਮਾਰਤਾਂ ਅਤੇ ਕੁਝ ਇਤਿਹਾਸਕ ਸਤੰਭਾਂ 'ਤੇ ਬਣੀਆਂ ਤਸਵੀਰਾਂ ਅਤੇ ਭਾਸ਼ਾਵਾਂ ਤੋਂ ਸਾਡੇ ਦੇਸ਼ ਦਾ ਇਤਿਹਾਸ ਉਘੜਦਾ ਹੈ।

ਸਾਨੂੰ ਸਾਰਿਆਂ ਨੂੰ ਇਹਨਾਂ ਦੀ ਸੰਭਾਲ਼ ਲਈ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ :

(1) ਇਤਿਹਾਸਕ ਇਮਾਰਤਾਂ 'ਤੇ ਲਾਈਨਾਂ ਮਾਰ ਕੇ ਜਾਂ ਆਪਣੇ ਨਾਂ ਲਿਖ ਕੇ ਖ਼ਰਾਬ ਨਾ ਕਰੋ।

(2) ਇਹਨਾਂ ਸਮਾਰਕਾਂ ਦੇ ਕੋਲ਼ ਕੂੜਾ ਕਰਕਟ ਨਾ ਖਿਲਾਰੋ।

(3) ਕੁਝ ਨਾਸਮਝ ਲੋਕ ਮੰਦਰਾਂ ਜਾ ਅਜਾਇਬ ਘਰਾਂ ਵਿੱਚੋਂ ਕਈ ਤਰ੍ਹਾਂ ਦਾ ਕੀਮਤੀ ਸਮਾਨ ਜਾਂ ਮੂਰਤੀਆਂ ਚੁੱਕ ਕੇ ਲੈ ਜਾਂਦੇ ਹਨ ਜੋ ਕਿ ਨੈਤਿਕ ਜੁਰਮ ਹੈ।

ਸਾਡੇ ਦੇਸ ਵਿੱਚ ਬਹੁਤ ਸਾਰੀਆਂ ਇਤਿਹਾਸਕ ਯਾਦਗਾਰਾਂ ਲੁਕੀਆਂ ਅਤੇ ਬੇਧਿਆਨੀਆਂ ਪਈਆਂ ਹਨ। ਇਹਨਾਂ ਸਭ ਦੀ ਸੰਭਾਲ਼ ਅਤੇ ਸੁਰੱਖਿਆ ਲਈ ਸਥਾਨਕ ਲੋਕਾਂ ਨੂੰ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਅਜਿਹੀਆਂ ਸਮਾਰਕਾਂ ਜਾਂ ਇਮਾਰਤਾਂ ਜਿਸ ਵੀ ਇਲਾਕੇ ਵਿੱਚ ਹੋਣ, ਉੱਥੇ ਦੇ ਲੋਕਾਂ ਦੁਆਰਾ ਸੰਭਾਲਣ ਦੀ ਜ਼ਿੰਮੇਵਾਰੀ ਬਣਦੀ ਹੈ ਕਿਉਂਕਿ ਇਹ ਸਮਾਰਕਾਂ ਅਤੇ ਇਮਾਰਤਾਂ ਦੇਸ਼ ਦੇ ਪ੍ਰਾਚੀਨ ਇਤਿਹਾਸ ਦੀ ਭਵਨ-ਕਲਾ ਦੇ ਵਿਕਾਸ ਅਤੇ ਧਾਰਮਿਕ ਸਿੱਖਿਆਵਾਂ ਦੇ ਚਾਨਣ ਮੁਨਾਰਿਆਂ ਦੀ ਤਰ੍ਹਾਂ ਹਨ।

*ਕੀ ਤੁਸੀਂ ਜਾਣਦੇ ਹੋ ?*

*ਇਤਿਹਾਸਕ ਸਮਾਰਕ ਸਾਡੇ ਸੱਭਿਆਚਾਰਕ ਵਿਰਸੇ ਦੇ ਪ੍ਰਤੀਕ ਹਨ।*

ਸੰਨ 1958 ਵਿੱਚ ਭਾਰਤ ਸਰਕਾਰ ਦੁਆਰਾ ਸਮਾਰਕਾਂ ਦੀ ਸੰਭਾਲ਼ ਲਈ ਇੱਕ ਕਾਨੂੰਨ ਬਣਾਇਆ ਗਿਆ ਜਿਸ ਦੇ ਅਧੀਨ ਇਹਨਾਂ ਨੂੰ ਖ਼ਰਾਬ ਕਰਨ ਵਾਲ਼ਿਆਂ ਨੂੰ ਸਜਾ ਦਿੱਤੀ ਜਾ ਸਕਦੀ ਹੈ ਪਰੰਤੂ ਜਦੋ ਤੱਕ ਸਥਾਨਕ ਲੋਕ ਇਹਨਾਂ ਦੀ ਰੱਖਿਆ ਅਤੇ ਸੰਭਾਲ਼ ਕਰਨਾ ਆਪਣੀ ਜ਼ਿੰਮੇਵਾਰੀ ਨਹੀਂ ਸਮਝਦੇ, ਸਰਕਾਰ ਇਹਨਾਂ ਦੀ ਨਿਗਰਾਨੀ ਸਖ਼ਤੀ ਨਾਲ਼ ਨਹੀਂ ਕਰ ਸਕਦੀ।

ਹਰੇਕ ਜ਼ਿੰਮੇਵਾਰ ਭਾਰਤੀ ਨਾਗਰਿਕ ਦਾ ਫ਼ਰਜ਼ ਹੈ ਕਿ ਸਰਵਜਨਕ ਸੇਵਾਵਾਂ ਅਤੇ ਇਤਿਹਾਸਕ ਇਮਾਰਤਾਂ ਤੇ ਸਮਾਰਕਾਂ ਦੀ ਦੇਖ-ਭਾਲ਼ ਵਿੱਚ ਵੱਧ ਤੋਂ ਵੱਧ ਯੋਗਦਾਨ ਪਾ ਕੇ ਸਰਕਾਰ ਨੂੰ ਮਿਲਵਰਤਨ ਦੇਣ ਕਿਉਂਕਿ ਇਹ ਸਾਡੀ ਰਾਸ਼ਟਰੀ ਸੰਪਤੀ ਹੈ। ਅਜਿਹਾ ਕਰਨ ਨਾਲ਼ ਸਾਡੇ ਇਤਿਹਾਸ ਦੀਆਂ ਇਹਨਾਂ ਬਚੀਆਂ ਖੁਚੀਆਂ ਨਿਸ਼ਾਨੀਆਂ ਨੂੰ ਆਉਣ ਵਾਲ਼ੀਆਂ ਪੀੜ੍ਹੀਆਂ ਲਈ ਸਾਂਭ ਕੇ ਰੱਖਿਆ ਜਾ ਸਕਦਾ ਹੈ।

ਵਿਦਿਆਰਥੀਆਂ ਨੂੰ ਵੀ ਇਹ ਸਮਝਣਾ ਚਾਹੀਦਾ ਹੈ ਕਿ ਸਰਕਾਰ ਕੋਲੋਂ ਆਪਣੀਆਂ ਮੰਗਾਂ ਸ਼ਾਂਤਮਈ ਢੰਗ ਨਾਲ਼ ਵੀ ਮਨਾਈਆਂ ਜਾ ਸਕਦੀਆਂ ਹਨ। ਸਰਵਜਨਕ ਸੰਪਤੀ ਦੀ ਤਬਾਹੀ ਨਾਲ਼ ਕਿਸੇ ਹੋਰ ਦਾ ਨਹੀਂ ਸਗੋਂ ਸਾਡੇ ਦੇਸ ਵਾਸੀਆਂ ਭਾਵ ਸਾਡਾ ਸਾਰਿਆਂ ਦਾ ਹੀ ਨੁਕਸਾਨ ਹੁੰਦਾ ਹੈ। ਇਹ ਸੰਪਤੀ ਸਰਕਾਰ ਦੀ ਨਹੀਂ ਸਗੋਂ ਸਾਡੀ ਸਾਰਿਆਂ ਦੀ ਆਪਣੀ ਹੈ। ਇਸ ਲਈ ਸਾਨੂੰ ਆਪਣੇ ਵੱਡੇ-ਵਡੇਰਿਆਂ ਤੋਂ ਪ੍ਰਾਪਤ ਕੀਤੀ ਇਤਿਹਾਸਕ ਸੰਪਤੀ (ਸਮਾਰਕਾਂ ਅਤੇ ਇਮਾਰਤਾਂ) ਅਤੇ ਹੋਰ ਜਨਤਕ ਚੀਜ਼ਾਂ ਨੂੰ ਬਹੁਤ ਸੰਭਾਲ਼ ਕੇ ਰੱਖਣਾ ਚਾਹੀਦਾ ਹੈ।

## ਯਾਦ ਰੱਖਣ ਯੋਗ ਨੁਕਤੇ

1. ਸਰਕਾਰ ਦੇ ਤਿੰਨ ਅੰਗ ਵਿਧਾਨਪਾਲਿਕਾ, ਕਾਰਜਪਾਲਿਕਾ ਅਤੇ ਨਿਆਂ-ਪਾਲਿਕਾ ਹਨ।
2. ਵਿਧਾਨ ਪਾਲਿਕਾ ਦਾ ਕੰਮ ਕਾਨੂੰਨ ਬਣਾਉਣਾ, ਕਾਰਜ ਪਾਲਿਕਾ ਦਾ ਕੰਮ ਕਾਨੂੰਨ ਨੂੰ ਲਾਗੂ ਕਰਨਾ ਅਤੇ ਨਿਆਂਪਾਲਿਕਾ ਦਾ ਕੰਮ ਕਾਨੂੰਨ ਦੀ ਰੱਖਿਆ ਕਰਨਾ ਹੈ।
3. ਸਰਬ ਸਾਂਝੀ ਸੰਪਤੀ ਤੋਂ ਭਾਵ ਸਾਰਿਆਂ ਦੀ ਸਾਂਝੀ ਸੰਪਤੀ ਤੋਂ ਹੈ ਜਿਵੇਂ ਸੜਕਾਂ, ਹਸਪਤਾਲ, ਬੱਸਾਂ, ਰੇਲ ਗੱਡੀਆਂ, ਡਾਕਖਾਨੇ ਅਤੇ ਪਾਰਕ ਆਦਿ।
4. ਨਿੱਜੀ ਸੰਪਤੀ ਤੇ ਵਿਅਕਤੀ ਦਾ ਆਪਣਾ ਅਧਿਕਾਰ ਹੁੰਦਾ ਹੈ। ਉਸ ਦੀ ਮਰਜ਼ੀ ਤੋਂ ਬਿਨਾਂ ਕੋਈ ਹੋਰ ਵਿਅਕਤੀ ਇਸਨੂੰ ਵਰਤ ਨਹੀਂ ਸਕਦਾ ਜਿਵੇਂ :- ਕਿਤਾਬਾਂ, ਵਰਦੀ, ਕਾਪੀਆਂ, ਪੈੱਨ, ਪੈੱਨਸਿਲ, ਘਰ ਸਕੂਟਰ ਅਤੇ ਕਾਰ ਆਦਿ।
5. ਲਾਲ ਕਿਲਾ, ਕੁਤਬਮੀਨਾਰ, ਤਾਜ ਮਹੱਲ, ਵਿਜੈ ਸਤੰਬ, ਅਜੰਤਾ ਇਲੋਰਾ ਦੀਆਂ ਗੁਫਾਵਾਂ ਪੁਰਾਣੀਆਂ ਇਤਿਹਾਸਕ ਇਮਾਰਤਾਂ ਹਨ।
6. 1958 ਵਿੱਚ ਪ੍ਰਾਚੀਨ ਸਮਾਰਕਾਂ ਦੀ ਸੰਭਾਲ ਲਈ ਭਾਰਤ ਸਰਕਾਰ ਨੇ ਕਾਨੂੰਨ ਬਣਾਇਆ।
7. ਰੁੱਖਾਂ ਨੂੰ ਕੱਟਣ ਨਾਲ ਕੁਦਰਤੀ ਵਾਤਾਵਰਣ ਦਾ ਸੰਤੁਲਨ ਵਿਗੜਦਾ ਹੈ।

## ਅਭਿਆਸ

### I. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(1) ਅਸੀਂ ਆਪਣੀ ਨਿੱਜੀ ਜਾਇਦਾਦ ਨੂੰ ਪਿਆਰ ਕਿਉਂ ਕਰਦੇ ਹਾਂ ?

(2) ਭਾਰਤ ਦੇ ਤਿੰਨ ਸਮਾਰਕਾਂ ਦੇ ਨਾਂ ਲਿਖੋ ?

(3) ਦੋ ਤਰ੍ਹਾਂ ਦੀ ਸਰਵਜਨਕ ਸੰਪਤੀ ਦੇ ਨਾਂ ਦੱਸੋ।

(4) ਲੋਕ ਉਪਯੋਗੀ ਸੇਵਾਵਾਂ ਤੋਂ ਤੁਸੀਂ ਕੀ ਸਮਝਦੇ ਹੋ ? ਦੋ ਉਦਾਹਰਨਾਂ ਦਿਓ।

(5) ਸਰਵਜਨਕ ਸੰਪਤੀ ਕੀ ਹੈ ? ਇਸ ਨੂੰ ਸੰਭਾਲਣਾ ਕਿਸ ਦੀ ਜ਼ਿੰਮੇਵਾਰੀ ਹੈ ?

(6) ਲੋਕ ਸਾਂਝੀ ਸੰਪਤੀ ਦੀ ਦੁਰਵਰਤੋਂ ਕਿਵੇਂ ਕਰਦੇ ਹਨ ?

(7) ਸਕੂਲ ਦੀ ਸੰਪਤੀ ਕਿਸ ਦੇ ਪੈਸੇ ਤੋਂ ਬਣਾਈ ਜਾਂਦੀ ਹੈ ?

(8) ਨਿੱਜੀ ਅਤੇ ਸਰਵਜਨਕ ਸੰਪਤੀ ਦਾ ਇੱਕ ਮੁੱਖ ਅੰਤਰ ਦੱਸੋ।

(9) ਸਕੂਲ ਦੀ ਸੰਪਤੀ ਪ੍ਰਤੀ ਸਾਡੀ ਕੀ ਜ਼ਿੰਮੇਵਾਰੀ ਹੈ ?

(10) ਤੁਸੀਂ ਇਤਿਹਾਸਕ ਸਮਾਰਕਾਂ ਦੀ ਸੁਰੱਖਿਆ ਲਈ ਕੀ ਮਦਦ ਕਰ ਸਕਦੇ ਹੋ ?

**II. ਹੇਠ ਲਿਖੇ ਖ਼ਾਲੀ ਸਥਾਨ ਭਰੋ :**

(1) ਸਾਰੀਆਂ ਨਿੱਜੀ ਚੀਜ਼ਾਂ ਸਾਡੀ .............................. ਸੰਪਤੀ ਹਨ।

(2) ਪੁਰਾਣੀਆਂ ਇਤਿਹਾਸਕ ਇਮਾਰਤਾਂ ਨੂੰ .............................. ਕਿਹਾ ਜਾਂਦਾ ਹੈ।

(3) ਸਾਨੂੰ ਸਰਬਸਾਂਝੀ ਜਾਇਦਾਦ ਨੂੰ .............................. ਨਹੀਂ ਪਹੁੰਚਾਉਣਾ ਚਾਹੀਦਾ ਹੈ।

(4) ਸਾਰਿਆਂ ਦੀਆਂ ਸਾਂਝੀਆਂ ਚੀਜ਼ਾਂ ਨੂੰ .............................. ਸੰਪਤੀ ਕਿਹਾ ਜਾਂਦਾ ਹੈ।

(5) ਪਰਿਵਾਰ ਦੀਆਂ ਸਾਰੀਆਂ ਚੀਜ਼ਾਂ .............................. ਸੰਪਤੀ ਹਨ।

**III. ਹੇਠ ਲਿਖੇ ਵਾਕਾਂ ਵਿੱਚ ਠੀਕ (✓) ਜਾਂ ਗ਼ਲਤ (×) ਦੇ ਨਿਸ਼ਾਨ ਲਗਾਓ :**

(1) ਪਾਰਕਾਂ ਅਤੇ ਹਸਪਤਾਲ ਸਾਡੀ ਨਿੱਜੀ ਜਾਇਦਾਦ ਹਨ। ☐

(2) ਸਾਨੂੰ ਰਾਸ਼ਟਰੀ ਜਾਇਦਾਦ ਨੂੰ ਨੁਕਸਾਨ ਨਹੀਂ ਪੁਚਾਉਣਾ ਚਾਹੀਦਾ ਕਿਉਂਕਿ ਇਹ ਸਾਡੀ ਆਪਣੀ ਹੈ। ☐

(3) ਇਤਿਹਾਸਕ ਸਮਾਰਕਾਂ ਦੀ ਰੱਖਿਆ 1958 ਵਿੱਚ ਪਾਸ ਕੀਤੇ ਕਾਨੂੰਨ ਰਾਹੀਂ ਕੀਤੀ ਗਈ ਹੈ। ☐

(4) ਲੋਕ ਉਪਯੋਗੀ ਸੇਵਾਵਾਂ, ਸਰਕਾਰ ਦੁਆਰਾ, ਲੋਕਾਂ ਦੀਆਂ ਸਹੂਲਤਾਂ ਲਈ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ☐

**IV.** ਹੇਠ ਲਿਖਿਆਂ ਵਿੱਚੋਂ ਨਿਜੀ ਸੰਮਤੀ ਅਤੇ ਸਰਵਜਨਕ ਸੰਪਤੀ ਦੀ ਚੋਣ ਕਰੋ:-

ਕਿਤਾਬ, ਡਾਕਖਾਨਾ, ਪੈਨ, ਰੇਲਵੇ ਸਟੇਸ਼ਨ, ਸਕੂਟਰ, ਬਸ ਸਟੈਂਡ, ਸਮਾਰਕ, ਅਲਮਾਰੀ, ਸੀਵਰੇਜ, ਕਾਰ, ਸੜਕਾਂ, ਨਹਿਰਾਂ, ਬਸਤਾ, ਪੁੱਲ, ਵਾਟਰ-ਵਰਕਸ, ਕੋਠੀ, ਝੀਲਾਂ, ਅਜਾਇਬ ਘਰ, ਟੈਲੀਵਿਜ਼ਨ, ਲੇਪਟੋਪ

## ਗਤੀਵਿਧੀ

1. ਕਿਸੇ ਚਾਰ ਇਤਿਹਾਸਕ ਸਮਾਰਕਾਂ ਦੀਆਂ ਤਸਵੀਰਾਂ ਆਪਣੀ ਐਲਬਮ ਵਿੱਚ ਲਗਾਓ ਅਤੇ ਉਹਨਾਂ ਬਾਰੇ 4-4 ਸਤਰਾਂ ਲਿਖੋ।
2. ਲੋਕ ਭਲਾਈ ਸੇਵਾਵਾਂ ਜਿਹੜੀਆਂ ਤੁਸੀਂ ਵਰਤਦੇ ਹੋ, ਦੀ ਇੱਕ ਸੂਚੀ ਆਪਣੀ ਕਾਪੀ ਵਿੱਚ ਬਣਾਓ।